PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

13th - 20th March 2025 • Issue No. 3071

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਹਲੇਮੀ ਰਾਜ ਦੀ ਕਾਇਮੀ ਲਈ ਸਾਰੇ ਰਲ ਕੇ ਯੋਗਦਾਨ ਪਾਈਏ

### ਭਾਰਤੀ ਏਜੰਸੀਆਂ ਦੇ ਪੰਥ ਤੇ ਪੰਜਾਬ ਵਿਰੋਧੀ ਮਨਸੂਬੇ ਕਾਮਯਾਬ ਨਾ ਹੋਣ ਦਿਓ–ਯੂ ਕੇ ਦੇ ਸਿੱਖ ਆਗੂ

ਡਰਬੀ (ਪੰਜਾਬ ਟਾਈਮਜ਼) – ਪਿਛਲੇ ਕੁੱਝ ਮਹੀਨਿਆਂ ਤੋਂ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਗਲਤ ਫ਼ੈਸਲਿਆਂ ਦੇ ਕਰਕੇ ਮੁਖੀਆਂ ਦੀ ਅਕਾਲ ਤਖ਼ਤ ਸਾਹਿਬ ਤੇ ਪੇਸ਼ੀ ਹੋਈ ਸੀ, ਉਦੋਂ ਤੋਂ ਹੀ ਪੰਥ ਦੀਆਂ ਸਫ਼ਾਂ ਵਿੱਚ ਦੂਰੀ ਵਧੀ ਹੈ। ਇਸ ਸੰਕਟ ਦੇ ਸਮੇਂ ਹਰੇਕ ਸਿੱਖ ਤੇ ਪੰਜਾਬੀ ਨੂੰ ਪੰਜਾਬ ਦੇ ਭਲੇ ਲਈ ਨੀਵੀਂ ਪੱਧਰ ਦੀ ਬਿਆਨਬਾਜ਼ੀ ਬੰਦ ਕਰਨੀ ਚਾਹੀਦੀ ਹੈ।





ਇਹ ਵਿਚਾਰ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਪਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਕਈ ਫ਼ੈਸਲਿਆਂ ਤੇ ਪੰਥ ਨੂੰ ਇਤਰਾਜ਼ ਹੈ। ਪਹਿਲੀ ਗੱਲ ਝੂਠੇ ਸੌਦੇ ਵਾਲੇ ਸਾਧ ਦੇ ਪੈਰਾਂ ਵਿੱਚ ਬੈਠਣਾ, ਫੇਰ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨ ਮੰਗਿਆਂ ਮੁਆਫ਼ੀ ਦੇ ਦੇਣੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਵਾਲੇ ਅਤੇ ਦੋਸ਼ੀਆਂ 'ਤੇ ਸਖਤ ਕਾਰਵਾਈ ਨਾ ਕਰਨੀ, ਪੰਜਾਬ ਵਿੱਚ ਨਸ਼ਿਆਂ ਨੂੰ ਨੱਥ ਨਾ ਪਾਉਣੀ, ਵੋਟਾਂ ਲੈਣ ਲਈ ਅਖੌਤੀ ਡੇਰਿਆਂ ਤੇ ਜਾ ਕੇ ਸਾਧਾਂ ਦੇ ਪੈਰਾਂ ਵਿੱਚ ਬੈਠਣ ਵਰਗੀਆਂ ਵੱਡੀਆਂ ਗਲਤੀਆਂ ਕੀਤੀਆਂ ਗਈਆਂ। ਜਿਸ ਕਰਕੇ ਸ੍ਰੀ ਅਕਾਲ ਤਖ਼ਤ ਤੋਂ ਤਨਖਾਹਾਂ ਵੀ ਲੱਗੀਆਂ, ਜੋ ਉਹਨਾਂ ਸਵੀਕਾਰ ਕੀਤੀਆਂ। ਜਦੋਂ ਇਹਨਾਂ ਆਗੂਆਂ ਨੇ ਗਲਤੀਆਂ ਕੀਤੀਆਂ ਸਨ, ਸਾਡੇ ਜਥੇਦਾਰਾਂ ਨੇ ਉਦੋਂ ਕੋਈ ਕਾਰਵਾਈ ਨਹੀਂ ਕੀਤੀ। ਉਕਤ ਸਾਰਾ ਕੁੱਝ ਵਾਪਰਨ ਦੇ 10-15 ਸਾਲਾਂ ਬਾਅਦ ਜਥੇਦਾਰਾਂ ਵੱਲੋਂ ਆਗੂਆਂ ਨੂੰ ਅਕਾਲ ਤਖ਼ਤ ਉਤੇ ਸੱਦਿਆ ਗਿਆ, ਪਹਿਲਾਂ ਕਿਉਂ ਨਹੀਂ ਸੱਦਿਆ।

ਉਕਤ ਆਗੂਆਂ ਨੇ ਕਿਹਾ, ਦੂਜੀ ਗੱਲ, ਜਦੋਂ



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਸ਼੍ਰੋਮਣੀ ਅਕਾਲੀ ਦਲ ਨੂੰ ਏਕਤਾ ਕਰਨ ਲਈ ਕਿਹਾ, ਉਦੋਂ ਵੀ ਸਿਰਫ਼ ਇੱਕ ਹੀ ਅਕਾਲੀ ਦਲ ਨੂੰ ਇਕੱਠੇ ਹੋਣ ਅਤੇ ਨਵੀਂ ਮੈਂਬਰਸ਼ਿੱਪ ਭਰਤੀ ਕਰਨ ਲਈ ਕਿਹਾ ਗਿਆ। ਦੂਜੇ ਤਿੰਨ ਚਾਰ ਅਕਾਲੀ ਦਲਾਂ ਅਤੇ ਹੋਰ ਪੰਥਕ ਸੰਗਠਨਾਂ ਨੂੰ ਇਕੱਠੇ ਹੋਣ ਲਈ ਨਹੀਂ ਕਿਹਾ ਗਿਆ। ਸਮੂਹ ਪੰਥਕ ਸੰਸਥਾਵਾਂ ਤੇ ਅਕਾਲੀ ਦਲਾਂ ਨੂੰ ਪੰਥਕ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਲਈ ਕਿਹਾ ਜਾਣਾ ਚਾਹੀਦਾ ਸੀ। ਸਾਰੇ ਜਥੇਦਾਰ ਸਤਿਕਾਰ ਯੋਗ ਹਨ, ਸਾਡੀ ਸਾਰਿਆਂ ਨਾਲ ਸਾਂਝ ਰਹੀ ਹੈ। ਉਹ ਸਮੇਂ ਸਮੇਂ ਤੇ ਗੁਰਦੁਆਰਾ ਸਾਹਿਬ ਡਰਬੀ ਅਤੇ ਸਿੱਖ ਅਜਾਇਬਘਰ ਦੇਖਣ ਆਉਂਦੇ ਰਹੇ ਹਨ ਤੇ ਉਹਨਾਂ ਨਾਲ ਪੰਥਕ ਵਿਚਾਰਾਂ ਵੀ ਹੁੰਦੀਆਂ ਰਹੀਆਂ ਹਨ। ਪਰ ਉਹ ਕਦੇ ਪੰਥ ਪ੍ਰਚਾਰ ਦੀ ਲਹਿਰ ਨਹੀਂ ਬਣਾ ਸਕੇ।

ਬਾਕੀ 5 ਪੰਨੇ 'ਤੇ

## ਉੱਘੇ ਚਿੱਤਰਕਾਰ ਸ: ਸਰੂਪ ਸਿੰਘ ਨਹੀਂ ਰਹੇ

### ਉਹਨਾਂ ਦੇ ਬਣਾਏ ਹੋਏ ਗੁਰ ਇਤਿਹਾਸ ਅਤੇ ਸਿੱਖ ਪੰਥ ਦੀਆਂ ਅਹਿਮ ਸ਼ਖ਼ਸੀਅਤਾਂ ਦੇ ਚਿੱਤਰ ਡਰਬੀ ਸਿੱਖ ਅਜਾਇਬਘਰ ਵਿਖੇ ਸੁਸ਼ੋਭਿਤ ਹਨ – ਸ: ਪੁਰੇਵਾਲ

ਲੈਸਟਰ (ਪੰਜਾਬ ਟਾਈਮਜ਼) – ਲੈਸਟਰ ਵਾਸੀ ਉੱਘੇ ਚਿਤਰਕਾਰ ਸ: ਸਰੂਪ ਸਿੰਘ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਸ: ਸਰੂਪ ਸਿੰਘ ਪਿਛਲੇ ਕੁੱਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ । ਉਹਨਾਂ ਨੇ ਆਪਣੇ ਜੀਵਨ ਵਿੱਚ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀ ਚਿੱਤਰਕਾਰੀ ਕੀਤੀ।





ਤਸਵੀਰਾਂ: ਸ: ਸਰੂਪ ਸਿੰਘ ਅਤੇ ਸਿੱਖ ਅਜਾਇਬਘਰ ਡਰਬੀ ਆਰਟ ਗੈਲਰੀ ਵਿਖੇ ਸੁਸ਼ੋਭਿਤ ਉਹਨਾਂ ਦੀਆਂ ਕਲਾ ਕਿਰਤਾਂ

1940 ਵਿੱਚ ਪੰਜਾਬ ਵਿੱਚ ਜਨਮੇ ਸ: ਸਰੂਪ ਸਿੰਘ ਸਮੁੰਦਰੀ ਰਸਤੇ ਰਾਹੀਂ 19 ਸਾਲ ਦੀ ਉਮਰ ਵਿੱਚ ਇੰਗਲੈਂਡ ਆਏ ਸਨ ਤੇ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਉਹ ਇਥੇ ਰਹੇ ਤੇ ਸਾਰੀ ਜ਼ਿੰਦਗੀ ਚਿੱਤਰਕਾਰੀ 'ਤੇ ਲਾ ਦਿੱਤੀ। ਉਹਨਾਂ ਨੇ ਕੁੱਝ ਸਾਲ ਪਹਿਲਾਂ ਆਪਣੀ ਜ਼ਿੰਦਗੀ ਭਰ ਦੀ ਇਹ ਕਮਾਈ ਵੱਡ ਅਕਾਰੀ ਚਿੱਤਰ ਜਿਹਨਾਂ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੀਆਂ ਅਹਿਮ ਸ਼ਖਸੀਅਤਾਂ ਦੇ ਚਿੱਤਰ ਸਿੱਖ ਅਜਾਇਬਘਰ ਡਰਬੀ ਨੂੰ ਕਾਨੂੰਨੀ ਕਾਰਵਾਈ ਕਰਕੇ ਸਿਰਫ਼ 1 ਪੌਂਡ ਵਿੱਚ ਭੇਂਟ ਕਰ ਦਿੱਤੇ ਸਨ, ਜੋ ਅਜਾਇਬਘਰ ਦੀ ਆਰਟ ਗੈਲਰੀ ਵਿੱਚ ਸੁਸ਼ੋਭਿਤ ਹਨ । ਤਸਵੀਰਾਂ ਰਾਹੀਂ ਇਤਿਹਾਸ ਦਾ ਚਿੱਤਰਣ ਬਹੁਤ ਹੀ ਵਧੀਆ ਤੇ ਆਹਲਾ ਦਰਜੇ ਦਾ ਕੀਤਾ ਗਿਆ ਹੈ। ਇਸ ਅਜਾਇਬਘਰ ਵਿੱਚ ਸ: ਸਰੂਪ ਸਿੰਘ ਉਹਨਾਂ ਦੀ ਧਰਮ ਪਤਨੀ ਦੀ ਤਸਵੀਰ ਵੀ ਲਗਾਈ ਗਈ ਹੈ। ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਦੀ ਪ੍ਰਧਾਨ ਬੀਬੀ ਕੁਲਵੰਤ ਕੌਰ ਨੇ ਬੜੇ ਭਰੇ ਮਨ ਨਾਲ ਦੱਸਿਆ ਕਿ ਸ: ਸਰੂਪ ਸਿੰਘ ਨੇ ਜਿੱਥੇ ਗੁਰੂ ਸਾਹਿਬਾਨ ਦੇ ਚਿੱਤਰ ਬਣਾਏ ਉਥੇ ਉਹਨਾਂ ਨੇ ਵਿਸ਼ਵ ਦੀਆਂ ਪ੍ਰਮੁੱਖ ਸ਼ਖਸੀਅਤਾਂ ਦੇ ਚਿੱਤਰ ਵੀ ਬਣਾਏ ਸਨ। ਯੂ ਕੇ ਦੇ ਲੇਖਕ ਸੰਤੋਖ ਸਿੰਘ ਭੁੱਲਰ ਨੇ 'ਰੰਗਾਂ ਦਾ ਯਾਦੂਗਰ' ਕਿਤਾਬ ਲਿਖ ਕੇ ਸ: ਸਰੂਪ ਸਿੰਘ ਦੀ ਇਸ ਕਲਾ ਅਤੇ ਉਹਨਾਂ ਦੇ ਜ਼ਿੰਦਗੀ ਭਰ ਦੇ ਕੰਮ ਨੂੰ ਸੰਭਾਲਣ ਦਾ ਯਤਨ ਕੀਤਾ ਸੀ। ਯਾਦ ਰਹੇ ਉਹਨਾਂ ਦੇ ਕਲਾਕਾਰੀ ਦੇ ਕੰਮ ਨੂੰ ਵੇਖਦਿਆਂ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਨੇ ਉਹਨਾਂ ਨੂੰ ਐਮ ਬੀ ਈ ਦਾ ਖਿਤਾਬ ਦੇ ਕੇ ਨਿਵਾਜਿਆ ਸੀ।

ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਅਜਾਇਬਘਰ ਦੀ ਸਾਰੀ ਟੀਮ ਵੱਲੋਂ ਸ: ਸਰੂਪ ਸਿੰਘ ਦੀ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ।

ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਉਹਨਾਂ ਦੀ ਯਾਦ ਵਿੱਚ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਸ਼ਰਧਾਂਜ਼ਲੀ ਸਮਾਗਮ ਆਉਂਦੇ ਦਿਨਾਂ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿਸ ਦੌਰਾਨ ਉਹਨਾਂ ਦੀਆਂ ਪੰਥ ਪ੍ਰਤੀ ਸੇਵਾਵਾਂ ਵਾਸਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ।

# ਪ੍ਰਸਿੱਧ ਖੇਤੀ ਵਿਗਿਆਨੀ ਤੇ ਸਾਹਿਤਕਾਰ ਸਰਦਾਰ ਤਰਲੋਕ ਸਿੰਘ ਕੈਨੇਡਾ ਦੀਆਂ ਪੁਸਤਕਾਂ ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ (ਭਾਗ ਪਹਿਲਾ ਅਤੇ ਦੂਜਾ) ਰਿਲੀਜ਼




ਲੁਧਿਆਣਾ (ਹਰੀ ਸਿੰਘ) – ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੰਪਲੈਕਸ, ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ 7 ਮਾਰਚ, 2025 ਦਿਨ ਸ਼ੁੱਕਰਵਾਰ ਨੂੰ ਪੁਸਤਕ ਰਿਲੀਜ ਸਮਾਗਮ ਕੀਤਾ ਗਿਆ। ਇਸ ਮੌਕੇ ਡਾ. ਤਰਲੋਕ ਸਿੰਘ ਥੰਡਰ ਬੇ ਕੈਨੇਡਾ ਨੇ ਦੱਸਿਆ ਕਿ ਪਿਛਲੇ 15 ਸਾਲਾਂ ਤੋਂ ਇਹ ਸੁਆਲ ਜੁਆਬ ਤਿਆਰ ਕੀਤੇ ਜਾ ਰਹੇ ਸਨ। ਇਸ ਦੇ ਨਾਲ ਓਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਵੀ ਕਰਦੇ ਰਹੇ। ਸ੍ਰ. ਪਿਰਥੀ ਸਿੰਘ ਚੀਫ਼ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ ਡਾਇਰੈਕਟਰ ਸਿੱਖ ਬੁਕ ਸੈਂਟਰ ਇੰਟਰਨੈਸ਼ਨਲ ਨੇ ਇਹਨਾਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਪੁਸਤਕਾਂ ਵਿਚ ਸ਼ਾਮਲ ਸੁਆਲ ਜੁਆਬ ਸਾਡੇ ਮਨਾਂ ਦੇ ਸਾਰੇ ਸ਼ੰਕੇ ਨਵਿਰਤ ਕਰਨ ਦੇ ਸਮਰੱਥ ਹਨ ਅਤੇ ਸਟੱਡੀ ਸਰਕਲ ਵੱਲੋਂ ਪੰਜ ਭਾਗਾਂ ਵਿਚ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

ਸ੍ਰ. ਰਾਜਿੰਦਰ ਸਿੰਘ ਪੁਰੇਵਾਲ ਪੰਜਾਬ ਟਾਈਮਜ਼ ਯੂ.ਕੇ. ਨੇ ਕਿਹਾ ਕਿ ਓਹ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਟਾਈਮਜ਼ ਵਿਚ ਪ੍ਰਕਾਸ਼ਤ ਕਰ ਰਹੇ ਹਨ ਅਤੇ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਸ੍ਰ. ਗੁਰਮੀਤ ਸਿੰਘ ਡਾਇਰੈਕਟਰ ਓਵਰਸੀਜ਼ ਤਾਲਮੇਲ ਹੋਰਾਂ ਦੱਸਿਆ ਕਿ ਇਹ ਪੁਸਤਕਾਂ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਦੇਣਗੀਆਂ ਅਤੇ ਗੁਰਮਤਿ ਦੇ ਪ੍ਰਚਾਰਕਾਂ ਲਈ ਬਹੁਤ ਸਹਾਇਕ ਸਿੱਧ ਹੋਣਗੀਆਂ। ਸ੍ਰ. ਭੁਪਿੰਦਰ ਸਿੰਘ ਬੇਦੀ ਪ੍ਰਸਿੱਧ ਸਾਹਿਤਕਾਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਸਮਾਗਮ ਦੀ ਸ਼ੁਰੂਆਤ ਵਿਚ ਸ੍ਰ. ਜਤਿੰਦਰਪਾਲ ਸਿੰਘ ਡਾਇਰੈਕਟਰ ਯੂਨੈਸਕੋ ਅਫੇਅਰਜ਼ ਨੇ ਸਟੱਡੀ ਸਰਕਲ ਵੱਲੋਂ ਸਾਰਿਆਂ ਨੂੰ ਜੀ ਆਇਆ ਕਿਹਾ ਅਤੇ ਆਪਣੇ ਨਿੱਜੀ ਤਜ਼ਰਬੇ ਸਾਂਝੇ ਕੀਤੇ। ਪ੍ਰਧਾਨਗੀ ਮੰਡਲ ਵਿਚ ਡਾ. ਤਰਲੋਕ ਸਿੰਘ ਕੈਨੇਡਾ, ਸ੍ਰ. ਰਾਜਿੰਦਰ ਸਿੰਘ ਪੁਰੇਵਾਲ ਯੂ.ਕੇ., ਡਾ. ਮਿਲਖਾ ਸਿੰਘ ਔਲਖ ਸਾਬਕਾ ਵਾਈਸ ਚਾਂਸਲਰ, ਸ੍ਰੀਮਤੀ ਅਨੁਰਾਧਾ ਸਾਹਨਨ, ਵਾਣੀ ਸਾਹਨਨ, ਡਾ. ਬਲਵੰਤ ਸਿੰਘ ਚੰਦਨ, ਸ੍ਰ. ਭੁਪਿੰਦਰ ਸਿੰਘ ਬੇਦੀ, ਸ੍ਰ. ਪ੍ਰਤਾਪ ਸਿੰਘ, ਸ੍ਰ. ਬਲਜੀਤ ਸਿੰਘ ਚੇਅਰਮੈਨ, ਸ੍ਰ. ਪਿਰਥੀ ਸਿੰਘ ਚੀਫ਼ ਸਕੱਤਰ, ਸਟੱਡੀ ਸਰਕਲ ਦੇ ਹੋਰ ਅਹੁਦੇਦਾਰ ਅਤੇ ਪਤਵੰਤੇ ਸੱਜਣ ਸ਼ਾਮਲ ਹੋਏ ਅਤੇ ਇਨਾਂ ਵੱਲੋਂ ਪ੍ਰਸਿੱਧ ਖੇਤੀ ਵਿਗਿਆਨੀ ਤੇ ਸਾਹਿਤਕਾਰ ਸਰਦਾਰ ਤਰਲੋਕ ਸਿੰਘ ਕੈਨੇਡਾ ਦੀਆਂ ਪੁਸਤਕਾਂ ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ (ਭਾਗ ਪਹਿਲਾ ਅਤੇ ਦੂਜਾ) ਰਿਲੀਜ਼ ਕੀਤੀਆਂ ਗਈਆਂ।

ਡਾ. ਹਰੀ ਸਿੰਘ ਜਾਚਕ ਚੀਫ਼ ਕੋਲੈਬੋਰੇਟਰ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ ਅਤੇ ਜੋਸ਼ ਭਰਪੂਰ ਕਵਿਤਾ ਨਾਲ ਹਾਜ਼ਰੀ ਵੀ ਲਗਾਈ। ਅਖ਼ੀਰ ਵਿਚ ਸ੍ਰ. ਬਲਜੀਤ ਸਿੰਘ ਚੇਅਰਮੈਨ ਹੋਰਾਂ ਨੇ ਸਾਰੇ ਪਹੁੰਚੇ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਡਾ. ਤਰਲੋਕ ਸਿੰਘ ਦੇ ਉਦਮ ਦੀ ਸ਼ਲਾਘਾ ਵੀ ਕੀਤੀ। ਯਾਦ ਰਹੇ ਕਿ ਡਾ. ਤਰਲੋਕ ਸਿੰਘ ਪਿਛਲੇ 21 ਸਾਲਾਂ ਤੋਂ ਥੰਡਰ ਬੇ ਕੈਨੇਡਾ ਵਿਖੇ ਖੇਤੀ ਖੋਜ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਅ ਰਹੇ ਹਨ। ਕੈਨੇਡੀਅਨ ਸੋਸਾਇਟੀ ਆਫ ਐਗਰੋਨੋਮੀ ਦੇ 2016 ਵਿੱਚ ਪ੍ਰਧਾਨ ਬਣਨ ਵਾਲੇ ਓਹ ਪਹਿਲੇ ਸਿੱਖ ਤੇ ਭਾਰਤੀ ਮੂਲ ਦੇ ਪਹਿਲੇ ਕੈਨੇਡੀਅਨ ਹਨ। ਆਪ ਜੀ 2007 ਤੋਂ ਲਗਾਤਾਰ ਗੁਰਬਾਣੀ ਪੜ੍ਹ ਤੇ ਵਿਚਾਰ ਰਹੇ ਹਨ ਅਤੇ ਗੁਰਬਾਣੀ ਮੁਤਾਬਿਕ ਪ੍ਰਸ਼ਨ ਤੇ ਉਤਰ ਲਿਖਣ ਦੀ ਸੇਵਾ ਵੀ ਕਰ ਰਹੇ ਹਨ ਅਤੇ ਹੁਣ ਤੱਕ 1500 ਦੇ ਲਗਭਗ ਪ੍ਰਸ਼ਨ ਉਤਰ ਲਿਖ ਚੁੱਕੇ ਹਨ।

ਇਸ ਸਮਾਗਮ ਵਿਚ ਨਾਮਵਰ ਪਤਵੰਤੇ ਸੱਜਣ ਸ੍ਰ. ਵੀਰੇਂਦਰਜੀਤ ਸਿੰਘ ਵਿਰਕ, ਡਾ. ਰਣਜੀਤ ਸਿੰਘ ਤਾਬਰ, ਡਾ. ਲਾਲ ਸਿੰਘ ਬਰਾੜ, ਡਾ. ਜੋਰਾ ਸਿੰਘ ਬਰਾੜ, ਡਾ. ਸਰਬਜੀਤ ਸਿੰਘ ਰੇਣੁਕਾ, ਸ੍ਰ. ਬਰਿੰਦਰ ਸਿੰਘ ਨਿੱਜਰ, ਸ੍ਰ. ਅਮਰਜੀਤ ਸਿੰਘ ਨਿੱਜਰ, ਸ੍ਰੀ ਮਤੀ ਰਾਜਵੰਤ ਨਿੱਜਰ, ਸ੍ਰ. ਅਮਨਦੀਪ ਸਿੰਘ ਸਹੋਤਾ, ਸ੍ਰ. ਰਤਨ ਸਿੰਘ, ਦਵਿੰਦਰ ਕੌਰ, ਰਾਜਵਿੰਦਰ ਕੌਰ, ਸ੍ਰ. ਗੁਰਸ਼ਰਨ ਸਿੰਘ ਰੰਧਾਵਾ, ਸ੍ਰ. ਗੁਰਮੇਜ ਸਿੰਘ ਯੂ.ਐਸ.ਏ., ਸ੍ਰ. ਸੁਖਚਰਨ ਸਿੰਘ, ਸ੍ਰ. ਲਵਪ੍ਰੀਤ ਸਿੰਘ, ਡਾ. ਬਲਵੰਤ ਸਿੰਘ, ਸ੍ਰ. ਕਮਲਜੀਤ ਸਿੰਘ, ਸ੍ਰ. ਸਤਿਬੀਰ ਸਿੰਘ, ਸ੍ਰ.ਜਸਪਾਲ ਸਿੰਘ ਕੋਚ, ਸ੍ਰ. ਬ੍ਰਿਜਿੰਦਰਪਾਲ ਸਿੰਘ, ਰਘਬੀਰ ਕੌਰ, ਸਰਬਜੀਤ ਧਾਲੀਵਾਲ, ਡਾ. ਮਹਿੰਦਰ ਸਿੰਘ, ਸ੍ਰ. ਸੁਰਜੀਤ ਸਿੰਘ ਲੋਹੀਆ, ਸ੍ਰ. ਜਸਪਾਲ ਸਿੰਘ ਕੋਚ, ਸ੍ਰ. ਕੰਵਲਜੀਤ ਸਿੰਘ, ਡਾ. ਮੁਖਵਿੰਦਰ ਸਿੰਘ, ਡਾ. ਹਰਚਰਨਜੀਤ ਸਿੰਘ ਧਾਲੀਵਾਲ, ਸ੍ਰ. ਬਲਜੀਤ ਸਿੰਘ ਢਿੱਲੋਂ, ਸ੍ਰ. ਜਸਵਿੰਦਰ ਸਿੰਘ, ਸ੍ਰ. ਚਰਨਜੀਤ ਸਿੰਘ ਔਲਖ, ਸ੍ਰ. ਗੁਰਦੀਪ ਸਿੰਘ ਕਾਨੂੰਗੋ ਫਲਪੋਤਾ, ਸ੍ਰ. ਹਰਦੇਵ ਸਿੰਘ ਕਲਸੀ, ਸ੍ਰ. ਹਰਭਜਨ ਸਿੰਘ, ਜਸਵਿੰਦਰ ਕੌਰ ਜੱਸੀ, ਸ੍ਰ. ਗੁਰਜਿੰਦਰ ਸਿੰਘ, ਸ੍ਰ. ਅਨੁਰਾਗਦੀਪ ਸਿੰਘ ਰੰਧਾਵਾ, ਡਾ. ਸੰਦੀਪ ਸਿੰਘ ਬਰਾੜ, ਡਾ. ਬੂਟਾ ਸਿੰਘ ਢਿੱਲੋਂ, ਸ੍ਰ. ਤਰਨਜੀਤ ਸਿੰਘ, ਸ੍ਰ. ਪਰਮਜੀਤ ਸਿੰਘ ਸੁਚਿੰਤਨ, ਲੈਫਟੀਨੈਂਟ ਮਨਪ੍ਰੀਤ ਕੌਰ, ਵਰਲਡ ਰਿਕਾਰਡ ਹੋਲਡਰ ਸੀਮਾ ਕਲਿਆਣ, ਸ੍ਰ. ਹਰਵਿੰਦਰ ਸਿੰਘ ਕਥੂਰੀਆ ਆਦਿ ਸ਼ਾਮਲ ਹੋਏ।

# ਜਥੇਦਾਰਾਂ ਨੂੰ ਸੇਵਾ ਮੁਕਤ ਕਰਨ ਬਾਅਦ ਅਕਾਲੀ ਸੰਕਟ ਹੋਰ ਡੂੰਘਾ

**ਕਵਰ ਸਟੋਰੀ**

**✪ ਅਕਾਲੀ ਸਫਾਂ ਵਿਚੋਂ ਬਗਾਵਤ ਉਠੀ ✪ ਮਜੀਠੀਆ ਸਮੇਤ ਕਈ ਅਕਾਲੀ ਆਗੂਆਂ ਨੇ ਕੀਤੀ ਬਗਾਵਤ ✪ ਭਾਜਪਾ ਨੇੜਲੀਆਂ ਸਿਖ ਧਿਰਾਂ ਅਕਾਲੀ ਦਲ ਖਾਤਮੇ ਲਈ ਹੋਈਆਂ ਸਰਗਰਮ ✪ ਪੰਥਕ ਸੰਕਟ ਦੇ ਹੱਲ ਲਈ ਜਥੇਦਾਰਾਂ ਲਈ ਵਿਧੀ ਵਿਧਾਨ ਜ਼ਰੂਰੀ**





ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਸਿੱਖਾਂ ਦੇ ਸਿਰਮੌਰ ਤਖ਼ਤਾਂ ਵਿਚਕਾਰ ਪਿਛਲੇ ਕੁਝ ਸਮੇਂ ਤੋਂ ਚੱਲ ਰਹੀ ਕਸ਼ਮਕਸ਼ ਨੇ ਬੀਤੇ ਸ਼ੁੱਕਰਵਾਰ ਨੂੰ ਦੋ ਹੋਰ ਜਥੇਦਾਰਾਂ ਦੀ ਬਲੀ ਲੈ ਲਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦੇ ਤੋਂ ਹਟਾਉਣ ਦਾ ਕਦਮ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਥਕ ਬਿਰਤਾਂਤ 'ਤੇ ਆਪਣੀ ਪਕੜ ਬਣਾਉਣ ਦੀ ਕੋਸ਼ਿਸ਼ ਦੀ ਉਪਜ ਜਾਪਦਾ ਹੈ। ਹਾਲਾਂਕਿ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਜਥੇਦਾਰ ਸਾਹਿਬਾਨ ਨੂੰ ਬਦਲਣ ਦਾ ਕਾਰਨ ਇਹ ਦੱਸਿਆ ਹੈ ਕਿ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ, ਜਥੇਦਾਰ ਗਿਆਨੀ ਰਘੁਬੀਰ ਸਿੰਘ ਸੰਪਰਦਾ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਅਤੇ ਸਹੀ ਅਗਵਾਈ ਦੇਣ ਦੇ ਅਸਮਰੱਥ ਰਹੇ ਹਨ। ਵਿਰਕ ਨੇ ਕਿਹਾ ਕਿ ਸਿੱਖ ਸੰਸਥਾਵਾਂ ਵਿੱਚ ਵਧ ਰਹੇ ਪਾੜੇ ਅਤੇ ਵਿਸ਼ਵ ਪੱਧਰ 'ਤੇ ਸਿੱਖ ਪਛਾਣ ਅਤੇ ਸਵੈ-ਮਾਣ ਲਈ ਵਧ ਰਹੇ ਖ਼ਤਰੇ 'ਤੇ ਠੋਸ ਕਾਰਵਾਈ ਨਹੀਂ ਕੀਤੀ ਜਾ ਸਕੀ। ਇਸੇ ਕਰਕੇ ਸੇਵਾ ਮੁਕਤ ਕੀਤਾ ਗਿਆ ਹੈ।

ਯਾਦ ਰਹੇ ਕਿ ਲੰਘੀ 11 ਫਰਵਰੀ 2025 ਨੂੰ 15 ਮੈਂਬਰੀ ਕਾਰਜਕਾਰੀ ਕਮੇਟੀ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਸਨ। ਇਸ ਤਰ੍ਹਾਂ ਪਿਛਲੇ ਸਾਲ ਦੋ ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਅਕਾਲੀ ਆਗੂਆਂ ਨੂੰ ਪਿਛਲੇ ਅਰਸੇ ਦੌਰਾਨ ਪੰਥ ਅਤੇ ਪੰਜਾਬ ਦੇ ਹਿੱਤਾਂ ਖ਼ਿਲਾਫ਼ ਕੀਤੀਆਂ ਗਈਆਂ ਕਾਰਵਾਈਆਂ ਬਦਲੇ ਤਨਖ਼ਾਹੀਏ ਕਰਾਰ ਦੇਣ ਦੇ ਇਤਿਹਾਸਕ ਹੁਕਮਨਾਮੇ ਦੀ ਇਬਾਰਤ ਲਿਖਣ ਵਾਲੇ ਹੁਣ ਤਕ ਤਿੰਨ ਜਥੇਦਾਰਾਂ ਨੂੰ ਹਟਾ ਦਿੱਤਾ ਗਿਆ ਹੈ ਪਰ ਸਵਾਲ ਹੈ ਕਿ ਕੀ ਉਨ੍ਹਾਂ ਨੂੰ ਪੰਥਕ ਤੇ ਸਿਆਸੀ ਤੇ ਪੰਥਕ ਦ੍ਰਿਸ਼ ਤੋਂ ਲਾਂਭੇ ਕੀਤਾ ਜਾ ਸਕਿਆ ਹੈ? ਕੀ ਇਸ ਨਾਲ ਅਕਾਲੀ ਸੰਕਟ ਹੋਰ ਡੂੰਘਾ ਨਹੀਂ ਹੋਇਆ?



ਇਥੇ ਜ਼ਿਕਰਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਦੇ ਦੋ ਦਸੰਬਰ ਦੇ ਹੁਕਮਨਾਮੇ ਵਿਚੋਂ ਉਪਜੀ 7 ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਚੋਣ ਕਮਿਸ਼ਨ ਨੂੰ ਆਧਾਰ ਬਣਾਕੇ ਮਾਨਤਾ ਨਹੀਂ ਦਿੱਤੀ ਸੀ। ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਦੇ ਅਸਤੀਫ਼ਿਆਂ ਜ਼ਰੀਏ ਅਕਾਲ ਤਖ਼ਤ ਸਾਹਿਬ ਦੀ ਭਰਤੀ ਕਮੇਟੀ ਨੂੰ ਨਕਾਰਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੰਜ ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਲਈ ਆਪਣਾ ਕੰਮ ਜਾਰੀ ਰੱਖਣ ਅਤੇ ਮੌਜੂਦਾ ਮੈਂਬਰਾਂ ਵਿਚੋਂ ਹੀ ਨਵਾਂ ਮੁਖੀ ਚੁਣ ਲੈਣ ਦੀ ਸੇਧ ਦੇਣ ਤੋਂ ਬਾਅਦ 5 ਮੈਂਬਰੀ ਕਮੇਟੀ ਨੇ 18 ਮਾਰਚ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਵੀਂ ਭਰਤੀ ਆਰੰਭ ਕਰਨ ਦਾ ਐਲਾਨ ਕਰ ਦਿੱਤਾ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਪੈਦਾ ਹੋ ਗਈ ਸੀ ਹਾਲਾਂਕਿ ਬਾਦਲ ਅਕਾਲੀ ਦਲ ਨੇ ਇਸ ਤੋਂ ਪਹਿਲਾਂ ਆਪਣੀ ਭਰਤੀ ਪ੍ਰਕਿਰਿਆ ਲਗਭਗ ਮੁਕੰਮਲ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸੇ ਕਰਕੇ ਜਥੇਦਾਰਾਂ ਦੀ ਬਰਤਰਫ਼ੀ ਕੀਤੀ ਗਈ।

ਮੰਨਿਆ ਜਾ ਰਿਹਾ ਹੈ ਕਿ ਜਥੇਦਾਰ ਸਾਹਿਬਾਨ ਨੂੰ ਹਟਾਉਣ ਦੀ ਕਾਰਵਾਈ ਦਾ ਅਕਾਲੀ ਦਲ ਦਾ ਸੰਕਟ ਅਗੇ ਨਾਲੋਂ ਹੋਰ ਜ਼ਿਆਦਾ ਵਧੇਗਾ ਜੋ ਬਾਦਲ ਅਕਾਲੀ ਦਲ ਪਹਿਲਾਂ ਹੀ ਆਪਣੀ ਭਰੋਸੇਯੋਗਤਾ ਲਈ ਜਦੋਜਹਿਦ ਕਰ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਪੰਥਕ ਜਥੇਬੰਦੀਆਂ ਵਲੋਂ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਦੱਸਿਆ ਜਾ ਰਿਹਾ ਹੈ।

## ਨਵੀਂ ਜਥੇਦਾਰ ਦੀ ਨਿਯੁਕਤੀ ਤੇ ਮਰਿਯਾਦਾ ਬਾਰੇ ਬਹਿਸ

ਹੁਣ ਗਿਆਨੀ ਕੁਲਦੀਪ ਸਿੰਘ ਗੜ੍ਹਗਜ, ਜੋ ਕਿ 2001 ਤੋਂ 'ਕਥਾਵਾਚਕ' ਹਨ, ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਵਾਧੂ ਜ਼ਿੰਮੇਵਾਰੀ ਸੌਂਪੀ ਗਈ ਹੈ। ਸੰਤ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ।ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਬੀਤੇ ਦਿਨੀਂ ਅੰਮ੍ਰਿਤ ਵੇਲੇ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲ ਲਈ ਗਈ ਸੀ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵਲੋਂ ਅਰਦਾਸ ਕੀਤੀ ਗਈ ਤੇ ਬਾਅਦ ਵਿਚ ਪੰਜ ਪਿਆਰਿਆਂ ਨੇ ਸਿੰਘ ਸਾਹਿਬ ਨੂੰ ਦਸਤਾਰ ਭੇਟ ਕੀਤੀ ਗਈ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਤਰਫੋਂ ਤਖ਼ਤ ਸਾਹਿਬ ਦੇ ਸਕੱਤਰ ਪ੍ਰਤਾਪ ਸਿੰਘ ਤੇ ਮੈਨੇਜਰ ਮਲਕੀਤ ਸਿੰਘ ਵਲੋਂ ਵੀ ਸਿੰਘ ਸਾਹਿਬ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ। ਹਾਲਾਂਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸੇਵਾ ਸੰਭਾਲ ਸੰਬੰਧੀ ਸਮਾਗਮ ਸੋਮਵਾਰ ਨੂੰ ਸਵੇਰੇ 10 ਵਜੇ ਕਰਵਾਇਆ ਜਾਣਾ ਸੀ ਤੇ ਪਰ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਸਮਾਗਮ ਦੇ ਕੀਤੇ ਜਾਣ ਵਾਲੇ ਵਿਰੋਧ ਨੂੰ ਦੇਖਦੇ ਹੋਏ ਸਿੰਘ ਸਾਹਿਬ ਦੀ ਦਸਤਾਰਬੰਦੀ ਆਨਨ-ਫਾਨਨ ਵਿਚ ਰਾਤ ਦੇ ਹਨ੍ਹੇਰੇ ਵਿਚ ਹੀ ਕਰੀਬ ਪੌਣੇ ਤਿੰਨ ਵਜੇ ਕਰ ਦਿੱਤੀ ਗਈ ਸੀ। ਹਾਲਾਂਕਿ ਬਾਅਦ 'ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਤੇ ਅੰਤ੍ਰਿੰਗ ਕਮੇਟੀ ਦੇ ਹੋਰਨਾਂ ਮੈਂਬਰਾਂ ਨੇ ਵੀ ਮੰਨਿਆ ਕਿ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੇ ਵਿਵਾਦ ਤੋਂ ਬਚਣ ਲਈ ਹੀ ਸਿੰਘ ਸਾਹਿਬ ਨੂੰ ਅੰਮ੍ਰਿਤ ਵੇਲੇ ਹੀ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਿੱਤੀ ਗਈ। ਜਦਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਕਿਹਾ ਸੀ ਕਿ ਨਿਹੰਗ ਸਿੰਘ ਜਥੇਬੰਦੀਆਂ ਨੂੰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤੀ ਪ੍ਰਵਾਨ ਨਹੀਂ ਹੈ ਤੇ ਅੱਜ ਜਿਸ ਤਰ੍ਹਾਂ ਗੁਪ-ਚੁੱਪ ਤਰੀਕੇ ਨਾਲ ਉਨ੍ਹਾਂ ਦੀ ਦਸਤਾਰਬੰਦੀ ਕੀਤੀ ਗਈ ਹੈ, ਉਹ ਪੰਥਕ ਮਰਿਆਦਾ ਦੀ ਘੋਰ ਉਲੰਘਣਾ ਹੈ।

ਇਸ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲਣ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੀ 2 ਦਸੰਬਰ ਨੂੰ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸੁਣਾਏ ਗਏ ਫ਼ੈਸਲਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਗੁਰਮਤਿ ਦੀ ਰੌਸ਼ਨੀ ਵਿਚ ਨਿਕਲੇ ਹੁਕਮਨਾਮਿਆਂ ਨਾਲ ਕੋਈ ਛੇੜਛਾੜ ਨਹੀਂ ਹੋ ਸਕਦੀ ਅਤੇ ਇਹੀ ਗੱਲ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮਿਆਂ 'ਤੇ ਇੰਨ-ਬਿੰਨ ਲਾਗੂ ਹੁੰਦੀ ਹੈ ਪਰ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਭਰਤੀ ਕਮੇਟੀ ਦੇ ਸਬੰਧ ਵਿਚ ਮੁੜ ਨਜ਼ਰਸਾਨੀ ਕੀਤੀ ਜਾ ਸਕਦੀ ਹੈ ਤੇ ਸੰਬੰਧਿਤ ਧਿਰਾਂ ਦੇ ਇਤਰਾਜ਼ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਸੰਬੰਧਿਤ ਧਿਰਾਂ ਨੂੰ ਤਾਕੀਦ ਕੀਤੀ ਕਿ ਉਹ ਇਸ ਸੰਬੰਧ ਵਿਚ ਇਕ ਦੂਜੇ ਪ੍ਰਤੀ ਕੁੜੱਤਣ ਭਰੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ।

**ਬਾਕੀ ਹਿਸਾ ਸਫਾ 4 ਤੇ ਪੜ੍ਹੋ**

### 3 ਸਫ਼ੇ ਦੀ ਬਾਕੀ

ਇਸ ਦੌਰਾਨ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੁਰਾਤਨ ਮੰਗ ਮੁਤਾਬਕ ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਨੂੰ ਵੀ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਨਸ਼ਿਆਂ ਅਤੇ ਧਰਮ ਪਰਿਵਰਤਨ 'ਤੇ ਵੀ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਜ਼ਮੀਨੀ ਪੱਧਰ 'ਤੇ ਅਸਰਦਾਰ ਧਰਮ ਪ੍ਰਚਾਰ ਲਹਿਰ ਦੀ ਜ਼ਰੂਰਤ ਹੈ, ਜਿਸ ਨੂੰ ਉਹ ਸਿੱਖ ਸੰਤਾਂ, ਮਹਾਂਪੁਰਖਾਂ, ਸੰਪਰਦਾਵਾਂ, ਗਿਆਨੀਆਂ ਅਤੇ ਵਿਦਵਾਨਾਂ ਦੀ ਮਦਦ ਨਾਲ ਪਹਿਲ ਦੇ ਅਧਾਰ 'ਤੇ ਸ਼ੁਰੂ ਕਰਨਗੇ।

### ਬਾਦਲ ਦਲ ਵਿਚ ਬਗਾਵਤ ਤਿੱਖੀ

ਇਸ ਪੂਰੇ ਘਟਨਾਕ੍ਰਮ ਤੋਂ ਬਾਅਦ ਪੰਥਕ ਰਾਜਨੀਤੀ ਵਿੱਚ ਵੱਡੀ ਹਲਚਲ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਪਹਿਲਾਂ ਹੀ ਆਪਣਾ ਬਹੁਤ ਸਾਰਾ ਸਿਆਸੀ ਅਧਾਰ ਗੁਆ ਚੁੱਕਾ ਹੈ। ਅਕਾਲੀ ਦਲ ਦੇ ਨਾਰਾਜ਼ ਆਗੂਆਂ ਦਾ ਇੱਕ ਹਿੱਸਾ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਰੱਦ ਕਰਦੇ ਹੋਏ ਵੱਖ ਹੋ ਗਿਆ ਸੀ। ਹੁਣ ਸੁਖਬੀਰ ਬਾਦਲ ਨੂੰ ਸਭ ਤੋਂ ਵੱਡੀ ਚੁਣੌਤੀ ਬਿਕਰਮ ਸਿੰਘ ਮਜੀਠੀਆ ਤੋਂ ਜਾਪਦੀ ਹੈ। ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿਲੋਂ, ਲਖਬੀਰ ਸਿੰਘ ਲੋਧੀਨੰਗਲ ਸਮੇਤ ਦਰਜਨਾਂ ਛੋਟੇ-ਵੱਡੇ ਆਗੂ, ਜੋ ਹਰ ਸੰਕਟ ਸਮੇਂ ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਖੜ੍ਹਦੇ ਆਏ ਸਨ, ਹੁਣ ਪਾਰਟੀ ਦੇ ਫ਼ੈਸਲਿਆਂ ਤੇ ਰਣਨੀਤੀ ਪ੍ਰਤੀ ਸਵਾਲ ਕਰਨ ਲੱਗੇ ਹਨ। ਬਿਕਰਮ ਸਿੰਘ ਮਜੀਠੀਆ ਨੇ ਇਸ ਕਾਰਵਾਈ ਨੂੰ ਸਿੱਖ ਪੰਥ ਦੇ ਮਾਣ-ਸਨਮਾਨ ਅਤੇ ਅਕਾਲ ਤਖ਼ਤ ਸਾਹਿਬ ਦੀ ਉਲੰਘਣਾ ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਪਿਛਲੇ ਸਮਿਆਂ ਵਾਂਗ ਸੰਕਟ ਵਿੱਚੋਂ ਉਭਰੇਗਾ ਅਤੇ ਮੁੜ ਸੁਰਜੀਤ ਹੋਵੇਗਾ।

ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਅਜਿਹੇ ਆਗੂਆਂ ਉੱਤੇ ਪਾਰਟੀ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਲਾਉਂਦਿਆਂ ਜ਼ਾਬਤਾ ਕਾਰਵਾਈ ਦੀ ਚਿਤਾਵਨੀ ਦਿਤੀ ਹੈ।

ਬਾਦਲ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ "ਇਸ ਮੁੱਦੇ 'ਤੇ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਰਿਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣਗੇ। ਉਨ੍ਹਾਂ ਦੇ ਜਵਾਬਾਂ 'ਤੇ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਉਪਰ ਕਾਰਵਾਈ ਕੀਤੀ ਜਾਵੇਗੀ।"

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭੂੰਦੜ ਦਾ ਇਹ ਕਥਨ ਸਹੀ ਹੈ ਕਿ ਬਾਦਲਾਂ ਦੇ ਰਾਜ-ਕਾਲ ਦੌਰਾਨ ਮਜੀਠੀਆ 'ਸੁਪਰ ਸੀ ਐਮ' ਵਜੋਂ ਵਿਚਰਦੇ ਰਹੇ। ਅਦਾਲਤੀ ਨਿਆਂ ਭਾਵੇਂ ਹੁਣ ਤਕ ਉਨ੍ਹਾਂ ਉਪਰ ਮਿਹਰਬਾਨ ਰਿਹਾ ਹੈ, ਪਰ ਪੰਜਾਬ ਵਿਚ 'ਚਿੱਟੇ' ਦੇ ਪ੍ਰਚਲਨ ਦੇ ਪ੍ਰਸੰਗ ਵਿਚ ਉਨ੍ਹਾਂ ਦਾ ਅਕਸ ਅਜੇ ਵੀ ਪਹਿਲਾਂ ਵਾਂਗ ਦਾਗ਼ਦਾਰ ਹੈ। ਸਿੱਖ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਜੇ ਮਜੀਠੀਆ ਆਪਣੇ ਜੀਜੇ ਸੁਖਬੀਰ ਸਿੰਘ ਬਾਦਲ ਜਾਂ ਉਨ੍ਹਾਂ ਦੇ ਸਲਾਹਕਾਰਾਂ ਦੇ ਖ਼ਿਲਾਫ਼ ਉੱਠ ਖੜ੍ਹੇ ਹੋਏ ਹਨ ਤਾਂ ਇਸ ਨੂੰ ਆਮ ਸਿੱਖ 'ਪਰਿਵਾਰਕ ਕਿੜ' ਦੀ ਉਪਜ ਮੰਨ ਰਹੇ ਹਨ ਤੇ ਇਸ ਪਿਛੇ ਭਾਜਪਾ ਦੀ ਚਾਲ ਸਮਝ ਰਹੇ ਹਨ।

ਰਾਜਨੀਤੀ ਦੇ ਪ੍ਰੋਫੈਸਰ ਰੌਣਕੀ ਰਾਮ ਕਹਿੰਦੇ ਹਨ ਕਿ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ, ਪੰਜਾਬੀ ਵੀ ਇਸ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ ਅਤੇ ਪੰਜਾਬ ਦੇ ਲੀਡਰ ਵੀ ਕਿਉਂਕਿ ਖੇਤਰੀ ਪਾਰਟੀ ਖ਼ਤਮ ਹੁੰਦੀ ਹੈ ਤਾਂ ਇਹ ਪੰਜਾਬ ਦੇ ਲੋਕਾਂ ਲਈ ਹੀ ਵੱਡਾ ਘਾਟਾ ਹੋਵੇਗਾ।"

ਡਾਕਟਰ ਪਰਮਜੀਤ ਸਿੰਘ ਮਾਨਸਾ ਕਹਿੰਦੇ ਹਨ ਕਿ ਅਕਾਲੀ ਦਲ ਵਿੱਚ ਭਾਵੇਂ ਜਿੰਨੇ ਮਰਜ਼ੀ ਧੜੇ ਹੋਣ, ਪਰ ਸ਼ਕਤੀਸ਼ਾਲੀ ਧੜਾ ਉਹ ਹੈ ਜਿਸ ਦੇ ਕੋਲ ਸ਼੍ਰੋਮਣੀ ਕਮੇਟੀ ਹੈ। ਸ਼੍ਰੋਮਣੀ ਕਮੇਟੀ ਫਿਲਹਾਲ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਕੋਲ ਹੈ। ਇਸ ਕਰਕੇ ਜੇਕਰ ਮਜੀਠੀਆ ਬਗ਼ਾਵਤ ਕਰਦੇ ਵੀ ਹਨ ਤਾਂ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਜਰੂਰ ਹੋਵੇਗਾ, ਪਰ ਮਜੀਠੀਆ ਪੰਥਕ ਲੀਡਰ ਵਜੋਂ ਪ੍ਰਵਾਨ ਨਹੀਂ ਹੋਣਗੇ।

### ਨਵੇਂ ਜਥੇਦਾਰ ਦੀ ਸੇਵਾ ਸੰਭਾਲ ਉੱਤੇ ਵਿਵਾਦ

ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਸ ਤਰੀਕੇ ਨਾਲ ਸੇਵਾ ਸੰਭਾਲੀ ਉਸ ਉੱਤੇ ਵੀ ਵਿਵਾਦ ਹੋ ਗਿਆ ਹੈ। ਜਿੱਥੇ ਸ਼੍ਰੋਮਣੀ ਅਕਾਲੀ ਦਲ ਨੇ ਨਵੇਂ ਜਥੇਦਾਰ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ, ਉੱਥੇ ਹੀ ਕੁਝ ਅਕਾਲੀ ਆਗੂ ਅਤੇ ਪੰਥਕ ਵਿਦਵਾਨ ਇਸ ਉੱਤੇ ਸਵਾਲ ਚੁੱਕੇ ਰਹੇ ਹਨ। ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਵਲੋਂ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਦੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਤਾਜਪੋਸ਼ੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ ਸੀ, ਉੱਥੇ ਹੁਣ ਦਲ ਖ਼ਾਲਸਾ ਨੇ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਨਵ-ਨਿਯੁਕਤ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਤਾਜਪੋਸ਼ੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਦਲ ਖ਼ਾਲਸਾ ਦੇ ਸੀਨੀਅਰ ਉੱਪ-ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਕੇਂਦਰੀ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਬਠਿੰਡਾ ਆਦਿ ਨੇ ਕਿਹਾ ਕਿ ਇਸੇ ਰੋਸ ਵਜੋਂ ਦਲ ਖ਼ਾਲਸਾ ਸਿੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਤਾਜਪੋਸ਼ੀ ਦਾ ਵਿਰੋਧ ਕਰੇਗਾ ਅਤੇ ਉਨ੍ਹਾਂ ਨੂੰ ਤਖਤ ਸਾਹਿਬ ਦੀ ਸੇਵਾ ਸੰਭਾਲਣ ਨਹੀਂ ਦਿੱਤੀ ਜਾਵੇਗੀ। ਇਸ ਸਬੰਧੀ ਉਹ ਛੇਤੀ ਨੁਮਾਇੰਦਾ ਸਿੱਖ ਜਥੇਬੰਦੀਆਂ ਦਾ ਤਖਤ ਦਮਦਮਾ ਸਾਹਿਬ ਵਿਖੇ ਇਕੱਠ ਸੱਦ ਰਹੇ ਹਨ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ "ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਹੁਦੇ ਦਾ ਚਾਰਜ ਲਏ ਜਾਣ ਮੌਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਣ ਅਤੇ ਸਿੱਖ ਸੰਗਤ ਦੀ ਹਾਜ਼ਰੀ ਤੋਂ ਬਿਨਾਂ ਕੀਤੇ ਗਏ ਸੇਵਾ ਸੰਭਾਲ ਸਮਾਗ਼ਮ ਨੂੰ ਮਰਿਆਦਾ ਦੀ ਘੋਰ ਉਲੰਘਣਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ "ਨਵ-ਨਿਯੁਕਤ ਜਥੇਦਾਰ ਦੀ ਸੇਵਾ ਸੰਭਾਲ ਦੇ ਸਮਾਗ਼ਮ ਦੌਰਾਨ ਨਾ ਤਾਂ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਅਤੇ ਨਾ ਹੀ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ, ਨਾ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਨਾ ਹੀ ਸਿੱਖ ਸੰਗਤਾਂ, ਜਥੇਬੰਦੀਆਂ, ਸੰਪਰਦਾਵਾਂ ਹਾਜ਼ਰ ਸਨ।"

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਦਸਤਾਰਬੰਦੀ ਦੌਰਾਨ ਮਰਿਆਦਾ ਦਾ ਵੱਡਾ ਘਾਣ ਕੀਤਾ ਗਿਆ ਹੈ, ਜਿਸ ਸੰਬੰਧੀ ਉਨ੍ਹਾਂ ਕੋਲ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਵੀ ਇਤਰਾਜ਼ ਉਠਾਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਕਰਦੀ ਹੈ ਅਤੇ ਜਥੇਦਾਰ ਦੀ ਸੇਵਾ ਸੰਭਾਲਣ ਸੰਬੰਧੀ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ ਸਜਾਇਆ ਜਾਂਦਾ ਹੈ ਤੇ ਇਸ ਵਿਚ ਸ਼ਾਮਲ ਹੋਣ ਲਈ ਸਮੂਹ ਸਿੱਖ ਜਥੇਬੰਦੀਆਂ ਸੰਪਰਦਾਵਾਂ , ਨਿਹੰਗ ਸਿੰਘ ਜਥੇਬੰਦੀਆਂ, ਉਦਾਸੀਆਂ ਨਿਰਮਲਿਆਂ ਸੰਤਾਂ ਮਹਾਂਪੁਰਖਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਸ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਦੀ ਨਿਯੁਕਤੀ ਦਾ ਐਲਾਨ ਕਰਦਾ ਹੈ ਤੇ ਸੰਗਤ ਜੈਕਾਰੇ ਬੁਲਾ ਕੇ ਉਸ ਨੂੰ ਪ੍ਰਵਾਨਗੀ ਦਿੰਦੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਰਵਾਇਤ ਅਨੁਸਾਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਜਥੇਦਾਰ ਨੂੰ ਪਹਿਲੀ ਦਸਤਾਰ ਦਿੰਦਾ ਹੈ ਤੇ ਇਸੇ ਤਰ੍ਹਾਂ ਫਿਰ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਉਨ੍ਹਾਂ ਨੂੰ ਦਸਤਾਰਾਂ ਭੇਟ ਕੀਤੀਆਂ ਜਾਂਦੀਆਂ ਹਨ

ਦੂਜੇ ਪਾਸੇ ਰਘੂਜੀਤ ਸਿੰਘ ਵਿਰਕ ਨੇ ਕਿਹਾ ਕਿ ਗਿਆਨੀ ਕੁਲਦੀਪ ਸਿੰਘ ਦੇ ਸੇਵਾ ਸੰਭਾਲਣ ਮੌਕੇ ਪੰਜ ਪਿਆਰੇ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦਸਤਾਰਾਂ ਦਿੱਤੀਆਂ ਗਈਆਂ ਹਨ। ਇਸ ਦੀ ਪੁਸ਼ਟੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵੱਲੋਂ ਕੀਤੀ ਗਈ ਉਹਨਾਂ ਕਿਹਾ ਕਿ ਮੈਂ ਖੁਦ ਉਸ ਸਮੇਂ ਹਾਜ਼ਰ ਸੀ। ਸ੍ਰੀ ਅਖੰਡ ਪਾਠ ਸਾਹਿਬ ਹੋ ਰਹੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਹੀ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਸਤਾਰਬੰਦੀ ਕੀਤੀ ਗਈ। ਮਰਿਆਦਾ ਦੀ ਕੋਈ ਉਲੰਘਣਾ ਨਹੀਂ ਹੋਈ।

ਉਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਸਰਨਾ ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸਰਨਾ ਨੇ ਆਖਿਆ, "ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਵਿੱਚ ਬਣੇ ਹੋਏ ਹਾਲਾਤ ਦੇ ਮੱਦੇਨਜ਼ਰ ਜੋ ਫ਼ੈਸਲਾ ਸਿੰਘ ਸਾਹਿਬਾਨ ਦੀ ਨਿਯੁਕਤੀ ਦਾ ਲਿਆ ਹੈ ਅਤੇ ਟਕਰਾਅ ਤੋਂ ਬਚਣ ਲਈ ਸਿੰਘ ਸਾਹਿਬ ਨੇ ਅੰਮ੍ਰਿਤ ਵੇਲੇ ਨੂੰ ਚੁਣਦੇ ਹੋਏ ਕੌਮ ਨੂੰ ਇੱਕਮੁੱਠ ਹੋਣ ਦਾ ਸੰਦੇਸ਼ ਦਿੱਤਾ ਹੈ, ਉਸ ਨਾਲ ਇਹ ਸਾਬਤ ਹੋਇਆ ਹੈ ਕਿ ਕਮੇਟੀ ਦਾ ਇਹ ਫ਼ੈਸਲਾ ਦੂਰ ਅੰਦੇਸ਼ੀ ਵਾਲਾ ਹੈ।"

### ਪੰਥਕ ਸੰਕਟ ਦਾ ਹੱਲ ਕੀ ਹੋਵੇ

ਪੰਥ ਅਤੇ ਪੰਜਾਬ ਦੀਆਂ ਸਮੂਹ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਇਹ ਚਰਚਾ ਕਰ ਰਹੀਆਂ ਹਨ ਕਿ ਪੰਜਾਬ ਦਾ ਭਵਿੱਖ ਅਕਾਲੀ ਦਲ ਦੀ ਮਜ਼ਬੂਤੀ ਨਾਲ ਹੈ। ਇਸ ਪਾਰਟੀ ਦੇ ਕਮਜ਼ੋਰ ਹੋਣ ਨਾਲ ਪੰਥ ਅਤੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਦਿਨੋ-ਦਿਨ ਵਧ ਰਹੀਆਂ ਦੂਰੀਆਂ ਕਿਵੇਂ ਘੱਟ ਹੋ ਸਕਦੀਆਂ ਹਨ? ਇਹ ਚਿੰਤਨ ਪਿਛਲੇ ਕੁਝ ਸਮੇਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਇਕੱਠੇ ਮਿਲ ਕੇ ਚੱਲਣ ਦਾ ਚਿੰਤਨ ਜਿੰਨਾ ਵਧੇਰੇ ਹੋ ਰਿਹਾ ਹੈ, ਦੂਰੀਆਂ ਓਨੀਆਂ ਹੀ ਵਧਦੀਆਂ ਜਾ ਰਹੀਆਂ ਹਨ।

ਅਕਾਲੀ ਦਲ ਨਾਲ ਜੁੜੇ ਹੋਏ ਬਹੁਤ ਸਾਰੇ ਆਗੂ ਇਹ ਮਹਿਸੂਸ ਕਰਦੇ ਹਨ ਕਿ 2 ਦਸੰਬਰ ਵਾਲਾ ਫ਼ੈਸਲਾ ਪੰਥ ਦੇ ਸੰਕਟ ਹੋਰ ਸੰਕਟ ਵਿਚ ਲੈ ਗਿਆ ਹੈ। ਪਰ ਪੰਥਕ ਜਥੇਬੰਦੀਆਂ ਵਿਚ ਇਹ ਸੰਦੇਸ਼ ਗਿਆ ਕਿ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਕਮੇਟੀ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਕਾਇਮ ਰਖਣ ਲਈ ਹੁਕਮਨਾਮੇ ਤੇ ਭਰਤੀ ਕਮੇਟੀ ਨੂੰ ਰੱਦ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਨਾ ਮੰਨਦੇ ਹੋਏ ਪਹਿਲਾਂ ਤੋਂ ਮਿੱਥੀ ਹੋਈ ਯੋਜਨਾ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪਹਿਲਾਂ ਵਾਲੇ ਪ੍ਰਧਾਨ ਨੂੰ ਹੀ ਦੁਬਾਰਾ ਨਿਯੁਕਤ ਕਰਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਬ ਦੇ ਨਵ-ਨਿਯੁਕਤ ਜਥੇਦਾਰ ਸਾਹਿਬ ਨੇ ਪਹਿਲੇ ਦਿਨ ਹੀ ਭਰਤੀ ਕਮੇਟੀ ਦੀ ਨਜ਼ਰਸਾਨੀ ਸੰਬੰਧੀ ਬਿਆਨ ਦੇ ਕੇ ਇਸ ਖ਼ਦਸ਼ੇ ਨੂੰ ਹੋਰ ਵਧੇਰੇ ਪ੍ਰਪੱਕ ਕਰ ਦਿੱਤਾ ਹੈ।

ਸਮੂਹ ਸਿੱਖ ਇਹ ਚਾਹੁੰਦੇ ਹਨ ਕਿ ਮੌਜੂਦਾ ਮਸਲੇ ਦਾ ਸੁਖਾਵਾਂ ਹੱਲ ਨਿਕਲੇ, ਕਿਉਂਕਿ ਭਾਜਪਾ ਨੂੰ ਸਮਰਪਿਤ ਸਿੱਖ ਆਗੂ ਤੇ ਜਥੇਬੰਦੀਆਂ ਇਸ ਮਾਮਲੇ ਨੂੰ ਉਲਝਾਉਣਾ ਚਾਹੁੰਦੀਆਂ ਹਨ। ਉਹ ਇਸ ਮਸਲੇ ਨੂੰ ਉਲਝਾਉਣ ਲਈ ਸਰਗਰਮ ਹੋ ਚੁਕੀਆਂ ਹਨ। ਆਮ ਸਿੱਖਾਂ ਦਾ ਮੰਨਣਾ ਹੈ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਗੁਰਮਤਿ ਦੇ ਸਿਧਾਂਤ ਨੂੰ ਪੰਥਕ ਧਿਰਾਂ ਤੇ ਸਿੱਖ ਲੀਡਰਸ਼ਿਪ ਮਨ ਵਿਚ ਧਾਰਨ ਕਰੇ । ਸ੍ਰੀ ਅਕਾਲ ਤਖ਼ਤ ਸਾਹਿਬ ਮੀਰੀ-ਪੀਰੀ ਦਾ ਕੇਂਦਰ ਹੈ। ਜਥੇਦਾਰਾਂ ਦੀ ਨਿਯੁਕਤੀ ਬਾਰੇ ਨਿਯਮ ਹੋਣ। ਉਹ ਉਚ ਸਖਸ਼ੀਅਤ ਦੇ ਮਾਲਕ ਹੋਣ ਤੇ ਸਿੱਖ ਸਿਧਾਂਤ ਦੇ ਪਹਿਰੇਦਾਰ ਹੋਣ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੱਥੇਦਾਰ ਸਾਹਿਬਾਨ ਨੂੰ ਸੇਵਾ ਦੇਣ ਅਤੇ ਸੇਵਾ ਮੁਕਤੀ ਲਈ ਵਿਧੀ ਵਿਧਾਨ ਬਣਨਾ ਬਹੁਤ ਜ਼ਰੂਰੀ ਹੈ ਘੱਟੋ-ਘੱਟ ਪੰਥਕ ਜਥੇਬੰਦੀਆਂ ਦੀ ਸਲਾਹ ਤੇ ਜਨਰਲ ਇਜਲਾਸ ਵਿੱਚ ਪਾਸ ਹੋਣ ਉਪਰੰਤ ਸੇਵਾ ਦਿੱਤੀ ਜਾ ਸਕੇ ਤੇ ਸੇਵਾਮੁਕਤ ਕੀਤਾ ਜਾ ਸਕੇ। ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪੱਸ਼ਟ ਵਿਧੀ-ਵਿਧਾਨ ਸੁਨਿਸ਼ਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵਲੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਨਿੱਜੀ ਹਿੱਤਾਂ ਲਈ ਵਰਤੋਂ ਦੀ ਸੰਭਾਵਨਾ ਹੀ ਨਾ ਰਹੇ ਅਤੇ ਖਾਲਸਾ ਪੰਥ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਮੇਂ-ਸਮੇਂ ਜਾਰੀ ਕੀਤੇ ਜਾਂਦੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਹੇ।

# ਭਾਰਤੀ ਵਿਦਿਆਰਥੀ ਕੈਨੇਡਾ ਨਹੀਂ ਰੂਸ ਜਾ ਰਹੇ ਨੇ

**ਖਾਸ ਖਬਰ** ✪ ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟੀ

ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਭਾਰਤੀ ਵਿਦਿਆਰਥੀਆਂ ਦੀਆਂ ਤਰਜੀਹਾਂ ਬਦਲ ਰਹੀਆਂ ਹਨ। ਭਾਰਤੀ ਵਿਦਿਆਰਥੀ ਹੁਣ ਕੈਨੇਡਾ ਦੀ ਬਜਾਏ ਰੂਸ ਜ਼ਿਆਦਾ ਜਾ ਰਹੇ ਹਨ। ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਰਹੀ ਹੈ। ਰੂਸ ਤੋਂ ਇਲਾਵਾ, ਫਰਾਂਸ ਅਤੇ ਜਰਮਨੀ ਵਿੱਚ ਵੀ ਭਾਰਤੀ ਵਿਦਿਆਰਥੀਆਂ ਦੀ ਦਿਲਚਸਪੀ ਵਧੀ ਹੈ।

ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਲਈ ਇੱਕ ਹਾਟ ਸਪਾਟ ਮੰਨਿਆ ਜਾ ਰਿਹਾ ਹੈ। ਖਾਸ ਕਰਕੇ, ਪੰਜਾਬ, ਹਰਿਆਣਾ ਅਤੇ ਗੁਜਰਾਤ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਜਾ ਰਹੇ ਸਨ। ਪਰ ਜੇ ਅਸੀਂ ਨਵੇਂ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ ਰੁਝਾਨ ਕੁਝ ਹੱਦ ਤੱਕ ਬਦਲਦਾ ਜਾਪਦਾ ਹੈ।

ਦਰਅਸਲ, ਬੀਤੇ ਦਿਨੀਂ ਲੋਕ ਸਭਾ ਵਿੱਚ, ਜਦੋਂ ਕੇਂਦਰੀ ਸਿੱਖਿਆ ਰਾਜ ਮੰਤਰੀ ਸੁਕਾਂਤ ਮਜੂਮਦਾਰ ਨੇ ਸੰਸਦ ਮੈਂਬਰ ਈ.ਟੀ. ਮੁਹੰਮਦ ਬਸ਼ੀਰ ਦੁਆਰਾ ਉਠਾਏ ਗਏ ਇੱਕ ਸਵਾਲ ਦੇ ਜਵਾਬ ਵਿੱਚ ਪਿਛਲੇ ਤਿੰਨ ਸਾਲਾਂ ਦਾ ਅੰਕੜਾ ਪੇਸ਼ ਕੀਤਾ, ਤਾਂ ਕਈ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ। ਪੰਜਾਬ, ਹਰਿਆਣਾ, ਗੁਜਰਾਤ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਇਲਾਵਾ, ਕੈਨੇਡੀਅਨ ਪੀਆਰ ਵੀਜ਼ਾ ਪ੍ਰਾਪਤ ਕਰਨਾ ਅਤੇ ਫਿਰ ਨੌਕਰੀ ਲੱਭਣਾ ਵੀ ਇੱਕ ਵੱਡਾ




ਆਕਰਸ਼ਣ ਸੀ। ਪਰ ਇਸ ਦੇ ਬਾਵਜੂਦ, ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ ਭਾਰਤੀ ਵਿਦਿਆਰਥੀਆਂ ਵਿੱਚ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੀ ਇੱਛਾ ਥੋੜ੍ਹੀ ਘੱਟ ਗਈ ਜਾਪਦੀ ਸੀ। 2024 ਵਿੱਚ, ਪਿਛਲੇ ਸਾਲ ਦੇ ਮੁਕਾਬਲੇ 15 ਪ੍ਰਤੀਸ਼ਤ ਵੱਧ ਲੋਕ ਪੜ੍ਹਾਈ ਲਈ ਵਿਦੇਸ਼ ਗਏ। ਇੱਕ ਹੋਰ ਜਾਣਕਾਰੀ ਜੋ ਤੁਹਾਨੂੰ ਹੈਰਾਨ ਕਰ ਦੇਵੇਗੀ ਉਹ ਇਹ ਹੈ ਕਿ ਹੁਣ ਭਾਰਤੀ ਵਿਦਿਆਰਥੀ ਰੂਸ ਨੂੰ ਇੱਕ ਚੰਗੇ ਬਦਲ ਵਜੋਂ ਦੇਖ ਰਹੇ ਹਨ।

ਸਭ ਤੋਂ ਪਹਿਲਾਂ, ਅੰਕੜਿਆਂ ਦੀ ਗੱਲ ਕਰੀਏ ਤਾਂ ਸਿੱਖਿਆ ਮੰਤਰਾਲੇ ਦੇ ਅਨੁਸਾਰ, 2024 ਵਿੱਚ, ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 15% ਦੀ ਕਮੀ ਆਈ ਹੈ। ਜਦੋਂ ਕਿ 2022 ਵਿੱਚ 7.5 ਲੱਖ ਤੋਂ ਵੱਧ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਸਨ, ਇਹ ਗਿਣਤੀ 2024 ਵਿੱਚ ਘੱਟ ਕੇ 6.5 ਲੱਖ ਤੋਂ ਵੀ ਘੱਟ ਰਹਿ ਗਈ।

ਸਭ ਤੋਂ ਵੱਡੀ ਗਿਰਾਵਟ ਕੈਨੇਡਾ ਵਿੱਚ ਦੇਖੀ ਗਈ। 2023 ਵਿੱਚ 4 ਲੱਖ ਤੋਂ ਵੱਧ ਵਿਦਿਆਰਥੀ ਕੈਨੇਡਾ ਗਏ ਸਨ, ਪਰ 2024 ਵਿੱਚ ਇਹ ਗਿਣਤੀ ਘੱਟ ਕੇ 2.5 ਲੱਖ ਤੋਂ ਵੀ ਘੱਟ ਰਹਿ ਗਈ। ਇਹ 41% ਦੀ ਵੱਡੀ ਗਿਰਾਵਟ ਹੈ!" ਪਰ ਦੂਜੇ ਪਾਸੇ, ਰੂਸ ਦੀ ਕਹਾਣੀ ਬਿਲਕੁਲ ਉਲਟ ਹੈ। ਜਿੱਥੇ 2023 ਵਿੱਚ 11 ਹਜ਼ਾਰ ਵਿਦਿਆਰਥੀ ਰੂਸ ਗਏ ਸਨ, 2024 ਵਿੱਚ ਇਹ ਗਿਣਤੀ 33% ਵਧੀ ਅਤੇ ਬਹੁਤ ਜ਼ਿਆਦਾ ਹੋ ਗਈ। ਰੂਸ ਹੁਣ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ। ਹੁਣ ਸਵਾਲ ਇਹ ਹੈ ਕਿ ਅਜਿਹਾ ਕਿਉਂ ਹੈ? ਕਿਉਂਕਿ ਰੂਸੀ ਸਰਕਾਰ ਸਕਾਲਰਸ਼ਿਪ ਵਧਾ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕਈ ਕਦਮ ਚੁੱਕ ਰਹੀ ਹੈ।


ਕੈਨੇਡਾ ਕਦੇ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਸਥਾਨ ਸੀ, ਪਰ ਅੱਜ ਲੋਕ ਉਸੇ ਕੈਨੇਡਾ ਜਾਣ ਤੋਂ ਝਿਜਕ ਰਹੇ ਹਨ? ਇਸ ਬਾਰੇ ਪੁੱਛੇ ਜਾਣ 'ਤੇ, ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਵਧਦਾ ਰਾਜਨੀਤਿਕ ਤਣਾਅ, ਇੰਮੀਗ੍ਰੇਸ਼ਨ ਸਖ਼ਤ ਕਨੂੰਨ ਇਸ ਦਾ ਕਾਰਣ ਹਨ।

ਤੁਹਾਨੂੰ ਦੱਸ ਦੇਈਏ ਕਿ ਸਿਰਫ਼ ਕੈਨੇਡਾ ਹੀ ਨਹੀਂ, ਅਮਰੀਕਾ ਅਤੇ ਯੂਕੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਘੱਟ ਗਈ ਹੈ। ਅਮਰੀਕਾ ਵਿੱਚ ਵਿਦਿਆਰਥੀਆਂ ਦੀ ਗਿਣਤੀ 2023 ਵਿੱਚ 2 ਲੱਖ 34 ਹਜ਼ਾਰ ਤੋਂ ਘੱਟ ਕੇ 2024 ਵਿੱਚ 2 ਲੱਖ ਰਹਿ ਜਾਵੇਗੀ, ਭਾਵ 13% ਦੀ ਸਿੱਧੀ ਗਿਰਾਵਟ। ਇਸਦਾ ਕਾਰਨ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਟਰੰਪ ਹਨ। ਭਾਰਤੀ ਵਿਦਿਆਰਥੀ ਡੋਨਾਲਡ ਟਰੰਪ 'ਤੇ ਆਸਾਨੀ ਨਾਲ ਭਰੋਸਾ ਨਹੀਂ ਕਰ ਪਾ ਰਹੇ ਹਨ ਅਤੇ ਉਨ੍ਹਾਂ ਦੀਆਂ ਬਦਲਦੀਆਂ ਨੀਤੀਆਂ ਕਾਰਨ ਅਮਰੀਕਾ ਜਾਣ ਤੋਂ ਝਿਜਕ ਰਹੇ ਹਨ। ਜੇਕਰ ਅਸੀਂ ਯੂਕੇ ਦੀ ਗੱਲ ਕਰੀਏ ਤਾਂ ਯੂਕੇ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ 1 ਲੱਖ 36 ਹਜ਼ਾਰ ਤੋਂ ਘੱਟ ਕੇ 98 ਹਜ਼ਾਰ ਵਿਦਿਆਰਥੀਆਂ 'ਤੇ ਆ ਗਈ ਹੈ, ਇਸਦਾ ਕਾਰਨ ਵੀਜ਼ਾ ਦੇ ਸਖ਼ਤ ਨਿਯਮ ਅਤੇ ਨੌਕਰੀ ਦੇ ਮੌਕਿਆਂ ਵਿੱਚ ਬਦਲਾਅ ਵੀ ਹੋ ਸਕਦੇ ਹਨ। ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਇਹ ਸਪੱਸ਼ਟ ਹੈ ਕਿ ਭਾਰਤੀ ਵਿਦਿਆਰਥੀ ਹੁਣ ਆਪਣੇ ਵਿਕਲਪਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਲੈ ਰਹੇ ਹਨ। ਜਿੱਥੇ ਇੱਕ ਪਾਸੇ, ਕੈਨੇਡਾ ਵਰਗੇ ਦੇਸ਼ ਤਣਾਅ ਅਤੇ ਸਖ਼ਤ ਨਿਯਮਾਂ ਕਾਰਨ ਵਿਦਿਆਰਥੀਆਂ ਨੂੰ ਭਜਾ ਰਹੇ ਹਨ, ਉੱਥੇ ਦੂਜੇ ਪਾਸੇ, ਰੂਸ ਵਰਗੇ ਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਸਕਾਲਰਸ਼ਿਪਾਂ ਨਾਲ ਆਕਰਸ਼ਿਤ ਕਰ ਰਹੇ ਹਨ ਅਤੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਹ ਬਦਲਾਅ ਸਿਰਫ਼ ਅੰਕੜਿਆਂ ਦਾ ਮਾਮਲਾ ਨਹੀਂ ਹੈ, ਸਗੋਂ ਭਾਰਤੀ ਵਿਦਿਆਰਥੀਆਂ ਦੀ ਸੋਚ ਅਤੇ ਤਰਜੀਹਾਂ ਵਿੱਚ ਬਦਲਾਅ ਨੂੰ ਵੀ ਦਰਸਾਉਂਦਾ ਹੈ।

-ਮਾਮਲਾ ਨਸ਼ਾ ਤਸਕਰ ਨਾਲ ਲੈਣ ਦੇਣ ਦਾ-

## ਸੁਖਪਾਲ ਖਹਿਰਾ ਖਿਲਾਫ ਈਡੀ ਦੀ ਵੱਡੀ ਕਾਰਵਾਈ, ਪ੍ਰਾਪਰਟੀ ਕੀਤੀ ਅਟੈਚ

ਜਲੰਧਰ-ਪੰਜਾਬ ਸਰਕਾਰ ਜਿਥੇ ਨਸ਼ਾ ਤਸਕਰਾਂ ਖਿਲਾਫ ਸ਼ਿਕੰਜਾ ਕੱਸਦੀ ਜਾ ਰਹੀ ਹੈ ਉਥੇ ਹੀ ਈਡੀ ਦੀ ਇਕ ਵੱਡੇ ਨੇਤਾ ਖਿਲਾਫ ਕਾਰਵਾਈ ਵੀ ਸਾਹਮਣੇ ਆਈ ਹੈ। ਇਹ ਨੇਤਾ ਹਨ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ। ਉਨ੍ਹਾਂ ਉੱਤੇ ਈਡੀ ਵੱਲੋਂ ਇਹ ਕਾਰਵਾਈ ਨਸ਼ਾ ਤਸਕਰ ਨਾਲ ਲੈਣ ਦੇਣ ਨੂੰ ਲੈ ਕੇ ਕੀਤੀ ਗਈ ਦੱਸੀ ਜਾ ਰਹੀ ਹੈ।



ਜਾਣਕਾਰੀ ਮੁਤਾਬਕ ਈਡੀ ਵੱਲੋਂ ਸੁਖਪਾਲ ਖਹਿਰਾ ਉੱਤੇ ਵੱਡੀ ਕਾਰਵਾਈ ਕਰਦਿਆਂ ਉਨ੍ਹਾਂ ਦੀ ਚੰਡੀਗੜ੍ਹ ਵਾਲੀ ਕੋਠੀ ਅਟੈਚ ਕੀਤੀ ਗਈ ਹੈ। ਇਸ ਕੋਠੀ ਦੀ ਕੀਮਤ 3 ਕਰੋੜ 82 ਲੱਖ ਰੁਪਏ ਦੱਸੀ ਜਾ ਰਹੀ ਹੈ। ਇਸ ਦੌਰਾਨ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਕਾਰਵਾਈ ਨਸ਼ਾ ਤਸਕਰੀ ਦੇ ਸ਼ੱਕੀ ਮਾਮਲੇ ਵਿਚ ਕੀਤੀ ਗਈ ਹੈ। ਇਸ ਦੌਰਾਨ ਸੁਖਪਾਲ ਖਹਿਰਾ ਉੱਤੇ ਨਸ਼ਾ ਤਸਕਰ ਗੁਰਦੇਵ ਸਿੰਘ ਨਾਲ ਲੈਣਦੇਣ ਦੇ ਇਲਜ਼ਾਮ ਹਨ।

ਦੂਜੇ ਪਾਸੇ ਸੁਖਪਾਲ ਖਹਿਰਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਇਸ ਕਾਰਵਾਈ ਨੂੰ ਗਲਤ ਠਹਿਰਾਇਆ ਹੈ ਉਨ੍ਹਾਂ ਨੇ ਲਿਖਿਆ ਹੈ ਕਿ ਮੈਨੂੰ ਮੀਡੀਆ ਰਾਹੀਂ ਹੁਣੇ ਪਤਾ ਲੱਗਾ ਹੈ ਕਿ ਈਡੀ ਨੇ ਮੇਰੀ ਚੰਡੀਗੜ੍ਹ ਰਿਹਾਇਸ਼ ਨੂੰ ਅਟੈਚ ਕਰ ਲਿਆ ਹੈ ਜਿਸ ਬਾਰੇ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਇਸ ਬਾਰੇ ਈਡੀ ਜਾਂ ਕਿਸੇ ਹੋਰ ਸਰਕਾਰੀ ਸਰੋਤ ਤੋਂ ਕੋਈ ਨੋਟਿਸ ਨਹੀਂ ਮਿਲਿਆ ਹੈ। ਜੇਕਰ ਖਬਰ ਸਹੀ ਵੀ ਹੈ ਤਾਂ ਮੀਡੀਆ ਨੂੰ ਖਬਰਾਂ ਜਾਰੀ ਕਰਨ ਦੀ ਬਜਾਏ ਮੈਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਸੀ।ਇਹ ਮੇਰੀ ਛਵੀ ਨੂੰ ਖ਼ਰਾਬ ਕਰਨ ਦੀ ਸਾਜ਼ਿਸ਼ ਤੋਂ ਇਲਾਵਾ ਕੁਝ ਨਹੀਂ ਹੈ, ਭਾਜਪਾ ਦੇਸ਼ ਭਰ ਵਿੱਚ ਵਿਰੋਧੀ ਧਿਰ ਦੇ ਨੇਤਾਵਾਂ ਦਾ ਸ਼ਿਕਾਰ ਕਰਨ ਲਈ ਈਡੀ ਦੀ ਦੁਰਵਰਤੋਂ ਕਰ ਰਹੀ ਹੈ।

### ਆਓ ਹਲੇਮੀ ਰਾਜ ਦੀ ਕਾਇਮੀ ਲਈ ਯੋਗਦਾਨ ਪਾਈਏ

**ਮੁੱਖ ਪੰਨੇ ਟਾਈਟਲ ਦਾ ਬਾਕੀ ਹਿੱਸਾ**

**ਉਹਨਾਂ ਨੂੰ ਜਿਸ ਤਰ੍ਹਾਂ ਜਥੇਦਾਰੀ ਦੇ ਅਹੁਦੇ ਤੋਂ ਹਟਾਇਆ ਗਿਆ ਹੈ, ਇਹ ਸਰਾਸਰ ਗਲਤ ਹੈ। ਅਸੀਂ ਪੰਥਕ ਸੰਸਥਾਵਾਂ ਅਤੇ ਸਮੂਹ ਸਿੱਖਾਂ ਨੂੰ ਬੇਨਤੀ ਕਰਦੇ ਹਾਂ ਕਿ ਆਓ ਆਪਾਂ ਇੱਕ ਦੂਜੇ ਤੇ ਦੂਸ਼ਣਬਾਜ਼ੀ ਬੰਦ ਕਰੀਏ। ਨਵੇਂ ਜਥੇਦਾਰ ਭਾਈ ਸਾਹਿਬ ਕੁਲਦੀਪ ਸਿੰਘ ਗੜਗੱਜ ਦੇ ਖਿਆਲ ਵੀ ਪੜ੍ਹੇ ਸੁਣੇ ਹਨ। ਉਹਨਾਂ ਵੱਲੋਂ ਜੋ ਕਿਹਾ ਗਿਆ ਹੈ, ਉਸ ਅਨੁਸਾਰ ਪਹਿਲੇ ਜਥੇਦਾਰ ਸਾਹਿਬਾਨ ਦੇ ਸਹਿਯੋਗ ਨਾਲ ਪੰਜਾਬ ਤੇ ਦੇਸ਼-ਵਿਦੇਸ਼ ਵਿੱਚ ਸਿੱਖੀ ਪ੍ਰਚਾਰ ਲਈ ਲਹਿਰ ਚਲਾਉਣਗੇ। ਤਾਂ ਜੋ ਸਾਡੇ ਬੱਚੇ ਨਕਲੀ ਗੁਰੂ ਡੰਮ੍ਹ, ਤਾਂਤਰਿਕਾਂ, ਨਸ਼ਿਆਂ ਅਤੇ ਹੋਰ ਅਖੌਤੀ ਧਾਰਮਿਕ ਆਗੂਆਂ ਵੱਲੋਂ ਗੁੰਮਰਾਹ ਨਾ ਹੋ ਸਕਣ। ਸਾਡੀਆਂ ਪੰਥਕ ਸੰਸਥਾਵਾਂ ਦੇ ਆਗੂ ਪੰਜਾਬ ਨੂੰ ਨਸ਼ਿਆਂ, ਨਕਲੀ ਗੁਰੂ ਡੰਮ੍ਹ, ਰਿਸ਼ਵਤਖੋਰੀ, ਜੁਰਮ ਤੋਂ ਬਚਾਉਣ ਲਈ ਉਦਮ ਕਰਨ। ਕੁੱਝ ਆਗੂਆਂ ਦੀ ਸਾਨੂੰ ਇਹ ਸਮਝ ਨਹੀਂ ਲੱਗੀ, ਕਿ ਜਦੋਂ ਜਥੇਦਾਰ ਲਾਏ ਜਾਂਦੇ ਨੇ ਉਦੋਂ ਜਥੇਦਾਰਾਂ ਦਾ ਵਿਰੋਧ ਕਰਦੇ ਹਨ, ਤੇ ਜਦੋਂ ਹਟਾਏ ਜਾਂਦੇ ਨਾ ਫਿਰ ਸ਼੍ਰੋਮਣੀ ਕਮੇਟੀ ਦਾ ਵਿਰੋਧ ਕਰਦੇ ਨੇ।**

**ਪੰਜਾਬ ਵਿੱਚ ਹਲੇਮੀ ਰਾਜ ਕਾਇਮ ਕਰਨ ਲਈ ਯਤਨ ਕਰਨ ਜਿੱਥੇ ਸਾਰੇ ਧਰਮਾਂ ਦੇ ਲੋਕ ਪਿਆਰ ਨਾਲ ਰਹਿ ਸਕਣ ਅਤੇ ਅਜ਼ਾਦੀ ਨਾਲ ਆਪਣੀ ਆਸਥਾ ਵਿੱਚ ਵਿਸ਼ਵਾਸ ਰੱਖ ਸਕਣ। ਭਾਰਤ ਤੋਂ ਬਾਹਰਲੇ ਦੇਸ਼ਾਂ ਵਿੱਚ ਪੰਥਕ ਜਥੇਬੰਦੀਆਂ ਹਲੇਮੀ ਖਾਲਸਾ ਰਾਜ ਦੀ ਕਾਇਮੀ ਲਈ ਯਤਨਸ਼ੀਲ ਹਨ ਉਦਮ ਤੇ ਉਪਰਾਲੇ ਕਰ ਰਹੀਆਂ ਹਨ। ਉਹਨਾਂ ਦੇ ਯਤਨਾਂ ਨੂੰ ਤਾਰਪੀਡੋ ਕਰਨ ਲਈ ਭਾਰਤੀ ਏਜੰਸੀਆਂ ਹਰ ਹੱਥ ਕੰਡਾ ਵਰਤ ਰਹੀਆਂ ਹਨ, ਤੇ ਸਿੱਖਾਂ ਨੂੰ ਆਪਸ ਵਿੱਚ ਉਲਝਾ ਕੇ ਇਸ ਵਿੱਚ ਕਾਮਯਾਬ ਵੀ ਹੋ ਰਹੀਆਂ ਹਨ। ਆਓ ਆਪਸੀ ਏਕਤਾ ਕਰਕੇ ਭਾਰਤੀ ਏਜੰਸੀਆਂ ਦੇ ਏਜੰਡੇ ਨੂੰ ਕਾਮਯਾਬ ਨਾ ਹੋਣ ਦੇਈਏ।**

# ਕੇਂਦਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ 54 ਦਿਨਾਂ ਦੀ ਛੁੱਟੀ ਮਨਜ਼ੂਰ ਕੀਤੀ

ਚੰਡੀਗੜ੍ਹ-ਕੇਂਦਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ 54 ਦਿਨਾਂ ਦੀ ਛੁੱਟੀ ਮਨਜ਼ੂਰ ਕਰ ਲਈ ਗਈ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੁਮਿਤ ਗੋਇਲ ਦੇ ਡਿਵੀਜ਼ਨ ਬੈਂਚ ਅੱਗੇ ਇਹ ਜਾਣਕਾਰੀ ਅਜਿਹੇ ਮੌਕੇ ਰੱਖੀ ਗਈ ਹੈ ਜਦੋਂ ਅਜੇ ਪਿਛਲੇ ਦਿਨਾਂ ਵਿਚ ਲੋਕ ਸਭਾ ਦੇ ਸਪੀਕਰ ਨੇ ਅੰਮ੍ਰਿਤਪਾਲ ਸਿੰਘ ਸਣੇ ਸੰਸਦ ਮੈਂਬਰਾਂ ਦੀ ਛੁੱਟੀ ਦੀ ਅਰਜ਼ੀ ਘੋਖਣ ਲਈ 15 ਮੈਂਬਰੀ ਕਮੇਟੀ ਬਣਾਈ ਸੀ।

ਇਹ ਮਾਮਲਾ ਜਿਵੇਂ ਹੀ ਮੁੜ ਸੁਣਵਾਈ ਲਈ ਆਇਆ ਤਾਂ ਭਾਰਤ ਦੇ ਵਧੀਕ ਸੌਲਿਸਟਰ-ਜਨਰਲ ਸੱਤਿਆ ਪਾਲ ਜੈਨ ਨੇ ਵਕੀਲ ਧੀਰਜ ਜੈਨ ਨਾਲ ਲੋਕ ਸਭਾ ਸਕੱਤਰੇਤ ਵੱਲੋਂ 11 ਮਾਰਚ ਨੂੰ ਜਾਰੀ ਕੀਤਾ ਗਿਆ ਪੱਤਰ ਬੈਂਚ ਦੇ ਸਾਹਮਣੇ ਰੱਖਿਆ। ਇਸ ਪੱਤਰ ਵਿਚ 24 ਜੂਨ, 2024 ਤੋਂ 2 ਜੁਲਾਈ, 2024 ਤੱਕ, ਅਤੇ 22 ਜੁਲਾਈ, 2024 ਤੋਂ 9 ਅਗਸਤ, 2024 ਤੱਕ, ਅਤੇ ਫਿਰ 25 ਨਵੰਬਰ, 2024 ਤੋਂ 20 ਦਸੰਬਰ, 2024 ਤੱਕ 54 ਦਿਨਾਂ ਦੀ ਗੈਰਹਾਜ਼ਰੀ ਦੀ ਛੁੱਟੀ ਦਿੱਤੀ ਗਈ ਸੀ। ਪੱਤਰ ਦਾ ਨੋਟਿਸ ਲੈਂਦਿਆਂ ਬੈਂਚ ਨੇ ਜ਼ੋਰ ਦੇ ਕੇ ਆਖਿਆ, "ਜਿੱਥੋਂ ਤੱਕ ਪਟੀਸ਼ਨਰ ਦੀ ਗੈਰਹਾਜ਼ਰੀ ਕਾਰਨ ਸੰਸਦ ਤੋਂ ਕੱਢੇ ਜਾਣ ਦੇ ਖਦਸ਼ੇ ਦਾ ਸਵਾਲ ਹੈ, 11 ਮਾਰਚ ਦੇ ਪੱਤਰ ਨਾਲ ਉਸ ਦੇ ਫਿਕਰ ਦੂਰ ਹੋ ਜਾਂਦੇ ਹਨ।"

ਸਥਾਨਕ ਵਿਕਾਸ ਪ੍ਰੋਜੈਕਟਾਂ ਨੂੰ ਮੁਖਾਤਿਬ ਹੋਣ ਲਈ ਸੰਸਦ ਮੈਂਬਰ ਸਥਾਨਕ ਖੇਤਰ ਵਿਕਾਸ ਯੋਜਨਾ ਸਬੰਧੀ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਮਿਲਣ ਲਈ ਅਧਿਕਾਰ ਦੇਣ ਦੀ ਬੇਨਤੀ ਸਬੰਧੀ ਪਟੀਸ਼ਨਰ ਦੀ ਦੂਜੀ ਅਪੀਲ ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ "ਸੰਸਦੀ ਸੈਸ਼ਨਾਂ ਦਾ ਸੰਚਾਲਨ ਨਿਯਮਾਂ ਤਹਿਤ ਕੀਤਾ ਜਾਂਦਾ ਹੈ, ਲਿਹਾਜ਼ਾ ਪਟੀਸ਼ਨਰ ਲਈ ਵਾਜਬ ਹੋਵੇਗਾ ਕਿ ਉਹ ਲੋਕ ਸਭਾ ਦੇ ਸਪੀਕਰ ਅੱਗੇ ਆਪਣੀ ਗੱਲ ਰੱਖਣ ਨੂੰ ਤਰਜੀਹ ਦੇਵੇ।"

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਅੰਮ੍ਰਿਤਪਾਲ ਸਿੰਘ ਨੇ ਸੀਨੀਅਰ ਵਕੀਲ ਆਰਐੱਸ.ਬੈਂਸ ਰਾਹੀਂ ਦਾਖ਼ਲ ਪਟੀਸ਼ਨ ਵਿਚ ਸੰਸਦੀ ਇਜਲਾਸ ਵਿਚ ਹਾਜ਼ਰੀ ਭਰਨ ਦੀ ਇਜਾਜ਼ਤ ਮੰਗੀ ਸੀ। ਪਟੀਸ਼ਨਰ ਨੇ ਦਲੀਲ ਦਿੱਤੀ ਸੀ ਕਿ ਸੰਸਦ 'ਚੋਂ ਉਸ ਦੀ ਲਗਾਤਾਰ ਗੈਰਹਾਜ਼ਰੀ ਉਸ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ। ਅੰਮ੍ਰਿਤਪਾਲ ਨੇ ਕਿਹਾ ਕਿ ਜੇ ਉਹ ਲਗਾਤਾਰ 60 ਦਿਨਾਂ ਲਈ ਸੰਸਦ 'ਚੋਂ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਦੀ ਸੀਟ ਨੂੰ ਖਾਲੀ ਐਲਾਨਿਆ ਜਾ ਸਕਦਾ ਹੈ, ਜਿਸ ਦਾ ਸਿੱਧਾ ਅਸਰ ਉਸ ਦੇ ਸੰਸਦੀ ਹਲਕੇ ਖਡੂਰ ਸਾਹਿਬ ਦੇ 19 ਲੱਖ ਵੋਟਰਾਂ 'ਤੇ ਪਏਗਾ।

ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਸ ਨੇ ਪਿਛਲੇ ਸਾਲ 30 ਨਵੰਬਰ ਨੂੰ ਲੋਕ ਸਭਾ



ਸਪੀਕਰ ਤੋਂ ਸੰਸਦੀ ਇਜਲਾਸ ਵਿੱਚ ਸ਼ਾਮਲ ਹੋਣ ਲਈ ਰਸਮੀ ਇਜਾਜ਼ਤ ਮੰਗੀ ਸੀ। ਅੰਮ੍ਰਿਤਪਾਲ ਨੂੰ ਦੱਸਿਆ ਗਿਆ ਸੀ ਕਿ ਉਹ ਪਹਿਲਾਂ ਹੀ 46 ਦਿਨਾਂ ਤੋਂ ਸੰਸਦੀ ਬੈਠਕਾਂ ਤੋਂ ਗੈਰਹਾਜ਼ਰ ਹੈ। ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟਰੇਟ ਨੂੰ ਬੇਨਤੀਆਂ ਕਰਨ ਦੇ ਬਾਵਜੂਦ ਅੰਮ੍ਰਿਤਪਾਲ ਨੂੰ ਕੋਈ ਜਵਾਬ ਨਹੀਂ ਮਿਲਿਆ, ਜਿਸ ਕਾਰਨ ਉਸ ਨੂੰ ਨਿਆਂਇਕ ਦਖਲ ਦੀ ਮੰਗ ਕਰਨੀ ਪਈ।

ਦੂਜੇ ਪਾਸੇ ਜੇਲ੍ਹ ਵਿੱਚ ਬੰਦ ਜੰਮੂ ਕਸ਼ਮੀਰ ਦੇ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਇੰਜਨੀਅਰ ਰਾਸ਼ਿਦ ਦੀ ਅਗਲੇ ਸੰਸਦੀ ਸੈਸ਼ਨ ਵਿੱਚ ਹਿੱਸਾ ਲੈਣ ਲਈ ਹਿਰਾਸਤੀ ਪੈਰੋਲ ਦੀ ਮੰਗ ਕਰਨ ਵਾਲੀ ਪਟੀਸ਼ਨ ਇਥੋਂ ਦੀ ਅਦਾਲਤ ਨੇ ਖਾਰਜ ਕਰ ਦਿੱਤੀ। ਵਧੀਕ ਸੈਸ਼ਨ ਜੱਜ ਚੰਦਰਜੀਤ ਸਿੰਘ ਨੇ ਅਰਜ਼ੀ ਖਾਰਜ ਕਰਦਿਆਂ ਰਾਸ਼ਿਦ ਦੀ ਪੱਕੀ ਜ਼ਮਾਨਤ ਦੀ ਪਟੀਸ਼ਨ 'ਤੇ ਫੈਸਲੇ ਲਈ 19 ਮਾਰਚ ਦੀ ਤਾਰੀਕ ਤੈਅ ਕੀਤੀ ਹੈ। ਅਦਾਲਤ ਨੇ 3 ਮਾਰਚ ਨੂੰ ਕੌਮੀ ਜਾਂਚ ਏਜੰਸੀ (ਐੱਨਆਈਏ) ਨੂੰ ਪਟੀਸ਼ਨ 'ਤੇ ਜਵਾਬ ਦਾਖ਼ਲ ਕਰਨ ਲਈ ਕਿਹਾ ਸੀ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ।

### ਅੰਮ੍ਰਿਤਪਾਲ ਸਿੰਘ ਦਾ ਪਿਛੋਕੜ

ਅੰਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਹਨ ।ਕਈ ਸਾਲ ਦੁਬਈ ਰਹਿਣ ਤੋਂ ਬਾਅਦ ਸਾਲ 2022 'ਚ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਨੇ ਅੰਮ੍ਰਿਤ ਸੰਚਾਰ ਅਤੇ ਨਸ਼ਾ ਛਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ। ਅੰਮ੍ਰਿਤਪਾਲ ਸਿੰਘ ਨੂੰ ਮਰਹੂਮ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਵਲੋਂ ਬਣਾਈ ਗਈ 'ਵਾਰਸ ਪੰਜਾਬ ਦੇ' ਜਥੇਬੰਦੀ ਦਾ ਨਵਾਂ ਮੁਖੀ ਬਣਾਇਆ ਗਿਆ ਸੀ।

ਅੰਮ੍ਰਿਤਪਾਲ ਸਿੰਘ ਦੀ 'ਵਾਰਸ ਪੰਜਾਬ ਦੇ' ਮੁਖੀ ਵਜੋਂ ਦਸਤਾਰਬੰਦੀ ਜਥੇਬੰਦੀ ਦੀ ਪਹਿਲੀ ਵਰ੍ਹੇਗੰਢ ਮੌਕੇ 29 ਸਤੰਬਰ 2022 ਨੂੰ ਕੀਤੀ ਗਈ ਸੀ।ਦਰਅਸਲ ਇਸ ਦਿਨ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਨ ਵੀ ਸੀ।

ਪਰ ਉਹ ਆਪਣੇ ਗਰਮਸੁਰ ਵਾਲੇ ਭਾਸ਼ਣਾਂ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਕਾਰਨ ਵਿਵਾਦਾਂ ਵਿੱਚ ਆ ਗਏ। ਅਜਨਾਲਾ ਹਿੰਸਾ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ 16 ਕੇਸ ਦਰਜ ਕੀਤੇ ਗਏ ਸਨ। ਉਨ੍ਹਾਂ ਉੱਤੇ ਐਨਐੱਸਏ ਵੀ ਲਗਾਇਆ ਗਿਆ। ਅਪ੍ਰੈਲ 2023 ਨੂੰ ਅੰਮ੍ਰਿਤਪਾਲ ਸਿੰਘ ਨੂੰ ਮੋਗਾ ਤੋਂ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

### ਕੀ ਹੈ ਰਾਸ਼ਟਰੀ ਸੁਰੱਖਿਆ ਕਾਨੂੰਨ

ਰਾਸ਼ਟਰੀ ਸੁਰੱਖਿਆ ਕਾਨੂੰਨ ਨੂੰ ਐੱਨਐੱਸਏ- 1980 ਕਿਹਾ ਜਾ ਸਕਦਾ ਹੈ। ਇਹ ਪੂਰੇ ਭਾਰਤ ਵਿੱਚ ਲਾਗੂ ਹੈ ਅਤੇ ਇਸ ਤਹਿਤ ਕਿਸੇ ਵੀ ਥਾਂ 'ਤੇ ਨਜ਼ਰਬੰਦੀ ਦੇ ਹੁਕਮ ਕੀਤੇ ਜਾ ਸਕਦੇ ਹਨ। ਇਹ ਕਾਨੂੰਨ ਬਾਰ੍ਹਾਂ ਮਹੀਨਿਆਂ ਤੱਕ ਮੁਲਜ਼ਮ ਨੂੰ ਨਿਗਰਾਨੀ ਅਧੀਨ ਹਿਰਾਸਤ ਵਿੱਚ ਰੱਖਣ ਦੀ ਆਗਿਆ ਦਿੰਦਾ ਹੈ ਕੇਂਦਰ ਜਾਂ ਸੂਬਾ ਸਰਕਾਰ ਨੂੰ ਜੇਕਰ ਲੱਗੇ ਕਿ ਕੋਈ ਵਿਅਕਤੀ ਦੇਸ਼ ਦੇ ਦੂਸਰੇ ਦੇਸ਼ਾਂ ਨਾਲ ਸਬੰਧਾਂ ਲਈ ਖਤਰਾ ਹੈ ਤਾਂ ਇਸ ਕਾਨੂੰਨ ਦੀ ਵਰਤੋਂ ਹੋ ਸਕਦੀ ਹੈ। ਇਹ ਐਕਟ ਕਿਸੇ ਵਿਦੇਸ਼ੀ ਨਾਗਰਿਕ ਉਪਰ ਵੀ ਲੱਗ ਸਕਦਾ ਹੈ ਜੇਕਰ ਉਸ ਦੀ ਲਗਾਤਾਰ ਮੌਜੂਦਗੀ ਨਿਗਰਾਨੀ ਹੇਠ ਰੱਖਣੀ ਹੋਵੇ। ਹਿਰਾਸਤ ਦੇ ਆਦੇਸ਼ ਇਸ ਗੱਲ 'ਤੇ ਖਾਰਿਜ ਨਹੀਂ ਕੀਤੇ ਜਾ ਸਕਦੇ ਕਿ ਜਿਸ ਵਿਅਕਤੀ ਖਿਲਾਫ਼ ਆਦੇਸ਼ ਦਿੱਤਾ ਹੈ, ਉਹ ਸਰਕਾਰ ਜਾਂ ਅਧਿਕਾਰੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

ਅੰਮ੍ਰਿਤਪਾਲ ਸਿੰਘ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਵੀ ਲਗਾਇਆ ਗਿਆ ਸੀ। ਪੁਲਿਸ ਮੁਤਾਬਕ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਲਗਾਤਾਰ ਸੂਬੇ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਨੁਕਸਾਨ ਪਹੁੰਚਾਉਣ ਕਾਰਨ ਹੋਈ ਕਾਰਵਾਈ ਦੌਰਾਨ ਨਜ਼ਰਬੰਦ ਕਰਨ ਦੀ ਤਜਵੀਜ਼ ਕੀਤੀ ਗਈ ਸੀ।

ਪੁਲਿਸ ਮੁਤਾਬਕ ਐਸਐਸਪੀ ਅੰਮ੍ਰਿਤਸਰ ਦਿਹਾਤੀ ਨੇ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਨੂੰ ਪੱਤਰ ਭੇਜਿਆ ਸੀ, ਜਿਨ੍ਹਾਂ ਨੇ ਇਸ ਬਾਰੇ ਵਿਚਾਰ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਉੱਤੇ ਰਾਸ਼ਟਰੀ ਸੁਰੱਖਿਆ ਐਕਟ, 1980 ਦੀ ਧਾਰਾ 3(2) ਤਹਿਤ ਨਜ਼ਰਬੰਦੀ ਦੇ ਹੁਕਮ ਜਾਰੀ ਕੀਤੇ ਹਨ।

## ਜੱਗੀ ਜੌਹਲ ਦਾ ਮਾਮਲਾ ਬਰਤਾਨੀਆਂ ਦੀ ਸੰਸਦ ਵਿੱਚ ਉੱਠਿਆ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦਾ ਮਾਮਲਾ ਬਰਤਾਨੀਆਂ ਦੀ ਸੰਸਦ ਵਿੱਚ ਮੁੜ ਉਠਿਆ। ਇਸ ਸਬੰਧ ਵਿੱਚ ਸੰਸਦ ਮੈਂਬਰ ਜਸਬੀਰ ਸਿੰਘ ਜਸ ਅਠਵਾਲ ਨੇ ਕਿਹਾ ਕਿ 2017 ਵਿੱਚ ਜਗਤਾਰ ਸਿੰਘ ਨੂੰ ਉਸ ਦੇ ਵਿਆਹ ਤੋਂ ਇੱਕ ਹਫਤੇ ਬਾਅਦ ਹੀ ਗ੍ਰਿਫਤਾਰ ਕਰ ਲਿਆ ਸੀ, ਜੋ ਪਿਛਲੇ 7 ਸਾਲਾਂ ਤੋਂ ਭਾਰਤ ਵਿੱਚ ਬੰਦ ਹੈ। ਇਸ ਹਫਤੇ ਉਸ ਨੂੰ ਭਾਰਤ ਦੀ ਅਦਾਲਤ ਵਿੱਚ ਆਏ ਕੋਈ ਸਬੂਤ ਨਾ ਮਿਲਣ ਕਰਕੇ ਪਹਿਲੇ ਕੇਸ ਵਿੱਚੋਂ ਬਰੀ ਕੀਤਾ ਗਿਆ ਹੈ। ਜਿਸ ਦਾ ਸਿੱਖਾਂ ਵੱਲੋਂ ਸਵਾਗਤ ਕੀਤਾ ਗਿਆ ਹੈ। ਉਹਨਾਂ ਪੁਛਿਆ ਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਵਿਦੇਸ਼ ਮੰਤਰੀ ਨੇ ਬੀਤੇ 48 ਘੰਟਿਆਂ ਵਿੱਚ ਕੀ ਭਾਰਤ ਦੇ ਵਿਦੇਸ਼ ਮੰਤਰੀ ਨੇ ਕੀ ਜੱਗੀ ਨੂੰ ਵਾਪਿਸ ਇੰਗਲੈਂਡ ਲਿਆਉਣ ਲਈ ਕੀ ਕੋਈ ਯਤਨ ਕੀਤਾ ਹੈ? ਇਸ ਮਾਮਲੇ ਵਿੱਚ ਸੰਸਦ ਲੀਡਰ ਲੂਸੀ ਪੋਵਾਲ ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਮਾਮਲਾ ਹੈ, ਜਿਸ ਬਾਰੇ ਸੰਸਦ ਦੇ ਵੱਖ ਵੱਖ ਪਾਰਟੀਆਂ ਦੇ ਮੈਂਬਰ ਚਿੰਤਤ ਹਨ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਸਮੇਤ ਬਰਤਾਨਵੀ ਸਰਕਾਰ ਇਹ ਮਾਮਲਾ ਭਾਰਤ ਕੋਲ ਉਠਾ ਰਹੀ ਹੈ ਕਿ ਉਹ ਇਸ ਮਾਮਲੇ ਦੀ ਜਲਦੀ ਨਿਰਪੱਖ ਪੈਰਵਾਈ ਚਾਹੁੰਦੀ ਹੈ। ਜੱਗੀ ਦੇ ਹਲਕੇ ਦੇ ਲੇਬਰ ਸੰਸਦ ਡੁਗਲਾਸ ਮੈਕਐਲੀਸਟਰ ਨੇ ਵੀ ਜੱਗੀ ਜੌਹਲ ਦੀ ਜਲਦੀ ਰਿਹਾਈ ਲਈ ਯਤਨ ਤੇਜ਼ ਕਰਨ ਦੀ ਮੰਗ ਕੀਤੀ। ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਜੱਗੀ ਜੌਹਲ ਦੀ ਰਿਹਾਈ ਦੇ ਨਾਲ ਉਸ ਤੇ ਕੀਤੇ ਤਸ਼ੱਦਦ ਦੀ ਨਿਰਪੱਖ ਜਾਂਚ ਲਈ ਬਰਤਾਨੀਆਂ ਸਰਕਾਰ ਨੂੰ ਮੰਗ ਕਰਨੀ ਚਾਹੀਦੀ ਹੈ।

# ਮੋਦੀ ਸਰਕਾਰ ਭਗਵੇਂਵਾਦੀ ਫਿਰਕੂ ਬਾਬੇ ਧੀਰੇਂਦਰ ਸ਼ਾਸਤਰੀ ਨੂੰ ਪਲੋਸਣ ਲੱਗੀ

## ✪ ਪ੍ਰਧਾਨ ਮੰਤਰੀ 'ਬਾਗੇਸ਼ਵਰ ਸਰਕਾਰ' ਵੱਲੋਂ ਬਣਾਏ ਗਏ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰਖਿਆ





ਛਤਰਪੁਰ-ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਛਤਰਪੁਰ ਦੇ ਪ੍ਰਵਚਨਕਰਤਾ ਧੀਰੇਂਦਰ ਸ਼ਾਸਤਰੀ ਦੇ ਦੋ ਸਮਾਰੋਹਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਦੀ ਮੌਜੂਦਗੀ ਇਸੇ ਤਰ੍ਹਾਂ ਦੀ ਇੱਕ ਮਿਸਾਲ ਹੈ। ਇਹ ਬਾਗੇਸ਼ਵਰ ਧਾਮ 'ਸਰਕਾਰ' ਵਿੱਚ ਵਿਧੀ ਵੱਲੋਂ ਸਥਾਪਤ ਤੇ ਭਾਰਤ ਦੇ ਸੰਵਿਧਾਨ ਦੇ ਆਧਾਰ 'ਤੇ ਸੰਚਾਲਤ 'ਭਾਰਤ ਸਰਕਾਰ' ਦੀ ਹਾਜ਼ਰੀ ਸੀ। ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ 'ਬਾਗੇਸ਼ਵਰ ਸਰਕਾਰ' ਵੱਲੋਂ ਬਣਾਏ ਗਏ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰੱਖਣ ਦੇ ਨਾਂਅ 'ਤੇ ਗਏ ਤਾਂ ਅਗਲੇ ਦਿਨ ਰਾਸ਼ਟਰਪਤੀ ਇੱਕ ਸਮੂਹਕ ਵਿਆਹ ਸਮਾਰੋਹ ਵਿਚ ਅਸ਼ੀਰਵਾਦ ਦੇਣ ਗਈ। ਉੱਥੇ ਜੋ ਵੀ ਹੋਇਆ, ਉਹ ਹਿੰਦੂਤਵਵਾਦੀ ਫਿਰਕਾਪ੍ਰਸਤੀ ਤੇ ਕਾਰਪੋਰੇਟ ਦੇ ਗੱਠਜੋੜ ਦਾ ਵਿਸਤਾਰ ਹੀ ਸੀ। ਬਾਗੇਸ਼ਵਰ ਧਾਮ ਸਰਕਾਰ ਵਾਲਾ ਧੀਰੇਂਦਰ ਸ਼ਾਸਤਰੀ ਬਾਕੀ ਜੋ ਵੀ ਹੋਵੇ ਸੰਤ ਜਾਂ ਸਾਧੂ ਤਾਂ ਕਿਸੇ ਪਾਸਿਓਂ ਨਹੀਂ ਹੈ। ਫਿਰ ਉਸ ਵਿੱਚ ਅਜਿਹਾ ਕੀ ਹੈ ਕਿ ਦੇਸ਼ ਦੀ ਸਰਕਾਰ ਉਸ ਦੀ ਸਰਕਾਰ ਦੇ ਸੱਦੇ 'ਤੇ ਬੁੰਦੇਲਖੰਡ ਵਿੱਚ ਪੈਂਦੇ ਛਤਰਪੁਰ ਦੇ ਵੀ ਅੰਦਰਲੇ ਹਿੱਸੇ ਵਿੱਚ ਵਿਸ਼ਾਲ ਆਕਾਰ ਲੈਂਦੇ ਧਾਮ ਵਿੱਚ ਜਾ ਪੁੱਜੀ।

### ਧੀਰੇਂਦਰ ਸ਼ਾਸਤਰੀ ਹਿੰਦੁਤਵੀ ਤੇ ਅੰਧਵਿਸ਼ਵਾਸੀ ਜਨੂੰਨ ਭੜਕਾਉਣ ਲੱਗਾ

ਧੀਰੇਂਦਰ ਸ਼ਾਸਤਰੀ ਦੀ ਇੱਕੋ-ਇੱਕ ਖਾਸੀਅਤ ਹੈ, ਹੱਦ ਤੱਕ ਜਨੂੰਨ ਭੜਕਾਉਣਾ। ਹਾਲ ਹੀ ਵਿੱਚ ਲੱਗੇ ਮਹਾਂਕੁੰਭ ਮੇਲੇ ਦੌਰਾਨ ਉਸ ਨੇ ਦੋ ਬਿਆਨ ਦਿੱਤੇ ਸੀ। ਪਹਿਲੇ ਵਿੱਚ ਕਿਹਾ ਸੀ ਕਿ ਜਿਹੜਾ ਹਿੰਦੂ ਮਹਾਂਕੁੰਭ ਵਿੱਚ ਨਹੀਂ ਆਵੇਗਾ, ਉਹ ਦੇਸ਼ਧ੍ਰੋਹੀ ਹੈ। ਜਦੋਂ ਮੇਲੇ ਵਿੱਚ ਭਗਦੜ ਮਚੀ ਤੇ ਕਈ ਲੋਕ ਕੁਚਲ ਕੇ ਮਾਰੇ ਗਏ ਤਾਂ ਬਿਆਨ ਦਿੱਤਾ ਕਿ ਗੰਗਾ ਕੰਢੇ ਮਰਨ ਵਾਲੇ ਦੀ ਮੌਤ ਨਹੀਂ ਹੁੰਦੀ, ਉਸ ਦਾ ਮੋਕਸ਼ ਹੋ ਜਾਂਦਾ ਹੈ ਅਤੇ ਫਿਰ ਮਰਨਾ ਤਾਂ ਸਭ ਨੇ ਹੈ, ਕੋਈ 20 ਸਾਲ ਬਾਅਦ ਮਰੇਗਾ ਤਾਂ ਕੋਈ 30 ਸਾਲ ਬਾਅਦ। ਇਸੇ ਖਾਸੀਅਤ ਕਰਕੇ ਉਹ ਭਾਜਪਾ ਤੇ ਆਰ ਐੱਸ ਐੱਸ ਨੂੰ ਪਿਆਰਾ ਲੱਗਦਾ ਹੈ। ਧੀਰੇਂਦਰ ਸ਼ਾਸਤਰੀ ਫਾਸ਼ੀਵਾਦ ਦੇ ਭਾਰਤੀ ਸੰਸਕਰਣ ਹਿੰਦੂਤਵ, ਜਿਸ ਦਾ ਹਿੰਦੂ ਧਰਮ ਦੀਆਂ ਮਾਨਤਾਵਾਂ ਜਾਂ ਪਰੰਪਰਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਵੱਲੋਂ ਕਾਇਮ ਕੀਤੇ ਜਾ ਰਹੇ 'ਧਰਮ' ਅਤੇ ਉਸ ਦੇ ਪ੍ਰਤੀਕ ਦੇ ਰੂਪ ਵਿੱਚ ਖੜ੍ਹੇ ਕੀਤੇ ਜਾ ਰਹੇ ਬਾਬਿਆਂ ਦੀ ਕੜੀ ਦਾ ਹਿੱਸਾ ਹੈ। ਉਸ ਨੇ ਇੱਕ ਵਾਰ ਕਿਹਾ ਕਿ ਸਾਰੇ ਇਸਾਈ ਤੇ ਮੁਸਲਮਾਨ ਹਿੰਦੂ ਹਨ, ਕਿਉਂਕਿ ਉਹ ਹਿੰਦੁਸਤਾਨ ਵਿੱਚ ਰਹਿੰਦੇ ਹਨ ਤੇ ਅਗਲੇ ਪ੍ਰਵਚਨ ਵਿੱਚ ਬੋਲਿਆ ਕਿ ਦੇਸ਼ ਵਿੱਚ ਹਿੰਦੂਆਂ ਦੀ ਆਬਾਦੀ ਘੱਟ ਹੋ ਰਹੀ ਹੈ ਅਤੇ ਗਜ਼ਵਾ-ਇ-ਹਿੰਦ ਚਾਹੁੰਣ ਵਾਲਿਆਂ ਦੀ ਵਧਦੀ ਆਬਾਦੀ ਦੇਸ਼ ਲਈ ਘਾਤਕ ਹੈ, ਅਜਿਹੇ ਵਿੱਚ ਹਿੰਦੂਆਂ ਨੂੰ ਇੱਕ ਦੀ ਥਾਂ ਚਾਰ ਬੱਚੇ ਪੈਦਾ ਕਰਨੇ ਜ਼ਰੂਰੀ ਹਨ। ਅਜਿਹੇ ਵਿਅਕਤੀ ਤੇ ਉਸ ਦੇ ਅਦਾਰੇ ਨਾਲ ਖੜ੍ਹੇ ਹੋ ਕੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਸਭ ਨੂੰ ਕੀ ਦਿਖਾਉਣਾ ਚਾਹੁੰਦੇ ਹਨ? ਕਿਸ ਤਰ੍ਹਾਂ ਦੇ ਆਦਰਸ਼ ਪੇਸ਼ ਕਰਨਾ ਚਾਹੁੰਦੇ ਹਨ, ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਰਾਸ਼ਟਰਪਤੀ ਮੁਰਮੂ ਨੇ ਭਾਰਤ ਦੀ ਪਰੰਪਰਾ ਵਿੱਚ ਸਦੀਆਂ ਤੋਂ ਆਪਣੇ ਕਰਮ ਤੇ ਧਰਮ ਨਾਲ ਸੰਤਾਂ ਵੱਲੋਂ ਲੋਕਾਂ ਨੂੰ ਰਾਹ ਦਿਖਾਉਣ ਅਤੇ ਕੁਰੀਤੀਆਂ ਤੇ ਅੰਧਵਿਸ਼ਵਾਸਾਂ ਖਿਲਾਫ ਜਾਗਰੂਕ ਕਰਨ ਦੀ ਗੱਲ ਕਹੀ। ਹਾਲਾਂਕਿ ਇਸ ਸੰਦਰਭ ਵਿੱਚ ਜਿਨ੍ਹਾਂ ਗੁਰੂ ਨਾਨਕ, ਰਵਿਦਾਸ ਤੇ ਤੁਕਾਰਾਮ ਦਾ ਜ਼ਿਕਰ ਕੀਤਾ, ਉਨ੍ਹਾਂ ਵਿੱਚੋਂ ਕੋਈ ਵੀ ਸਨਾਤਨੀ ਨਹੀਂ ਸੀ।

ਸਹੀ ਮਾਅਨਿਆਂ ਵਿੱਚ ਇਹ ਸਾਰੇ ਸਨਾਤਨ ਦੀ ਜੜ੍ਹਤਾ ਖਿਲਾਫ ਲੋਕਾਂ ਨੂੰ ਜਗਾਉਣ ਵਾਲੇ ਸੁਧਾਰਕ ਸਨ। ਰਾਸ਼ਟਰਪਤੀ ਨੇ ਸੰਤਾਂ ਵੱਲੋਂ ਮਹਿਲਾਵਾਂ ਨੂੰ ਸਮਾਜ ਵਿੱਚ ਬਣਦਾ ਸਥਾਨ ਦਿਵਾਉਣ ਲਈ ਪਾਏ ਯੋਗਦਾਨ ਦਾ ਜ਼ਿਕਰ ਕੀਤਾ, ਪਰ ਧੀਰੇਂਦਰ ਸ਼ਾਸਤਰੀ ਨੇ ਇਸ ਮੌਕੇ ਕਿਹਾ ਕਿ ਜਿਹੜੀ ਇਸਤਰੀ ਦੀ ਮਾਂਗ ਵਿੱਚ ਸਿੰਧੂਰ ਤੇ ਗਲੇ ਵਿੱਚ ਮੰਗਲਸੂਤਰ ਨਾ ਹੋਵੇ ਤਾਂ ਸਮਝੋ ਕਿ ਉਹ ਅਜਿਹਾ ਖਾਲੀ ਪਲਾਟ ਹੈ, ਜਿਸ ਨੂੰ ਦੇਖਣ-ਸੰਭਾਲਣ ਵਾਲਾ ਕੋਈ ਹੈ। ਜਿਸ ਦੇ ਇਹ ਦੋਨੋਂ ਹਨ, ਉਸ ਨੂੰ ਦੇਖ ਕੇ ਲੋਕ ਸਮਝ ਲੈਂਦੇ ਹਨ ਕਿ ਇਸ ਦੀ ਰਜਿਸਟਰੀ ਹੋ ਚੁੱਕੀ ਹੈ। ਮਹਿਲਾਵਾਂ ਨੂੰ ਸੰਪਤੀ ਤੇ ਰਜਿਸਟਰੀ ਕਰਾ ਕੇ ਕਬਜ਼ੇ ਵਿੱਚ ਲੈਣ ਵਰਗੀ ਸੋਚ ਰੱਖਣ ਵਾਲੇ ਬਾਬੇ ਨੇ ਇਸ ਤੋਂ ਵੀ ਵਧ ਕੇ ਇਹ ਗੱਲ ਕਹੀ ਕਿ ਸਭ ਤੋਂ ਵੱਧ ਸਰਾਪ ਤਾਂ ਬਿਊਟੀ ਪਾਰਲਰ ਵਾਲਿਆਂ ਨੂੰ ਲੱਗੇਗਾ, ਜੋ ਕਾਲੀ ਜ਼ਾਮਣ ਉੱਪਰ ਵੀ ਏਨਾ ਫਾਊਂਡੇਸ਼ਨ ਲਾ ਦਿੰਦੇ ਹਨ।

ਬਾਬੇ ਨੇ ਮੋਦੀ ਨੂੰ ਇੱਕ ਅਜਿਹਾ ਪ੍ਰਧਾਨ ਮੰਤਰੀ ਦੱਸਿਆ, ਜਿਸ ਨੂੰ ਡੋਨਾਲਡ ਟਰੰਪ ਵੀ ਭਾਰਤ ਦਾ ਮਹਾਨ ਪੀ ਐੱਮ ਦੱਸਦਾ ਹੈ। ਇਸ ਦੇ ਜਵਾਬ ਵਿੱਚ ਮੋਦੀ ਨੇ ਬਾਬੇ ਨੂੰ ਅਜਿਹਾ ਵਿਅਕਤੀ ਦੱਸਿਆ, ਜੋ ਦੇਸ਼ ਵਿੱਚ ਏਕਤਾ ਦੇ ਮੰਤਰ ਨੂੰ ਲੈ ਕੇ ਜਾਗਰੂਕਤਾ ਫੈਲਾ ਰਿਹਾ ਹੈ। ਕੁਲ ਮਿਲਾ ਕੇ ਬਾਗੇਸ਼ਵਰ ਧਾਮ ਵਿੱਚ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਤੇ 251 ਜੋੜਿਆਂ ਦੇ ਵਿਆਹ ਦੀ ਆੜ ਵਿੱਚ ਜੋ ਹੋਇਆ, ਉਹ ਹਿੰਦੂਤਵਵਾਦੀ ਫਿਰਕਾਪ੍ਰਸਤੀ ਤੇ ਕਾਰਪੋਰੇਟ ਦੇ ਗੱਠਜੋੜ ਦਾ ਮੁਜ਼ਾਹਰਾ ਸੀ।

# ਖੇਡ ਮੰਤਰਾਲੇ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ 'ਤੇ ਲੱਗੀ ਪਾਬੰਦੀ ਹਟਾਈ

## ✪ ਖਿਡਾਰੀਆਂ ਦੇ ਚੋਣ ਟਰਾਇਲ ਤੇ ਹੋਰ ਸਰਗਰਮੀਆਂ ਮੁੜ ਸ਼ੁਰੂ ਹੋਣ ਲਈ ਰਾਹ ਪੱਧਰਾ ਹੋਵੇਗਾ



ਨਵੀਂ ਦਿੱਲੀ-ਖੇਡ ਮੰਤਰਾਲੇ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਹੈ। ਮੰਤਰਾਲੇ ਦੀ ਇਸ ਪੇਸ਼ਕਦਮੀ ਨਾਲ ਜਿੱਥੇ ਪਿਛਲੇ ਕਈ ਮਹੀਨਿਆਂ ਤੋਂ ਕੁਸ਼ਤੀ ਦੀ ਖੇਡ ਨੂੰ ਲੈ ਕੇ ਜਾਰੀ ਬੇਯਕੀਨੀ ਖ਼ਤਮ ਹੋਵੇਗੀ, ਉਥੇ ਉਮਾਨ ਵਿਚ ਹੋਣ ਵਾਲੀ ਏਸ਼ਿਆਈ ਚੈਂਪੀਅਨਸ਼ਿਪ ਲਈ ਖਿਡਾਰੀਆਂ ਦੇ ਚੋਣ ਟਰਾਇਲ ਤੇ ਹੋਰ ਸਰਗਰਮੀਆਂ ਮੁੜ ਸ਼ੁਰੂ ਹੋਣ ਲਈ ਰਾਹ ਪੱਧਰਾ ਹੋ ਜਾਵੇਗਾ।

ਮੰਤਰਾਲੇ ਨੇ ਡਬਲਯੂਐਫਆਈ ਨੂੰ ਕੁਝ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਹੈ। ਮੰਤਰਾਲੇ ਨੇ ਕਿਹਾ ਕਿ ਫੈਡਰੇਸ਼ਨ ਚੁਣੇ ਹੋਏ ਅਹੁਦੇਦਾਰਾਂ ਦਰਮਿਆਨ ਸ਼ਕਤੀ ਦਾ ਤਵਾਜ਼ਨ ਬਣਾਉਣ ਤੋਂ ਇਲਾਵਾ ਖ਼ੁਦ ਨੂੰ ਮੁਅੱਤਲ/ਬਰਖਾਸਤ ਅਧਿਕਾਰੀਆਂ ਤੋਂ ਵੱਖ ਰੱਖੇ। ਮੰਤਰਾਲੇ ਨੇ 24 ਦਸੰਬਰ, 2023 ਨੂੰ ਨਵੀਂ ਸੰਸਥਾ, ਜਿਸ ਦੀ ਚੋਣ 21 ਦਸੰਬਰ ਨੂੰ ਹੋਈ ਸੀ, ਵੱਲੋਂ ਸ਼ਾਸਨ ਵਿੱਚ ਕਈ ਖਾਮੀਆਂ ਲਈ ਡਬਲਯੂਐਫਆਈ ਨੂੰ ਮੁਅੱਤਲ ਕਰ ਦਿੱਤਾ ਸੀ। ਕਾਬਿਲੇਗੌਰ ਹੈ ਕਿ ਸੰਜੈ ਸਿੰਘ ਦੀ ਅਗਵਾਈ ਵਾਲੀ ਸੰਸਥਾ ਨੇ ਗੋਂਡਾ ਦੇ ਨੰਦਿਨੀ ਨਗਰ ਵਿੱਚ ਅੰਡਰ-15 ਅਤੇ ਅੰਡਰ-20 ਰਾਸ਼ਟਰੀ ਚੈਂਪੀਅਨਸ਼ਿਪ ਕਰਵਾਉਣ ਦਾ ਐਲਾਨ ਕੀਤਾ ਸੀ। ਗੋਂਡਾ ਸਾਬਕਾ ਡਬਲਯੂਐਫਆਈ ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਗੜ੍ਹ ਹੈ। ਸਰਕਾਰ ਨੇ ਸਥਾਨ ਦੀ ਚੋਣ ਨੂੰ ਲੈ ਕੇ ਭਾਰਤੀ ਕੁਸ਼ਤੀ ਫੈਡਰੇਸ਼ਨ ਨਾਲ ਨਾਰਾਜ਼ਗੀ ਜਤਾਈ ਸੀ ਕਿਉਂਕਿ ਸਾਬਕਾ ਭਾਜਪਾ ਸੰਸਦ ਮੈਂਬਰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਸੀ।

ਮੰਤਰਾਲੇ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਡਬਲਯੂਐਫਆਈਐੱ ਨੇ ਨੇਮਾਂ ਦੀ ਪਾਲਣਾ ਲਈ ਉਪਾਅ ਕੀਤੇ ਹਨ, ਲਿਹਾਜ਼ਾ ਖੇਡ ਅਤੇ ਖਿਡਾਰੀਆਂ ਦੇ ਵੱਡੇ ਹਿੱਤ ਵਿੱਚ ਮੰਤਰਾਲੇ ਨੇ ਮੁਅੱਤਲੀ ਹਟਾਉਣ ਦਾ ਫੈਸਲਾ ਕੀਤਾ ਹੈ। ਉਧਰ ਸੰਜੇ ਸਿੰਘ ਨੇ ਕਿਹਾ, "ਮੈਂ ਇਸ ਪੇਸ਼ਕਦਮੀ ਲਈ ਸਰਕਾਰ ਦਾ ਧੰਨਵਾਦ ਕਰਦਾ ਹਾਂ। ਇਹ ਸਾਨੂੰ ਸੁਚਾਰੂ ਢੰਗ ਨਾਲ ਕੰਮ ਕਰਨ ਦੀ ਆਗਿਆ ਦੇਵੇਗਾ। ਇਹ ਖੇਡ ਦੀ ਖ਼ਾਤਰ ਜ਼ਰੂਰੀ ਸੀ। ਅਥਲੀਟ ਮੁਕਾਬਲਿਆਂ ਦੀ ਘਾਟ ਕਾਰਨ ਦੁਖੀ ਸਨ।

**ਵਿਚਾਰ :–** ਗੁੱਸਾ ਇਕ ਅਜਿਹੀ ਪ੍ਰਕਿਰਿਆ ਹੈ ਜੋ ਸਾਫ ਮਨ ਨੂੰ ਅਸਮਾਨ ਵਿਚ ਛਾਈ ਬਦਲਵਾਈ ਵਾਂਗ ਧੁੰਧਲਾ ਕਰ ਦਿੰਦੀ ਹੈ ।



ਰਜਿੰਦਰ ਸਿੰਘ ਪੁਰੇਵਾਲ

# ਰੂਸ ਨਾਲ 30 ਦਿਨ ਲਈ ਜੰਗਬੰਦੀ ਕਰੇਗਾ ਯੂਕਰੇਨ

ਟਰੰਪ ਪ੍ਰਸ਼ਾਸਨ ਨੇ ਯੂਕਰੇਨ ਲਈ ਫੌਜੀ ਸਹਾਇਤਾ ਤੇ ਖੁਫੀਆ ਜਾਣਕਾਰੀ ਸਾਂਝੀ ਕਰਨ ਦੀ ਆਪਣੀ ਮੁਅੱਤਲੀ ਨੂੰ ਹਟਾ ਦਿੱਤਾ ਹੈ। ਉਧਰ ਕੀਵ ਨੇ ਸੰਕੇਤ ਦਿੱਤਾ ਹੈ ਕਿ ਉਹ ਰੂਸ ਨਾਲ 30 ਦਿਨਾਂ ਦੀ ਜੰਗਬੰਦੀ ਕਰੇਗਾ। ਮਾਸਕੋ ਸਮਝੌਤੇ ਤਹਿਤ ਅਮਰੀਕੀ ਤੇ ਯੂਕਰੇਨੀ ਅਧਿਕਾਰੀਆਂ ਨੇ ਬੀਤੇ ਦਿਨੀਂ ਸਾਊਦੀ ਅਰਬ ਵਿਚ ਗੱਲਬਾਤ ਕੀਤੀ। ਪ੍ਰਸ਼ਾਸਨ ਨੇ ਇਕ ਹ.ਫਤਾ ਪਹਿਲਾਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੂੰ ਰੂਸੀ ਫੌਜਾਂ ਨਾਲ ਜੰਗ ਖਤਮ ਕਰਨ ਲਈ ਗੱਲਬਾਤ ਵਿਚ ਸ਼ਾਮਲ ਹੋਣ ਲਈ ਦਬਾਅ ਪਾਉਣ ਲਈ ਪਾਬੰਦੀਆਂ ਲਾਗੂ ਕੀਤੀਆਂ ਸਨ। ਇਹ ਸੱਚ ਹੈ ਕਿ ਅਮਰੀਕਾ ਬਿਨਾਂ ਯੂਕਰੇਨ ਦਾ ਰੂਸ ਨਾਲ ਟਾਕਰਾ ਕਰਨਾ ਸੌਖਾ ਨਹੀਂ। ਜੇ ਯੂਕਰੇਨ ਬਰਬਾਦ ਹੋਵੇਗਾ ਤਾਂ ਬਾਕੀ ਸੰਸਾਰ ਵੀ ਇਸ ਤੋਂ ਅਛੂਤਾ ਨਹੀਂ ਰਹੇਗਾ। ਭੋਜਨ, ਊਰਜਾ ਤੇ ਮਹਿੰਗਾਈ ਦਾ ਸੰਕਟ ਹੋਰ ਵਧੇਗਾ। ਜੇਕਰ ਜੰਗਬੰਦੀ ਲਾਗੂ ਹੁੰਦੀ ਹੈ, ਤਾਂ ਇਹ ਨਾ ਸਿਰ.ਫ ਯੂਕਰੇਨ ਅਤੇ ਰੂਸ ਲਈ, ਸਗੋਂ ਵਿਸ਼ਵਵਿਆਪੀ ਭੋਜਨ ਅਤੇ ਊਰਜਾ ਬਾਜ਼ਾਰਾਂ ਲਈ ਵੀ ਸਕਾਰਾਤਮਕ ਹੋਵੇਗੀ। ਯੂਕਰੇਨ ਇੱਕ ਵੱਡਾ ਅਨਾਜ ਨਿਰਯਾਤਕ ਹੈ, ਅਤੇ ਰੂਸ ਊਰਜਾ ਸਪਲਾਈ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਜੰਗਬੰਦੀ ਇਨ੍ਹਾਂ ਖੇਤਰਾਂ ਵਿੱਚ ਸਥਿਰਤਾ ਲਿਆ ਸਕਦੀ ਹੈ। ਅਸਫਲਤਾ ਦੀ ਸਥਿਤੀ ਵਿੱਚ ਜੇਕਰ ਰੂਸ ਪ੍ਰਸਤਾਵ ਨੂੰ ਰੱਦ ਕਰਦਾ ਹੈ, ਤਾਂ ਯੁੱਧ ਤੇਜ਼ ਹੋ ਸਕਦਾ ਹੈ। ਯੂਕਰੇਨ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਰੂਸ ਵਿਰੁੱਧ ਜਵਾਬੀ ਹਮਲੇ ਸ਼ੁਰੂ ਕੀਤੇ ਹਨ, ਅਤੇ ਅਮਰੀਕੀ ਸਹਾਇਤਾ ਦੀ ਮੁੜ ਸ਼ੁਰੂਆਤ ਉਸਦੀ ਸਥਿਤੀ ਨੂੰ ਮਜ਼ਬੂਤ ਕਰ ਸਕਦੀ ਹੈ। ਇਸ ਨਾਲ ਟਕਰਾਅ ਲੰਮਾ ਹੋ ਸਕਦਾ ਹੈ। ਇਸ ਲਈ ਜੰਗ ਖਤਮ ਹੋਣੀ ਚਾਹੀਦੀ ਹੈ।

## ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫਤਾਰੀ ਦਾ ਡਰ

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਦੇ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾ.ਫ ਐਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਹੈ। ਕੇਜਰੀਵਾਲ 'ਤੇ ਪ੍ਰਚਾਰ ਲਈ ਵੱਡੇ ਹੋਰਡਿੰਗ ਲਗਾਉਣ ਲਈ ਜਨਤਕ ਪੈਸੇ ਦੀ ਦੁਰਵਰਤੋਂ ਕਰਨ ਦਾ ਦੋਸ਼ ਹੈ। ਕੇਜਰੀਵਾਲ ਅਤੇ ਦੋ ਹੋਰ ਆਗੂਆਂ ਗੁਲਾਬ ਸਿੰਘ ਅਤੇ ਨੀਤਿਕਾ ਸ਼ਰਮਾ ਖ਼ਿਲਾ.ਫ ਐਫਆਈਆਰ ਦਰਜ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ, ਅਦਾਲਤ ਨੇ ਦਿੱਲੀ ਪੁਲਿਸ ਨੂੰ ਮਾਮਲਾ ਦਰਜ ਕਰਨ ਦਾ ਨਿਰਦੇਸ਼ ਦਿੱਤਾ ਸੀ। ਅਦਾਲਤ ਨੇ ਪੁਲਿਸ ਤੋਂ 18 ਮਾਰਚ ਤੱਕ ਮਾਮਲੇ ਦੀ ਸਥਿਤੀ ਰਿਪੋਰਟ ਵੀ ਮੰਗੀ ਹੈ। ਕੇਜਰੀਵਾਲ ਤੇ ਆਪ ਪਾਰਟੀ ਦਾ ਸੰਕਟ ਡੂੰਘਾ ਹੋ ਗਿਆ ਹੈ। ਇਹ ਪਾਰਟੀ ਲਗਾਤਾਰ ਹਾਸ਼ੀਏ ਵੱਲ ਵਧ ਰਹੀ ਹੈ ਅਤੇ ਇਸ ਦੀ ਲੀਡਰਸ਼ਿਪ ਆਪਣੀ ਭੂਮਿਕਾ ਮੁੜ ਤਲਾਸ਼ਣ ਤੋਂ ਇਨਕਾਰੀ ਜਾਪਦੀ ਹੈ। ਕੇਜਰੀਵਾਲ ਦੀ ਗ੍ਰਿਫਤਾਰੀ ਬਾਅਦ ਆਪ ਦਾ ਰਾਜਨੀਤਕ ਸੰਕਟ ਹੋਰ ਗੰਭੀਰ ਹੋਵੇਗਾ।

## ਕੀ ਸਿੱਖਾਂ ਨਾਲ ਭਾਰਤੀ ਅਦਾਲਤਾਂ ਅਨਿਆਂ ਕਰ ਰਹੀਆਂ ਨੇ ?

ਮੁਹਾਲੀ ਦੀ ਐੱਨਆਈਏ ਦੀ ਵਿਸ਼ੇਸ਼ ਅਦਾਲਤ ਨੇ ਪਾਕਿਸਤਾਨ ਤੋਂ ਡਰੋਨ ਰਾਹੀਂ ਨਾਜਾਇਜ਼ ਅਸਲਾ ਤੇ ਗੋਲਾ-ਬਾਰੂਦ ਮੰਗਵਾਉਣ, ਦੇਸ਼ ਵਿਰੋਧੀ ਗਤੀਵਿਧੀਆਂ ਅਤੇ ਜਾਅਲੀ ਕਰੰਸੀ ਮਾਮਲੇ ਵਿੱਚ ਨਿਹੰਗ ਸਿੰਘ ਸਮੇਤ ਛੇ ਜਣਿਆਂ ਨੂੰ ਉਮਰ ਕੈਦ ਅਤੇ ਤਿੰਨ ਹੋਰ ਦੋਸ਼ੀਆਂ ਨੂੰ ਦਸ-ਦਸ ਸਾਲ ਦੀ ਸਜ਼ਾ ਸੁਣਾਈ ਹੈ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਅਦਾਲਤ ਵੱਲੋਂ ਇਸ ਮਾਮਲੇ ਦੀ ਸੁਣਵਾਈ ਫਾਸਟ ਟਰੈਕ ਰਾਹੀਂ ਕੀਤੀ ਗਈ। ਨਿਹੰਗ ਬਾਬਾ ਮਾਨ ਸਿੰਘ ਵਾਸੀ ਗੁਰਦਾਸਪੁਰ, ਬਾਬਾ ਬਲਵੰਤ ਸਿੰਘ ਵਾਸੀ ਚੋਹਲਾ ਸਾਹਿਬ (ਤਰਨ ਤਾਰਨ), ਗੁਰਦੇਵ ਸਿੰਘ ਝੱਜਾ (ਹੁਸ਼ਿਆਰਪੁਰ), ਬਾਬਾ ਬਲਬੀਰ ਸਿੰਘ ਵਾਸੀ ਟਾਂਡਾ (ਹੁਸ਼ਿਆਰਪੁਰ), ਹਰਭਜਨ ਸਿੰਘ ਅਤੇ ਆਕਾਸ਼ਦੀਪ ਸਿੰਘ ਵਾਸੀ ਤਰਨ ਤਾਰਨ ਨੂੰ ਅਸਲਾ ਐਕਟ, ਜਾਅਲੀ ਕਰੰਸੀ ਦੀ ਧਾਰਾ 489, ਧਾਰਾ 121-ਏ, 122, ਯੂਏਪੀਏ ਤਹਿਤ ਉਮਰ ਕੈਦ ਅਤੇ ਸਾਜਨਦੀਪ ਸਿੰਘ, ਰੋਮਨਦੀਪ ਸਿੰਘ ਤੇ ਸ਼ੁਭਦੀਪ ਸਿੰਘ ਨੂੰ ਧਾਰਾ 121-ਏ, 122 ਵਿੱਚ ਦਸ-ਦਸ ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਾਰੇ ਦੋਸ਼ੀ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਹਨ। ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਦੋਸ਼ੀਆਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਐੱਨਆਈਏ ਅਦਾਲਤ ਦੇ ਤਾਜ਼ਾ .ਫੈਸਲੇ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਉਹ ਇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣਗੇ। ਉਨ੍ਹਾਂ ਦਾਅਵਾ ਕੀਤਾ ਕਿ ਅਦਾਲਤ ਨੇ ਉਸ ਦੇ ਮੁਵੱਕਿਲਾਂ ਦਾ ਪੱਖ ਨਹੀਂ ਸੁਣਿਆ। ਨਿਆਇਕ ਜ਼ਿੰਮੇਂਵਾਰੀ ਆਪਣੇ-ਆਪ ਵਿੱਚ ਬਹੁਤ ਅਹਿਮ ਹੁੰਦੀ ਹੈ ਜਿਸਨੇ ਕੇਵਲ ਗਵਾਹ ਹੀ ਨਹੀਂ ਸੁਣਨੇ ਹੁੰਦੇ, ਸਗੋਂ ਸਜ਼ਾਵਾਂ ਸੁਣਾਉਣ ਤੋਂ ਪਹਿਲਾਂ ਬੇਗੁਨਾਹੀ ਦੇ ਹੋਰ ਵੀ ਪੱਖ ਵਿਚਾਰਨੇ ਹੁੰਦੇ ਹਨ। ਪਰ ਅਦਾਲਤਾਂ ਇਸ ਪਖੋਂ ਸਿੱਖਾਂ ਨਾਲ ਨਿਆਂ ਨਹੀਂ ਕਰ ਰਹੀਆਂ। ਕਾਨੂੰਨ ਦੀਆਂ ਅਦਾਲਤਾਂ ਜਨਤਾ ਦੇ ਡੂੰਘੇ ਭਰੋਸੇ ਅਤੇ ਭਰੋਸੇ ਦਾ ਭੰਡਾਰ ਹੁੰਦੀਆਂ ਹਨ, ਜੋ ਜੱਜਾਂ ਦੀ ਪਵਿੱਤਰ ਕਲਮ ਤੋਂ ਨਿਰਵਿਘਨ ਅਤੇ ਨਿਰਵਿਘਨ ਨਿਆਂ ਦੀ ਉਮੀਦ ਕਰਦੀਆਂ ਹਨ, ਇਸ ਲਈ ਜੱਜਾਂ ਨੂੰ ਨਿਆਂ ਦੇ ਪ੍ਰਬੰਧ ਨੂੰ ਯਕੀਨੀ ਬਣਾਉਣਾ ਹੁੰਦਾ ਹੈ ਉਨ੍ਹਾਂ ਤੋਂ ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਥਾਪਿਤ ਮਾਪਦੰਡਾਂ ਅਤੇ ਪ੍ਰਕਿਰਿਆ ਦੀਆਂ ਸੀਮਾਵਾਂ ਦੇ ਅੰਦਰ ਫੈਸਲੇ ਦੇ ਕੇ ਕਾਨੂੰਨ ਦੀ ਸ਼ਾਨ ਨੂੰ ਬਰਕਰਾਰ ਰੱਖਣਗੇ।

-ਰਜਿੰਦਰ ਸਿੰਘ ਪੁਰੇਵਾਲ

# NEWS & VIEWS

## PANJAB SIKH POLITICAL FIASCO AT SRI AKAL TAKHT SAHIB HERALDS LOBALIZATION OF PANTHIC DECISION-MAKING PROCESS.



Gurmukh Singh OBE

Following the *political* demise of Shromani Akali Dal formed before Sri Akal Takht Sahib on 14 December1920, to safeguard Sikhi theo-political interests, the lost and divided Akali leadership is now seeking Panthic support through the Institution of the Takht. Meanwhile, there is continued reluctance by one family to give up control of SAD and centra Sikh institutions, including Sri Akal Takht Sahib.

Recent events have shaken the Sikh world. Longer term consequences will be global and far-reaching. More so, in the light of the historic Hukamnama from Sri Akal Takht of 2 December 2024 rejecting current Akali leadership. The Hukamnama has been accepted as the voice of the global Panth.

On 10 March 2025, formal appointment (called *tajposhi*) of the next Jathedar of Sri Akal Takht Sahib and Anandpur Sahib (same holder of two posts) took place in darkness in the absence of Guru Granth and Guru Panth. Most remarkable was that Bhai Kuldip Singh Gadgaj accepted the *tajposhi* surrounded by such an anti-Gurmat and Panth-divisive environment.

The Guru spoke from Darbar Sahib within two hours of the appointment and the reaction from the Panth was swift.

The Hukamnama from Darbar Sahib at 4.30 am on 10 March was with the opening Pankti: ਸਲੋਕੁ ਮਃ ੩ ॥ ਸਤਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ *Those who turn their faces away from the True Guru, suffer in sorrow and bondage.* (Ang 645).

For Sikhs of faith, the Hukamnama was a verdict on the anti-Panthic elements within the Panth and the doubtful proceedings at Keshgarh Sahib, regarded as the *birthplace* of the Khalsa.

Following the historic Hukamnama from Sri Akal Takht of 2 December, 2024, by sharp contrast, recent events have exposed the depth to which anti-Panthic forces in Panjab have sunk to dismantle Sikh institutions and tradition from within. Panthic reaction is collective and global. That should be seen as a positive outcome of this fiasco and a pointer to the major reforms which lie ahead. This phase will pass with the dawn of a reformation period. Such is the global Panthic awareness guided by true Sikhi principles.

Next generations in the Sikh diaspora are losing their appetite to follow Panjab religio-political plots. Yet, away from the toxic Panjab environment, many are rediscovering Sikhi in its pristine form. It will take time but reforms will follow. Instant social media networking facilitates evolutionary progress towards global Panthic forums and solutions. The ideal of Sri Akal Takht Sahib is in every Sikh heart and cannot be destroyed or taken over by anti-Panthic forces.

One reason for the sad state of the Panth today can be traced to the ambiguity regarding the qualifications, selection process and removal of Jathedars so that the sovereignty of Sri Akal Takht can be assured. For decades, that ambiguity has suited the political ambitions of one family in Panjab which has managed to capture the Panthic political party, Akali Dal, and the SGPC, and through that, the appointment and removal of the Jathedars, who, otherwise should serve the Guru and the Panth and none other. They should not sell themselves to serve another, for:

ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥

*Working for strangers is very painful; doing so, one sells self and moves away from the path of Dharam.* (SGGS Ang 246).

There is emerging next generation collective Sikh leadership in the diaspora as Panjab Sikhs face own theo-political challenges.

Gurmukh Singh OBE, Ret'd Principal Civil Servant (UK) sewauk2005@yahoo.co.uk

# ਸੰਯੁਕਤ ਕਿਸਾਨ ਮੋਰਚਾ ਸੰਘਰਸ਼ ਵਾਪਸ ਲੈਣ ਕਾਰਣ ਸੁਆਲਾਂ ਦੇ ਘੇਰੇ ਵਿਚ

ਵਿਸ਼ੇਸ਼ ਰਿਪੋਰਟ

✪ ਐੱਸਕੇਐੱਮ ਨੇ ਆਪਣੀ ਨਮੋਸ਼ੀ ਭਰੀ ਹਾਰ ਬਾਅਦ 15 ਮਾਰਚ ਨੂੰ ਸੰਘਰਸ਼ ਦੀ ਰੂਪਰੇਖਾ ਤੈਅ ਕਰਨ ਦਾ ਕੀਤਾ ਐਲਾਨ
✪ ਸਰਕਾਰ ਕਿਉਂ ਨਹੀਂ ਮੰਗ ਰਹੀ ਮੰਗਾਂ ✪ ਕਿਸਾਨ ਸੰਘਰਸ਼ ਕਾਰਣ ਪੰਜਾਬ ਦੇ ਬਿਜਨਸ ਉਪਰ ਮੰਡਰਾਇਆ ਸੰਕਟ

ਪੰਜਾਬ ਸਰਕਾਰ ਨੇ ਇੱਕ ਵਾਰ ਤਾਂ ਪੁਲੀਸ ਦੇ ਜ਼ੋਰ 'ਤੇ ਸੰਯੁਕਤ ਕਿਸਾਨ ਮੋਰਚੇ (ਐੱਸਕੇਐੱਮ) ਦਾ ਚੰਡੀਗੜ੍ਹ ਮੋਰਚਾ ਲਾਉਣ ਦਾ ਪ੍ਰੋਗਰਾਮ ਨਾਕਾਮ ਬਣਾ ਦਿੱਤਾ ਸੀ ਪਰ ਸਵਾਲ ਇਹ ਹੈ ਕਿ ਕਿਸਾਨੀ ਅੰਦਰ ਪਨਪ ਰਹੇ ਰੋਸ ਨੂੰ ਇਸ ਤਰ੍ਹਾਂ ਕਿੰਨੀ ਕੁ ਦੇਰ ਦਬਾ ਕੇ ਰੱਖਿਆ ਜਾ ਸਕਦਾ ਹੈ? ਪੰਜਾਬ ਦਾ ਕਿਸਾਨ ਦੇਸ਼ ਦੀ ਖੁਰਾਕ ਸੁਰੱਖਿਆ ਦੀ ਪੂਰਤੀ ਲਈ ਦਹਾਕਿਆਂ ਤੋਂ ਵੱਡਾ ਯੋਗਦਾਨ ਪਾ ਰਿਹਾ ਹੈ। ਇਸ ਕਰ ਕੇ ਹੀ ਪੰਜਾਬ ਦੀ ਖੇਤੀ ਝੋਨੇ ਤੇ ਕਣਕ ਦੇ ਘਾਤਕ ਫ਼ਸਲੀ ਚੱਕਰ ਵਿੱਚ ਘਿਰ ਕੇ ਰਹਿ ਗਈ ਹੈ। ਪਾਣੀ, ਜ਼ਮੀਨ ਤੇ ਜੈਵ ਵੰਨ-ਸਵੰਨਤਾ ਦੀ ਤਬਾਹੀ ਦੇ ਆ ਰਹੇ ਨਵੇਂ ਤੱਥਾਂ ਦੇ ਪੇਸ਼ੇਨਜ਼ਰ ਇਸ ਫ਼ਸਲੀ ਚੱਕਰ ਨੂੰ ਬਦਲ ਕੇ ਖੇਤੀ ਦਾ ਹੰਢਣਸਾਰ ਮਾਡਲ ਅਪਣਾਉਣ ਵੱਲ ਵਧਣ ਦੀ ਅਣਸਰਦੀ ਲੋੜ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਕੋਈ ਵੀ ਧਿਰ ਇਸ ਦਿਸ਼ਾ ਵਿੱਚ ਨਿੱਠ ਕੇ ਕੰਮ ਕਰਨ ਲਈ ਤਿਆਰ ਨਹੀਂ ਹੈ।

ਕੇਂਦਰ ਸਰਕਾਰ ਇਸ ਤੋਂ ਬਿਲਕੁਲ ਬੇਲਾਗ ਹੋ ਕੇ ਚੱਲ ਰਹੀ ਹੈ ਅਤੇ ਪਿਛਲੇ ਛੇ ਦਹਾਕਿਆਂ ਦੌਰਾਨ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਬਰਬਾਦੀ ਲਈ ਕੋਈ ਵੀ ਜ਼ਿੰਮੇਵਾਰੀ ਲੈਣ ਤੋਂ ਇਨਕਾਰੀ ਹੈ। ਪੰਜਾਬ ਸਰਕਾਰ ਵੀ ਅਜੇ ਤੱਕ ਇਸ ਸਮੱਸਿਆ ਦੀ ਨਿਸ਼ਾਨਦੇਹੀ ਕਰਨ ਅਤੇ ਠੋਸ ਏਜੰਡਾ ਸਾਹਮਣੇ ਲਿਆਉਣ ਵਿੱਚ ਨਾਕਾਮ ਰਹੀ ਹੈ ਨਾ ਹੀ ਉਸਨੇ ਪੰਜਾਬ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਖੇਤੀ ਇੰਡਸਟਰੀ ਦਾ ਮਾਡਲ ਘੜਿਆ ਹੈ ਨਾ ਹੀ ਵਪਾਰ ਲਈ ਭਾਰਤ ਪਾਕਿ ਬਾਰਡਰ ਖੋਲਣ ਲਈ ਕੇਂਦਰ ਸਰਕਾਰ ਉਪਰ ਦਬਾਅ ਬਣਾਇਆ ਹੈ ਤਾਂ ਜੋ ਕਿਸਾਨਾਂ ਦੀ ਜੂਨ ਸੁਧਰ ਸਕੇ। ਸਰਕਾਰ ਜਲ ਸੋਧ ਬਿਲ-2024 ਪਾਸ ਕਰ ਰਹੀ ਹੈ, ਇਸ ਤਹਿਤ ਪਾਣੀ ਦੇ ਪ੍ਰਦੂਸ਼ਣ ਨੂੰ ਫ਼ੌਜਦਾਰੀ ਅਪਰਾਧਮੁਕਤ ਕਰਾਰ ਦੇਣ ਨਾਲ ਰਾਜ ਦੇ ਪਾਣੀਆਂ ਦੀ ਹਾਲਤ ਸੁਧਰੇਗੀ ਜਾਂ ਬਦਤਰ ਹੋਵੇਗੀ। ਇਨ੍ਹਾਂ ਹਾਲਾਤ ਵਿੱਚ ਕਿਸਾਨ ਜਥੇਬੰਦੀਆਂ ਤੋਂ ਤਵੱਕੋ ਸੀ ਕਿ ਉਹ ਇਸ ਮਸਲੇ ਨੂੰ ਆਪਣੇ ਹੱਥ ਲੈਣਗੀਆਂ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਉਹ ਵੀ ਪੰਜਾਬ ਦੀ ਖੇਤੀਬਾੜੀ ਦੇ ਸੰਕਟ ਨੂੰ ਬੱਝਵੇਂ ਰੂਪ ਵਿੱਚ ਸੂਬੇ ਅਤੇ ਦੇਸ਼ ਦੇ ਲੋਕਾਂ ਸਾਹਮਣੇ ਰੱਖਣ ਵਿੱਚ ਅਸਮੱਰਥ ਰਹੀਆਂ ਹਨ।

ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਕਿਸਾਨ ਅੰਦੋਲਨ ਵੇਲੇ ਸੰਯੁਕਤ ਕਿਸਾਨ ਮੋਰਚੇ ਦਾ ਗਠਨ ਕੀਤਾ ਗਿਆ ਸੀ ਜਿਸ ਵਿੱਚ ਢਾਈ ਦਰਜਨ ਤੋਂ ਵੱਧ ਕਿਸਾਨ ਜਥੇਬੰਦੀਆਂ ਸ਼ਾਮਿਲ ਸਨ। ਉਸ ਅੰਦੋਲਨ ਤੋਂ ਬਾਅਦ ਕਿਸਾਨ ਆਗੂਆਂ ਦੀ ਆਪਸੀ ਬੇਵਿਸਾਹੀ ਕਰ ਕੇ ਸੰਯੁਕਤ ਕਿਸਾਨ ਮੋਰਚਾ ਇਕਜੁੱਟ ਹੋ ਕੇ ਨਾ ਚੱਲ ਸਕਿਆ ਅਤੇ ਇਹ ਤਿੰਨ ਧੜਿਆਂ ਵਿੱਚ ਵੰਡਿਆ ਜਾ ਚੁਕਾ।

ਚੰਡੀਗੜ੍ਹ ਮੋਰਚੇ ਦੀ ਅਸਫਲਤਾ ਤੋਂ



ਬਾਅਦ ਖੇਤੀਬਾੜੀ ਦੇ ਸੰਕਟ ਬਾਰੇ ਐੱਸਕੇਐੱਮ ਦੀ ਲੀਡਰਸ਼ਿਪ ਦੀ ਸੂਝ-ਬੂਝ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ; ਕਿਸਾਨਾਂ ਦੀਆਂ ਮੰਗਾਂ ਅਤੇ ਅੰਦੋਲਨ ਦੀ ਲੋੜ ਦੇ ਹੱਕ ਵਿੱਚ ਕਿਸਾਨੀ ਅਤੇ ਵਿਆਪਕ ਜਨਤਕ ਲਾਮਬੰਦੀ ਦੀ ਘਾਟ ਵੀ ਨਜ਼ਰੀਂ ਪੈਂਦੀ ਹੈ।

ਕੁਝ ਆਗੂਆਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਜਿਸ ਢੰਗ ਨਾਲ ਰਾਤੋ-ਰਾਤ ਮੋਰਚੇ ਦਾ ਪ੍ਰੋਗਰਾਮ ਵਾਪਸ ਲਿਆ ਗਿਆ, ਉਸ ਤੋਂ ਕਈ ਸਵਾਲ ਪੈਦਾ ਹੋਣੇ ਸੁਭਾਵਿਕ ਹਨ ਕਿ ਕਿਸਾਨੀ ਲੀਡਰਸ਼ਿਪ ਸਰਕਾਰ ਅਗੇ ਗੋਡੇ ਟੇਕ ਚੁਕੀ ਹੈ। ਉਨ੍ਹਾਂ ਦੇ ਇਸ ਕਦਮ ਨਾਲ 2020-21 ਦੇ ਕਿਸਾਨ ਅੰਦੋਲਨ ਦੇ ਜਲੌਅ ਨੂੰ ਸੱਟ ਵੱਜੀ ਹੈ। ਇਹ ਪ੍ਰਭਾਵ ਵੀ ਗਿਆ ਹੈ ਕਿ ਕਿਸਾਨ ਲੀਡਰਸ਼ਿਪ ਕੋਲ ਕੋਈ ਬਦਲਵੀਂ ਯੋਜਨਾਬੰਦੀ ਨਹੀਂ ਸੀ ਜਿਸ ਕਰ ਕੇ ਪੁਲੀਸ ਦੀ ਥੋੜ੍ਹੀ ਜਿਹੀ ਸਖ਼ਤੀ ਨਾਲ ਹੀ ਉਨ੍ਹਾਂ ਦੀ ਸਾਰੀ ਖੇਡ ਵਿਗੜ ਗਈ।

ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਰਾਜਨੀਤਕ ਨੇ ਆਪਣੀ ਨਮੋਸ਼ੀ ਭਰੀ ਹਾਰ ਬਾਅਦ 15 ਮਾਰਚ ਨੂੰ ਸੰਘਰਸ਼ ਦੀ ਰੂਪਰੇਖਾ ਤੈਅ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਆਗੂ ਬੂਟਾ ਸਿੰਘ ਦਾ ਕਹਿਣਾ ਹੈ ਕਿ 10 ਸਾਲਾਂ 'ਚ ਕਿਸੇ ਵੀ ਸਰਕਾਰ ਨੇ ਕਿਸਾਨਾਂ ਨੂੰ ਘਰੋਂ ਨਹੀਂ ਚੁੱਕਿਆ ਪਰ ਮੌਜੂਦਾ ਸਰਕਾਰ ਨੇ ਇਹ ਸ਼ਰਮਨਾਕ ਕਾਰਵਾਈ ਕੀਤੀ।

## ਕਿਸਾਨ ਜਥੇਬੰਦੀਆਂ ਕੀ ਕਰਨ?

ਦੇਸ਼ ਵਿਚ ਹਰ ਪੱਖੋਂ ਪਹਿਲੇ ਨੰਬਰ 'ਤੇ ਰਹਿਣ ਵਾਲਾ ਸੂਬਾ ਪੰਜਾਬ ਹੁਣ 16ਵੇਂ ਨੰਬਰ 'ਤੇ ਦੱਸਿਆ ਜਾ ਰਿਹਾ ਹੈ। 10-15 ਸਾਲ ਪਹਿਲਾਂ ਕੇਂਦਰ ਦੀਆਂ ਪੰਜਾਬ ਵਿਰੋਧੀ ਤੇ ਫਿਰਕੂ ਨੀਤੀਆਂ ਕਾਰਣ ਪੰਜਾਬ ਸੰਤਾਪ ਦਾ ਸ਼ਿਕਾਰ ਰਿਹਾ, ਜਿਸ ਨੇ ਪੰਜਾਬ ਦੀ ਆਰਥਿਕਤਾ ਦਾ ਲੱਕ ਤੋੜ ਕੇ ਰੱਖ ਦਿੱਤਾ। ਹੁਣ ਪਿਛਲੇ ਕੁਝ ਸਾਲਾਂ ਤੋਂ ਕਿਸਾਨ ਅੰਦੋਲਨ ਨੇ ਪੰਜਾਬ ਵਿਚ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਵਾਲੀ ਗੱਲ ਕੀਤੀ ਹੈ। ਅਸੀਂ ਰੋਜ਼ ਦੇ ਮੁਜ਼ਾਹਰੇ, ਰੋਜ਼ ਦੀਆਂ ਸੜਕਾਂ ਜਾਮ, ਗੱਡੀਆਂ ਰੋਕਣਾ, ਪੰਜਾਬ ਦੇ ਲੋਕਾਂ ਨੂੰ ਵੀ ਪ੍ਰੇਸ਼ਾਨ ਕਰ ਰਿਹਾ ਹੈ। ਪੰਜਾਬ ਦੇ ਲੋਕ ਕਿਸਾਨ ਯੂਨੀਅਨਾਂ ਦੇ ਵਿਰੋਧ ਵਿਚ ਹਨ। ਇਹ ਅੰਦੋਲਨ ਪੰਜਾਬ ਦੀ ਆਰਥਿਕਤਾ ਨੂੰ ਵੀ ਢਾਹ ਲਾ ਰਿਹਾ ਹੈ। ਇਸ ਨਾਲ ਪੰਜਾਬ ਵਿਚ ਨਿਵੇਸ਼ ਕਰਨ ਵਾਲੇ ਹੀ ਦੂਰ ਨਹੀਂ ਰਹਿ ਰਹੇ, ਸਗੋਂ ਪੰਜਾਬ ਦੇ ਆਪਣੇ ਉਦਯੋਗ ਵੀ ਪ੍ਰੇਸ਼ਾਨ ਹਨ ਤੇ ਨੁਕਸਾਨ ਸਹਿ ਰਹੇ ਹਨ। ਇਸੇ ਕਰਕੇ ਸਰਕਾਰਾਂ ਕਿਸਾਨਾਂ ਨੂੰ ਬਦਨਾਮ ਕਰਨ ਵਿਚ ਕਾਮਯਾਬ ਹਨ।

ਕਿਸਾਨ ਪਖੀ ਲੋਕਾਂ ਦਾ ਕਹਿਣਾ ਹੈ ਕਿ ਕਿਸਾਨ ਲੀਡਰਸ਼ਿਪ ਇਨ੍ਹਾਂ ਮੁੱਦਿਆਂ ਬਾਰੇ ਮੰਥਨ ਕਰੇ ਅਤੇ ਆਪਣੀਆਂ ਗ਼ਲਤੀਆਂ ਤੇ ਕਮਜ਼ੋਰੀਆਂ ਨੂੰ ਖਿੜੇ ਮੱਥੇ ਸਵੀਕਾਰ ਕਰਦੀ ਹੋਈ ਦਰੁਸਤ ਕਦਮ ਉਠਾਏ, ਕਿਉਂਕਿ ਕੋਈ ਹੋਰ ਅਜਿਹੀ ਧਿਰ ਪਿੜ ਵਿੱਚ ਨਜ਼ਰ ਨਹੀਂ ਆ ਰਹੀ ਹੈ ਜੋ ਆਉਣ ਵਾਲੀਆਂ ਚੁਣੌਤੀਆਂ ਨਾਲ ਸਿੱਝਣ ਲਈ ਤਿਆਰ ਹੋਵੇ। ਕਿਸਾਨ ਜਥੇਬੰਦੀਆਂ ਆਪਣੀ ਲੜਾਈ ਲੜਨ ਲਈ ਨਵੇਂ ਰਾਹ ਤੇ ਤਰੀਕੇ ਸੋਚਣ ਜੋ ਪੰਜਾਬ ਦਾ ਨੁਕਸਾਨ ਨਾ ਕਰਨ। ਜੇ ਦਿੱਲੀ ਖਿਲਾਫ਼ ਮੁਜ਼ਾਹਰਾ ਕਰਨਾ ਹੀ ਹੈ ਤਾਂ ਇਕੱਠੇ ਹੋ ਕੇ ਹਿੱਕ ਦੇ ਜ਼ੋਰ ਜਾਣ ਦੀ ਕੀ ਲੋੜ ਹੈ? ਇਕੱਲੇ-ਇਕੱਲੇ ਪਹੁੰਚ ਕੇ ਵੀ ਤਾਂ ਉੱਥੇ ਇਕੱਠੇ ਹੋ ਕੇ ਰੋਸ ਮੁਜ਼ਾਹਰਾ ਕੀਤਾ ਜਾ ਸਕਦਾ ਹੈ। ਪੰਜਾਬ ਦੀਆਂ ਸੜਕਾਂ ਨੂੰ ਰੋਜ਼ ਬੰਦ ਕਰਨਾ ਠੀਕ ਨਹੀਂ।

ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਦੀ ਹਾਲਤ ਸੁਧਾਰਨ ਲਈ ਪੰਜਾਬ ਦੇ ਮਸਲੇ ਤੇ ਕਿਸਾਨ ਮਸਲੇ ਪਾਰਲੀਮੈਂਟ ਵਿਚ ਜ਼ੋਰ ਨਾਲ ਉਠਾਉਣ ਲਈ ਆਪਸੀ ਸਹਿਮਤੀ ਨਾਲ ਮੀਟਿੰਗਾਂ ਕਰਕੇ ਕੋਈ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾਉਣ ਤੇ ਪਾਰਲੀਮੈਂਟ ਵਿਚ ਪੰਜਾਬ ਦੇ ਬਣਦੇ ਹੱਕ, ਪਾਕਿਸਤਾਨ ਨਾਲ ਪੰਜਾਬ ਰਾਹੀਂ ਵਪਾਰ ਖੋਲ੍ਹਣ, ਪੰਜਾਬ ਦੇ ਕਿਸਾਨਾਂ, ਪੰਜਾਬ ਦੇ ਸਰਹੱਦੀ ਪ੍ਰਾਂਤ ਹੋਣ ਕਾਰਨ ਪੰਜਾਬ ਨੂੰ ਕੋਈ ਵਿਸ਼ੇਸ਼ ਪੈਕੇਜ ਦੇਣ ਤੇ ਪੰਜਾਬ ਦੇ ਪਾਣੀਆਂ ਦੀ ਰਾਇਲਟੀ, ਚੰਡੀਗੜ੍ਹ ਤੇ ਹੋਰ ਮੁੱਦਿਆਂ ਦੀ ਖੁੱਲ੍ਹ ਕੇ ਗੱਲ ਕਰਨ। ਉਹ ਬਿਹਾਰ ਤੇ ਤਾਮਿਲਨਾਡੂ ਨੂੰ ਦਿੱਤੀ ਵਿਸ਼ੇਸ਼ ਆਰਥਿਕ ਮਦਦ ਵਾਂਗ ਪੰਜਾਬ ਲਈ ਵੀ ਮੰਗ ਤਾਂ ਉਠਾਉਣ।

## ਕਿਸਾਨਾਂ ਦੀਆਂ ਮੰਗਾਂ ਕੀ ਹਨ ?

* ਕਈ ਫ਼ਸਲਾਂ ਦੀ ਖਰੀਦ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਸਾਰੀਆਂ ਫ਼ਸਲਾਂ ਦੇ ਮੁੱਲ ਸਵਾਮੀਨਾਥਨ ਕਮਿਸ਼ਨ ਦੀਆਂ ਹਦਾਇਤਾਂ ਵਿੱਚ ਦਰਸਾਏ ਗਏ ਤਰੀਕੇ ਨਾਲ ਤੈਅ ਕੀਤੇ ਜਾਣ। ਇਸ ਤੋਂ ਇਲਾਵਾ ਗੰਨੇ ਦਾ ਐੱਫ਼ਆਰਪੀ ਤੇ ਐੱਸਏਪੀ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਮੁਤਾਬਕ ਦਿੱਤਾ ਜਾਵੇ, ਹਲਦੀ ਸਣੇ ਸਾਰੇ ਮਸਾਲਿਆਂ ਦੀ ਖਰੀਦ ਲਈ ਕੌਮੀ ਕਮਿਸ਼ਨ ਬਣਾਇਆ ਜਾਵੇ।

* ਕਿਸਾਨਾਂ ਅਤੇ ਮਜ਼ਦੂਰਾਂ ਦੀ ਸੰਪੂਰਨ ਕਰਜ਼ਾ ਮੁਕਤੀ ਕੀਤੀ ਜਾਵੇ।

ਪਿਛਲੇ ਦਿੱਲੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ ਜਿਵੇਂ: ਲਖੀਮਪੁਰ ਖੀਰੀ ਕਾਂਡ ਲਈ ਇਨਸਾਫ਼, ਅਜੇ ਮਿਸ਼ਰਾ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਅਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕੀਤੀ ਜਾਵੇ, ਹੋਏ ਸਮਝੌਤੇ ਤਹਿਤ ਇਸ ਘਟਨਾ ਵਿੱਚ ਜ਼ਖ਼ਮੀ ਹੋਣ ਵਾਲਿਆਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।

ਦਿੱਲੀ ਮੋਰਚੇ ਸਣੇ ਦੇਸ਼ ਭਰ ਦੇ ਸਾਰੇ ਅੰਦੋਲਨਾਂ ਦੌਰਾਨ ਪਾਏ ਗਏ ਹਰ ਇਸ ਕੇਸ ਨੂੰ ਰੱਦ ਕੀਤਾ ਜਾਵੇ, ਅੰਦੋਲਨਾਂ ਦੌਰਾਨ ਸ਼ਹੀਦ ਹੋਏ ਕਿਸਾਨਾਂ-ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਜਾਣ।

* ਖੇਤੀਬਾੜੀ ਸੈਕਟਰ ਨੂੰ ਪ੍ਰਦੂਸ਼ਣ ਕਾਨੂੰਨ ਤੋਂ ਬਾਹਰ ਕੀਤਾ ਜਾਵੇ।

ਭਾਰਤ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਵੇ, ਵਿਦੇਸ਼ਾਂ ਤੋਂ ਖੇਤੀ ਜਿਣਸਾਂ, ਦੁੱਧ ਉਤਪਾਦ, ਫ਼ਲ ਸਬਜ਼ੀਆਂ ਅਤੇ ਮੀਟ ਆਦਿ ਉੱਪਰ ਆਯਾਤ ਡਿਊਟੀ ਘੱਟ ਕਰਨ ਦੀ ਬਜਾਇ ਵਧਾਈ ਜਾਵੇ ਅਤੇ ਭਾਰਤ ਦੇ ਕਿਸਾਨਾਂ ਦੀਆਂ ਫ਼ਸਲਾਂ ਦੀ ਪਹਿਲ ਦੇ ਆਧਾਰ 'ਤੇ ਖ਼ਰੀਦ ਕੀਤੀ ਜਾਵੇ।

* 58 ਸਾਲ ਤੋਂ ਵੱਧ ਉਮਰ ਦੇ ਕਿਸਾਨ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ ਯੋਜਨਾ ਲਾਗੂ ਕਰਕੇ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ।

* ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਵਿੱਚ ਸੁਧਾਰ ਕਰਕੇ ਬੀਮਾ ਪ੍ਰੀਮੀਅਮ ਸਰਕਾਰਾਂ ਆਪ ਅਦਾ ਕਰਨ ਅਤੇ ਸਾਰੀਆਂ ਫ਼ਸਲਾਂ ਨੂੰ ਯੋਜਨਾ ਦਾ ਹਿੱਸਾ ਬਣਾਇਆ ਜਾਵੇ।

* ਜ਼ਮੀਨ ਐਕਵਾਇਰ ਕਰਨ ਸਬੰਧੀ 2013 ਦੇ ਐਕਟ ਨੂੰ ਉਸੇ ਰੂਪ ਵਿੱਚ ਲਾਗੂ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਜਮ ਐਕਵਾਇਰ ਸਬੰਧੀ ਦਿੱਤੇ ਨਿਰਦੇਸ਼ ਰੱਦ ਕੀਤੇ ਜਾਣ।

* ਮਨਰੇਗਾ ਤਹਿਤ ਪ੍ਰਤੀ ਸਾਲ 200 ਦਿਨ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ, ਮਿਹਨਤਾਨੇ ਵਿੱਚ ਵਾਧਾ ਕਰਕੇ 700 ਰੁਪਏ ਪ੍ਰਤੀ ਦਿਨ ਕੀਤਾ ਜਾਵੇ ਅਤੇ ਖੇਤੀ ਨੂੰ ਵੀ ਇਸ ਧੰਦੇ ਵਿੱਚ ਸ਼ਾਮਲ ਕੀਤਾ ਜਾਵੇ।

* ਨਰਮੇ ਸਣੇ ਸਾਰੀਆਂ ਫ਼ਸਲਾਂ ਦੇ ਬੀਜ਼ਾਂ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾਵੇ, ਪੈਸਟੀਸਾਈਡ, ਸੀਡ ਐਂਡ ਫ਼ਰਟੀਲਾਈਜ਼ਰ ਐਕਟ ਵਿੱਚ ਸੋਧ ਕਰਕੇ ਨਕਲੀ ਅਤੇ ਹੇਠਲੇ ਪੱਧਰ ਦੇ ਉਤਪਾਦ ਬਣਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਉੱਤੇ ਮਿਸਾਲੀ ਜੁਰਮਾਨੇ ਲਾਏ ਜਾਣ ਅਤੇ ਸਜ਼ਾਵਾਂ ਦੇ ਕੇ ਲਾਇਸੈਂਸ ਰੱਦ ਕੀਤੇ ਜਾਣ।

* ਸੰਵਿਧਾਨ ਦੀ 5ਵੀਂ ਸੂਚੀ ਲਾਗੂ ਕਰਕੇ ਆਦਿਵਾਸੀਆਂ ਦੇ ਅਧਿਕਾਰਾਂ 'ਤੇ ਕੀਤੇ ਜਾ ਰਹੇ ਹਮਲੇ ਬੰਦ ਕੀਤੇ ਜਾਣ।

# ਭਾਰਤ ਅਤੇ ਆਇਰਲੈਂਡ ਵਪਾਰਕ ਸਬੰਧਾਂ ਨੂੰ ਵਧਾਉਣ ਲਈ ਸੰਯੁਕਤ ਆਰਥਿਕ ਕਮਿਸ਼ਨ ਸਥਾਪਤ ਕਰਨਗੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਅਤੇ ਆਇਰਲੈਂਡ ਦੁਵੱਲੇ ਵਪਾਰ, ਨਿਵੇਸ਼ ਅਤੇ ਤਕਨਾਲੋਜੀ ਸਬੰਧਾਂ ਨੂੰ ਵਧਾਉਣ ਲਈ ਇੱਕ ਸੰਯੁਕਤ ਆਰਥਿਕ ਕਮਿਸ਼ਨ ਸਥਾਪਤ ਕਰਨ ਲਈ ਸਹਿਮਤ ਹੋਏ ਹਨ, ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸ਼ੁੱਕਰਵਾਰ ਨੂੰ ਡਬਲਿਨ ਵਿੱਚ ਆਪਣੇ ਆਇਰਿਸ਼ ਹਮਰੁਤਬਾ ਸਾਈਮਨ ਹੈਰਿਸ ਨਾਲ ਮੁਲਾਕਾਤ ਤੋਂ ਬਾਅਦ ਐਲਾਨ ਕੀਤਾ।**

ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵਿਦੇਸ਼ ਵਿਭਾਗ ਵਿੱਚ ਇੱਕ ਮੀਟਿੰਗ ਆਇਰਲੈਂਡ ਦੇ ਵਿਦੇਸ਼ ਮੰਤਰੀ ਸਾਈਮਨ ਹੈਰਿਸ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਭਾਰਤ-ਆਇਰਿਸ਼ ਭਾਈਵਾਲੀ ਨੂੰ ਵਧਾਉਣ ਲਈ ਇੱਕ "ਐਕਸ਼ਨ ਪਲਾਨ" ਵੀ ਬਣਾਇਆ ਜੋ ਕਿ ਭਾਰਤੀ ਵਿਦੇਸ਼ ਮੰਤਰੀ ਦੀ ਆਇਰਲੈਂਡ ਦੀ ਪਹਿਲੀ ਫੇਰੀ ਅਤੇ 2015 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਤੋਂ ਬਾਅਦ ਭਾਰਤ ਤੋਂ ਪਹਿਲੀ ਉੱਚ-ਪੱਧਰੀ ਰਾਜਨੀਤਿਕ ਫੇਰੀ ਦਾ ਇੱਕ ਮੁੱਖ ਹਿੱਸਾ ਹੈ।

ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਅਸੀਂ ਆਪਣੇ ਦੁਵੱਲੇ ਸਹਿਯੋਗ 'ਤੇ ਚਰਚਾ ਕੀਤੀ ਹੈ, ਜਿਸ ਵਿੱਚ ਸਬੰਧਾਂ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਨਵੀਂ ਐਕਸ਼ਨ ਪਲਾਨ ਸ਼ਾਮਲ ਹੈ। ਸਾਡੇ ਵਪਾਰ, ਨਿਵੇਸ਼ ਅਤੇ ਤਕਨਾਲੋਜੀ ਸਬੰਧਾਂ ਨੂੰ ਵਧਾਉਣ ਲਈ ਇੱਕ ਸੰਯੁਕਤ ਆਰਥਿਕ ਕਮਿਸ਼ਨ ਸਥਾਪਤ ਕੀਤਾ ਜਾਵੇਗਾ। ਉਹਨਾਂ ਕਿਹਾ ਕਿ "ਸਾਡੇ ਸਬੰਧਤ ਖੇਤਰਾਂ ਅਤੇ ਵਿਸ਼ਵ ਪੱਧਰ 'ਤੇ ਹਾਲ ਹੀ ਦੇ ਵਿਕਾਸ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਕੀਤਾ ਹੈ, ਜਿਸ ਵਿੱਚ ਯੂਕਰੇਨ ਯੁੱਧ, ਪੱਛਮੀ ਏਸ਼ੀਆ, ਅਫਗਾਨਿਸਤਾਨ ਅਤੇ ਇੰਡੋ-ਪੈਸੀਫਿਕ ਸ਼ਾਮਲ ਹਨ। ਭਾਰਤ-ਯੂਰਪੀ ਸਹਿਯੋਗ ਅਤੇ ਬਹੁਪੱਖੀਵਾਦ ਬਾਰੇ ਵੀ ਗੱਲ ਕੀਤੀ,"।





ਆਇਰਲੈਂਡ ਦੇ ਵਿਦੇਸ਼ ਮੰਤਰੀ ਨਾਲ ਸਮਝੌਤੇ ਤੇ ਦਸਖ਼ਤ ਕਰਨ ਤੋਂ ਬਾਅਦ ਐਸ ਜੈਸ਼ੰਕਰ ਅਤੇ ਹੋਰ, ਰਾਬਿੰਦਰਨਾਥ ਟੈਗੋਰ ਸਮਾਰਕ ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਐਸ ਜੈਸ਼ੰਕਰ

ਆਇਰਲੈਂਡ ਦੀ ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੰਯੁਕਤ ਆਰਥਿਕ ਕਮਿਸ਼ਨ, ਇੱਕ ਵਾਰ ਸਥਾਪਿਤ ਹੋਣ ਤੋਂ ਬਾਅਦ, ਅੰਦਰੂਨੀ ਸਹਿਯੋਗ ਅਤੇ ਤਾਲਮੇਲ ਨੂੰ ਵਧਾਉਣ ਲਈ ਇੱਕ ਵਾਹਨ ਵਜੋਂ ਕੰਮ ਕਰੇਗਾ, ਅਤੇ "ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਨਾਲ ਸਮਾਨ ਸੋਚ ਵਾਲੀ ਭਾਈਵਾਲੀ" ਨੂੰ ਮਜ਼ਬੂਤ ਕਰੇਗਾ।

ਆਇਰਿਸ਼ ਮੰਤਰੀ ਹੈਰਿਸ ਨੇ ਕਿਹਾ "ਦੋ-ਪੱਖੀ ਵਪਾਰ ਪਹਿਲਾਂ ਹੀ 16 ਬਿਲੀਅਨ ਯੂਰੋ 'ਤੇ ਹੋਣ ਦੇ ਨਾਲ, ਅਸੀਂ ਵਿਕਾਸ, ਨਿਵੇਸ਼ ਅਤੇ ਸਹਿਯੋਗ ਲਈ ਹਰ ਮੌਕੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹਾਂ,"।

ਉਹਨਾਂ ਕਿਹਾ ਕਿ ਇਸ ਯੋਜਨਾ ਵੱਲ ਪਹਿਲਾ ਵਿਹਾਰਕ ਕੰਮ ਦੋਵਾਂ ਮੰਤਰੀਆਂ ਦੁਆਰਾ ਅਧਿਕਾਰੀਆਂ ਦੇ ਕੂਟਨੀਤਕ ਆਦਾਨ-ਪ੍ਰਦਾਨ 'ਤੇ ਇੱਕ ਸਮਝੌਤਾ ਪੱਤਰ 'ਤੇ ਦਸਤਖਤ ਕਰਨਾ ਸੀ। ਉਹਨਾਂ ਦੋਵਾਂ ਦੇਸ਼ਾਂ ਦੇ ਸੱਭਿਆਚਾਰ, ਲੋਕ ਸਬੰਧਾਂ ਯੂਰਪੀਅਨ ਯੂਨੀਅਨ ਦੇ ਵਚਨਬੱਧ ਮੈਂਬਰਾਂ ਵਜੋਂ ਭਾਰਤ ਨਾਲ ਸਾਂਝ ਅਤੇ ਯੂਕਰੇਨ ਵਿੱਚ ਰੂਸ ਦੇ ਹਮਲੇ ਦੀ ਜੰਗ, ਮੱਧ ਪੂਰਬ ਅਤੇ ਹਿੰਦ-ਪ੍ਰਸ਼ਾਂਤ ਖੇਤਰ ਦੀਆਂ ਸਥਿਤੀਆਂ ਅਤੇ ਜਲਵਾਯੂ ਪਰਿਵਰਤਨ ਵਰਗੀਆਂ ਸਾਂਝੀਆਂ ਚੁਣੌਤੀਆਂ ਸਮੇਤ ਕਈ ਦੁਵੱਲੇ ਮੁੱਦਿਆਂ 'ਤੇ ਵੀ ਚਰਚਾ ਕਰਨ ਦੇ ਨਾਲ ਨਾਲ ਅਸੀਂ ਕ ਬਹੁਪੱਖੀ ਪੱਧਰ 'ਤੇ ਮਿਲ ਕੇ ਕੰਮ ਕਰਨ ਲਈ ਸਹਿਮਤ ਹੋਏ ਹਾਂ। ਜੈਸ਼ੰਕਰ ਨੇ ਡਬਲਿਨ ਦੇ ਸੇਂਟ ਸਟੀਫਨ ਗ੍ਰੀਨ ਪਾਰਕ ਵਿਖੇ ਨੋਬਲ ਪੁਰਸਕਾਰ ਜੇਤੂ ਰਬਿੰਦਰਨਾਥ ਟੈਗੋਰ ਦੇ ਸਮਾਰਕ 'ਤੇ ਸ਼ਰਧਾਂਜਲੀਆਂ ਭੇਟ ਕਰਕੇ ਆਪਣੇ ਆਇਰਲੈਂਡ ਦੌਰੇ ਦੀ ਸਮਾਪਤੀ ਕੀਤੀ।

# ਭਾਰਤ ਦੇ ਵਿਦੇਸ਼ ਮੰਤਰੀ ਐਸ ਜਸ਼ੰਕਰ ਦਾ ਯੂ ਕੇ ਦੌਰਾ ਸਮਾਪਤ, ਮਾਨਚੈਸਟਰ ਵਿੱਚ ਵੀ ਨਵਾਂ ਦੂਤਾਵਾਸ ਖੋਲ੍ਹਿਆ



**ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਮਾਨਚੈਸਟਰ ਦੂਤਾਵਾਸ ਦੇ ਉਦਘਾਟਨ ਮੌਕੇ ਬਰਤਾਨਵੀ ਉੱਪ ਪ੍ਰਧਾਨ ਮੰਤਰੀ ਐਂਜਲਾ ਰੈਨੇਅਰ ਨਾਲ ਗੱਲਬਾਤ ਕਰਦੇ ਹੋਏ**

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਵਿਦੇਸ਼ ਮੰਤਰੀ ਐਸ ਜਸ਼ੰਕਰ ਦਾ ਯੂ ਕੇ ਦੌਰਾ ਸਮਾਪਤ ਹੋ ਗਿਆ ਹੈ। ਇਸ ਦੌਰੇ ਦੌਰਾਨ ਉਹਨਾਂ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਵਿਖੇ ਵੀ ਨਵੇਂ ਭਾਰਤੀ ਦੂਤਾਵਾਸ ਦਾ ਉਦਘਾਟਨ ਕੀਤਾ। ਜੈਸ਼ੰਕਰ ਨੇ ਆਪਣੇ ਹਮਰੁਤਬਾ ਵਿਦੇਸ਼ ਸਕੱਤਰ ਡੇਵਿਡ ਲੈਮੀ ਨਾਲ ਟੋਟਨਹੈਮ ਹੌਟਸਪੁਰ ਸਟੈਡੀਅਮ ਵਿੱਚ ਇੱਕ ਫੁਟਬਾਲ ਮੈਚ ਵੇਖਣ ਤੋਂ ਬਾਅਦ ਯਾਤਰਾ ਦੀ ਸਮਾਪਤੀ ਕੀਤੀ।**

ਵਿਦੇਸ਼ੀ ਮੰਤਰੀ ਨੇ "ਚੰਗੇ ਸਾਥ ਵਿੱਚ ਚੰਗਾ ਮੈਚ" ਆਖਦਿਆਂ ਕਿਹਾ ਕਿ ਉਹਨਾਂ ਦੀ ਵਿਦੇਸ਼ ਮੰਤਰੀ ਲੈਮੀ ਨਾਲ ਉਸਾਰੂ ਗੱਲਬਾਤ ਦੇ ਨਾਲ ਨਾਲ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਨਰ, ਉੱਪ ਪ੍ਰਧਾਨ ਮੰਤਰੀ ਐਂਜਲਾ ਰੈਨੇਅਰ, ਅਤੇ ਗ੍ਰਹਿ ਮੰਤਰੀ ਯਵਟ ਕੂਪਰ ਨਾਲ ਗੱਲਬਾਤ ਹੋਈ ਹੈ। ਯੂ ਕੇ ਦਾ ਦੌਰਾ ਬੈਲਫਾਸਟ ਅਤੇ ਮਾਨਚੇਸਟਰ ਵਿਚ ਭਾਰਤ ਦੇ ਨਵੇਂ ਕੌਂਸਲੇਟ ਜਨਰਲ ਆਫ਼ ਇੰਡੀਆ ਦੇ ਉਦਘਾਟਨ ਅਤੇ ਸਰਕਾਰੀ, ਕਾਰੋਬਾਰਾਂ, ਅਕਾਦਮਿਕਤਾ ਅਤੇ ਭਾਰਤੀ ਡਾਇਸਪੋਰਾ ਦੇ ਅਹਿਮ ਮੈਂਬਰਾਂ ਨਾਲ ਮਿਲਣੀਆਂ ਹੋਈਆਂ ਹਨ। ਵਿਦੇਸ਼ ਮੰਤਰੀ ਨੇ ਕਿਹਾ, "ਦੌਰੇ ਨੇ ਭਾਰਤ ਅਤੇ ਯੂਨਾਈਟਿਡ ਕਿੰਗਡਮ ਦਰਮਿਆਨ ਮਜ਼ਬੂਤ ਸਬੰਧਾਂ ਨੂੰ ਮੁੜ ਸੁਰਜੀਤ ਕੀਤਾ, ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧ ਮਜ਼ਬੂਤ ਹੋਏ ਹਨ।ਇਸ ਨੇ ਰਾਜਨੀਤਿਕ ਅਤੇ ਲੋਕਾਂ ਤੋਂ ਲੋਕਾਂ ਨੂੰ ਵਿਕਸਤ ਹੋਣ ਵਾਲੇ ਸਬੰਧਾਂ ਨੂੰ ਮਜ਼ਬੂਤ ਕੀਤਾ"। ਇਸ ਯਾਤਰਾ ਦੌਰਾਨ ਦੋਵਾਂ ਦੇਸ਼ਾਂ ਨੇ ਵਪਾਰ ਅਤੇ ਨਿਵੇਸ਼ ਦੇ ਮੌਕਿਆਂ ਨੂੰ ਵਧਾਉਣ, ਵਪਾਰ ਦੀਆਂ ਰੁਕਾਵਟਾਂ ਨੂੰ ਘਟਾਉਣ ਅਤੇ ਮਾਰਕੀਟ ਦੀ ਪਹੁੰਚ ਨੂੰ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ।

# ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਬੈਲਫਾਸਟ ਵਿੱਚ ਭਾਰਤ ਦੇ ਨਵੇਂ ਦੂਤਾਵਾਸ ਦਾ ਉਦਘਾਟਨ ਕੀਤਾ






**ਬੈਲਫਾਸਟ ਵਿੱਚ ਭਾਰਤ ਦੇ ਨਵੇਂ ਦੂਤਾਵਾਸ ਦਾ ਉਦਘਾਟਨ ਕਰਦੇ ਹੋਏ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਹੋਰ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸ਼ੁੱਕਰਵਾਰ ਨੂੰ ਉੱਤਰੀ ਆਇਰਲੈਂਡ ਦੇ ਬੈਲਫਾਸਟ ਵਿੱਚ ਭਾਰਤ ਦੇ ਨਵੇਂ ਦੂਤਾਵਾਸ ਦਾ ਉਦਘਾਟਨ ਕੀਤਾ।ਨਵੇਂ ਭਾਰਤੀ ਦੂਤਾਵਾਸ ਵਿਖੇ ਭਾਈਚਾਰੇ ਦੇ ਆਗੂਆਂ ਅਤੇ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ, ਵਿਦੇਸ਼ ਮੰਤਰੀ ਨੇ ਕਿਹਾ ਕਿ ਇਹ ਕਦਮ ਭਾਰਤ ਅਤੇ ਯੂ ਕੇ ਵਿਚਕਾਰ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਅਤੇ ਪ੍ਰਵਾਸੀ ਭਾਈਚਾਰੇ ਦੇ ਯੋਗਦਾਨ ਦੀ ਕਦਰ ਦਾ ਪ੍ਰਤੀਕ ਹੈ।ਉਹਨਾਂ ਕਿਹਾ ਕਿ, "ਅਸੀਂ ਬੈਲਫਾਸਟ ਵਿੱਚ ਕਈ ਤਰੀਕਿਆਂ ਨਾਲ ਸਾਡੀਆਂ ਯੂ ਕੇ ਅਤੇ ਯੂਰਪੀ ਨੀਤੀਆਂ ਲਈ ਇੱਕ ਮੁਲਾਕਾਤ ਬਿੰਦੂ ਦੇਖਿਆ ਹੈ। ਅਸੀਂ ਦੇਖ ਸਕਦੇ ਹਾਂ ਕਿ ਇਸ (ਖੇਤਰ) ਦੀ ਦੋਵਾਂ ਤੱਕ ਵਿਸ਼ੇਸ਼ ਪਹੁੰਚ ਹੈ,"। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇਹ ਵੀ ਕਿਹਾ ਕਿ ਅਸੀਂ ਯੂ ਕੇ ਅਤੇ ਈ ਯੂ ਦੋਵਾਂ ਨਾਲ ਮੁਕਤ ਵਪਾਰ ਸਮਝੌਤਿਆਂ 'ਤੇ ਵੀ ਸਮਾਨਾਂਤਰ ਗੱਲਬਾਤ ਕਰ ਰਹੇ ਹਾਂ, ਜਿਸ ਦੇ ਜਲਦੀ ਹੀ ਸਿੱਟੇ ਨਿਕਲਣ ਦੀ ਸਾਨੂੰ ਉਮੀਦ ਹੈ। ਇਸ ਮੌਕੇ ਬੈਲਫਾਸਟ ਦੇ ਲਾਰਡ ਮੇਅਰ ਕੌਂਸਲਰ ਮਿੱਕੀ ਮੂਰੇ, ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਇਸਵਾਮੀ, ਮੰਤਰੀ ਪੁਟਨੀ ਫਲਿਓਰ, ਸਪੀਕਰ ਐਡਵਿਨ ਅਤੇ ਲਾਰਡ ਦਲਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ।

# ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਕੀਤੀ ਮੁਲਾਕਾਤ



ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲਾਕਾਤ ਦੌਰਾਨ ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਬਰਤਾਨਵੀ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਅਤੇ ਹੋਰਾਂ ਨਾਲ

**ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ ) ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ 10, ਡਾਊਨਿੰਗ ਸਟਰੀਟ ਵਿਖੇ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲ-ਾਕਾਤ ਕੀਤੀ, ਦੋਵਾਂ ਨੇਤਾਵਾਂ ਨੇ ਦੁਵੱਲੇ ਅਤੇ ਆਰਥਿਕ ਸਹਿਯੋਗ ਨੂੰ ਅੱਗੇ ਵਧਾਉਣ 'ਤੇ ਚਰਚਾ ਕੀਤੀ।**

ਡਾ: ਜੈਸ਼ੰਕਰ ਨੇ ਯੂ.ਕੇ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਵੀ ਮੁਲਾਕਾਤ ਕੀਤੀ। ਡਾ: ਜੈਸ਼ੰਕਰ ਅਤੇ ਪ੍ਰਧਾਨ ਮੰਤਰੀ ਨੇ ਯੂਕ੍ਰੇਨ ਸੰਘਰਸ਼ 'ਤੇ ਵਿਚਾਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ 10, ਡਾਊਨਿੰਗ ਸਟਰੀਟ ਵਿਖੇ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਹਾਰਦਿਕ ਵਧਾਇਆਂ ਦਿੰਦੇ ਉਨ੍ਹਾਂ ਦੱਸਿਆ ਕਿ ਸਾਡੇ ਦੁਵੱਲੇ, ਆਰਥਿਕ ਸਹਿਯੋਗ ਨੂੰ ਅੱਗੇ ਵਧਾਉਣ ਅਤੇ ਲੋਕਾਂ ਤੋਂ ਲੋਕਾਂ ਦੇ ਆਦਾਨ-ਪ੍ਰਦਾਨ ਨੂੰ ਵਧਾਉਣ 'ਤੇ ਚਰਚਾ ਕੀਤੀ ਗਈ। ਵਿਦੇਸ਼ ਮੰਤਰੀ ਨੇ ਕਿਹਾ, ਕਿ "ਪ੍ਰਧਾਨ ਮੰਤਰੀ ਸਟਾਰਮਰ ਨੇ ਯੂਕ੍ਰੇਨ ਸੰਘਰਸ਼ 'ਤੇ ਯੂ.ਕੇ ਦਾ ਦ੍ਰਿਸ਼ਟੀਕੋਣ ਵੀ ਸਾਂਝਾ ਕੀਤਾ।"

ਲੈਮੀ ਨਾਲ ਆਪਣੀ ਮੁਲਾਕਾਤ ਸਬੰਧੀ ਉਨ੍ਹਾਂ ਕਿਹਾ ਕਿ , "ਚੇਵੇਨਿੰਗ ਹਾਊਸ ਵਿਖੇ ਇਸ ਬਹੁਤ ਹੀ ਨਿੱਘੇ ਸਵਾਗਤ ਲਈ ਵਿਦੇਸ਼ ਮੰਤਰੀ ਡੇਵਿਡ ਲੈਮੀ ਦਾ ਧੰਨਵਾਦ ਅਤੇ ਆਪਣੀ ਗੱਲਬਾਤ ਲਈ ਆਸਵੰਦ ਹਾਂ।" ਉਹ ਯੂ.ਕੇ ਦੇ ਵਿਦੇਸ਼ ਮੰਤਰੀ ਦੇ ਨਾਲ ਭਾਰਤ ਦੇ ਚੇਵੇਨਿੰਗ ਸਕਾਲਰਾਂ ਨਾਲ ਵੀ ਮਿਲੇ। ਉਨ੍ਹਾਂ ਕਿਹਾ,"ਅੱਜ ਸ਼ਾਮ ਭਾਰਤ ਤੋਂ ਆਏ ਚੇਵੇਨਿੰਗ ਸਕਾਲਰਾਂ ਨੂੰ ਵਿਦੇਸ਼ ਸਕੱਤਰ ਡੇਵਿਡ ਲੈਮੀ ਨਾਲ ਮਿਲ ਕੇ ਬਹੁਤ ਵਧੀਆ ਲੱਗਿਆ। ਸਾਡੀ ਪ੍ਰਤਿਭਾ ਅਤੇ ਲੋਕਾਂ ਤੋਂ ਲੋਕਾਂ ਦੇ ਆਦਾਨ-ਪ੍ਰਦਾਨ ਦਾ ਇੱਕ ਸਪਸ਼ਟ ਪ੍ਰਗਟਾਵਾ, ਨਿਸ਼ਚਤ ਤੌਰ 'ਤੇ ਭਾਰਤ-ਯੂ.ਕੇ ਸਬੰਧਾਂ ਲਈ ਬਹੁਤ ਹਾਂ ਪੱਖੀ ਹੈ।"

## ਟਰੰਪ ਬਾਰੇ ਟਿੱਪਣੀ ਕਰਨ ਤੇ ਲੰਡਨ ਵਿੱਚ ਨਿਊਜ਼ੀਲੈਂਡ ਦੇ ਸਭ ਤੋਂ ਸੀਨੀਅਰ ਡਿਪਲੋਮੈਟ ਨੇ ਆਪਣੀ ਨੌਕਰੀ ਗਵਾਈ

**ਵਲਿੰਗਟਨ- ਨਿਊਜ਼ੀਲੈਂਡ ਦੇ ਵਿਦੇਸ਼ ਮੰਤਰੀ ਨੇ ਵੀਰਵਾਰ ਨੂੰ ਕਿਹਾ ਕਿ ਯੂਨਾਈਟਿਡ ਕਿੰਗਡਮ ਵਿੱਚ ਨਿਊਜ਼ੀਲੈਂਡ ਦੇ ਸਭ ਤੋਂ ਸੀਨੀਅਰ ਰਾਜਦੂਤ ਨੇ ਇਸ ਹਫਤੇ ਲੰਡਨ ਵਿੱਚ ਇੱਕ ਸਮਾਗਮ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਬਾਰੇ ਕੀਤੀ ਟਿੱਪਣੀ ਕਾਰਨ ਆਪਣੀ ਨੌਕਰੀ ਗੁਆ ਦਿੱਤੀ ਹੈ। ਫਿਲ ਗੋਫ, ਜੋ ਯੂਕੇ ਵਿੱਚ ਨਿਊਜ਼ੀਲੈਂਡ ਦੇ ਹਾਈ ਕਮਿਸ਼ਨਰ ਹਨ, ਨੇ ਮੰਗਲਵਾਰ ਨੂੰ ਲੰਡਨ ਵਿੱਚ ਅੰਤਰਰਾਸ਼ਟਰੀ ਮਾਮਲਿਆਂ ਦੇ ਥਿੰਕ ਟੈਂਕ ਚੈਥਮ ਹਾਊਸ ਵੱਲੋਂ ਆਯੋਜਿਤ ਇੱਕ ਸਮਾਗਮ ਵਿੱਚ ਇਹ ਟਿੱਪਣੀਆਂ ਕੀਤੀਆਂ ਸਨ। ਨਿਊਜ਼ੀਲੈਂਡ ਨਿਊਜ਼ ਆਊਟਲੈਟਸ ਵੱਲੋਂ ਪ੍ਰਕਾਸ਼ਿਤ ਘਟਨਾ ਦੇ ਵੀਡੀਓ ਦੇ ਅਨੁਸਾਰ ਗੌਫ ਨੇ ਮਹਿਮਾਨ ਸਪੀਕਰ ਫਿਨਲੈਂਡ ਦੀ ਵਿਦੇਸ਼ ਮੰਤਰੀ ਏਲੀਨਾ ਵਾਲਟੋਨੇਨ ਦੇ ਹਾਜ਼ਰੀਨ ਤੋਂ ਇੱਕ ਸਵਾਲ ਪੁੱਛਿਆ, ਜਿਸ ਵਿੱਚ ਉਸਨੇ ਕਿਹਾ ਕਿ ਉਹ 1938 ਤੋਂ ਸਾਬਕਾ ਬ੍ਰਿਟਿਸ਼ ਯੁੱਧ ਸਮੇਂ ਦੇ ਨੇਤਾ ਵਿੰਸਟਨ ਚਰਚਿਲ ਦੇ ਇੱਕ ਮਸ਼ਹੂਰ ਭਾਸ਼ਣ ਨੂੰ ਦੁਬਾਰਾ ਪੜ੍ਹ ਰਿਹਾ ਸੀ, ਜਦੋਂ ਚਰਚਿਲ ਪ੍ਰਧਾਨ ਮੰਤਰੀ ਨੇਵਿਲ ਚੈਂਬਰਲੇਨ ਦੀ ਸਰਕਾਰ ਵਿੱਚ ਇੱਕ ਸੰਸਦ ਮੈਂਬਰ ਸੀ।**

## ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਵੱਲੋਂ ਕਿਸਾਨਾਂ ਦਾ ਮਸਲਾ ਹੱਲ ਕਰਨ ਦੀ ਮੰਗ



**ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸਿੰਘ ਸਭਾ ਲੰਡਨ ਈਸਟ, ਬਾਰਕਿੰਗ ਅਤੇ ਸੈਵਨ ਕਿੰਗਜ਼ ਦੀ ਪ੍ਰਬੰਧਕ ਕਮੇਟੀ, ਈਸਟ ਲੰਡਨ ਦੀਆਂ ਸੰਗਤਾਂ ਅਤੇ ਸਮੂਹ ਜਥੇਬੰਦੀਆਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਲੰਮੇ ਸਮੇਂ ਤੋਂ ਧਰਨੇ ਤੇ ਬੈਠੇ ਕਿਸਾਨਾਂ ਦੇ ਮਸਲੇ ਹੱਲ ਕਰੇ ਕਿਉਂਕਿ ਦੇਸ਼ ਦੇ ਅੰਨਦਾਤਾ ਵਜੋਂ ਜਾਣੇ ਜਾਂਦੇ ਕਿਸਾਨਾਂ ਨਾਲ ਕੀਤਾ ਜਾ ਰਿਹਾ ਬਿਗਾਨਿਆਂ ਵਾਲਾ ਵਿਵਹਾਰ ਪੂਰਾ ਵਿਸ਼ਵ ਵੇਖ ਰਿਹਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਪੰਥ ਵਿੱਚ ਪੈ ਰਹੀਆਂ ਦੁਵਿਧਾਵਾਂ ਨੂੰ ਖਤਮ ਕਰਨ ਲਈ ਸਰਬੱਤ ਖਾਲਸਾ ਬੁਲਾਇਆ ਜਾਵੇ ਤਾਂ ਕਿ ਪੰਥਕ ਮਸਲਿਆਂ ਦਾ ਮਿਲ ਬੈਠ ਕੇ ਹੱਲ ਕੱਢਿਆ ਜਾ ਸਕੇ। ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੀਪ ਸਿੰਘ ਹੁੰਦਲ ਨੇ ਜਾਰੀ ਬਿਆਨ ਰਾਹੀਂ ਕਿਹਾ ਕਿ ਬੀਤੇ ਦਿਨੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੀ ਇਕੱਤਰਤਾ ਵਿੱਚ ਸਰਬਸੰਮਤੀ ਨਾਲ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਦੀ ਫ਼ਸੀਲ ਤੋਂ ਆਏ ਇਤਿਹਾਸਿਕ ਫ਼ੈਸਲਿਆਂ ਦੀ ਹਮਾਇਤ ਕੀਤੀ ਗਈ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਸੇਵਾ ਤੋਂ ਮੁੱਕਤ ਕਰਨ ਦੀ ਨਿੰਦਾ ਕਰਦਿਆਂ ਜਥੇਦਾਰਾਂ ਨੂੰ ਵਿਸ਼ਵ ਸਿੱਖ ਸੰਮੇਲਨ ਸੱਦਣ ਦੀ ਬੇਨਤੀ ਕਰਦੇ ਹਾਂ । ਜਿਸ ਵਿੱਚ ਦੁਨੀਆਂ ਭਰ ਦੇ ਸਿਖਾਂ ਦੀ ਨੁਮਾਇੰਦਗੀ ਯਕੀਨੀ ਬਣਾਉਣ ਦੀ ਮੰਗ ਕੀਤੀ। ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖਤ ਤੋਂ ਆਏ ਆਦੇਸ਼ਾਂ ਨੂੰ ਪੂਰਨ ਤੌਰ ਤੇ ਮੰਨਣ ਲਈ ਬੇਨਤੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਾਰੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦੇ ਵਿਧੀ ਵਿਧਾਨ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ, ਤਾਂ ਜੋ ਭਵਿੱਖ ਵਿੱਚ ਸਿੱਖਾਂ ਨੂੰ ਮੁੜ ਅਜੇਹੇ ਹਾਲਾਤਾਂ ਦਾ ਸਾਹਮਣਾ ਨਾ ਕਰਨਾ ਪਵੇ।

## ਹੋਰ ਲੋਕਾਂ ਲਈ ਡਰਾਈਵਿੰਗ ਥਿਊਰੀ ਟੈਸਟ ਦਿੰਦੇ ਪਾਏ ਜਾਣ ਤੋਂ ਬਾਅਦ ਇੱਕ 28 ਸਾਲਾ ਵਿਅਕਤੀ ਨੂੰ ਜੇਲ੍ਹ ਭੇਜ ਦਿੱਤਾ ਗਿਆ

**ਡਰਬੀ -ਡਰਬੀ ਅਤੇ ਗ੍ਰਾਂਥਮ ਸਮੇਤ ਹੋਰ ਲੋਕਾਂ ਲਈ ਡਰਾਈਵਿੰਗ ਥਿਊਰੀ ਟੈਸਟ ਦਿੰਦੇ ਪਾਏ ਜਾਣ ਤੋਂ ਬਾਅਦ ਇੱਕ 28 ਸਾਲਾ ਵਿਅਕਤੀ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਨੌਰਥੈਂਪਟਨ ਕਰਾਊਨ ਕੋਰਟ ਨੂੰ ਦੱਸਿਆ ਗਿਆ ਕਿ ਕਿਵੇਂ 2021 ਤੋਂ 2024 ਦੇ ਵਿਚਕਾਰ, ਐਰੋਨ ਕੁਮਾਰ ਆਪਣੇ "ਮੁਵੱਕਿਲਾਂ" ਤੋਂ ਕੋਰਬੀ, ਨੌਰਥੈਂਪਟਨ, ਵੁਲਵਰਹੈਂਪਟਨ ਅਤੇ ਸਟਨ ਕੋਲਡਫੀਲਡ ਸਮੇਤ ਦੇਸ਼ ਭਰ ਵਿੱਚ ਉਨ੍ਹਾਂ ਦੀ ਤਰਫੋਂ ਟੈਸਟ ਦੇਣ ਲਈ £250 ਅਤੇ ਖਰਚੇ ਵਸੂਲਦਾ ਸੀ।**

ਓਡਬੀ, ਲੈਸਟਰ ਦਾ ਰਹਿਣ ਵਾਲਾ ਦੋਸ਼ੀ, ਆਖਰਕਾਰ 15 ਜਨਵਰੀ, 2024 ਨੂੰ ਫੜਿਆ ਗਿਆ, ਜਦੋਂ ਕੋਰਬੀ ਦੇ ਡਰਾਈਵਿੰਗ ਐਂਡ ਵਹੀਕਲ ਸਟੈਂਡਰਡਜ਼ ਏਜੰਸੀ (DVSA) ਸੈਂਟਰ ਦੇ ਸਟਾਫ ਨੇ ਉਸਨੂੰ ਪਛਾਣ ਲਿਆ ਅਤੇ ਪੁਲਿਸ ਨੂੰ ਬੁਲਾਇਆ। ਜਦੋਂ ਅਧਿਕਾਰੀ ਪਹੁੰਚੇ, ਤਾਂ ਉਹ ਟੈਸਟ ਪੂਰਾ ਕਰਨ ਵਿੱਚ ਰੁੱਝਿਆ ਹੋਇਆ ਸੀ ਅਤੇ ਜਦੋਂ ਪੁੱਛਿਆ ਗਿਆ ਕਿ ਕੀ ਉਸਨੇ ਆਪਣਾ ਅਸਲੀ ਨਾਮ ਦਿੱਤਾ ਹੈ, ਤਾਂ ਉਸਨੇ ਹਾਂ ਕਿਹਾ, ਇਸ ਤੋਂ ਪਹਿਲਾਂ ਕਿ ਚੁਣੌਤੀ ਦੇਣ 'ਤੇ ਜਲਦੀ ਹੀ ਆਪਣੀ ਅਸਲੀ ਪਛਾਣ ਸਵੀਕਾਰ ਕਰ



ਲਈ ਤੇ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਧੋਖਾਧੜੀ ਦੇ ਛੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ । ਪਹਿਲਾਂ ਦੀ ਅਦਾਲਤੀ ਸੁਣਵਾਈ ਵਿੱਚ ਦੋਸ਼ੀ ਮੰਨਣ ਤੋਂ ਬਾਅਦ, ਉਹ 21 ਫਰਵਰੀ ਨੂੰ ਨੌਰਥੈਂਪਟਨ ਕਰਾਊਨ ਕੋਰਟ ਵਿੱਚ ਪੇਸ਼ ਹੋਇਆ, ਜਿੱਥੇ ਉਸਨੂੰ ਇੱਕ ਸਾਲ ਅਤੇ ਦਸ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ। ਜਾਂਚ ਅਧਿਕਾਰੀ ਪੀਸੀ ਹੈਰੀ ਕੋਰੀ ਨੇ ਕਿਹਾ: "ਮੈਨੂੰ ਖ਼ੁਸ਼ੀ ਹੈ ਕਿ ਆਰੋਨ ਕੁਮਾਰ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ ਕਿਉਂਕਿ ਇਹ ਦਰਸਾਉਂਦਾ ਹੈ ਕਿ ਆਰਥਿਕ ਅਪਰਾਧ ਭੁਗਤਾਨ ਨਹੀਂ ਕਰਦਾ ਅਤੇ ਤੁਹਾਨੂੰ ਅੰਤ ਵਿੱਚ ਫੜਿਆ ਜਾਵੇਗਾ ਅਤੇ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾਵੇਗਾ।

ਕਰਾਈਮ ਨਿਊਜ਼

# ਗੈਂਗਸਟਰਾਂ ਦੇ ਗ਼ੈਰ-ਕਾਨੂੰਨੀ ਹਥਿਆਰ ਤਸਕਰੀ ਦੇ ਨੈਟਵਰਕ ਦਾ ਪਰਦਾਫਾਸ਼

## ਜਗਰਾਓਂ ਵਿਖੇ ਜਿਊਲਰ ਦੇ ਸ਼ੋਅਰੂਮ ’ਤੇ ਦੋ ਮੋਟਰਸਾਈਕਲ ਸਵਾਰਾਂ ਨੇ ਗੋਲੀ ਚਲਾਈ



ਜਗਰਾਓਂ-ਜਗਰਾਓਂ ਦੇ ਝਾਂਸੀ ਚੌਕ ਸਥਿਤ ਨਾਮੀ ਜਿਊਲਰਜ਼ ਦੇ ਸ਼ੋਅਰੂਮ ’ਤੇ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਕਈ ਫਾਇਰ ਕਰ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਜਗਰਾਓਂ ਦੇ ਝਾਂਸੀ ਚੌਕ ਸਥਿਤ ਲੱਖੇਵਾਲਾ ਜਿਊਲਰਜ਼ ਦੇ ਬਾਹਰ ਮੋਟਰਸਾਈਕਲ ’ਤੇ ਆਏ ਦੋ ਸਵਾਰ ਕਈ ਫਾਇਰ ਕਰ ਕੇ ਫਰਾਰ ਹੋ ਗਏ। ਇਹ ਫਾਇਰ ਸ਼ੋਅਰੂਮ ਦੇ ਬਾਹਰਲੇ ਸ਼ੀਸ਼ੇ ’ਚ ਲੱਗੇ ਜਿਸ ਕਾਰਨ ਸ਼ੀਸ਼ਾ ਤਿੜਕ ਗਿਆ। ਇਸ ਘਟਨਾ ’ਚ ਗੋਲੀਆਂ ਦੀ ਫਾਇਰਿੰਗ ਸੁਣ ਕੇ ਵੱਡੀ ਗਿਣਤੀ ’ਚ ਲੋਕਾਂ ਦਾ ਇਕੱਠ ਹੋ ਗਿਆ। ਘਟਨਾ ਦੀ ਸੋਚ ਨਾਲ ਮਿਲਦੇ ਹੀ ਜਗਰਾਓਂ ਸਬ ਡਿਵੀਜ਼ਨ ਦੇ ਡੀਐਸਪੀ ਜਸਜੋਤ ਸਿੰਘ ਸਮੇਤ ਪੁਲਿਸ ਪਾਰਟੀ ਮੌਕੇ ’ਤੇ ਪੁੱਜੀ ਜੋ ਮਾਮਲੇ ਦੀ ਜਾਂਚ ਵਿੱਚ ਜੁਟੀ ਹੋਈ ਹੈ।

ਚੰਡੀਗੜ੍ਹ/ਪਠਾਨਕੋਟ-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਦਰਜ ਕਰਦਿਆਂ ਕਾਊਂਟਰ ਇੰਟੈਲੀਜੈਂਸ ਪਠਾਨਕੋਟ ਦੀ ਟੀਮ ਨੇ ਗ਼ੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦੇ ਦੋ ਮੈਂਬਰਾਂ ਕੰਵਲਪ੍ਰੀਤ ਸਿੰਘ ਕੰਵਰ, ਪਿੰਡ ਬੁੱਟਰ ਕਲਾਂ ਬਟਾਲਾ ਅਤੇ ਰਣਜੀਤ ਸਿੰਘ,ਭੈਣੀ ਬਾਂਗਰਨੂੰ ਗੁਰਦਾਸਪੁਰ ਦੇ ਚਾਰ ਪਿਸਤੌਲਾਂ ਅਤੇ ਗੋਲ਼ੀ ਸਿੱਕੇ ਸਮੇਤ ਗ੍ਰਿਫ਼ਤਾਰ ਕਰਕੇ, ਇਸ ਗਿਰੋਹ ਦਾ ਪਰਦਾਫਾਸ਼ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਇਹ ਪਤਾ ਲੱਗਿਆ ਹੈ ਕਿ ਮੁਲਜ਼ਮ ਕੰਵਲਪ੍ਰੀਤ ਅਮਰੀਕਾ ਸਥਿਤ ਗੈਂਗਸਟਰ ਪਵਿੱਤਰ ਸਿੰਘ ਚੌੜਾ, ਜੋ ਕਿ ਬਟਾਲਾ ਦੇ ਪਿੰਡ ਚੌੜਾ ਦਾ ਰਹਿਣ ਵਾਲਾ ਹੈ, ਦੇ ਸੰਪਰਕ ਵਿੱਚ ਸੀ ਅਤੇ ਉਸਦੇ ਇਸ਼ਾਰੇ ’ਤੇ ਕੰਮ ਕਰ ਰਿਹਾ ਸੀ।

ਜਾਂਚ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਗੈਂਗਸਟਰ ਪਵਿੱਤਰ ਚੌੜਾ ਨੇ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਨ ਲਈ ਹਥਿਆਰਾਂ ਦੀ ਖੇਪ ਦਾ ਪ੍ਰਬੰਧ ਕੀਤਾ ਸੀ ਤਾਂ ਜੋ ਇਹਨਾਂ ਹਥਿਆਰਾਂ ਨਾਲ ਸਰਹੱਦੀ ਸੂਬੇ ਵਿੱਚ ਅਤੰਕ ਫੈਲਾਇਆ ਜਾ ਸਕੇ।

ਏਆਈਜੀ ਸੀਆਈ ਪਠਾਨਕੋਟ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਭਰੋਸੇਯੋਗ

## ✪ ਚਾਰ ਪਿਸਤੌਲਾਂ ਸਮੇਤ ਦੋ ਗੈਂਗਸਟਰ ਗ੍ਰਿਫ਼ਤਾਰ



ਸੂਤਰਾਂ ਤੋਂ ਖੁਫੀਆ ਇਤਲਾਹ ਮਿਲੀ ਸੀ ਕਿ ਗੈਂਗਸਟਰ ਪਵਿੱਤਰ ਚੌੜਾ ਦੇ ਦੋ ਕਾਰਕੁਨਾਂ ਨੇ ਹਥਿਆਰਾਂ ਦੀ ਖੇਪ ਹਾਸਲ ਕੀਤੀ ਹੈ। ਇਸ ’ਤੇ, ਸੀਆਈ ਪਠਾਨਕੋਟ ਦੀਆਂ ਪੁਲਿਸ ਟੀਮਾਂ ਨੇ ਇੱਕ ਖੁਫ਼ੀਆ ਕਾਰਵਾਈ ਸ਼ੁਰੂ ਕੀਤੀ ਅਤੇ ਪੁਲਿਸ ਜ਼ਿਲ੍ਹਾ ਬਟਾਲਾ ਦੇ ਖੇਤਰ ਤੋਂ ਦੋਵੇਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮਾਂ ਦਾ ਅਪਰਾਧਿਕ ਪਿਛੋਕੜ ਹੈ। ਜ਼ਿਕਰਯੋਗ ਹੈ ਕਿ ਮੁਲਜ਼ਮ ਕੰਵਲਪ੍ਰੀਤ ਸਿੰਘ ਨੂੰ ਇਰਾਦਾ ਕਤਲ, ਅਪਰਾਧਿਕ ਘੁਸਪੈਠ ਸਮੇਤ ਨੁਕਸਾਨ ਪਹੁੰਚਾਉਣ ਸਬੰਧੀ ਤਿੰਨ ਅਪਰਾਧਿਕ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ 10 ਦਸੰਬਰ, 2024 ਨੂੰ ਗੁਰਦਾਸਪੁਰ ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਮੁਲਜ਼ਮ ਕੰਵਲਪ੍ਰੀਤ ਫਿਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਿਆ ਅਤੇ ਉਸ ਵਿਰੁੱਧ ਗੋਲ਼ੀਬਾਰੀ ਦਾ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਕੁਝ ਵਿਅਕਤੀਆਂ ਵੱਲੋਂ ਘਰ ਦੇ ਮਾਲਕ ਨੂੰ ਮਾਰਨ ਦੇ ਇਰਾਦੇ ਨਾਲ ਇੱਕ ਘਰ ’ਤੇ ਗੋਲੀਆਂ ਚਲਾਈਆਂ ਗਈਆਂ ਸਨ।

ਏਆਈਜੀ ਨੇ ਕਿਹਾ ਕਿ ਇਸੇ ਤਰ੍ਹਾਂ, ਮੁਲਜ਼ਮ ਰਣਜੀਤ ਸਿੰਘ ਵੀ ਪੁਲਿਸ ਜ਼ਿਲ੍ਹਾ ਬਟਾਲਾ ਦੇ ਥਾਣਾ ਘਣੀਏ ਕੇ ਬਾਂਗਰ ਵਿਖੇ ਦਰਜ ਅਸਲਾ ਐਕਟ ਤਹਿਤ ਇੱਕ ਮਾਮਲੇ ਵਿੱਚ ਸ਼ਾਮਲ ਹੈ। ਇਸ ਸਬੰਧੀ ਪੁਲਿਸ ਸਟੇਸ਼ਨ ਐੱਸਐੱਸਓਸੀ ਅੰਮ੍ਰਿਤਸਰ ਵਿਖੇ ਅਸਲਾ ਐਕਟ ਤਹਿਤ ਦਰਜ ਕੀਤਾ ਗਿਆ ਹੈ।

-ਮਾਮਲਾ ਮੁੰਬਈ ਹਮਲੇ ਦਾ ਮਾਸਟਰਮਾਈਂਡ ਤਹੱਵੁਰ ਰਾਣਾ ਦਾ-

## ਅਮਰੀਕਾ ਦੀ ਸੁਪਰੀਮ ਕੋਰਟ ਨੇ ਭਾਰਤ ਹਵਾਲਗੀ ’ਤੇ ਰੋਕ ਲਗਾਉਣ ਦੀ ਮੰਗ ਖਾਰਜ ਕੀਤੀ



ਨਿਊਯਾਰਕ-ਮੁੰਬਈ ਅੱਤਵਾਦੀ ਹਮਲਿਆਂ ਦੇ ਦੋਸ਼ੀ ਤਹੱਵੁਰ ਰਾਣਾ ਨੂੰ ਇਕ ਵਾਰ ਫਿਰ ਝਟਕਾ ਲੱਗਾ ਹੈ। ਉਸ ਦੀ ਭਾਰਤ ਹਵਾਲਗੀ ਵਿਰੁੱਧ ਅਮਰੀਕੀ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਹੈ। ਰਾਣਾ ਨੇ ਇਸ ਪਟੀਸ਼ਨ ’ਚ ਦਾਅਵਾ ਕੀਤਾ ਸੀ ਕਿ ਉਹ ਪਾਕਿਸਤਾਨੀ ਮੂਲ ਦਾ ਮੁਸਲਮਾਨ ਹੈ, ਇਸ ਲਈ ਉਸ ’ਤੇ ਤਸ਼ੱਦਦ ਕੀਤਾ ਜਾਵੇਗਾ। ਪਟੀਸ਼ਨ ਵਿੱਚ ਰਾਣਾ ਨੇ ਦਲੀਲ ਦਿੱਤੀ ਕਿ ਭਾਰਤ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਉਸ ਦੇ ਬਚਣ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਦੇ ਲਈ ਰਾਣਾ ਨੇ ਆਪਣੀਆਂ ਗੰਭੀਰ ਬਿਮਾਰੀਆਂ ਸਮੇਤ ਕਈ ਕਾਰਨਾਂ ਦਾ ਹਵਾਲਾ ਦਿੱਤਾ। ਉਸ ਦੀ ਪਟੀਸ਼ਨ ਵਿਚ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ ਗਿਆ ਸੀ ਕਿ ਜੇ ਉਸ ਦੀ ਹਵਾਲਗੀ ’ਤੇ ਰੋਕ ਨਾ ਲਗਾਈ ਗਈ ਤਾਂ ਕੋਈ ਸਮੀਖਿਆ ਸੰਭਵ ਨਹੀਂ ਹੋਵੇਗੀ।

ਜ਼ਿਕਰਯੋਗ ਹੈ ਕਿ 64 ਸਾਲਾ ਰਾਣਾ ਪਾਕਿਸਤਾਨੀ ਮੂਲ ਦਾ ਕੈਨੇਡੀਅਨ ਨਾਗਰਿਕ ਹੈ। ਫਿਲਹਾਲ ਉਹ ਲਾਸ ਏਂਜਲਸ ਦੇ ਇੱਕ ਨਜ਼ਰਬੰਦੀ ਕੇਂਦਰ ਵਿੱਚ ਬੰਦ ਹੈ। ਰਾਣਾ ’ਤੇ 26/11 ਦੇ ਹਮਲੇ ਦੇ ਸਬੰਧ ’ਚ ਆਪਣੇ ਸਾਥੀ ਡੇਵਿਡ ਕੋਲਮੈਨ ਹੈਡਲੀ ਦੀ ਮਦਦ ਕਰਨ ਦਾ ਦੋਸ਼ ਹੈ। ਹੈਡਲੀ ਨੂੰ ਦਾਊਦ ਗਿਲਾਨੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਸ ਕੋਲ ਅਮਰੀਕੀ ਨਾਗਰਿਕਤਾ ਸੀ। ਉਸ ਦੀ ਮਾਂ ਅਮਰੀਕੀ ਅਤੇ ਪਿਤਾ ਪਾਕਿਸਤਾਨੀ ਸਨ। ਹੈਡਲੀ ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਕਾਰਾਂ ਵਿੱਚੋਂ ਇੱਕ ਹੈ।

## ਬਲਾਤਕਾਰ ਦੇ ਦੋਸ਼ੀ ਅਧਿਆਪਕ ਨੂੰ 10 ਸਾਲ ਦੀ ਸਜ਼ਾ



ਟੋਹਾਣਾ-ਇੱਥੇ ਫਾਸਟ ਟਰੈਕ ਅਦਾਲਤ ਨੇ ਨਾਬਾਲਗ ਵਿਦਿਆਰਥਣ ਨਾਲ ਜਬਰ ਜਨਾਹ ਦੇ ਦੋਸ਼ੀ ਅਧਿਆਪਕ ਨੂੰ ਦਸ ਸਾਲ ਕੈਦ ਅਤੇ 36 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਫਾਸਟ ਟਰੈਕ ਦੇ ਵਧੀਕ ਸੈਸ਼ਨ ਜੱਜ ਸੁਨੀਲ ਜਿੰਦਲ ਦੀ ਅਦਾਲਤ ਨੇ ਤਿੰਨ ਦਿਨ ਪਹਿਲਾਂ ਮੁਲਜ਼ਮ ਅਧਿਆਪਕ ਰਾਜਬੀਰ ਨੂੰ ਦੋਸ਼ੀ ਕਰਾਰ ਦਿੱਤਾ ਸੀ। ਪੁਲੀਸ ਮੁਤਾਬਕ ਦੋਸ਼ੀ ਡਰਾਇੰਗ ਅਧਿਆਪਕ ਸੀ। ਉਹ ਦਸਵੀਂ ਵਿੱਚ ਪੜ੍ਹਦੀ ਵਿਦਿਆਰਥਣ ਨੂੰ ਖਾਣ ਲਈ ਚਾਕਲੇਟ ਤੇ ਹੋਰ ਸਾਮਾਨ ਦਿੰਦਾ ਸੀ। 5 ਅਪਰੈਲ 2020 ਨੂੰ ਅਧਿਆਪਕ ਉਸ ਨੂੰ ਬਹਾਨੇ ਨਾਲ ਅਗਵਾ ਕਰ ਕੇ ਲੈ ਗਿਆ। ਉਸ ਨੇ ਖੇਤਾਂ ਵਿੱਚ ਬਣੇ ਕਮਰੇ ਵਿੱਚ ਲੜਕੀ ਨਾਲ ਜ਼ਬਰਦਸਤੀ ਕੀਤੀ ਸੀ। ਪੁਲੀਸ ਚਲਾਨ ਦੇ ਆਧਾਰ ’ਤੇ ਅਦਾਲਤ ਨੇ ਅਧਿਆਪਕ ਨੂੰ ਸਜ਼ਾ ਸੁਣਾਈ ਹੈ। ਅਦਾਲਤ ਨੇ ਸਮਾਜਿਕ ਵੈੱਲਫੇਅਰ ਨੂੰ ਨਿਰਦੇਸ਼ ਦਿੱਤੇ ਹਨ ਕਿ ਪੀੜਤ ਪਰਿਵਾਰ ਦੀ ਮਾਲੀ ਮਦਦ ਕੀਤੀ ਜਾਵੇ।

## ਲੁਟੇਰਿਆਂ ਵਲੋਂ ਕਿਰਾਏਦਾਰ ਦਾ ਕਤਲ

ਜਲੰਧਰ-ਜਲੰਧਰ-ਹੁਸ਼ਿਆਰਪੁਰ ਰੋਡ ’ਤੇ ਪੈਂਦੇ ਪਿੰਡ ਸ਼ੇਖੇ ਪੁਲ ਨੇੜਿਉਂ ਲਾਸ਼ ਮਿਲੀ ਹੈ।




ਮ੍ਰਿਤਕ ਵਿਅਕਤੀ ਦੀ ਪਛਾਣ ਪਟੇਲ (45) ਹਾਲ ਵਾਸੀ ਕਿਰਾਏਦਾਰ ਪਿੰਡ ਸ਼ੇਖੇ, ਜਲੰਧਰ ਵਜੋਂ ਹੋਈ ਹੈ। ਮਕਾਨ ਮਾਲਕਣ ਨੇ ਪੁਲੀਸ ਨੂੰ ਦੱਸਿਆ ਕਿ ਇਹ ਵਿਅਕਤੀ ਉਨ੍ਹਾਂ ਕੋਲ ਤਕਰੀਬਨ ਪਿਛਲੇ ਇੱਕ ਸਾਲ ਤੋਂ ਕਿਰਾਏ ’ਤੇ ਰਹਿ ਰਿਹਾ ਹੈ ਅਤੇ ਕੁਝ ਦਿਨ ਪਹਿਲਾਂ ਆਪਣੇ ਘਰ ਵੀ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਲੁਟੇਰਿਆ ਵੱਲੋਂ ਰਾਤ ਦੌਰਾਨ ਲੁੱਟ ਦੀ ਨੀਯਤ ਨਾਲ ਇਸ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ ਹੈ। ਸਵੇਰੇ ਵਕਤ ਕਿਸੇ ਰਾਹਗੀਰ ਵੱਲੋਂ ਪੁਲੀਸ ਸਹਾਇਤਾ ਕੇਂਦਰ ਤੇ ਸੂਚਨਾ ਦੇਣ ’ਤੇ ਦੋ ਥਾਣਿਆਂ ਦੀ ਪੁਲੀਸ ਹੱਦਬੰਦੀ ਨੂੰ ਲੈ ਕੇ ਉਲਝੀ ਰਹੀ ਤੇ ਤਕਰੀਬਨ ਦੋ ਘੰਟੇ ਬਾਅਦ ਇਹ ਇਲਾਕਾ ਥਾਣਾ ਮਕਸੂਦਾਂ ਦੀ ਹੱਦ ਵਿੱਚ ਪੈਣ ’ਤੇ ਪੁਲੀਸ ਵੱਲੋਂ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਮੌਕੇ ਤੇ ਫੋਰੈਂਸਿਕ ਟੀਮ ਨੂੰ ਬੁਲਾਇਆ ਗਿਆ।

# ਸਰਬ ਸੰਝੇ ਬਣਾਏ ਜਾਣ ਤਖਤ ਸਾਹਿਬਾਨ ਦੇ ਜਥੇਦਾਰ - ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਐੱਗਜ਼ੈਕਟਿਵ ਕਮੇਟੀ ਵਲੋਂ ਬਣਾਏ ਗਏ ਨਵੇਂ ਜਥੇਦਾਰਾਂ ਦੀ ਨਿਯੁਕਤੀ ਅਤੇ ਗਿਆਨੀ ਰਘਬੀਰ ਸਿੰਘ ਦੀ ਬਰਖਾਸਤੀ ਤੇ ਸਖਤ ਇਤਰਾਜ ਜਿਤਾਇਆ ਹੈ। ਇਸ ਨੂੰ ਸਿੱਖ ਕੌਮ ਹਰਗਿਜ ਪ੍ਰਵਾਨ ਨਹੀਂ ਕਰੇਗੀ। ਪਹਿਲਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕਰਨਾ ਬੇਹੱਦ ਇੱਕਪਾਸੜ ਫੈਂਸਲਾ ਅਤੇ ਸੱਚ ਨੂੰ ਦਬਾਉਣ ਦਾ ਕੋਝਾ ਯਤਨ ਸੀ। ਹੁਣ ਤਾਂ ਇਹਨਾਂ ਹੱਦ ਕਰ ਦਿੱਤੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਉਹਨਾ ਦੇ ਅਹੁਦਿਆਂ ਤੋਂ ਫਾਰਗ ਕਰ ਦਿੱਤਾ ਗਿਆ। ਇਹ ਵਿਚਾਰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਰਿਲੀਜ਼ ਵਿੱਚ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਇਹ ਕਾਰਵਾਈ ਪੰਥ ਵਿਰੋਧੀ ਹੈ।


ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਜੋਗਾ ਸਿੰਘ ਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਸਿੱਖ ਕੌਮ ਨੂੰ ਸੱਦਾ ਦਿੱਤਾ ਗਿਆ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਤੋਂ ਭਗੌੜਿਆਂ ਦਾ ਵਿਰੋਧ ਕੀਤਾ ਜਾਵੇ। ਇੰਗਲੈਂਡ ਵਿੱਚ ਸਿੱਖ ਸੰਗਤਾਂ ਇਹਨਾਂ ਦਾ ਜਬਰਦਸਤ ਵਿਰੋਧ ਕਰਨਗੀਆ। ਸਮੂਹ ਸਿੱਖ ਜਥੇਬੰਦੀਆਂ ਸਿੱਖ ਫੈਡਰੇਸ਼ਨ ਯੂ,ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਬ੍ਰਿਟਿਸ਼ ਸਿੱਖ ਕੌਂਸਲ ਦੇ ਭਾਈ ਤਰਸੇਮ ਸਿੰਘ ਦਿਓਲ, ਧਰਮਯੁੱਧ ਜਥਾ ਦਮਦਮੀ ਟਕਸਾਲ ਟਿਵੀਡੇਲ ਯੂ,ਕੇ ਦੇ ਭਾਈ ਚਰਨ ਸਿੰਘ, ਸ਼੍ਰੋਮਣੀ ਅਕਾਲੀ ਦਲ ਯੂ,ਕੇ ਦੇ ਭਾਈ ਗੁਰਦੇਵ ਸਿੰਘ ਚੋਹਾਨ, ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ,ਕੇ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਖਾਲਿਸਤਾਨ ਜਲਾਵਤਨ ਸਰਕਾਰ ਦੇ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ,ਕੇ ਦੇ ਭਾਈ ਜਸਪਾਲ ਸਿੰਘ ਬੈਂਸ ਅਤੇ ਬੱਬਰ ਅਕਾਲੀ ਆਰਗੇਨਾਈਜਸ਼ਨ ਯੂ,ਕੇ ਦੇ ਭਾਈ ਹਰਵਿੰਦਰ ਸਿੰਘ ਵਲੋਂ ਮਹਿਸੂਸ ਕੀਤਾ ਗਿਆ ਕਿ ਹੁਣ ਨਵੇਂ ਜਥੇਦਾਰਾਂ ਰਾਹੀਂ ਦੋ ਦਸੰਬਰ 2024 ਦੇ ਫੈਂਸਲੇ ਰੱਦ ਕਰਵਾਏ ਜਾਣਗੇ।

ਖਾਸ ਕਰਕੇ ਪ੍ਰਕਾਸ਼ ਸਿੰਘ ਬਾਦਲ ਤੋਂ ਵਾਪਸ ਲਿਆ ਗਿਆ ਫਖਰੇ ਕੌਮ ਦਾ ਖਿਤਾਬ ਦੁਬਾਰਾ ਬਹਾਲ ਕਰਵਾਇਆ ਜਾਵੇਗਾ। ਜਿਸ ਨੂੰ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ।

## ਇੰਗਲੈਂਡ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਜੱਥੇਦਾਰ ਸਾਹਿਬਾਨਾਂ ਨੂੰ ਅਹੁਦੇ ਤੋਂ ਹਟਾਉਣ ਦਾ ਵਿਰੋਧ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਜੱਥੇਦਾਰ ਸਾਹਿਬਾਨਾਂ ਨੂੰ ਅਹੁਦੇ ਤੋਂ ਹਟਾਉਣ ਦਾ ਵਿਰੋਧ ਕੀਤਾ ਗਿਆ ਹੈ। ਪ੍ਰੈੱਸ ਦੇ ਨਾਮ ਜਾਰੀ ਬਿਆਨ ਵਿੱਚ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਭਾਈ ਕੁਲਦੀਪ ਸਿੰਘ ਦਿਓਲ, ਗੁਰਦੁਆਰਾ ਬਾਬਾ ਸੰਗ ਬ੍ਰਮਿੰਘਮ ਭਾਈ ਰਘਬੀਰ ਸਿੰਘ ਬੀਰਾ, ਗੁਰੂ ਤੇਗ਼ ਬਹਾਦਰ ਗੁਰਦੁਆਰਾ ਲੈਸਟਰ ਦੇ ਭਾਈ ਸ ਗੁਰਨਾਮ ਸਿੰਘ ਨਵਾਂਸ਼ਹਿਰ, ਗੁਰੂ ਹਰਿ ਰਾਏ ਸਾਹਿਬ ਬੈਸਟ ਬ੍ਰਾਮਿਚ ਦੇ ਭਾਈ ਦਿਆ ਸਿੰਘ, ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਦੇ ਭਾਈ ਅਜੈਬ ਸਿੰਘ ਚੀਮਾ ਆਦਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਆ ਫੈਸਲਾ ਬਹੁਤ ਹੀ ਨਿੰਦਣਯੋਗ ਹੈ। ਅਤੇ ਉਨ੍ਹਾਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਜਥੇਦਾਰ ਵਜੋਂ ਮੰਨਣ ਤੋਂ ਇਨਕਾਰ ਕੀਤਾ ਹੈ।**

ਭਾਈ ਰਾਜ ਮਨਵਿੰਦਰ ਸਿੰਘ ਨੇ ਦੱਸਿਆ ਕਿ ਇੰਗਲੈਂਡ ਦੀਆਂ ਪੰਥਕ ਸਫਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸਾਂਝੇ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਲ ਹੀ ਵਿੱਚ ਕੀਤੇ ਫੈਸਲਿਆ ਦਾ ਵਿਰੋਧ ਕਰਦਿਆਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਉੱਤੇ ਜਿਹੜੇ ਦੋਸ਼ ਲਗਾਏ ਗਏ ਹਨ ਉਹਨਾਂ ਨੂੰ ਝੂਠੇ ਅਤੇ ਬੇਬੁਨਿਆਦ ਦੱਸਿਆ। ਉਨ੍ਹਾਂ ਕਿਹਾ ਕਿ ਇਹ ਸਾਰਾ ਮਾਮਲਾ ਬਾਦਲ ਪਰਿਵਾਰ ਨੂੰ ਖੁਸ਼ ਕਰਨ ਵਾਸਤੇ ਕੀਤਾ ਗਿਆ।

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੁੱਖ ਸੇਵਾਦਾਰਾਂ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਨੂੰ ਢਾਹ ਲਾਉਣ ਵਾਲਿਆਂ ਦਾ ਮੁਕੰਮਲ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਜੇ ਕੋਈ ਵੀ ਸੰਸਥਾ ਸਾਂਝ ਰੱਖਦੀ ਉਸ ਦਾ ਵੀ ਪੰਥ ਮੁਕੰਮਲ ਬਾਈਕਾਟ ਕਰੇ ਤਾਂ ਜੋ ਅੱਗੇ ਤੋ ਇਹ ਲੋਕ ਸ਼੍ਰੀ ਅਕਾਲ ਤਖਤ ਸਾਹਿਬ ਨਾਲ ਮੱਥਾ ਲਾਉਣ ਦਾਂ ਹੀਆ ਨਾ ਕਰ ਸਕਣ। ਪੰਜਾਬ ਦੀਆਂ ਸਮੁੱਚੀਆ ਜਥੇਬੰਦੀਆਂ ਨੂੰ ਵੀ ਪੰਥਕ ਹਿੱਤਾ ਨੂੰ ਮੁੱਖ ਰੱਖਦਿਆਂ ਨਵੇਂ ਲਗਾਏ ਜਥੇਦਾਰਾਂ ਦਾ ਡਟ ਕੇ ਵਿਰੋਧ ਕਰਨ ਦੀ ਅਪੀਲ ਕੀਤੀ।

## ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਪੰਥ ਵਿਰੋਧੀ ਤਾਕਤਾਂ ਕਰ ਰਹੀਆਂ ਹਨ ਵਿਓਂਤਬੰਦ ਹਮਲੇ: ਸਰਨਾ

**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਪਿਛਲੇ ਲੰਮੇ ਸਮੇਂ ਤੋਂ ਜੋ ਹਾਲਾਤ ਕੌਮ ਅੰਦਰ ਬਣੇ ਹੋਏ ਹਨ। ਜਿਸ ਤਰ੍ਹਾਂ ਦੀ ਦੁਬਿਧਾ ਛਾਈ ਹੋਈ ਸੀ । ਉਸਨੂੰ ਖਤਮ ਕਰਦੇ ਹੋਏ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਦਾ ਫੈਸਲਾ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਇਹ ਬਿਨਾ ਸ਼ੱਕ ਸ਼ਲਾਘਾਯੋਗ ਤੇ ਸਮੇਂ ਸਿਰ ਲਿਆ ਗਿਆ ਸਹੀ ਫੈਸਲਾ ਹੈ । ਉਨ੍ਹਾਂ ਕਿਹਾ ਕਿ ਅਸੀ ਸਾਰੇ ਜਾਣਦੇ ਹਾਂ ਕਿ ਇਸ ਵੇਲੇ ਸਿੱਖ ਕੌਮ ਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਨਿਰੰਤਰ ਪੰਥ ਵਿਰੋਧੀ ਤਾਕਤਾਂ ਵੱਲੋਂ ਵਿਓਂਤਬੰਦ ਤਰੀਕੇ ਨਾਲ ਹਮਲੇ ਕੀਤੇ ਜਾ ਰਹੇ ਹਨ। ਇਹਨਾਂ ਹਮਲਿਆਂ ਦੇ ਟਾਕਰਿਆਂ ਲਈ ਕੌਮ ਨੂੰ ਸਿੰਘ ਸਾਹਿਬਾਨਾਂ ਨੂੰ ਸੁਯੋਗ ਅਗਵਾਈ ਦੀ ਉਮੀਦ ਕੌਮ ਕਰ ਰਹੀ ਸੀ ਤੇ ਜੋ ਇਹ ਫੈਸਲਾ ਹੋਇਆ ਹੈ ਇਸਦੇ ਨਾਲ ਸਾਨੂੰ ਆਸ ਹੈ ਕਿ ਕੌਮ ਨੂੰ ਹਾਲਤਾਂ ਦੇ ਟਾਕਰੇ ਲਈ ਸੁਚੱਜੀ ਅਗਵਾਈ ਮਿਲੇਗੀ ।ਉਨ੍ਹਾਂ ਕਿਹਾ ਕਿ ਇਹ ਹੋਰ ਵੀ ਚੰਗੀ ਗੱਲ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਹੋਏ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਸਿੱਖ ਕੌਮ ਦੇ ਉੱਦਮੀ ਪ੍ਰਚਾਰਕ ਜੋ ਪਹਿਲਾਂ ਤੋਂ ਹੀ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਕਥਾ ਵਿਚਾਰ ਨਾਲ ਸੰਗਤ ਨੂੰ ਗੁਰੂ ਸਾਹਿਬ ਨਾਲ ਜੋੜ ਰਹੇ ਹਨ ਤੇ ਹੁਣ ਕੌਮ ਦੀ ਸਨਮਾਨਯੋਗ ਪਦਵੀ ਤੇ ਹੁੰਦਿਆਂ ਉਹ ਹੋਰ ਬਿਹਤਰ ਤਰੀਕੇ ਨਾਲ ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕਰਨਗੇ ਤੇ ਧਰਮ ਪ੍ਰਚਾਰ ਚ ਆਈ ਖੜੋਤ ਨੂੰ ਆਪ ਅੱਗੇ ਹੋ ਕੇ ਤੋੜਨਗੇ ।**

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ ‘ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ ‘ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

# ਲੰਡਨ ਵਿੱਚ ਖਾਲਿਸਤਾਨ ਪੱਖੀ ਕੱਟੜਪੰਥੀਆਂ ਨੇ ਵਿਦੇਸ਼ ਮੰਤਰੀ ਦੇ ਕਾਫਲੇ ਨੂੰ ਬਣਾਇਆ ਨਿਸ਼ਾਨਾ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਕਾਰ ਸਾਹਮਣੇ ਤਿਰੰਗਾ ਪਾੜ ਕੇ ਖਾਲਿਸਤਾਨੀ ਨਾਅਰੇ ਲਾਏ

*ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) - ਲੰਡਨ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਯੂ ਕੇ ਫੇਰੀ ਮੌਕੇ ਖਾਲਿਸਤਾਨੀ ਕਾਰਕੁਨਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ ਅਤੇ ਖਾਲਿਸਤਾਨੀ ਝੰਡੇ ਲਹਿਰਾਏ ਗਏ। ਖਾਲਿਸਤਾਨ ਪੱਖੀ ਨਾਅਰੇ ਲਗਾ ਰਹੇ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨਾਲ ਸਬੰਧਤ ਇੱਕ ਵਿਅਕਤੀ ਨੇ ਸੁਰੱਖਿਆ ਘੇਰਾ ਤੋੜ ਕੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਕਾਰ ਨੂੰ ਉਸ ਵੇਲੇ ਰੋਕਣ ਦੀ ਕੋਸ਼ਿਸ਼ ਕੀਤੀ ਜਦੋਂ ਉਹ ਥਿੰਕ ਟੈਂਕ 'ਚੈਥਮ ਹਾਊਸ' ਦੇ ਮੁੱਖ ਦਫਤਰ ਤੋਂ ਬਾਹਰ ਆ ਰਹੇ ਸਨ।*



ਚੈਥਮ ਹਾਊਸ ਦੇ ਬਾਹਰ ਪਰਦਰਸ਼ਨ ਕਰਦੇ ਹੋਏ ਖਾਲਿਸਤਾਨੀ ਸਮਰਥਕ

ਖਾਲਿਸਤਾਨੀ ਝੰਡੇ ਲਹਿਰਾ ਰਹੇ ਸਮੂਹਾਂ ਨੂੰ ਰੋਕਣ ਲਈ ਬੁੱਧਵਾਰ ਰਾਤ ਨੂੰ ਭਾਵੇਂ ਬੈਰੀਕੇਡ ਲਗਾਏ ਗਏ ਸਨ ਅਤੇ ਉਨ੍ਹਾਂ 'ਤੇ ਨਜ਼ਰ ਰੱਖਣ ਲਈ ਵੱਡੀ ਗਿਣਤੀ ਵਿੱਚ ਪੁਲਿਸ ਕਰਮਚਾਰੀ ਮੌਜੂਦ ਸਨ। ਫਿਰ ਇੱਕ ਵਿਅਕਤੀ ਨੇ ਭਾਰਤੀ ਝੰਡਾ ਫੜਿਆ ਹੋਇਆ ਸੀ, ਜਿਸਨੇ ਬੈਰੀਕੇਡ ਪਾਰ ਕਰਕੇ ਵਿਦੇਸ਼ ਮੰਤਰੀ ਦੀ ਕਾਰ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਅਧਿਕਾਰੀ ਉਸਨੂੰ ਫੜਨ ਲਈ ਭੱਜੇ।

ਉਸਨੂੰ ਤੁਰੰਤ ਮੈਟਰੋਪੋਲੀਟਨ ਪੁਲਿਸ ਅਧਿਕਾਰੀਆਂ ਇੱਕ ਪਾਸੇ ਲੈ ਗਏ। ਇਸ ਮਾਮਲੇ ਵਿੱਚ ਅਜੇ ਤੱਕ ਕਿਸੇ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਕੋਈ ਜਾਣਕਾਰੀ ਨਹੀਂ ਹੈ। ਕਮਿਊਨਿਟੀ ਆਰਗੇਨਾਈਜ਼ੇਸ਼ਨ ਇਨਸਾਈਟ ਯੂ ਕੇ ਨੇ ਘਟਨਾ ਦੀ ਫੁਟੇਜ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਅਤੇ ਕਿਹਾ, "ਇਹ ਸ਼ਰਮਨਾਕ ਹੈ ਕਿ ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਡਾ. ਐਸ ਜੈਸ਼ੰਕਰ ਯੂ ਕੇ ਦੇ ਦੌਰੇ 'ਤੇ ਹਨ ਅਤੇ ਯੂ ਕੇ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਸਫਲ ਮੁਲਾਕਾਤ ਕੀਤੀ ਜਿੱਥੇ ਉਨ੍ਹਾਂ ਨੇ ਦੁਵੱਲੇ ਸਬੰਧਾਂ 'ਤੇ ਚਰਚਾ ਕੀਤੀ।"

ਚੈਥਮ ਹਾਊਸ ਵਿਖੇ ਇੱਕ ਸੈਸ਼ਨ ਦੌਰਾਨ, ਵਿਦੇਸ਼ ਮੰਤਰੀ ਨੂੰ ਭਾਰਤ ਨਾਲ ਸਬੰਧਤ ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ ਬਾਰੇ ਸਵਾਲ ਕੀਤਾ ਗਿਆ ਸੀ, ਜਿਸ 'ਤੇ ਜੈਸ਼ੰਕਰ ਨੇ ਕਿਹਾ, "ਇਸ ਵਿੱਚੋਂ ਬਹੁਤ ਸਾਰਾ ਸਿਆਸੀ ਹੈ। ਸਾਨੂੰ ਕਈ ਮਨੁੱਖੀ ਅਧਿਕਾਰ ਮੁਹਿੰਮਾਂ ਅਤੇ ਪ੍ਰਗਟਾਵੇ ਰਾਹੀਂ ਰਾਜਨੀਤਿਕ ਕਾਰਨਾਂ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ। ਅਸੀਂ ਇਹ ਸੁਣਦੇ ਹਾਂ। ਅਸੀਂ ਸੰਪੂਰਨ ਨਹੀਂ ਹਾਂ, ਕੋਈ ਵੀ ਸੰਪੂਰਨ ਨਹੀਂ ਹੈ। ਕੁਝ ਹਾਲਾਤ ਅਜਿਹੇ ਹੋ ਸਕਦੇ ਹਨ ਜਿਨ੍ਹਾਂ ਲਈ ਕਾਰਵਾਈ ਦੀ ਲੋੜ ਹੁੰਦੀ ਹੈ।"

ਪਰ ਮੈਂ ਅਸਲ ਵਿੱਚ ਇਹ ਦਲੀਲ ਦੇਵਾਂਗਾ ਕਿ ਜੇ ਤੁਸੀਂ ਦੁਨੀਆ ਵੱਲ ਦੇਖੋ, ਤਾਂ ਮਨੁੱਖੀ ਅਧਿਕਾਰਾਂ ਬਾਰੇ ਸਾਡਾ ਰਿਕਾਰਡ ਬਹੁਤ ਵਧੀਆ ਹੈ।

ਉਨ੍ਹਾਂ ਕਿਹਾ, "ਇੱਕ ਭਰੋਸੇਯੋਗ ਲੋਕਤੰਤਰ ਦੇ ਰੂਪ ਵਿੱਚ, ਜਿੱਥੇ ਲੋਕਾਂ ਦਾ ਸਾਡੇ ਲੋਕਤੰਤਰ ਵਿੱਚ ਵਿਸ਼ਵਾਸ ਵਧ ਰਿਹਾ ਹੈ, ਜਿੱਥੇ ਪਿਛਲੇ ਕਈ ਦਹਾਕਿਆਂ ਤੋਂ ਪ੍ਰਤੀਨਿਧਤਾ ਹਰ ਸੰਭਵ ਤਰੀਕੇ ਨਾਲ ਫੈਲੀ ਹੈ, ਜਿੱਥੇ ਸਰਕਾਰ ਆਪਣੇ ਨਾਗਰਿਕਾਂ ਨਾਲ ਆਪਣੇ ਵਿਵਹਾਰ ਵਿੱਚ ਬਹੁਤ ਨਿਰਪੱਖ ਰਹੀ ਹੈ, ਮੈਨੂੰ ਲੱਗਦਾ ਹੈ ਕਿ ਮਨੁੱਖੀ ਅਧਿਕਾਰਾਂ ਬਾਰੇ ਕੋਈ ਵੀ ਚਿੰਤਾ ਗੈਰ-ਵਾਜਬ ਹੈ।" ਮੈਨੂੰ ਇਸਦਾ ਕੋਈ ਤਰਕ ਨਹੀਂ ਦਿਖਦਾ।"

ਭਾਰਤ ਨੇ ਕੱਟੜਪੰਥੀਆਂ ਦੀਆਂ ਭੜਕਾਊ ਗਤੀਵਿਧੀਆਂ ਦੀ ਨਿੰਦਾ ਕੀਤੀ ਹੈ। ਭਾਰਤ ਨੇ ਉਕਤ ਮਾਮਲੇ ਸਬੰਧੀ ਯੂ ਕੇ ਸਰਕਾਰ ਕੋਲ ਸਖ਼ਤ ਇਤਰਾਜ਼ ਜਤਾਇਆ ਹੈ।

# ਵੋਇਸ ਆਫ ਵੂਮੈਨ ਵੱਲੋਂ ਸਾਊਥਾਲ ਵਿਖੇ ਮਹਿਲਾ ਦਿਵਸ ਮਨਾਇਆ ਗਿਆ



ਸਾਊਥਾਲ ਵਿਖੇ ਮਹਿਲਾ ਦਿਵਸ ਮੌਕੇ ਇਕੱਤਰ ਬੀਬੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਿਲਾਵਾਂ ਅਤੇ ਭਾਈਚਾਰੇ ਲਈ ਕੰਮ ਕਰਨ ਵਾਲੀ ਸਮਾਜ ਸੇਵੀ ਸੰਸਥਾ ਵੋਇਸ ਆਫ ਵੂਮੈਨ ਵੱਲੋਂ ਸਾਊਥਾਲ ਵਿਖੇ ਮਹਿਲਾ ਦਿਵਸ ਮਨਾਇਆ ਗਿਆ। ਜਿਸ ਵਿੱਚ ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ, ਐਮ ਪੀ ਡੀੜ੍ਰੇ ਕੌਸਟਗਨ, ਕੌਂਸਲਰ ਜਸਬੀਰ ਕੌਰ ਆਨੰਦ, ਅਮਰਜੀਤ ਕੌਰ ਜੰਮੂ ਕੌਂਸਲਰ, ਚੇਅਰਪਰਸਨ ਸੁਰਿੰਦਰ ਕੌਰ ਕੈਂਥ ਨੇ ਸੰਬੋਧਨ ਕਰਦਿਆਂ ਵਿਸ਼ਵ ਭਰ ਔਰਤਾਂ ਦੇ ਯੋਗਦਾਨ, ਔਰਤਾਂ ਦੇ ਅਧਿਕਾਰਾਂ ਅਤੇ ਸ਼ਕਤੀਕਰਨ ਤੇ ਵਿਚਾਰ ਚਰਚਾ ਕੀਤੀ। ਉਹਨਾਂ ਕਿਹਾ ਕਿ ਅੱਜ ਹਰ ਖੇਤਰ ਵਿੱਚ ਔਰਤਾਂ ਨਾਮਣਾ ਖੱਟ ਰਹੀਆਂ ਹਨ। ਪਰ ਫਿਰ ਵੀ ਸਾਨੂੰ ਸਾਡੇ ਹੱਕਾਂ ਅਤੇ ਰੱਖਿਆ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜਿਸ ਲਈ ਮਹਿਲਾਵਾਂ ਨੂੰ ਚੰਗੇ ਸਮਾਜ ਦੀ ਸਿਰਜਣਾ ਲਈ ਅੱਗੇ ਆਉਣ ਅਤੇ ਜਾਗਰੂਕ ਕਰਨ ਦੀ ਲੋੜ ਹੈ। ਇਸ ਮੌਕੇ ਗੁਰਮੇਲ ਕੌਰ ਸੰਘਾ, ਕੁਲਵੰਤ ਕੌਰ ਢਿੱਲੋਂ, ਮਨਜੀਤ ਪੱਡਾ, ਸ਼ਗੁਫਤਾ ਗਿੰਮੀ, ਅਵਤਾਰ ਚਾਨਾ, ਨਰਿੰਦਰ ਖੋਸਾ, ਬੰਤੀ ਬਾਂਸਲ, ਲਖਿੰਦਰਪਾਲ ਸਰਾਂ, ਆਸ਼ਾ ਮੋਹਿਲ, ਸ਼ਿੰਦੀ, ਨਰਿੰਦਰ ਅਰੋੜਾ, ਸੀਮਾ ਚੱਡਾ, ਸੁਰਿੰਦਰ ਢੱਡੇ, ਹਰਫੂਲ ਦੇਵੀ, ਹਰਬੰਸ ਗਿੱਲ, ਸੰਤੋਸ਼ ਸ਼ੂਰ, ਸਤਵਿੰਦਰ ਮਾਨ, ਮੀਨਾ ਮੋਹਿਲ, ਗੁਰਮਿੰਦਰ ਰੰਧਾਵਾ ਆਦਿ ਹਾਜ਼ਰ ਸਨ।

# 30 ਦਿਨ ਦੇ ਅੰਦਰ ਮਿਲੇਗਾ ਕੈਨੇਡੀਅਨ ਪਾਸਪੋਰਟ

ਟੋਰਾਂਟੋ : 30 ਦਿਨ ਦੇ ਅੰਦਰ ਕੈਨੇਡੀਅਨ ਪਾਸਪੋਰਟ ਨਾ ਮਿਲਿਆ ਤਾਂ ਸਾਰੀ ਫ਼ੀਸ ਮੁਆਫ਼ ਅਤੇ ਸਰਵਿਸ ਕੈਨੇਡਾ ਮੁਫ਼ਤ ਪਾਸਪੋਰਟ ਦੇਣ ਦਾ ਪਾਬੰਦ ਹੋਵੇਗਾ। ਜੀ ਹਾਂ, ਪਾਸਪੋਰਟ ਨਵਿਆਉਣ ਦੇ ਇੱਛਕ ਲੋਕਾਂ ਨੂੰ ਤੇਜ਼-ਤਰਾਰ ਸੇਵਾ ਦੀ ਨਵੀਂ ਗਾਰੰਟੀ ਦਿੰਦਿਆਂ ਸਰਵਿਸ ਕੈਨੇਡਾ ਵੱਲੋਂ ਉਡੀਕ ਸਮਾਂ ਘਟਾਉਣ ਦਾ ਯਤਨ ਕੀਤਾ ਗਿਆ ਹੈ। 30 ਦਿਨ ਵਾਲੀ ਸ਼ਰਤ ਪਾਸਪੋਰਟ ਦੀਆਂ ਆਨਲਾਈਨ ਅਰਜ਼ੀਆਂ, ਡਾਕ ਰਾਹੀਂ ਭੇਜੀਆਂ ਅਰਜ਼ੀਆਂ ਜਾਂ ਸਰਵਿਸ ਕੈਨੇਡਾ ਦੇ ਦਫ਼ਤਰ ਵਿਚ ਜਾ ਕੇ ਦਾਖ਼ਲ ਕੀਤੀਆਂ ਅਰਜ਼ੀਆਂ ਫ਼ਰਸਤੋਤੇ ਲਾਗੂ ਹੋਵੇਗੀ। ਡਾਕ ਰਾਹੀਂ ਭੇਜੀਆਂ ਅਰਜ਼ੀਆਂ ਦੇ ਮਾਮਲੇ ਵਿਚ ਰਾਹ ਵਿਚ ਲੱਗਣ ਵਾਲਾ ਸਮਾਂ ਨਹੀਂ ਗਿਣਿਆ ਜਾਵੇਗਾ। ਨਾਗਰਿਕ ਸੇਵਾਵਾਂ ਬਾਰੇ ਮੰਤਰੀ ਟੈਰੀ ਬੀਚ ਨੇ ਦੱਸਿਆ ਕਿ ਸਿਰਫ਼ ਪਾਸਪੋਰਟ ਦਾ ਉਡੀਕ ਸਮਾਂ ਨਹੀਂ ਘਟਾਇਆ ਜਾ ਰਿਹਾ ਸਗੋਂ ਫੈਡਰਲ ਸਰਕਾਰ ਵੱਲੋਂ ਦਿਤੇ ਜਾਣ ਵਾਲੇ ਆਰਥਿਕ ਲਾਭ ਅਤੇ ਸੋਸ਼ਲ ਇੰਸ਼ੋਰੈਂਸ ਨੰਬਰ ਦੇ ਮਾਮਲੇ ਵਿਚ ਵੀ ਪ੍ਰੋਸੈਸਿੰਗ ਦਾ ਕੰਮ ਤੇਜ਼ ਕੀਤਾ ਗਿਆ ਹੈ।

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95
1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME....................................................
ADDRESS....................................................
....................................................POST CODE....................................
TEL....................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

# ਪੰਜਾਬ ਵਿੱਚ ਮੁਸਲਮਾਨਾਂ ਦੀ ਵੱਧਣ ਲੱਗੀ ਗਿਣਤੀ

**ਕਵਰ ਸਟੋਰੀ**

## ✪ ਯੂਪੀ, ਬਿਹਾਰ ਅਤੇ ਬੰਗਾਲ ਤੋਂ ਮੁਸਲਮਾਨ ਪੰਜਾਬ ਵਿਚ ਵਸਣ ਲੱਗੇ, ਸੂਬੇ ਵਿੱਚ ਨਵੀਆਂ ਮਸਜਿਦਾਂ ਉੱਭਰੀਆਂ ✪ ਪਿਛਲੇ ਪੰਜ ਸਾਲਾਂ ਵਿੱਚ 165 ਖੰਡਹਰ ਬਣੀਆਂ ਮਸਜਿਦਾਂ ਦਾ ਪੁਨਰ ਨਿਰਮਾਣ ਹੋਇਆ





ਪੰਜਾਬ ਦੇ ਬਖਤਗੜ੍ਹ ਪਿੰਡ ਵਿੱਚ ਮਸਜਿਦ ਉਮਰ ਬਿਨ ਖਤਾਬ ਨੂੰ ਬਣਾਉਣ ਵਿੱਚ ਇੱਕ ਸਾਲ ਦਾ ਸਮਾਂ ਲਗਿਆ, ਬਾਰਾਂ ਲੱਖ ਰੁਪਏ ਤੋਂ ਵੱਧ ਦੀ ਲਾਗਤ ਆਈ। ਨੀਲਿਆਂ ਅਤੇ ਗੁਲਾਬੀ ਧਾਰੀਆਂ ਨਾਲ ਸਜੀਆਂ ਚਿੱਟੀਆਂ ਮੀਨਾਰਾਂ ਵਾਲੀ ਇਹ ਚਮਕਦੀ ਨਵੀਂ ਮਸਜਿਦ ਨਾ ਸਿਰਫ਼ ਪਿੰਡ ਦੇ 15 ਮੁਸਲਿਮ ਪਰਿਵਾਰਾਂ ਲਈ, ਸਗੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਏ ਨਵੇਂ ਮੁਸਲਿਮ ਪ੍ਰਵਾਸੀ ਮਜ਼ਦੂਰਾਂ ਲਈ ਵੀ ਇੱਕ ਅਧਿਆਤਮਿਕ ਸਥਾਨ ਬਣ ਗਈ ਹੈ।

ਪੰਜਾਬ ਦੀ ਆਬਾਦੀ ਬਣਤਰ ਹੌਲੀ-ਹੌਲੀ ਬਦਲ ਰਹੀ ਹੈ ਅਤੇ ਇਸਦੇ ਨਾਲ ਹੀ, ਪੰਜਾਬ ਦੀ ਸਥਿਤੀ ਵੀ। ਇਹ ਰੁਝਾਨ 2022 ਵਿੱਚ ਸ਼ੁਰੂ ਹੋਇਆ ਸੀ ਜਦੋਂ ਇੱਕ ਸਿੱਖ ਨਿਵਾਸੀ ਅਮਨਦੀਪ ਸਿੰਘ ਨੇ ਬਖਤਗੜ੍ਹ ਦੇ ਮੁਸਲਮਾਨਾਂ ਨੂੰ ਉਨ੍ਹਾਂ ਦੀ ਪੂਜਾ ਦੀ ਜ਼ਰੂਰਤ ਨੂੰ ਸਮਝਦੇ ਹੋਏ ਅੱਠ ਮਰਲੇ ਜ਼ਮੀਨ ਦਾਨ ਕੀਤੀ। ਅਮਨਦੀਪ ਸਿੰਘ ਦਾ ਕਹਿਣਾ ਹੈ ਕਿ ਮੇਰਾ ਇੱਕੋ ਇੱਕ ਪੁੱਤਰ ਹੈ ਜੋ ਕੈਨੇਡਾ ਵਿੱਚ ਸੈਟਲ ਹੋ ਗਿਆ ਹੈ। ਮੈਂ ਸੋਚਿਆ ਕਿ ਇਸਨੂੰ ਦਾਨ ਕਰਨਾ ਇੱਕ ਚੰਗੀ ਗੱਲ ਹੋਵੇਗੀ ਅਤੇ ਸਮਾਜ ਵਿੱਚ ਏਕਤਾ ਬਣਾਈ ਰੱਖਣ ਵਿੱਚ ਮਦਦ ਕਰੇਗੀ।

ਮਸਜਿਦ ਦੇ ਮੌਲਵੀ ਮੁਹੰਮਦ ਨਿਜ਼ਾਮੁਦੀਨ ਨੇ ਕਿਹਾ ਕਿ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਘੱਟੋ-ਘੱਟ ਚਾਰ ਹੋਰ ਮਸਜਿਦਾਂ ਦੀ ਉਸਾਰੀ ਚੱਲ ਰਹੀ ਹੈ। ਪਹਿਲਾਂ, ਪਿੰਡ ਦੇ ਮੁਸਲਿਮ ਨਿਵਾਸੀਆਂ ਨੂੰ ਨਮਾਜ਼ ਪੜ੍ਹਨ ਲਈ ਚਾਰ ਕਿਲੋਮੀਟਰ ਦੂਰ ਦੂਜੇ ਪਿੰਡ ਜਾਣਾ ਪੈਂਦਾ ਸੀ। ਇਹ ਮਸਜਿਦ ਪਿੰਡ ਦੇ ਮੁਸਲਮਾਨਾਂ, ਹੋਰ ਧਾਰਮਿਕ ਭਾਈਚਾਰਿਆਂ ਦੇ ਵਸਨੀਕਾਂ ਅਤੇ ਪੰਜਾਬ ਤੋਂ ਬਾਹਰਲੇ ਮੁਸਲਮਾਨਾਂ ਦੇ ਸਮੂਹਿਕ ਯਤਨਾਂ ਦੁਆਰਾ ਬਣਾਈ ਗਈ ਸੀ। ਮੋਤੀ ਖਾਨ, ਇੱਕ ਸਥਾਨਕ ਪਸ਼ੂ ਚਿਕਿਤਸਕ, ਹਨ, ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੇ ਮੁਸਲਿਮ ਪਰਿਵਾਰਾਂ ਨੇ ਮਸਜਿਦ ਦੇ ਨਿਰਮਾਣ ਲਈ ਲਗਭਗ 6 ਲੱਖ ਰੁਪਏ ਦਾ ਯੋਗਦਾਨ ਪਾਇਆ ਸੀ। ਹੁਣ ਪੰਜਾਬ ਭਰ ਵਿੱਚ, ਖੇਤਾਂ ਤੋਂ ਲੈ ਕੇ ਲੁਧਿਆਣਾ ਦੇ ਉਦਯੋਗਿਕ ਉਪਨਗਰਾਂ ਤੱਕ, ਵੰਡ ਤੋਂ ਪਹਿਲਾਂ ਦੀਆਂ ਮਸਜਿਦਾਂ ਨੂੰ ਮੁੜ ਸੁਰਜੀਤ ਕਰਨ ਜਾਂ ਨਵੀਆਂ ਬਣਾਉਣ ਦੇ ਯਤਨ ਜਾਰੀ ਹਨ। ਜਮਾਤ-ਏ-ਇਸਲਾਮੀ ਹਿੰਦ ਦੀ ਸੂਬਾ ਇਕਾਈ ਦੇ ਇੱਕ ਪ੍ਰਤੀਨਿਧੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ 165 ਅਜਿਹੀਆਂ ਮਸਜਿਦਾਂ ਬਣਾਈਆਂ ਗਈਆਂ ਹਨ ਜਾਂ ਉਨ੍ਹਾਂ ਦਾ ਪੁਨਰ ਨਿਰਮਾਣ ਕੀਤਾ ਗਿਆ ਹੈ। ਇਨ੍ਹਾਂ ਮੁਸਲਮ ਪ੍ਰਵਾਸੀ ਮਜ਼ਦੂਰਾਂ ਨੇ ਹੁਣ ਹੌਲੀ-ਹੌਲੀ ਇੱਥੇ ਆਪਣੀਆਂ ਜੜ੍ਹਾਂ ਜਮਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਬਖਤਗੜ੍ਹ ਤੋਂ ਦੋ ਕਿਲੋਮੀਟਰ ਦੂਰ ਭੋਤਨਾ ਪਿੰਡ ਵਿੱਚ, 1947 ਤੋਂ ਪਹਿਲਾਂ ਬਣੀ ਇੱਕ ਪੁਰਾਣੀ ਮਸਜਿਦ ਨੂੰ ਦੁਬਾਰਾ ਬਣਾਇਆ ਜਾ ਰਿਹਾ ਹੈ।

2020 ਵਿੱਚ, ਬਰਨਾਲਾ ਜ਼ਿਲ੍ਹੇ ਦੇ ਮੂਮ ਪਿੰਡ ਦੇ ਹਿੰਦੂ, ਸਿੱਖ ਅਤੇ ਮੁਸਲਿਮ ਨਿਵਾਸੀਆਂ ਨੇ ਮਿਲ ਕੇ 'ਅਮਨ ਮਸਜਿਦ' ਬਣਾਉਣ ਲਈ 12 ਲੱਖ ਰੁਪਏ ਇਕੱਠੇ ਕੀਤੇ। ਹਾਲ ਹੀ ਵਿੱਚ, ਮਾਰਚ 2023 ਵਿੱਚ, ਬਰਨਾਲਾ ਜ਼ਿਲ੍ਹੇ ਦੇ ਕੁਤਬਾ ਬਾਹਮਣੀਆ ਪਿੰਡ ਵਿੱਚ ਪਹਿਲੀ ਮਸਜਿਦ ਦੁਬਾਰਾ ਬਣਾਈ ਗਈ ਸੀ, ਕਿਉਂਕਿ ਪੁਰਾਣੀ ਮਸਜਿਦ 1947 ਤੋਂ ਬਾਅਦ ਖਰਾਬ ਹੋ ਗਈ ਸੀ।

2021 ਵਿੱਚ, ਭੱਲੂਰ ਪਿੰਡ ਦੇ ਸਰਪੰਚ ਪਾਲਾ ਸਿੰਘ ਨੇ ਵੰਡ ਤੋਂ ਪਹਿਲਾਂ ਦੀ ਇੱਕ ਮਸਜਿਦ ਨੂੰ ਬਹਾਲ ਕਰਨ ਦੀ ਪਹਿਲ ਕੀਤੀ ਸੀ।ਸਿੰਘ ਅਨੁਸਾਰ ਉਸ ਸਮੇਂ ਮੀਡੀਆ ਨੂੰ ਦੱਸਿਆ ਸੀ, "ਵੰਡ ਤੋਂ ਬਾਅਦ, ਜ਼ਿਆਦਾਤਰ ਮੁਸਲਿਮ ਪਰਿਵਾਰ ਪਾਕਿਸਤਾਨ ਚਲੇ ਗਏ ਸਨ ਅਤੇ ਮਸਜਿਦ ਖੰਡਰ ਬਣ ਗਈ ਸੀ। ਹੁਣ ਉਸੇ ਜ਼ਮੀਨ 'ਤੇ ਇੱਕ ਨਵੀਂ ਮਸਜਿਦ ਬਣਾਈ ਜਾਵੇਗੀ।"

ਜਨਵਰੀ 2024 ਵਿੱਚ, ਮਲੇਰਕੋਟਲਾ ਦੇ ਉਮਰਪੁਰਾ ਪਿੰਡ ਵਿੱਚ ਇੱਕ ਨਵੀਂ ਮਸਜਿਦ ਦੇ ਉਦਘਾਟਨ ਦੀਆਂ ਫੋਟੋਆਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਸਨ। ਸਾਬਕਾ ਸਰਪੰਚ ਸੁਖਜਿੰਦਰ ਸਿੰਘ ਨੋਨੀ ਅਤੇ ਉਨ੍ਹਾਂ ਦੇ ਭਰਾ ਨੇ ਮਸਜਿਦ ਦੀ ਉਸਾਰੀ ਲਈ ਆਪਣੀ ਜ਼ਮੀਨ ਦਾਨ ਕੀਤੀ ਸੀ। 12 ਜਨਵਰੀ ਨੂੰ, ਪੰਜਾਬ ਦੇ ਸ਼ਾਹੀ ਇਮਾਮ ਮੁਹੰਮਦ ਉਸਮਾਨ ਰਹਿਮਾਨ ਲੁਧਿਆਣਵੀ ਨੇ ਮਸਜਿਦ ਦਾ ਨੀਂਹ ਪੱਥਰ ਰੱਖਿਆ ਸੀ।

ਪੰਜਾਬ ਵਿੱਚ ਸਿਰਫ਼ ਮਲੇਰਕੋਟਲਾ ਵਿੱਚ ਹੀ ਮੁਸਲਮਾਨ ਨਹੀਂ ਰਹਿੰਦੇ ਸਗੋਂ ਇਹ ਭਾਈਚਾਰਾ ਪੂਰੇ ਰਾਜ ਵਿੱਚ ਮੌਜੂਦ ਹੈ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ। ਸ਼ਾਹੀ ਇਮਾਮ ਦਾ ਦਾਅਵਾ ਹੈ ਕਿ ਪਿਛਲੇ ਦੋ-ਤਿੰਨ ਸਾਲਾਂ ਵਿੱਚ ਪਿੰਡਾਂ ਵਿੱਚ ਲਗਭਗ 50 ਨਵੀਆਂ ਮਸਜਿਦਾਂ ਬਣਾਈਆਂ ਗਈਆਂ ਹਨ।

ਲੁਧਿਆਣਾ ਵਿੱਚ ਕਾਰੋਬਾਰੀ ਅਲੀਮੁਦੀਨ ਸੈਫੀ ਦਾ ਆਪਣਾ ਬੈਂਕਵਟ ਸਟਾਈਲ ਵਾਲਾ ਹੋਟਲ ਹੈ। ਸੈਫੀ ਨੇ ਕਿਹਾ ਕਿ ਇੱਥੇ ਕੋਈ ਵੀ ਮੁਸਲਿਮ ਕਾਰੋਬਾਰਾਂ ਨੂੰ ਬੰਦ ਕਰਨ ਦੀ ਧਮਕੀ ਨਹੀਂ ਦੇ ਰਿਹਾ ਹੈ, ਨਾ ਹੀ ਮੈਨੂੰ ਹੋਟਲਾਂ ਅਤੇ ਫੈਕਟਰੀਆਂ ਦੇ ਬਾਹਰ ਆਪਣਾ ਨਾਮ ਜਾਂ ਧਰਮ ਲਿਖਣ ਲਈ ਕਿਹਾ ਜਾ ਰਿਹਾ ਹੈ।ਲੁਧਿਆਣਾ ਦੇ ਕਾਰੋਬਾਰੀ ਅਲੀਮੁਦੀਨ ਸੈਫੀ ਮੁਜ਼ੱਫਰਨਗਰ ਤੋਂ ਭਰਾ, ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਲੁਧਿਆਣਾ ਵਿੱਚ ਆ ਕੇ ਵਸਿਆ ਹੈ। ਉਸਦਾ ਪਰਿਵਾਰ ਕੱਪੜੇ ਦੇ ਕਾਰੋਬਾਰ ਵਿੱਚ ਹੈ ਅਤੇ 1960 ਦੇ ਦਹਾਕੇ ਤੋਂ ਲੁਧਿਆਣਾ ਅਤੇ ਜਲੰਧਰ ਵਿੱਚ ਕਾਰੋਬਾਰ ਕਰ ਰਿਹਾ ਹੈ। ਪਰ ਹੁਣ ਉਸਨੂੰ ਭਰੋਸਾ ਹੈ ਕਿ ਉਸਦੀ ਅਗਲੀ ਪੀੜ੍ਹੀ ਪੰਜਾਬ ਵਿੱਚ ਹੀ ਵਸੇਗੀ।

ਕਾਰੋਬਾਰੀ ਆਲਮ ਇਸਲਾਮ ਆਖਦਾ ਹੈ ਕਿ ਪੰਜਾਬ ਵਿੱਚ ਸੁਰੱਖਿਆ ਦੀ ਭਾਵਨਾ ਹੈ, ਕਿਉਂਕਿ "ਸਿੱਖ ਭਾਈਚਾਰਾ ਆਮ ਤੌਰ 'ਤੇ ਮੁਸਲਮਾਨਾਂ ਦਾ ਸਮਰਥਨ ਕਰਦਾ ਹੈ। ਆਲਮ ਅਤੇ ਉਸਦਾ ਪਰਿਵਾਰ ਲਗਭਗ ਦੋ ਦਹਾਕਿਆਂ ਤੋਂ ਚੰਡੀਗੜ੍ਹ ਵਿੱਚ ਰਹਿ ਰਹੇ ਹਨ। ਹੁਣ ਉਨ੍ਹਾਂ ਦੇ ਬੱਚੇ, ਜਿਨ੍ਹਾਂ ਨੇ ਹਾਲ ਹੀ ਵਿੱਚ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਹੈ, ਭਵਿੱਖ ਵਿੱਚ ਵਿਦੇਸ਼ ਜਾਣ ਦੀ ਇੱਛਾ ਜ਼ਾਹਰ ਕਰ ਰਹੇ ਹਨ।

1990 ਦੇ ਦਹਾਕੇ ਤੋਂ ਅੰਤਰਰਾਜੀ ਮੌਸਮੀ ਪ੍ਰਵਾਸ ਵਧ ਰਿਹਾ ਹੈ। ਪਰ ਹੁਣ ਇੱਕ ਵੱਡੀ ਤਬਦੀਲੀ ਇਹ ਹੈ ਕਿ ਕਾਮੇ ਆਪਣੇ ਪਰਿਵਾਰਾਂ ਨੂੰ ਵੀ ਆਪਣੇ ਨਾਲ ਲਿਆ ਰਹੇ ਹਨ। ਪੰਜਾਬ ਦੇ ਬਦਲਦੇ ਸਮਾਜਿਕ ਤਾਣੇ-ਬਾਣੇ ਨੇ ਇੱਕ ਬਹਿਸ ਛੇੜ ਦਿੱਤੀ ਹੈ ਕਿ ਕੀ ਇਹ ਰੁਝਾਨ ਸੂਬੇ ਵਿੱਚ ਵਧ ਰਹੀ ਮਜ਼ਦੂਰਾਂ ਦੀ ਘਾਟ ਦਾ ਨਤੀਜਾ ਹੈ ਜਾਂ ਇਸਦੇ ਪਿੱਛੇ ਰਾਜਨੀਤਿਕ ਕਾਰਨ ਵੀ ਹਨ?

**ਬਾਕੀ ਹਿਸਾ ਸਫਾ 16 ਤੇ ਪੜ੍ਹੋ**

## ਕੀ ਕਹਿੰਦੇ ਹਨ ਮਰਦਮਸ਼ੁਮਾਰੀ ਦੇ ਅੰਕੜੇ

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਉੱਤਰ ਪ੍ਰਦੇਸ਼, ਹਰਿਆਣਾ ਅਤੇ ਬਿਹਾਰ ਪੰਜਾਬ ਵਿੱਚ ਪ੍ਰਵਾਸੀ ਭੇਜਣ ਵਾਲੇ ਸਭ ਤੋਂ ਵੱਡੇ ਰਾਜ ਰਹੇ ਹਨ। ਪੰਜਾਬ ਵਿੱਚ ਯੂਪੀ ਤੋਂ 6,50,000 ਤੋਂ ਵੱਧ ਅਤੇ ਬਿਹਾਰ ਤੋਂ 3,50,000 ਤੋਂ ਵੱਧ ਪ੍ਰਵਾਸੀ ਰਹਿੰਦੇ ਹਨ। 2023 ਵਿੱਚ ਰਾਜ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਸੀ ਕਿ 2011 ਤੱਕ ਪੰਜਾਬ ਵਿੱਚ ਲਗਭਗ 12,44,056 ਪ੍ਰਵਾਸੀ ਮਜ਼ਦੂਰ ਸਨ, ਜਦੋਂ ਕਿ ਇਕੱਲੇ ਚੰਡੀਗੜ੍ਹ ਵਿੱਚ 2,06,642 ਪ੍ਰਵਾਸੀ ਮਜ਼ਦੂਰ ਸਨ।

1947 ਤੋਂ, ਪੰਜਾਬ ਵਿੱਚ ਮਲੇਰਕੋਟਲਾ ਅਤੇ ਕਾਦੀਆਂ (ਅਹਮਦੀਆ ਸੰਪਰਦਾ ਦਾ ਕੇਂਦਰ) ਮੁਸਲਿਮ ਪਛਾਣ ਨਾਲ ਜੁੜੇ ਮੁੱਖ ਸਥਾਨ ਰਹੇ ਹਨ। 1971 ਵਿੱਚ ਮਲੇਰਕੋਟਲਾ ਵਿੱਚ ਮੁਸਲਿਮ ਆਬਾਦੀ 15.2 ਪ੍ਰਤੀਸ਼ਤ ਸੀ, ਜੋ 2011 ਵਿੱਚ ਵਧ ਕੇ 22.5 ਪ੍ਰਤੀਸ਼ਤ ਹੋ ਗਈ। ਪਰ ਮਲੇਰਕੋਟਲਾ ਅਤੇ ਉਸਦੇ ਜੱਦੀ ਜ਼ਿਲ੍ਹੇ ਸੰਗਰੂਰ ਤੋਂ ਬਾਹਰ ਪੰਜਾਬ ਵਿੱਚ ਮੁਸਲਿਮ ਆਬਾਦੀ 1971 ਵਿੱਚ 53,000 ਤੋਂ ਵੱਧ ਕੇ 2011 ਵਿੱਚ 356,000 ਤੋਂ ਵੱਧ ਹੋ ਗਈ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਲੁਧਿਆਣਾ ਵਿੱਚ 45,473 ਮੁਸਲਮਾਨ ਰਹਿੰਦੇ ਹਨ। ਇਸ ਦੇ ਹੌਜ਼ਰੀ, ਟੈਕਸਟਾਈਲ ਅਤੇ ਸਟੀਲ ਨਿਰਮਾਣ ਉਦਯੋਗ ਦੇਸ਼ ਭਰ ਤੋਂ ਕਾਮਿਆਂ ਨੂੰ ਆਕਰਸ਼ਿਤ ਕਰਦੇ ਹਨ।

ਪੰਜਾਬ ਇਸਲਾਮਿਕ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸਰਵਰ ਗੁਲਾਮ ਸਬਾ ਨੇ ਕਿਹਾ ਕਿ ਹਾਲ ਹੀ ਦੇ ਸਾਲਾਂ ਵਿੱਚ ਯੂਪੀ ਤੋਂ ਮੁਸਲਿਮ ਪ੍ਰਵਾਸੀਆਂ ਦੀ ਗਿਣਤੀ ਵਧੀ ਹੈ। ਉਹ ਸਿਰਫ਼ ਕੰਮ ਲਈ ਨਹੀਂ ਸਗੋਂ ਸਥਾਈ ਤੌਰ 'ਤੇ ਵਸਣ ਲਈ ਆ ਰਹੇ ਹਨ।ਉਨ੍ਹਾਂ ਅੱਗੇ ਕਿਹਾ ਕਿ ਪੁਰਾਣੀਆਂ ਮਸਜਿਦਾਂ ਦੀ ਮੁਰੰਮਤ ਅਤੇ ਨਵੀਆਂ ਮਸਜਿਦਾਂ ਦੇ ਨਿਰਮਾਣ ਦੀ ਗਤੀ ਇਸੇ ਵਧਦੀ ਮੰਗ ਦਾ ਨਤੀਜਾ ਹੈ।

15 ਸਫ਼ੇ ਦੀ ਬਾਕੀ

ਸਿੱਖ ਹਲਕਿਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਸਿੱਖਾਂ ਦੀ ਗਿਣਤੀ ਘਟਾਉਣ ਲਈ ਇਹ ਸਰਕਾਰੀ ਸਾਜਿਸ਼ ਹੈ।

ਬਖਤਗੜ੍ਹ ਮਸਜਿਦ ਦੇ ਮੌਲਵੀ ਮੁਹੰਮਦ ਨਿਜ਼ਾਮੁਦੀਨ ਦਾ ਕਹਿਣਾ ਹੈ ਕਿ ਬਹੁਤ ਸਾਰੇ ਖੇਤ ਮਜ਼ਦੂਰ ਚਾਰ-ਪੰਜ ਮਹੀਨਿਆਂ ਲਈ ਪੰਜਾਬ ਆਉਂਦੇ ਹਨ ਅਤੇ ਇਸ ਮਸਜਿਦ ਵਿੱਚ ਨਮਾਜ਼ ਪੜ੍ਹਦੇ ਹਨ। ਮੈਂ ਖੁਦ ਬਿਹਾਰ ਦੇ ਪੂਰਨੀਆ ਤੋਂ ਹਾਂ।

ਪੰਜਾਬ ਵਿੱਚ ਪ੍ਰਵਾਸੀਆਂ ਅਤੇ ਕਾਰੋਬਾਰੀਆਂ ਦੀ ਸਮਾਜਿਕ-ਆਰਥਿਕ ਜਾਂ ਧਾਰਮਿਕ ਜਾਣਕਾਰੀ ਬਾਰੇ ਕੋਈ ਅਧਿਕਾਰਤ ਅੰਕੜਾ ਉਪਲਬਧ ਨਹੀਂ ਹੈ। ਪਰ ਇਹ ਹੌਲੀ-ਹੌਲੀ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਮੁਸਲਮਾਨ, ਜੋ ਵੰਡ ਤੋਂ ਪਹਿਲਾਂ ਸੂਬੇ ਦੀ ਸਭ ਤੋਂ ਵੱਡੀ ਆਬਾਦੀ ਸਨ, ਇੱਥੇ ਦੁਬਾਰਾ ਵਸ ਰਹੇ ਹਨ। ਇਹ ਬਦਲਾਅ ਸਿਰਫ਼ ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ਮਜ਼ਦੂਰਾਂ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਲੁਧਿਆਣਾ, ਚੰਡੀਗੜ੍ਹ ਅਤੇ ਜਲੰਧਰ ਵਰਗੇ ਸ਼ਹਿਰਾਂ ਦੇ ਉਦਯੋਗਿਕ ਕੇਂਦਰਾਂ, ਟੈਕਸਟਾਈਲ ਨਿਰਮਾਣ ਇਕਾਈਆਂ ਅਤੇ ਫੈਕਟਰੀਆਂ ਵਿੱਚ ਵੀ ਦਿਖਾਈ ਦੇ ਰਿਹਾ ਹੈ। ਬਜ਼ਾਰਾਂ ਵਿਚ ਉਨ੍ਹਾਂ ਨੇ ਹਿੰਦੂਆਂ ਦੀਆਂ ਦੁਕਾਨਾਂ ਖਰੀਦ ਲਈਆਂ ਹਨ ਅਤੇ ਕਾਰੋਬਾਰ ਵੀ ਕਰ ਰਹੇ ਹਨ।

ਜਮੀਅਤ ਉਲੇਮਾ-ਏ-ਹਿੰਦ ਦੇ ਜਲੰਧਰ ਜ਼ਿਲ੍ਹਾ ਪ੍ਰਧਾਨ ਅਤੇ ਖਾਂਬਰਾ ਵਿੱਚ ਮਸਜਿਦ ਕੁਬਾ ਦੇ ਪ੍ਰਧਾਨ ਮਜ਼ਹਰ ਆਲਮ ਨੇ ਕਿਹਾ ਕਿ ਬਹੁਤ ਸਾਰੇ ਮਜ਼ਦੂਰ, ਸਵੈ-ਰੁਜ਼ਗਾਰ ਵਾਲੇ ਅਤੇ ਛੋਟੇ-ਦਰਮਿਆਨੇ ਕਾਰੋਬਾਰੀ ਹੁਣ ਆਪਣੇ ਪਰਿਵਾਰਾਂ ਨਾਲ ਸੈਟਲ ਹੋ ਰਹੇ ਹਨ, ਜਦੋਂ ਕਿ ਪਹਿਲਾਂ ਉਹ ਕੰਮ ਕਰਨ ਤੋਂ ਬਾਅਦ ਵਾਪਸ ਚਲੇ ਜਾਂਦੇ ਸਨ। ਪਿਛਲੇ ਪੰਜ ਸਾਲਾਂ ਵਿੱਚ ਉਨ੍ਹਾਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੋਵੇਗੀ।

34 ਸਾਲਾ ਮੁਹੰਮਦ ਅਹਿਦ, ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਦੇ ਇੱਕ ਪ੍ਰਵਾਸੀ ਕੇਂਦਰ ਵਿੱਚ ਆਪਣੇ ਸਟਾਫ਼ ਨਾਲ ਇੱਕ ਈ-ਕੂੜਾ ਰੀਸਾਈਕਲਿੰਗ ਪਲਾਂਟ ਦਾ ਨਿਰੀਖਣ ਕਰਦਾ ਹੈ। ਅਹਿਦ ਨੇ ਆਪਣਾ ਬਚਪਨ ਲੁਧਿਆਣਾ ਵਿੱਚ ਬਿਤਾਇਆ ਸੀ, ਉਸਦੇ ਪਿਤਾ ਸਹਾਰਨਪੁਰ ਤੋਂ ਇੱਥੇ ਆ ਕੇ ਵਸ ਗਏ ਸਨ। ਅਹਿਦ ਪਿਛਲੇ 25 ਸਾਲਾਂ ਤੋਂ ਲੁਧਿਆਣਾ ਵਿੱਚ ਰਹਿ ਰਿਹਾ ਹੈ ਅਤੇ ਇੱਥੇ ਹੀ ਉਸਨੇ ਆਪਣਾ ਈ-ਕੂੜਾ ਕਾਰੋਬਾਰ ਸਥਾਪਤ ਕੀਤਾ।

ਅਹਿਦ ਦੇ ਨੈੱਟਵਰਕ ਦੇ ਬਹੁਤ ਸਾਰੇ ਲੋਕ ਹਾਲ ਹੀ ਦੇ ਸਾਲਾਂ ਵਿੱਚ ਪੰਜਾਬ ਆਏ ਸਨ ਜਾਂ ਆਉਣ ਦੀ ਯੋਜਨਾ ਬਣਾ ਰਹੇ ਹਨ। ਉਹ ਵਾਰਾਨਸੀ ਤੋਂ ਲੁਧਿਆਣਾ ਜਾਣ ਵਾਲੇ ਘੱਟੋ-ਘੱਟ ਪੰਜ ਮੁਸਲਿਮ ਪਰਿਵਾਰਾਂ ਨੂੰ ਜਾਣਦਾ ਹੈ - ਸਾਰੇ ਫਰਨੀਚਰ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ। ਪਰ ਸਿਰਫ ਕਾਰੋਬਾਰ ਹੀ ਇੱਕੋ ਇੱਕ ਕਾਰਨ ਨਹੀਂ ਹੈ ਕੁਝ ਪਰਿਵਾਰ ਇਸ ਲਈ ਵੀ ਆ ਰਹੇ ਹਨ, ਕਿਉਂਕਿ ਉਹ ਉਥੇ ਯੂਪੀ ਵਿੱਚ ਫਿਰਕੂ ਤਣਾਅ ਦਾ ਸਾਹਮਣਾ ਕਰ ਰਹੇ ਸਨ।

29 ਸਾਲਾ ਦਿਲਸ਼ਾਦ, ਜੋ ਕਿ ਇੱਕ ਈ-ਕੂੜਾ ਪਲਾਂਟ ਵਿੱਚ ਕੰਮ ਕਰਦਾ ਹੈ, ਵੀ ਲਗਭਗ ਇੱਕ ਦਹਾਕਾ ਪਹਿਲਾਂ ਸਹਾਰਨਪੁਰ ਦੇ ਨਨੌਤਾ ਕਸਬੇ ਤੋਂ ਲੁਧਿਆਣਾ ਆਇਆ ਸੀ। ਉਸਦੀ ਪਤਨੀ ਅਤੇ ਬੱਚੇ ਅਜੇ ਵੀ ਯੂਪੀ ਵਿੱਚ ਹਨ, ਪਰ ਉਹ ਜਲਦੀ ਹੀ ਉਨ੍ਹਾਂ ਨੂੰ ਲੁਧਿਆਣਾ ਲਿਆਉਣ ਦੀ ਯੋਜਨਾ ਬਣਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਬੱਚਿਆਂ ਦੀ ਸਿੱਖਿਆ ਲਈ ਲੁਧਿਆਣਾ ਬਿਹਤਰ ਹੈ। ਸਹਾਰਨਪੁਰ ਵਿੱਚ ਕੁਝ ਵੀ ਨਹੀਂ ਹੈ।

### ਭਈਆ ਪੰਜਾਬੀ ਟਕਰਾਅ

ਦੂਜੇ ਪਾਸੇ ਪ੍ਰਵਾਸੀ ਮਜ਼ਦੂਰਾਂ ਦੇ ਪੰਜਾਬ ਵਿਚ ਪ੍ਰਵਾਸ ਕਾਰਣ ਪੰਜਾਬੀਆਂ ਵਿਚ ਤਣਾਅ ਸਪੱਸ਼ਟ ਤੌਰ 'ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਦਸੰਬਰ 2024 ਵਿੱਚ, ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਦੀ ਪੰਚਾਇਤ ਨੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਪਿੰਡ ਵਾਸੀਆਂ ਨੂੰ "ਬਾਹਰਲੇ" (ਪ੍ਰਵਾਸੀਆਂ) ਨਾਲ ਵਿਆਹ ਕਰਨ ਅਤੇ ਪਿੰਡ ਦੇ ਨਿਵਾਸੀਆਂ ਵਿਚ ਆਪਸੀ ਵਿਆਹਾਂ 'ਤੇ ਪਾਬੰਦੀ ਲਗਾਈ ਗਈ ਸੀ। ਇਹ ਨਿਯਮ ਪਿਛਲੇ ਸਾਲ 30 ਨਵੰਬਰ ਨੂੰ ਲਾਗੂ ਹੋਏ ਸਨ, ਜਦੋਂ ਦਸਤਖਤ ਕੀਤੇ ਮਤੇ ਦੀ ਇੱਕ ਕਾਪੀ ਜਨਤਕ ਕੀਤੀ ਗਈ ਸੀ। ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਨੂੰ ਪਿੰਡ ਵਿੱਚੋਂ ਕੱਢ ਦਿੱਤਾ ਜਾਵੇਗਾ।


ਚੰਡੀਗੜ੍ਹ ਦੇ ਨੇੜੇ ਜੰਡਪੁਰ ਪਿੰਡ ਤੋਂ ਕੰਮ ਕਰ ਰਹੀ ਸਿੱਖ ਨੌਜਵਾਨਾਂ ਦੀ ਸੰਸਥਾ, ਨੌਜਵਾਨ ਸਭਾ ਨੇ ਵੀ ਆਪਣੀ ਬਾਹਰੀ ਲੋਕਾਂ ਵਿਰੁੱਧ ਮੁਹਿੰਮ ਤੇਜ਼ ਕਰ ਦਿੱਤੀ ਹੈ।

ਅਗਸਤ 2024 ਵਿੱਚ, ਨੌਜਵਾਨ ਸਭਾ ਵਰਗੇ ਸਮੂਹਾਂ ਨੇ ਚੰਡੀਗੜ੍ਹ ਦੇ ਨੇੜੇ ਖਰੜ ਅਤੇ ਜੰਡਪੁਰ ਖੇਤਰਾਂ ਵਿੱਚ ਪ੍ਰਵਾਸੀਆਂ ਲਈ "ਨਿਯਮ" ਸ਼ੋਸ਼ਲ ਮੀਡੀਆ ਉਪਰ ਚਰਚਾ ਦਾ ਵਿਸ਼ਾ ਬਣੇ ਹਨ। ਇਨ੍ਹਾਂ ਹੁਕਮਾਂ ਵਿੱਚ ਰਾਤ 9 ਵਜੇ ਤੋਂ ਬਾਅਦ ਪ੍ਰਵਾਸੀਆਂ ਨੂੰ ਰਾਤ ਦੌਰਾਨ ਪਿੰਡ ਵਿੱਚ ਦਾਖਲ ਹੋਣ ਅਤੇ ਅੰਡਰਵੀਅਰ ਪਾ ਕੇ ਘੁੰਮਣ ਤੋਂ ਵਰਜਿਆ ਗਿਆ ਹੈ। ਇਹ ਪਾਬੰਦੀਆਂ ਗੁਰਦੁਆਰਿਆਂ ਸਮੇਤ ਪਿੰਡਾਂ ਦੇ ਬੋਰਡਾਂ 'ਤੇ ਲਗਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਪ੍ਰਵਾਸੀਆਂ ਨੂੰ ਜਨਤਕ ਥਾਵਾਂ 'ਤੇ ਥੁੱਕਣ, ਨਸ਼ੀਲੇ ਪਦਾਰਥ ਵੇਚਣ ਅਤੇ ਨਾਬਾਲਗਾਂ ਨੂੰ ਗੱਡੀ ਚਲਾਉਣ ਦੀ ਇਜਾਜ਼ਤ ਦੇਣ 'ਤੇ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਸੀ।

ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ, ਕਾਂਗਰਸੀ ਆਗੂ ਸੁਖਪਾਲ ਖਹਿਰਾ ਨੇ ਕਿਹਾ ਸੀ ਕਿ ਪ੍ਰਵਾਸੀ ਮਜ਼ਦੂਰ, ਜੋ ਮੁੱਖ ਤੌਰ 'ਤੇ ਯੂਪੀ ਅਤੇ ਬਿਹਾਰ ਤੋਂ ਹਨ, ਨੂੰ ਪੰਜਾਬ ਵਿੱਚ ਜ਼ਮੀਨ ਖਰੀਦਣ ਅਤੇ ਵਸਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਇਸ ਤੋਂ ਪਹਿਲਾਂ, ਖਹਿਰਾ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਾਲ ਮਿਲ ਕੇ ਪੰਜਾਬ ਵਿਧਾਨ ਸਭਾ ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਵਿੱਚ ਗੈਰ-ਪੰਜਾਬੀਆਂ ਦੁਆਰਾ ਖੇਤੀਬਾੜੀ ਵਾਲੀ ਜ਼ਮੀਨ ਖਰੀਦਣ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਸੀ। ਖਹਿਰਾ ਦੇ ਅਨੁਸਾਰ, ਇਹ ਹਿਮਾਚਲ ਪ੍ਰਦੇਸ਼ ਕਿਰਾਏਦਾਰੀ ਅਤੇ ਭੂਮੀ ਸੁਧਾਰ ਐਕਟ 1972 ਦੀ ਤਰਜ਼ 'ਤੇ "ਸਾਡੀ ਪਛਾਣ ਅਤੇ ਜਨਸੰਖਿਆ ਸੰਤੁਲਨ ਦੀ ਰੱਖਿਆ ਲਈ" ਜ਼ਰੂਰੀ ਹੈ।

## ਅਦਾਕਾਰਾ ਰਾਨਿਆ ਰਾਓ ਨੂੰ 14 ਦਿਨ ਲਈ ਹਿਰਾਸਤ ਚ ਭੇਜਿਆ

ਬੰਗਲੂਰੂ,– ਸੋਨਾ ਤਸਕਰੀ ਮਾਮਲੇ ਤਹਿਤ ਕੰਨੜ ਅਦਾਕਾਰਾ ਹਰਸ਼ਵਰਧਿਨੀ ਰਾਨਿਆ ਉਰਫ਼ ਰਾਨਿਆ ਰਾਓ ਨੂੰ ਅੱਜ ਆਰਥਿਕ ਅਪਰਾਧਾਂ ਲਈ ਇੱਕ ਵਿਸ਼ੇਸ਼ ਅਦਾਲਤ ਨੇ 14 ਦਿਨ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਅਦਾਕਾਰਾ ਪੁੱਛ ਪੜਤਾਲ ਲਈ ਤਿੰਨ ਦਿਨਾਂ ਵਾਸਤੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਦੀ ਹਿਰਾਸਤ ਵਿੱਚ ਸੀ। ਅੱਜ ਡੀਆਰਆਈ ਅਧਿਕਾਰੀਆਂ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਉਹ ਰੋ ਪਈ। ਡੀਆਰਆਈ ਨੇ ਕਿਹਾ ਕਿ ਅਦਾਕਾਰਾ ਨੇ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡੇ ਫ਼ਰਸਤੋਤੇ ਰਾਨਿਆ ਰਾਓ ਤੋਂ 12.56 ਕਰੋੜ ਰੁਪਏ ਦੇ ਸੋਨੇ ਦੇ ਬਿਸਕੁਟ ਜ਼ਬਤ ਕੀਤੇ ਹਨ। ਰਾਨਿਆ ਰਾਓ ਸੀਨੀਅਰ ਆਈਪੀਐੱਸ ਅਧਿਕਾਰੀ ਰਾਮਚੰਦਰ ਰਾਓ ਦੀ ਮਤਰੇਈ ਧੀ ਹੈ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਸਵ: ਸ੍ਰ. ਉਮਰਾਓ ਅਟਵਾਲ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

VACANCIES
JSR CONTRACTS LTD.
ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ
Carpenters required at various sites in Manchester
**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.
**Annual pay is - £ 30,960.**
**The required training will be provided.**
Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.
Contact Mr. Randhawa via email below:
Email: jsrcontractslimited@gmail.com

# ਮਲਿਕ ਦੇ ਕਤਲ ਕੇਸ ਵਿੱਚ ਭਾੜੇ ਦੇ ਕਾਤਲ ਹੋਸੇ ਲੁਪੇਜ਼ ਨੂੰ ਉਮਰ ਕੈਦ

## ✪ 20 ਸਾਲ ਤੱਕ ਜ਼ਮਾਨਤ ਨਹੀਂ ✪ ਸੁਪਾਰੀ ਦੇ ਕੇ ਕਤਲ ਕਰਾਉਣ ਪਿੱਛੇ ਕਿਹੜੀਆਂ ਤਾਕਤਾਂ ਸ਼ਾਮਿਲ? ✪ ਇਹ ਸਵਾਲ ਜਿਉਂਦਾ ਤਿਉਂ ਬਰਕਰਾਰ!

ਸਰੀ (ਡਾ. ਗੁਰਵਿੰਦਰ ਸਿੰਘ ਕੈਨੇਡਾ)- ਅੱਜ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੀ ਅਦਾਲਤ ਨੇ ਕੈਨੇਡਾ ਦੇ ਸਿੱਖ ਭਾਈ ਰਿਪੁਦਮਨ ਸਿੰਘ ਮਲਿਕ ਦੀ 14 ਜੁਲਾਈ 2022 ਨੂੰ ਕੀਤੀ ਗਈ ਹੱਤਿਆ ਦੇ ਮਾਮਲੇ ਵਿੱਚ ਭਾੜੇ ਦੇ ਕਾਤਲ ਐਬਸਫੋਰਡ ਵਾਸੀ ਅਪਰਾਧੀ 26 ਸਾਲਾ ਹੋਸੇ ਲੁਪੇਜ਼ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ 20 ਸਾਲ ਤੱਕ ਜ਼ਮਾਨਤ ਨਹੀਂ ਮਿਲੇਗੀ। ਇਸ ਮਾਮਲੇ ਵਿੱਚ ਪਹਿਲੇ ਦੋਸ਼ੀ 24 ਸਾਲਾ ਟੈਨਰ ਫੋਕਸ ਨੂੰ ਪਹਿਲਾਂ ਹੀ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਉਸ ਵੇਲੇ ਦੂਜੇ ਕਾਤਲ ਹੋਸੇ ਲੁਪੇਜ਼ ਵੱਲੋਂ ਆਪਣਾ ਦੋਸ਼ ਕਬੂਲ ਕਰ ਲਿਆ ਗਿਆ ਸੀ। ਇਸ ਦੌਰ ਅਦਾਲਤ ਵਿੱਚ ਮੌਜੂਦ ਭਾਈ ਮਲਿਕ ਦੀ ਨੂੰਹ ਬੀਬੀ ਸੰਦੀਪ ਕੌਰ ਧਾਲੀਵਾਲ ਨੇ ਦੋਸ਼ੀ ਤੋਂ ਪੁੱਛਿਆ ਸੀ ਕਿ ਉਹ ਉਹਨਾਂ ਨਾਵਾਂ ਨੂੰ ਨਸ਼ਰ ਕਰੇ, ਜਿਨਾਂ ਦੇ ਕਹਿਣ ਤੇ ਉਸਨੇ ਸੁਪਾਰੀ ਲੈ ਕੇ ਉਹਨਾਂ ਦੇ ਪਿਤਾ ਦਾ ਕਤਲ ਕੀਤਾ ਸੀ। ਅੱਜ ਦੁਬਾਰਾ ਅਦਾਲਤ ਵਿੱਚ ਹਾਜ਼ਰ ਹੋਈ ਸੰਦੀਪ ਕੌਰ ਧਾਲੀਵਾਲ ਨੇ ਕਿਹਾ ਕਿ ਉਹ ਇਸ ਦੁਖਦਾਈ ਘਟਨਾ ਵਿੱਚ ਮੁੜ ਆਪਣੇ "ਡੈਡੀ ਜੀ" ਦੇ ਕਾਤਲਾਂ ਦੀ ਸਜ਼ਾ ਮੌਕੇ ਹਾਜ਼ਰ ਹਨ। ਉਹਨਾਂ ਇਨਸਾਫ ਦੀ ਮੰਗ ਕੀਤੀ ਅਤੇ ਕਤਲ ਪਿੱਛੇ ਤਾਕਤਾਂ ਦੀ ਨਿਸ਼ਾਨਦੇਹੀ ਲਈ ਆਵਾਜ਼ ਉਠਾਈ।



ਮਰਹੂਮ ਰਿਪੁਦਮਨ ਸਿੰਘ ਮਲਿਕ ਦੀ ਧੀ ਕੀਰਤ ਕੌਰ ਮਲਿਕ ਨੇ ਕਿਹਾ ਕਿ ਉਸਦੇ ਪਿਤਾ ਭਾਈਚਾਰੇ ਦਾ ਥੰਮ ਸਨ, ਜਿਨਾਂ ਆਪਣਾ ਜੀਵਨ ਭਾਈਚਾਰੇ ਦੇ ਲੇਖੇ ਲਾਇਆ ਅਤੇ ਜ਼ਿੰਦਗੀ ਸਿੱਖੀ ਦੇ ਪ੍ਰਚਾਰ ਅਤੇ ਵਿੱਦਿਆ ਨੂੰ ਸਮਰਪਿਤ ਕੀਤੀ। ਪਹਿਲੇ ਕਾਤਲ ਟੈਨਰ ਫੋਕਸ ਦੀ ਸਜ਼ਾ ਮੌਕੇ ਰਿਪੁਦਮਨ ਸਿੰਘ ਮਲਿਕ ਦੇ ਪੁੱਤਰ ਵਕੀਲ ਜਸਪ੍ਰੀਤ ਸਿੰਘ ਮਲਿਕ ਨੇ ਅਦਾਲਤ ਬਾਹਰ ਇੱਕ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਹਨਾਂ ਦੇ ਪਰਿਵਾਰ 'ਤੇ ਖੌਫ ਕਾਇਮ ਹੈ ਅਤੇ ਇਸ ਗੱਲ ਦਾ ਸੱਚ ਸਾਹਮਣੇ ਆਉਣਾ ਚਾਹੀਦਾ ਹੈ ਕਿ ਇਹਨਾਂ ਭਾੜੇ ਦੇ ਕਾਤਲਾਂ ਨੂੰ ਕਿੰਨਾ ਤਾਕਤਾਂ ਨੇ ਵਰਤਿਆ।

ਜਸਪ੍ਰੀਤ ਸਿੰਘ ਮਲਿਕ ਨੇ ਸਪੱਸ਼ਟ ਰੂਪ 'ਚ ਆਖਿਆ ਸੀ ਕਿ ਪਿਛਲੇ ਸਾਲ, 2024 ਮਈ ਮਹੀਨੇ ਸੀਬੀਸੀ ਨੇ ਆਪਣੀ ਰਿਪੋਰਟ ਵਿੱਚ ਇੰਕਸ਼ਾਫ ਕੀਤਾ ਸੀ ਕਿ ਆਰ ਸੀ ਐਮ ਪੀ ਭਾੜੇ ਦੇ ਕਾਤਲਾਂ ਅਤੇ ਭਾਰਤ ਸਰਕਾਰ ਵਿਚਕਾਰ ਸੰਬੰਧਾਂ ਦੀ ਜਾਂਚ ਕਰ ਰਹੀ ਹੈ। ਉਹਨਾਂ ਕਾਤਲਾਂ ਤੋਂ ਮੰਗ ਕੀਤੀ ਕਿ ਉਹ ਸੱਚ ਆਰਸੀਐਮਪੀ ਨੂੰ ਦੱਸਣ ਕਿ ਉਹਨਾਂ ਨੂੰ ਕਿਸ ਨੇ ਕਾਤਲ ਲਈ ਸੁਪਾਰੀ ਦਿੱਤੀ ਸੀ, ਇਹ ਸੱਚ ਸਾਹਮਣੇ ਆਉਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਸਮੇਂ ਭਾਰਤ ਦੇ ਮੀਡੀਏ ਵੱਲੋਂ ਇਹ ਬਿਰਤਾਂਤ ਖੜਾ ਕੀਤਾ ਗਿਆ ਸੀ ਕਿ ਖਾਲਿਸਤਾਨੀ ਧਿਰ ਦੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਨੇ ਮਲਿਕ ਨੂੰ ਕਤਲ ਕਰਾਇਆ ਹੈ। ਮਗਰੋਂ ਭਾਈ ਹਰਦੀਪ ਸਿੰਘ ਨਿੱਝਰ ਦੀ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ 18 ਜੂਨ 2023 ਨੂੰ ਭਾੜੇ ਦੇ ਕਾਤਲਾਂ ਰਾਹੀਂ ਸਾਜਿਸ਼ੀ ਢੰਗ ਨਾਲ ਹੱਤਿਆ ਕਰ ਦਿੱਤੀ ਗਈ ਸੀ।

ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਪਿੱਛੇ, ਭਾਰਤੀ ਸਰਕਾਰ ਦੀ ਏਜੰਟਾਂ ਦੇ ਹੱਥ ਦੇ ਸਪਸ਼ਟ ਦੋਸ਼ ਲਾਏ ਸਨ। ਕੈਨੇਡਾ ਵੱਸਦਾ ਸਿੱਖ ਭਾਈਚਾਰਾ ਆਸਬੰਦ ਹੈ ਕਿ ਇਨਾਂ ਕਤਲਾਂ ਪਿੱਛੇ ਜਿਹੜੀਆਂ ਤਾਕਤਾਂ ਸ਼ਾਮਿਲ ਹਨ, ਉਹ ਅੱਜ ਨਹੀਂ ਤਾਂ ਕੱਲ, ਜ਼ਰੂਰ ਜਨਤਕ ਹੋਣਗੀਆਂ।

## ਮਹਾਰਾਸ਼ਟਰ ਸਰਕਾਰ ਨੇ 'ਸਿੱਖ ਅਨੰਦ ਕਾਰਜ ਮੈਰਿਜ ਐਕਟ' ਕੀਤਾ ਲਾਗੂ

ਮੁੰਬਈ-ਮਹਾਰਾਸ਼ਟਰ ਸਰਕਾਰ ਨੇ 'ਸਿੱਖ ਅਨੰਦ ਕਾਰਜ ਮੈਰਿਜ ਐਕਟ' ਨੂੰ ਰਾਜ ਪੱਧਰ 'ਤੇ ਲਾਗੂ ਕਰਨ ਲਈ ਸਾਰੇ ਵਿਭਾਗੀ ਕਮਿਸ਼ਨਰਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ। ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਕਿਹਾ ਕਿ ਇਹ ਇਕ ਇਤਿਹਾਸਕ ਕਦਮ ਹੈ ਜਿਸ ਨਾਲ ਵਿਆਹਾਂ ਦੀ ਰਜਿਸਟਰੇਸ਼ਨ ਸਰਲ ਅਤੇ ਸਹਿਜ ਹੋ ਜਾਵੇਗੀ ਤੇ ਵਿਆਹ ਸਰਟੀਫਿਕੇਟ ਜਾਰੀ ਕਰਨ 'ਚ ਮੁਸ਼ਕਿਲ ਨਹੀਂ ਆਵੇਗੀ। ਇਸ ਦੌਰਾਨ ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਦਾ ਸੂਬੇ 'ਚ ਅਨੰਦ ਕਾਰਜ ਮੈਰਿਜ ਐਕਟ ਲਾਗੂ ਕਰਨ ਲਈ ਧੰਨਵਾਦ ਕੀਤਾ।


# ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ ਵਿਖੇ ਪੰਜਾਬੀ ਅਧਿਆਪਕਾਂ ਲਈ ਸਿਖਲਾਈ ਕੋਰਸ
## ਸ਼ਨਿੱਚਰਵਾਰ 29 ਮਾਰਚ 2025 ਨੂੰ ਸਵੇਰੇ 11:30 ਤੋਂ 16:00 ਵਜੇ ਤੱਕ

**Panjabi Teacher's Training on Saturday 29th March 2025 - Time: 11:30am to 16:00**
**AT: SRI GURU TEGH BAHADUR GURDWARA, 106 EAST PARK ROAD, LEICESTER, LE5 4QB**

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਬਹੁਤੇ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਯੂ ਕੇ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਲਈ ਉਤਸਾਹਿਤ ਨਹੀਂ ਕਰਦੇ ਸਨ, ਤੇ ਬੱਚੇ ਦੂਜੀਆਂ ਭਾਸ਼ਾਵਾਂ ਰੱਖ ਲੈਂਦੇ ਸਨ। ਜਿਸ ਕਾਰਨ ਬਹੁਤੇ ਸਕੂਲਾਂ ਵਿੱਚ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਘੱਟ ਜਾਣ ਕਾਰਨ ਪੰਜਾਬੀ ਕਲਾਸਾਂ ਸਕੂਲਾਂ ਨੇ ਬੰਦ ਕਰ ਦਿੱਤੀਆਂ। ਪਰ ਜੇ ਕੋਈ ਬੱਚਾ ਆਪ ਜਾਂ ਗੁਰਦੁਆਰੇ ਦੇ ਸਕੂਲ ਵਿੱਚ ਪੜ੍ਹ ਕੇ ਇਮਤਿਹਾਨ ਦੇਣਾ ਚਾਹੇ ਤਾਂ ਸਕੂਲ ਉਸ ਦੀ ਮਦਦ ਕਰਦੇ ਹਨ। ਇਸ ਲਈ ਬਹੁਤ ਸਾਰੇ ਬੱਚੇ ਗੁਰਦੁਆਰਾ ਸਾਹਿਬਾਨ ਵਿੱਚ ਪੰਜਾਬੀ/ਗੁਰਮੁਖੀ ਪੜ੍ਹਦੇ ਹਨ। ਬੱਚੇ ਪੰਜਾਬੀ ਸਿੱਖਦੇ ਤਾਂ ਗੁਰਦੁਆਰਾ ਸਾਹਿਬ ਵਿੱਚ ਹਨ ਪਰ ਉਹਨਾਂ ਨੂੰ ਇਮਤਿਹਾਨ ਕਿਸੇ ਸਕੂਲ ਦੇ ਸੈਂਟਰ ਵਿੱਚ ਹੀ ਦੇਣੇ ਪੈਂਦੇ ਹਨ। ਇਸ ਵਾਸਤੇ ਪੰਜਾਬੀ ਅਧਿਆਪਕਾਂ ਲਈ ਜ਼ਰੂਰੀ ਹੈ ਕਿ ਉਹ ਬੱਚਿਆਂ ਨੂੰ ਸਿੱਖਿਆ ਬੋਰਡ ਦੇ ਮਿਆਰ (ਸਟੰਡਰਡ) ਅਨੁਸਾਰ ਪੰਜਾਬੀ ਪੜ੍ਹਾਉਣ। ਜਿਸ ਕਾਰਨ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਈਸਟ ਪਾਰਕ ਰੋਡ ਲੈਸਟਰ ਵਿਖੇ ਡਾ: ਜਗਤ ਸਿੰਘ ਨਾਗਰਾ ਦੇ ਸਹਿਯੋਗ ਨਾਲ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਇੱਕ ਦਿਨ ਦਾ ਸਿਖਲਾਈ ਕੋਰਸ ਰੱਖਿਆ ਗਿਆ ਹੈ, ਜਿਸ ਲਈ ਦਾਖਲਾ ਮੁਫਤ ਹੈ। ਲੈਸਟਰ ਅਤੇ ਨੇੜੇ ਦੇ ਸ਼ਹਿਰਾਂ ਦੇ ਗੁਰੂ ਘਰਾਂ ਵਿਖੇ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਇਹ ਇੱਕ ਵਧੀਆ ਮੌਕਾ ਹੈ ਕਿ ਇਸ ਸਿਖਲਾਈ ਕੋਰਸ ਵਿੱਚ ਸ਼ਾਮਲ ਹੋ ਕੇ ਪੰਜਾਬੀ ਪੜ੍ਹਾਉਣ ਸਬੰਧੀ ਸਿਖਲਾਈ ਪ੍ਰਾਪਤ ਕਰ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ ਜੀ।

**AGENDA & PROGRAMME**

| | |
|---|---|
| 11:00am - 11:20am - | Net Working and reception of delegates |
| 11:20am - 11:35am - | Delegates Group photo |
| 11:35am - 11:50am - | Welcome Dr Jagat Singh Nagrs and Gurjit Singh Gill |
| 11:50am - 12:50pm - | * Entry picture for GCSE & A level Panjabi - 2024 compared to 2023 & 2022<br>* Overview of 2024 outcomes and grade boundries<br>* Key Messages across the skills from the 2024 exam<br>* Areas of focus for 2025 including hints and tips for teachers & students<br>* A level Panjabi, focussing in particular on paper 2 (easy paper)<br>* Support from AQA<br>* Questions and answers<br>* Judith Rowland - Jones, Lead- Languages and Social Sciences<br>Ian Rodmell, Subject lead - Languages |
| 12:50am - 1:15pm - | * Safe Working Practices for effective management of Panjabi Schools - Gurjit Singh Gill |
| Short Break | |
| 1:30pm - 3:30pm - | 1. Some practical suggestions for teaching Panjabi<br>2. GCSE and A Level Panjabi Examinations (Dr. J.S. Nagra) |
| 3:30pm - 3:45pm - | Future of Panjabi Language in U.K. - Nirmal Singh Kandhalvi |
| 3:45pm - 3:55pm - | Questions and Answers |
| 3:55pm - 4:00pm - | Closing - Gurdwara Panjabi School Management Committe Member |

For more Information please contact: Dr. Jagat Singh Nagra: 07956, 210193 S. Gurjit Singh Gill : 07940 974011
S. Navjot Singh, Panjabi School Headteacher: 07767 918353

**GURU TEGH BAHADUR GURDWARA LEICESTER**
*106, EASTPARK ROAD, LEICESTER, LE5 4QB. Tel: 0116 274 2453*

ਜਾਰੀ ਕਰਤਾ :– PRESIDENT - GURNAM SINGH, GENERAL SECRETARY - SATWINDER SINGH DEOL

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਸਿਰ ਕਰਜ਼ੇ ਦੀ ਪੰਡ ਦੇਸ਼ ਭਰ ਵਿਚੋਂ ਸਭ ਤੋਂ ਭਾਰੀ

## ✪ ਕਰਜ਼ਾ ਲੈਣ ਵਾਲੇ ਸੂਬਿਆਂ ਵਿਚ ਸਭ ਤੋਂ ਅੱਗੇ ਪੰਜਾਬ ✪ ਜੀ.ਡੀ.ਪੀ.ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਪੰਜਾਬ ਨੇ

ਪੰਜਾਬ ਕਰਜ਼ਾ ਲੈਣ ਵਾਲੇ ਸੂਬਿਆਂ ਵਿਚ ਸਭ ਤੋਂ ਅੱਗੇ ਹੈ, ਜਿਸ ਨੇ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਦੇਸ਼ ਵਿਚ ਪੰਜਾਬ ਸਮੇਤ 15 ਹੋਰ ਸੂਬੇ ਹਨ, ਜਿਨ੍ਹਾਂ ਨੇ ਆਪਣੀ ਜੀ.ਡੀ.ਪੀ. ਦੀ ਤੁਲਨਾ ਵਿਚ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਇਹ ਸੂਬੇ ਆਪਣੇ ਚੋਣ ਵਾਅਦੇ ਪੂਰੇ ਕਰਨ ਲਈ ਰਿਕਾਰਡ ਕਰਜ਼ਾ ਲੈ ਰਹੇ ਹਨ। ਆਪਣੀ ਜੀ.ਡੀ.ਪੀ. ਦੀ ਤੁਲਨਾ 'ਚ ਜ਼ਿਆਦਾ ਕਰਜ਼ਾ ਲੈਣ ਵਾਲਿਆਂ ਵਿਚ ਪੰਜਾਬ 44.1 ਫ਼ੀਸਦੀ ਨਾਲ ਸਭ ਤੋਂ ਅੱਗੇ ਹੈ, ਜਦਕਿ ਹਿਮਾਚਲ ਪ੍ਰਦੇਸ਼ ਦਾ 42.5 ਫ਼ੀਸਦੀ, ਅਰੁਣਾਚਲ ਪ੍ਰਦੇਸ਼ ਦਾ 40.1 ਫ਼ੀਸਦੀ, ਨਾਗਾਲੈਂਡ ਦਾ 38.6 ਫ਼ੀਸਦੀ, ਮੇਘਾਲਿਆ ਦਾ 37.6 ਫ਼ੀਸਦੀ , ਪੱਛਮੀ ਬੰਗਾਲ ਦਾ 36.9 ਫ਼ੀਸਦੀ, ਰਾਜਸਥਾਨ ਦਾ 36 ਫ਼ੀਸਦੀ, ਬਿਹਾਰ ਦਾ 35.7 ਫ਼ੀਸਦੀ, ਮਨੀਪੁਰ ਦਾ 34.5 ਫ਼ੀਸਦੀ, ਕੇਰਲਾ ਦਾ 34 ਫ਼ੀਸਦੀ, ਉੱਤਰ ਪ੍ਰਦੇਸ਼ ਦਾ 32.7 ਫ਼ੀਸਦੀ, ਮੱਧ ਪ੍ਰਦੇਸ਼ ਦਾ 32 ਫ਼ੀਸਦੀ ਤ੍ਰਿਪੁਰਾ ਦਾ 24.5 ਫ਼ੀਸਦੀ ਤੇ ਸਿੱਕਮ ਦਾ 24 ਫ਼ੀਸਦੀ ਦਾ ਅਨੁਪਾਤ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਲਈ ਰਾਜਨੀਤਿਕ ਪਾਰਟੀਆਂ ਨੇ ਮੁਫ਼ਤ ਦੀਆਂ ਸਕੀਮਾਂ ਦੀ ਝੜੀ ਲਗਾ ਦਿੱਤੀ ਹੈ। ਇਨ੍ਹਾਂ ਚੋਣ ਰਿਉੜੀਆਂ ਨਾਲ ਵੋਟਾਂ ਦੇ ਬਾਅਦ ਸੂਬਿਆਂ ਦੀ ਅਰਥਵਿਵਸਥਾ 'ਤੇ ਪੈਣ ਵਾਲੇ ਅਸਰ ਦਾ ਟਰੈਕ ਰਿਕਾਰਡ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਜਿਹੜੀਆਂ ਪਾਰਟੀਆਂ ਸਬਸਿਡੀਆਂ ਅਤੇ ਗਾਰੰਟੀਆਂ ਦੇ ਸਿਰ 'ਤੇ ਸੱਤਾ ਵਿਚ ਆਈਆਂ ਹਨ, ਉਹ ਹੁਣ ਬਾਜ਼ਾਰ ਵਿਚੋਂ ਕਰਜ਼ਾ ਲੈ ਕੇ ਚੋਣ ਵਾਅਦੇ ਪੁਗਾਉਣ ਲਈ ਮਜਬੂਰ ਹਨ।




**ਪੰਜਾਬ ਟਾਈਮਜ ਅਨੁਸਾਰ ਸਬਸਿਡੀ ਸ਼ੁਰੂ ਕਰਨ ਵਾਲੀ ਕਾਂਗਰਸ ਸਰਕਾਰ 1997 ਵਿਚ ਹਾਰ ਗਈ ਸੀ। ਇਸ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਵੀ ਅਗਲੀਆਂ ਚੋਣਾਂ ਵਿਚ ਹਾਰ ਗਈ ਸੀ ਅਤੇ ਫਿਰ 2007 ਵਿਚ ਕਾਂਗਰਸ ਹਾਰ ਗਈ ਸੀ ਅਤੇ 2017 ਵਿਚ ਅਕਾਲੀ-ਭਾਜਪਾ ਦੀ ਗੱਠਜੋੜ ਸਰਕਾਰ ਵੀ ਵਿਧਾਨ ਸਭਾ ਦੀਆਂ ਚੋਣਾਂ ਹਾਰ ਗਈ ਸੀ। ਫਿਰ ਕਾਂਗਰਸ ਨੇ ਵੀ 2022 ਵਿਚ ਹਾਰ ਦਾ ਸਾਹਮਣਾ ਕੀਤਾ। ਇੱਥੇ ਇਸ ਉਦਾਹਰਨ ਨਾਲ ਸਪਸ਼ਟ ਹੋ ਰਿਹਾ ਕਿ ਮੁਫ਼ਤ ਸਹੂਲਤਾਂ ਨਾਲ ਕੋਈ ਪਾਰਟੀ ਅਗਲੀ ਵਾਰ ਜਿੱਤ ਜਾਵੇਗੀ, ਇਸ ਦਾ ਕੋਈ ਸਿੱਧਾ-ਸਾਦਾ ਸਬੰਧ ਨਹੀਂ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਕਰਜ਼ਾ ਚੁੱਕਣ ਦੀ ਥਾਂ ਆਮਦਨੀ ਵਧਾਉਣ ਦੇ ਯਤਨ ਕਰਨੇ ਚਾਹੀਦੇ ਹਨ।**

ਉਦਾਹਰਣ ਵਜੋਂ ਕਰਨਾਟਕ ਸਰਕਾਰ ਨੂੰ ਚੋਣਾਂ ਵੇਲੇ ਦਿੱਤੀਆਂ 5 ਗਾਰੰਟੀਆਂ ਪੂਰੀਆਂ ਕਰਨ ਲਈ 60 ਹਜ਼ਾਰ ਕਰੋੜ ਵਾਧੂ ਰਕਮ ਦੀ ਲੋੜ ਹੈ। ਮੱਧ ਪ੍ਰਦੇਸ਼ ਨੂੰ ਸਿਰਫ 'ਲਾਡਲੀ ਬਹਿਨਾ' ਯੋਜਨਾ ਲਈ ਹਰ ਸਾਲ 24 ਹਜ਼ਾਰ ਕਰੋੜ ਦੀ ਲੋੜ ਪਵੇਗੀ।

ਤੇਲੰਗਾਨਾ ਦੀ ਕੁੱਲ ਕਮਾਈ ਦਾ 25 ਫ਼ੀਸਦੀ ਹਿੱਸਾ 6 ਗਾਰੰਟੀਆਂ ਪੂਰੀਆਂ ਕਰਨ ਵਿਚ ਜਾ ਰਿਹਾ ਹੈ। ਭਾਰਤ ਦੇ 15 ਸੂਬੇ ਅਜਿਹੇ ਹਨ, ਜਿਨ੍ਹਾਂ ਦੀ ਜੀ.ਡੀ.ਪੀ. ਦੇ ਮੁਕਾਬਲੇ ਕਰਜ਼ ਦਾ ਅਨੁਪਾਤ 30 ਫ਼ੀਸਦੀ ਤੋਂ ਵੱਧ ਹੈ। ਦੇਸ਼ ਦੇ 10 ਸੂਬੇ ਅਜਿਹੇ ਹਨ, ਜਿਨ੍ਹਾਂ ਨੂੰ ਅਗਲੇ 3 ਮਹੀਨਿਆਂ ਵਿਚ 4.73 ਲੱਖ ਕਰੋੜ ਰੁਪਏ ਦਾ ਕਰਜ਼ਾ ਬਾਜ਼ਾਰ ਵਿਚੋਂ ਲੈਣਾ ਪਵੇਗਾ। ਇਹ ਸੂਬੇ ਚਾਲੂ ਵਿੱਤੀ ਸਾਲ ਦੇ ਅੱਧ ਵਿਚ 3.46 ਲੱਖ ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੇ ਹਨ। ਇਸ ਹਿਸਾਬ ਨਾਲ ਚਾਲੂ ਵਿੱਤੀ ਸਾਲ ਦੌਰਾਨ ਇਨ੍ਹਾਂ ਸੂਬਿਆਂ ਸਿਰ ਪੂਰੇ ਸਾਲ ਦੀ 9.20 ਲੱਖ ਕਰੋੜ ਰੁਪਏ ਦੀ ਉਧਾਰੀ ਹੋ ਜਾਵੇਗੀ। ਇਸ ਨਾਲ ਕਰਜ਼ੇ ਦਾ ਇਕ ਨਵਾਂ ਰਿਕਾਰਡ ਬਣੇਗਾ, ਜੋ ਪਿਛਲੇ ਸਾਲ ਦੇ ਕਰਜ਼ੇ ਤੋਂ 28.7 ਫ਼ੀਸਦੀ ਵੱਧ ਹੈ। ਇਨ੍ਹਾਂ ਸੂਬਿਆਂ ਨੇ ਕੋਰੋਨਾ ਵੇਲੇ ਛੋਟ ਦੇ ਬਾਵਜੂਦ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਕਰਨਾਟਕ ਅਗਲੇ 3 ਮਹੀਨਿਆਂ ਵਿਚ ਸਭ ਤੋਂ ਜ਼ਿਆਦਾ 48,000 ਕਰੋੜ ਰੁਪਏ ਦਾ ਕਰਜ਼ਾ ਲਵੇਗਾ, ਤਾਮਿਲਨਾਡੂ 45,000 ਕਰੋੜ ਤੇ ਤੇਲੰਗਾਨਾ 30,000 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਤਿਆਰੀ ਵਿਚ ਹੈ।

ਇਨ੍ਹਾਂ ਸੂਬਿਆਂ ਨੇ 2024-25 ਦੌਰਾਨ ਨਵੰਬਰ ਤੱਕ 9.20 ਲੱਖ ਕਰੋੜ ਦਾ ਕਰਜ਼ਾ ਲਿਆ ਹੈ, ਜਦਕਿ ਪਿਛਲੇ ਸਾਲ 7.17 ਲੱਖ ਕਰੋੜ, 2022-2023 ਦੌਰਾਨ 5.18 ਲੱਖ ਕਰੋੜ , 2021-2022 ਵਿਚ 4.92 ਲੱਖ ਕਰੋੜ ਅਤੇ 2020-21 ਦੌਰਾਨ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਸੀ।

ਹਾਲਾਂਕਿ ਸਬਸਿਡੀਆਂ ਨੂੰ ਲੈ ਕੇ ਦੋ ਰਾਵਾਂ ਚੱਲ ਰਹੀਆਂ ਹਨ, ਇਕ ਵਰਗ ਦਾ ਕਹਿਣਾ ਹੈ ਕਿ ਸਬਸਿਡੀਆਂ ਦੀ ਲੋੜ ਨਹੀਂ, ਜਦਕਿ ਦੂਜਾ ਵਰਗ ਕੇਵਲ ਲੋੜਵੰਦਾਂ ਨੂੰ ਸਬਸਿਡੀ ਦੇਣ ਦੇ ਹੱਕ ਵਿਚ ਹੈ। ਪਰ ਸਭ ਨੂੰ ਸਬਸਿਡੀ ਦਾ ਲਾਭ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਕਈ ਅਜਿਹੇ ਲੋਕ ਵੀ ਹਨ, ਜੋ ਜਾਅਲੀ ਕਾਗਜ਼ਾਤ ਤਿਆਰ ਕਰਵਾ ਕੇ ਸਬਸਿਡੀਆਂ ਦਾ ਲਾਭ ਲੈ ਰਹੇ ਹਨ। ਹੋਰ ਤਾਂ ਹੋਰ ਮ੍ਰਿਤਕ ਵੀ ਸਰਕਾਰੀ ਅੰਨ ਖਾ ਰਹੇ ਹਨ ਅਤੇ ਕਈ ਹਸਪਤਾਲਾਂ 'ਚ ਮ੍ਰਿਤਕਾਂ ਦੇ ਨਾਂਅ 'ਤੇ ਇਲਾਜ ਹੋਣ ਦੇ ਤੱਥ ਵੀ ਸਾਹਮਣੇ ਆਏ ਹਨ।

ਪੰਜਾਬ ਸਰਕਾਰ ਨੂੰ ਘਰਾਂ ਲਈ ਹਰ ਮਹੀਨੇ 300 ਯੂਨਿਟ ਤੇ ਖੇਤੀ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੇਣ ਵਾਸਤੇ ਕਈ ਹਜ਼ਾਰ ਕਰੋੜ ਦਾ ਕਰਜ਼ਾ ਹਰ ਸਾਲ ਚੁੱਕਣਾ ਪੈ ਰਿਹਾ ਹੈ। ਪੰਜਾਬ ਸਰਕਾਰ ਦੇ ਕੁੱਲ ਮਾਲੀਏ ਦਾ 23 ਫ਼ੀਸਦੀ ਕਰਜ਼ੇ ਦਾ ਵਿਆਜ ਚੁਕਾਉਣ ਵਿਚ ਚਲਾ ਜਾਂਦਾ ਹੈ। ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੈਸੇ ਦੀ ਤੰਗੀ ਕਾਰਨ ਚੋਣਾਂ ਵੇਲੇ ਔਰਤਾਂ ਨੂੰ 1000 ਰੁਪਏ ਦੇਣ ਦੀ ਗਾਰੰਟੀ ਹਾਲੇ ਪੂਰੀ ਨਹੀਂ ਕੀਤੀ ਜਾ ਰਹੀ ਹੈ, ਜਦਕਿ ਉਸ ਨੇ ਦਿੱਲੀ ਵਿਚ ਔਰਤਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ। ਕਾਂਗਰਸ ਤੇ ਭਾਜਪਾ ਵੀ ਪਿੱਛੇ ਨਹੀਂ ਰਹੀਆਂ। ਦੋਹਾਂ ਪਾਰਟੀਆਂ ਨੇ ਸੱਤਾ ਵਿਚ ਆਉਣ 'ਤੇ ਔਰਤਾਂ ਨੂੰ 2500 ਰੁਪਏ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ। ਦਰਅਸਲ ਸਹੂਲਤਾਂ ਤੇ ਗਾਰੰਟੀਆਂ ਦਾ ਚੋਗਾ ਪਾ ਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ, ਗਾਰੰਟੀਆਂ ਦੇ ਲਾਲਚ ਹੇਠ ਅਸਲ ਮੁੱਦੇ ਦੱਬ ਕੇ ਰਹਿ ਜਾਂਦੇ ਹਨ। ਸਿਆਸੀ ਪਾਰਟੀਆਂ ਨੇ ਗ਼ਰੀਬਾਂ ਨੂੰ ਭਰਮਾਉਣ ਤੇ ਉਨ੍ਹਾਂ ਦੀਆਂ ਲੋੜਾਂ ਦਾ ਨਾਜਾਇਜ਼ ਫ਼ਾਇਦਾ ਉਠਾਉਣ ਦਾ ਰਾਹ ਲੱਭ ਲਿਆ ਹੈ। ਪਰ ਇਹ ਇਕ ਕੌੜਾ ਸੱਚ ਹੈ ਕਿ ਸਬਸਿਡੀਆਂ ਦਾ ਭਾਰ ਸਿੱਧੇ ਤੌਰ 'ਤੇ ਆਮ ਲੋਕਾਂ 'ਤੇ ਹੀ ਪੈ ਰਿਹਾ ਹੈ।

# ਮੋਦੀ ਸਰਕਾਰ ਨੂੰ ਫਾਸ਼ੀਵਾਦੀ ਜਾਂ ਨਵ ਫਾਸ਼ੀਵਾਦੀ ਕਿਹਾ ਜਾਵੇ ਜਾਂ ਨਾ ਕਿਹਾ ਜਾਵੇ ?

## ✪ ਇਸ ਕਾਰਨ ਮਾਰਕਸੀ ਪਾਰਟੀਆਂ ਵਿਚ ਛਿੜਿਆ ਵਿਵਾਦ




ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਵਿਚ ਕਈ ਮੁੱਦਿਆਂ 'ਤੇ ਵਿਵਾਦ ਚਲਦਾ ਰਹਿੰਦਾ ਹੈ। ਆਮ ਤੌਰ 'ਤੇ ਇਹ ਵਿਵਾਦ ਵਿਚਾਰਕ ਹੀ ਹੁੰਦਾ ਹੈ, ਪਰ ਕਈ ਵਾਰ ਰਾਜਨੀਤਕ ਵਿਵਾਦ ਵੀ ਹੁੰਦੇ ਹਨ। ਖ਼ਾਸ ਤੌਰ 'ਤੇ ਉਨ੍ਹਾਂ ਰਾਜਾਂ 'ਚ ਜਿੱਥੇ ਕਮਿਊਨਿਸਟ ਪਾਰਟੀਆਂ ਦਾ ਥੋੜ੍ਹਾ-ਬਹੁਤ ਆਧਾਰ ਹੈ ਅਤੇ ਜਿੱਥੇ ਚੋਣਾਂ ਲੜਨ 'ਤੇ ਉਨ੍ਹਾਂ ਦੇ ਜਿੱਤਣ ਦੀ ਸੰਭਾਵਨਾ ਰਹਿੰਦੀ ਹੈ, ਪਰ ਅਜੇ ਦੇਸ਼ ਦੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ ਸੀ.ਪੀ.ਐੱਮ. ਅਤੇ ਸਭ ਤੋਂ ਨਵੀਂ ਤੇ ਤੁਲਨਾਤਮਕ ਤੌਰ 'ਤੇ ਜ਼ਿਆਦਾ ਕ੍ਰਾਂਤੀਕਾਰੀ ਸੀ.ਪੀ.ਆਈ. ਐੱਮ. ਐੱਲ. 'ਚ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਵਿਵਾਦ ਇਹ ਹੈ ਕਿ ਮੋਦੀ ਸਰਕਾਰ ਨੂੰ ਫਾਸੀਵਾਦੀ ਜਾਂ ਨਵ ਫਾਸੀਵਾਦੀ ਕਿਹਾ ਜਾਵੇ ਜਾਂ ਨਾ ਕਿਹਾ ਜਾਵੇ। ਇਸ 'ਤੇ ਦੋਵਾਂ ਪਾਰਟੀਆਂ 'ਚ ਵਿਚਾਰਕ ਸੰਘਰਸ਼ ਛਿੜ ਗਿਆ ਹੈ। ਐੱਮ.ਐੱਲ. ਦੇ ਨੇਤਾ ਸੀ.ਪੀ.ਐੱਮ. ਨੂੰ ਸਮਝੌਤਾਵਾਦੀ ਦੱਸ ਰਹੇ ਹਨ। ਅਸਲ 'ਚ ਇਸ ਸਾਲ ਸੀ.ਪੀ.ਐੱਮ. ਦੀ ਰਾਸ਼ਟਰੀ ਕਾਂਗਰਸ ਹੋਣੀ ਹੈ, ਜਿਸ ਲਈ ਪਾਰਟੀ ਦਾ ਰਾਜਨੀਤਕ ਪ੍ਰਸਤਾਵ ਤਿਆਰ ਹੋਇਆ, ਜਿਸ 'ਚ ਮੋਦੀ ਸਰਕਾਰ ਨੂੰ ਫਾਸੀਵਾਦੀ ਰੁਝਾਨ ਵਾਲੀ ਕਿਹਾ ਗਿਆ, ਪਰ ਬਾਅਦ ਵਿਚ ਪਾਰਟੀ ਨੇ ਵੱਖਰੇ ਤੌਰ 'ਤੇ ਇਕ ਨੋਟ ਜਾਰੀ ਕਰਕੇ ਕਿਹਾ ਕਿ ਉਹ ਮੋਦੀ ਸਰਕਾਰ ਨੂੰ ਫਾਸੀਵਾਦੀ ਜਾਂ ਨਵ ਫਾਸੀਵਾਦੀ ਨਹੀਂ ਮੰਨਦੀ ਹੈ। ਇਸ ਨੋਟ ਤੋਂ ਬਾਅਦ ਸੀ. ਪੀ. ਆਈ. ਐੱਮ.ਐੱਲ. ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰਿਆ ਭੜਕੇ ਹੋਏ ਹਨ। ਉਨ੍ਹਾਂ ਨੇ ਸੀ.ਪੀ.ਐੱਮ. ਨੂੰ ਸਮਝੌਤਾਵਾਦੀ ਦੱਸਿਆ ਹੈ ਅਤੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਫਾਸਵਾਦੀ ਸਰਕਾਰ ਹੈ ਅਤੇ ਅਜਿਹਾ ਕਹਿਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਹਾਲਾਂਕਿ ਐੱਮ.ਐੱਲ. ਦੇ ਇਤਰਾਜ਼ਾਂ ਤੋਂ ਬਾਅਦ ਵੀ ਲੱਗਦਾ ਨਹੀਂ ਹੈ ਕਿ ਸੀ.ਪੀ.ਐੱਮ. ਦੇ ਰਾਜਨੀਤਕ ਪ੍ਰਸਤਾਵ ਵਿਚ ਕੋਈ ਬਦਲਾਅ ਹੋਵੇਗਾ।

# ਸੰਸਦੀ ਕਮੇਟੀ ਵੱਲੋਂ ਅੰਮ੍ਰਿਤਪਾਲ ਦੀ 54 ਦਿਨ ਦੀ ਛੁੱਟੀ ਦੀ ਕੀਤੀ ਸਿਫ਼ਾਰਿਸ਼

## ✪ ਕੇਂਦਰ ਇਹ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਾਹਮਣੇ ਕਰੇਗਾ ਪੇਸ਼ ✪ ਸੰਸਦ ਮੈਂਬਰ ਨੇ ਦੋ ਅਰਜ਼ੀਆਂ ਰਾਹੀਂ ਮੰਗੀ ਸੀ ਛੁੱਟੀ ✪ ਰਾਸ਼ਿਦ ਦੀ ਹਿਰਾਸਤੀ ਪੈਰੋਲ ਸਬੰਧੀ ਪਟੀਸ਼ਨ ਕੀਤੀ ਖਾਰਜ

ਨਵੀਂ ਦਿੱਲੀ-ਸੰਸਦੀ ਕਮੇਟੀ ਨੇ ਲੋਕ ਸਭਾ ਵਿੱਚ ਗ਼ੈਰਹਾਜ਼ਰੀ ਕਾਰਨ ਐੱਨਐੱਸਏ ਤਹਿਤ ਜੇਲ੍ਹ ਵਿੱਚ ਬੰਦ ਪੰਜਾਬ ਦੇ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਲਈ ਪਿਛਲੇ ਸਮੇਂ ਦੌਰਾਨ ਦਿੱਤੀਆਂ ਦੋ ਅਰਜ਼ੀਆਂ ਦੇ ਆਧਾਰ ’ਤੇ 54 ਦਿਨਾਂ ਲਈ ਛੁੱਟੀ ਦੀ ਸਿਫਾਰਸ਼ ਕੀਤੀ ਹੈ। ਉਹ ਅਪਰੈਲ 2023 ਤੋਂ ਐੱਨਐੱਸਏ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਜੇਲ੍ਹ ਵਿੱਚ ਬੰਦ ਹੋਣ ਕਾਰਨ ਗ਼ੈਰਹਾਜ਼ਰੀ ਦੀ ਛੁੱਟੀ ਲਈ ਉਸ ਨੇ ਲੋਕ ਸਭਾ ਸਪੀਕਰ ਨੂੰ ਦੋ ਵਾਰ ਬੇਨਤੀ ਕੀਤੀ ਸੀ। ਉਸ ਨੇ ਪਹਿਲੀ ਬੇਨਤੀ ਬੀਤੇ ਸਾਲ 30 ਨਵੰਬਰ ਅਤੇ ਦੂਜੀ 16 ਦਸੰਬਰ ਨੂੰ ਕੀਤੀ ਸੀ।

ਭਾਜਪਾ ਆਗੂ ਬਿਪਲਬ ਦੇਬ ਦੀ ਪ੍ਰਧਾਨਗੀ ਹੇਠਲੀ ਕਮੇਟੀ ਨੇ ਸਦਨ ਦੀਆਂ ਮੀਟਿੰਗਾਂ ਵਿਚੋਂ ਮੈਂਬਰਾਂ ਦੀ ਗ਼ੈਰਹਾਜ਼ਰੀ ਬਾਰੇ ਲੋਕ ਸਭਾ ਵਿੱਚ ਪੇਸ਼ ਕੀਤੀ ਆਪਣੀ ਰਿਪੋਰਟ ਵਿੱਚ ਕਿਹਾ ਕਿ “ਸੰਸਦ ਮੈਂਬਰ ਨੇ 24 ਜੂਨ ਤੋਂ 2 ਜੁਲਾਈ (9 ਦਿਨ), 22 ਜੁਲਾਈ ਤੋਂ 9 ਅਗਸਤ (19 ਦਿਨ), 25 ਨਵੰਬਰ ਤੋਂ 20 ਦਸੰਬਰ (26 ਦਿਨ) ਕੁੱਲ ਮਿਲਾ ਕੇ 54 ਦਿਨਾਂ ਦੀ ਗੈਰਹਾਜ਼ਰੀ ਦੀ ਛੁੱਟੀ ਲਈ ਅਰਜ਼ੀਆਂ ਭੇਜੀਆਂ ਸਨ।” ਕੇਂਦਰ ਵੱਲੋਂ ਸੰਸਦੀ ਕਮੇਟੀ ਦੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਾਹਮਣੇ ਪੇਸ਼ ਕੀਤੀ ਜਾਵੇਗੀ।

ਦੂਜੇ ਪਾਸੇ ਜੇਲ੍ਹ ਵਿੱਚ ਬੰਦ ਜੰਮੂ ਕਸ਼ਮੀਰ ਦੇ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਇੰਜਨੀਅਰ ਰਾਸ਼ਿਦ ਦੀ ਅਗਲੇ ਸੰਸਦੀ ਸੈਸ਼ਨ ਵਿੱਚ ਹਿੱਸਾ ਲੈਣ ਲਈ ਹਿਰਾਸਤੀ ਪੈਰੋਲ ਦੀ ਮੰਗ ਕਰਨ



ਵਾਲੀ ਪਟੀਸ਼ਨ ਇਥੋਂ ਦੀ ਅਦਾਲਤ ਨੇ ਖਾਰਜ ਕਰ ਦਿੱਤੀ। ਵਧੀਕ ਸੈਸ਼ਨ ਜੱਜ ਚੰਦਰਜੀਤ ਸਿੰਘ ਨੇ ਅਰਜ਼ੀ ਖਾਰਜ ਕਰਦਿਆਂ ਰਾਸ਼ਿਦ ਦੀ ਪੱਕੀ ਜ਼ਮਾਨਤ ਦੀ ਪਟੀਸ਼ਨ ’ਤੇ ਫੈਸਲੇ ਲਈ 19 ਮਾਰਚ ਦੀ ਤਾਰੀਕ ਤੈਅ ਕੀਤੀ ਹੈ। ਅਦਾਲਤ ਨੇ 3 ਮਾਰਚ ਨੂੰ ਕੌਮੀ ਜਾਂਚ ਏਜੰਸੀ (ਐੱਨਆਈਏ) ਨੂੰ ਪਟੀਸ਼ਨ ’ਤੇ ਜਵਾਬ ਦਾਖ਼ਲ ਕਰਨ ਲਈ ਕਿਹਾ ਸੀ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ।

### ਅੰਮ੍ਰਿਤਪਾਲ ਸਿੰਘ ਦਾ ਪਿਛੋਕੜ

ਅਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਹਨ।ਕਈ ਸਾਲ ਦੁਬਈ ਰਹਿਣ ਤੋਂ ਬਾਅਦ ਸਾਲ 2022 ’ਚ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਨੇ ਅਮ੍ਰਿਤ ਸੰਚਾਰ ਅਤੇ ਨਸ਼ਾ ਛੁਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ। ਅੰਮ੍ਰਿਤਪਾਲ ਸਿੰਘ ਨੂੰ ਮਰਹੂਮ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਵਲੋਂ ਬਣਾਈ ਗਈ ‘ਵਾਰਸ ਪੰਜਾਬ ਦੇ’ ਜਥੇਬੰਦੀ ਦਾ ਨਵਾਂ ਮੁਖੀ ਬਣਾਇਆ ਗਿਆ ਸੀ।

ਅੰਮ੍ਰਿਤਪਾਲ ਸਿੰਘ ਦੀ ’ਵਾਰਸ ਪੰਜਾਬ ਦੇ’ ਮੁਖੀ ਵਜੋਂ ਦਸਤਾਰਬੰਦੀ ਜਥੇਬੰਦੀ ਦੀ ਪਹਿਲੀ ਵਰ੍ਹੇਗੰਢ ਮੌਕੇ 29 ਸਤੰਬਰ 2022 ਨੂੰ ਕੀਤੀ ਗਈ ਸੀ।ਦਰਅਸਲ ਇਸ ਦਿਨ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਨ ਵੀ ਸੀ। ਪਰ ਉਹ ਆਪਣੇ ਗਰਮਸੁਰ ਵਾਲੇ ਭਾਸ਼ਣਾਂ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਕਾਰਨ ਵਿਵਾਦਾਂ ਵਿੱਚ ਆ ਗਏ।ਅਜਨਾਲਾ ਹਿੰਸਾ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ 16 ਕੇਸ ਦਰਜ ਕੀਤੇ ਗਏ ਸਨ। ਉਨ੍ਹਾਂ ਉੱਤੇ ਐਨਐੱਸਏ ਵੀ ਲਗਾਇਆ ਗਿਆ। ਅਪ੍ਰੈਲ 2023 ਨੂੰ ਅੰਮ੍ਰਿਤਪਾਲ ਸਿੰਘ ਨੂੰ ਮੋਗਾ ਤੋਂ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

### ਕੀ ਹੈ ਰਾਸ਼ਟਰੀ ਸੁਰੱਖਿਆ ਕਾਨੂੰਨ

ਰਾਸ਼ਟਰੀ ਸੁਰੱਖਿਆ ਕਾਨੂੰਨ ਨੂੰ ਐੱਨਐੱਸਏ- 1980 ਕਿਹਾ ਜਾ ਸਕਦਾ ਹੈ। ਇਹ ਪੂਰੇ ਭਾਰਤ ਵਿੱਚ ਲਾਗੂ ਹੈ ਅਤੇ ਇਸ ਤਹਿਤ ਕਿਸੇ ਵੀ ਥਾਂ ’ਤੇ ਨਜ਼ਰਬੰਦੀ ਦੇ ਹੁਕਮ ਕੀਤੇ ਜਾ ਸਕਦੇ ਹਨ। ਇਹ ਕਾਨੂੰਨ ਬਾਰ੍ਹਾਂ ਮਹੀਨਿਆਂ ਤੱਕ ਮੁਲਜ਼ਮ ਨੂੰ ਨਿਗਰਾਨੀ ਅਧੀਨ ਹਿਰਾਸਤ ਵਿੱਚ ਰੱਖਣ ਦੀ ਆਗਿਆ ਦਿੰਦਾ ਹੈ। ਕੇਂਦਰ ਜਾਂ ਸੂਬਾ ਸਰਕਾਰ ਨੂੰ ਜੇਕਰ ਲੱਗੇ ਕਿ ਕੋਈ ਵਿਅਕਤੀ ਦੇਸ਼ ਦੇ ਦੂਸਰੇ ਦੇਸ਼ਾਂ ਨਾਲ ਸਬੰਧਾਂ ਲਈ ਖਤਰਾ ਹੈ ਤਾਂ ਇਸ ਕਾਨੂੰਨ ਦੀ ਵਰਤੋਂ ਹੋ ਸਕਦੀ ਹੈ। ਇਹ ਐਕਟ ਕਿਸੇ ਵਿਦੇਸ਼ੀ ਨਾਗਰਿਕ ਉਪਰ ਵੀ ਲੱਗ ਸਕਦਾ ਹੈ ਜੇਕਰ ਉਸ ਦੀ ਲਗਾਤਾਰ ਮੌਜੂਦਗੀ ਨਿਗਰਾਨੀ ਹੇਠ ਰੱਖਣੀ ਹੋਵੇ। ਹਿਰਾਸਤ ਦੇ ਆਦੇਸ਼ ਇਸ ਗੱਲ ’ਤੇ ਖਾਰਿਜ ਨਹੀਂ ਕੀਤੇ ਜਾ ਸਕਦੇ ਕਿ ਜਿਸ ਵਿਅਕਤੀ ਖਿਲਾਫ਼ ਆਦੇਸ਼ ਦਿੱਤਾ ਹੈ, ਉਹ ਸਰਕਾਰ ਜਾਂ ਅਧਿਕਾਰੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

ਅੰਮ੍ਰਿਤਪਾਲ ਸਿੰਘ ’ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਵੀ ਲਗਾਇਆ ਗਿਆ ਸੀ।ਪੁਲਿਸ ਮੁਤਾਬਕ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਲਗਾਤਾਰ ਸੂਬੇ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਨੁਕਸਾਨ ਪਹੁੰਚਾਉਣ ਕਾਰਨ ਹੋਈ ਕਾਰਵਾਈ ਦੌਰਾਨ ਨਜ਼ਰਬੰਦ ਕਰਨ ਦੀ ਤਜਵੀਜ਼ ਕੀਤੀ ਗਈ ਸੀ।

ਪੁਲਿਸ ਮੁਤਾਬਕ ਐਸਐਸਪੀ ਅੰਮ੍ਰਿਤਸਰ ਦਿਹਾਤੀ ਨੇ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਨੂੰ ਪੱਤਰ ਭੇਜਿਆ ਸੀ, ਜਿਨ੍ਹਾਂ ਨੇ ਇਸ ਬਾਰੇ ਵਿਚਾਰ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਉੱਤੇ ਰਾਸ਼ਟਰੀ ਸੁਰੱਖਿਆ ਐਕਟ, 1980 ਦੀ ਧਾਰਾ 3(2) ਤਹਿਤ ਨਜ਼ਰਬੰਦੀ ਦੇ ਹੁਕਮ ਜਾਰੀ ਕੀਤੇ ਹਨ।

# ਪਤਨੀ ਨੇ ਪ੍ਰੇਮਿਕਾ ਨਾਲ ਪਤੀ ਨੂੰ ਫੜਿਆ

## ✪ ਔਰਤ ਨੇ ਬਾਜ਼ਾਰ ਵਿਚ ਦੋਵਾਂ ਨੂੰ ਡੰਡੇ ਨਾਲ ਕੁਟਿਆ ✪ ਕਿਹਾ-15 ਸਾਲਾਂ ਤੋਂ ਚੱਲ ਰਹੇ ਸਨ ਨਾਜਾਇਜ਼ ਸਬੰਧ, ਪ੍ਰੇਮਿਕਾ ਹੋਈ ਫਰਾਰ

ਅਬੋਹਰ-ਅਬੋਹਰ ’ਚ ਇਕ ਪਤਨੀ ਨੇ ਆਪਣੇ ਪਤੀ ਨੂੰ ਪ੍ਰੇਮਿਕਾ ਨਾਲ ਰੰਗੇ ਹੱਥੀਂ ਫੜ ਲਿਆ। ਮੁਖਰਜੀ ਮਾਰਕੀਟ ਵਿੱਚ ਵਾਪਰੀ ਇਸ ਘਟਨਾ ਵਿੱਚ ਪਤਨੀ ਨੇ ਦੋਵਾਂ ਨੂੰ ਡੰਡਿਆਂ ਨਾਲ ਕੁੱਟਿਆ। ਰੁਕਨਪੁਰਾ ਖੂਈਖੇੜਾ ਦੀ ਰਹਿਣ ਵਾਲੀ ਰਾਣੀ ਨੇ ਦੱਸਿਆ ਕਿ ਉਸ ਦੇ ਪਤੀ ਦੇ ਪਿਛਲੇ 15 ਸਾਲਾਂ ਤੋਂ ਇੱਕ ਔਰਤ ਨਾਲ ਨਾਜਾਇਜ਼ ਸਬੰਧ ਹਨ। ਰਾਣੀ ਨੇ ਔਰਤ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼



ਕੀਤੀ ਪਰ ਉਹ ਨਹੀਂ ਮੰਨੀ। ਘਟਨਾ ਵਾਲੇ ਦਿਨ ਪਤੀ ਨੇ ਹਸਪਤਾਲ ਜਾ ਕੇ ਦਵਾਈ ਲੈਣ ਦਾ ਬਹਾਨਾ ਬਣਾਇਆ ਪਰ ਉਹ ਆਪਣੀ ਪ੍ਰੇਮਿਕਾ ਨੂੰ ਮਿਲਣ ਪਹੁੰਚ ਗਿਆ। ਜਦੋਂ ਰਾਣੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਵੀ ਉਸ ਦਾ ਪਿੱਛਾ ਕਰਦੀ ਮਗਰ ਹੀ ਪਹੁੰਚ ਗਈ। ਉਸ ਨੇ ਦੋਵਾਂ ਨੂੰ ਮੁਖਰਜੀ ਮਾਰਕੀਟ ਸਥਿਤ ਸਵੀਟ ਹਾਊਸ ਨੇੜਿਓਂ ਫੜ ਲਿਆ। ਰਾਣੀ ਨੇ ਦੋਹਾਂ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ। ਇਸ ਦੌਰਾਨ ਪ੍ਰੇਮਿਕਾ ਉਥੋਂ ਭੱਜ ਗਈ। ਘਟਨਾ ਤੋਂ ਬਾਅਦ ਮੌਕੇ ’ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ।

# ਫਾਜ਼ਿਲਕਾ ਦੇ ਹੋਟਲ ਵਿਚ ਚਲ ਰਿਹਾ ਸੀ ਸੈਕਸ ਰੈਕੇਟ

## ✪ ਪੁਲਿਸ ਨੇ ਇਤਰਾਜ਼ਯੋਗ ਹਾਲਤ ਵਿਚ ਫੜੀਆਂ 2 ਔਰਤਾਂ ਤੇ 3 ਨੌਜਵਾਨ

ਅਬੋਹਰ (ਫਾਜ਼ਿਲਕਾ)-ਪੰਜਾਬ ਦੇ ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਵਿੱਚ ਬੱਸ ਸਟੈਂਡ ਦੇ ਪਿੱਛੇ ਸਥਿਤ ਇੱਕ ਹੋਟਲ ਵਿੱਚ ਚੱਲ ਰਹੇ ਸੈਕਸ ਰੈਕੇਟ ਦਾ ਪਰਦਾਫਾਸ਼ ਕਰਦਿਆਂ ਸ਼ਹਿਰ ਦੀ ਪੁਲਿਸ ਨੇ ਤਿੰਨ ਨੌਜਵਾਨਾਂ ਅਤੇ ਦੋ ਔਰਤਾਂ ਨੂੰ ਵੇਸਵਾਗਮਨੀ ਦੇ ਦੋਸ਼ ਵਿੱਚ ਇਤਰਾਜ਼ਯੋਗ ਹਾਲਤ ਵਿੱਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



ਪੁਲਿਸ ਨੇ ਹੋਟਲ ਮੈਨੇਜਰ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਹੋਟਲ ਨੂੰ ਤਾਲਾ ਲਗਾ ਦਿੱਤਾ ਹੈ। ਜਾਣਕਾਰੀ ਅਨੁਸਾਰ ਸਿਟੀ ਪੁਲਿਸ ਸਟੇਸ਼ਨ ਦੇ ਇੰਚਾਰਜ ਮਨਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕਾਫ਼ੀ ਸਮੇਂ ਤੋਂ ਜਾਣਕਾਰੀ ਮਿਲ ਰਹੀ ਸੀ ਕਿ ਬੱਸ ਸਟੈਂਡ ਦੇ ਪਿੱਛੇ ਬਣੇ ਇੱਕ ਹੋਟਲ (ਸੈਕਸ ਰੈਕੇਟ ਇਨ ਹੋਟਲ) ਵਿੱਚ ਅਨੈਤਿਕ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਦੋਸ਼ ਹੈ ਕਿ ਇੱਥੇ ਨਾਬਾਲਗ ਮੁੰਡੇ-ਕੁੜੀਆਂ ਨੂੰ ਕਮਰੇ ਦਿੱਤੇ ਜਾ ਰਹੇ ਹਨ।

# ਭਾਰਤ ਦੀ ਜਿੱਤ ਦਾ ਜਸ਼ਨ ਮਨਾਉਣ ਵਾਲੇ ਭਗਵਿਆਂ ਤੋਂ ਪੁਲਿਸ ਨੇ ਖੋਹਿਆ ਤਿਰੰਗਾ

## ✪ ਸਹਾਰਨਪੁਰ ਦੇ ਪੁਲਿਸ ਇੰਚਾਰਜ ਨੇ ਚੌਕੀ ਵਿਚ ਵੜ ਕੇ ਬਚਾਈ ਜਾਨ



ਸਹਾਰਨਪੁਰ-ਚੈਂਪੀਅਨਜ਼ ਟਰਾਫੀ ਵਿੱਚ ਟੀਮ ਇੰਡੀਆ ਦੀ ਜਿੱਤ ਤੋਂ ਬਾਅਦ, ਭੀੜ ਉਸ ਸਮੇਂ ਗੁੱਸੇ ਵਿੱਚ ਆ ਗਈ ਜਦੋਂ ਬੀਤੇ ਐਤਵਾਰ ਰਾਤ ਨੂੰ ਇੱਕ ਪੁਲਿਸ ਇੰਸਪੈਕਟਰ ਨੇ ਕਲਾਕ ਟਾਵਰ 'ਤੇ ਜਸ਼ਨ ਮਨਾ ਰਹੇ ਲੋਕਾਂ ਤੋਂ ਤਿਰੰਗਾ ਖੋਹ ਲਿਆ ਅਤੇ ਇਸਨੂੰ ਇੱਕ ਸੋਟੀ ਦੇ ਦੁਆਲੇ ਲਪੇਟ ਲਿਆ। ਗੁੱਸੇ ਵਿੱਚ ਆਏ ਨੌਜਵਾਨ ਨੇ ਚੌਕੀ ਇੰਚਾਰਜ ਨਾਲ ਝੜਪ ਕੀਤੀ ਅਤੇ ਪੁਲਿਸ ਦੀ ਟੋਪੀ ਹਵਾ ਵਿੱਚ ਸੁੱਟ ਦਿੱਤੀ।

ਹਾਲਾਤ ਵਿਗੜਦੇ ਦੇਖ ਕੇ ਇੰਚਾਰਜ ਨੇ ਥਾਣੇ ਵਿੱਚ ਦਾਖਲ ਹੋ ਕੇ ਆਪਣੇ ਆਪ ਨੂੰ ਬਚਾਇਆ। ਗੁੱਸੇ ਵਿੱਚ ਆਏ ਲੋਕਾਂ ਨੇ ਸ਼ਹਿਰ ਦੇ ਘੰਟਾਘਰ ਚੌਕੀ ਵਿੱਚ ਵੀ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਬਾਅਦ ਵਿੱਚ ਕੁਝ ਲੋਕਾਂ ਨੇ ਭੀੜ ਨੂੰ ਸਮਝਾ ਕੇ ਰੋਕਿਆ। ਇਸ ਘਟਨਾ ਦਾ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਗਿਆ।

ਦੂਜੇ ਪਾਸੇ, ਸ਼ਹਿਰ ਦੇ ਪੁਲਿਸ ਸਟੇਸ਼ਨ ਇੰਚਾਰਜ ਸੁਨੀਲ ਨਾਗਰ ਨੇ ਪੁਲਿਸ ਨਾਲ ਦੁਰਵਿਵਹਾਰ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਸ਼ਨ ਦੌਰਾਨ ਐਂਬੂਲੈਂਸ ਨੂੰ ਹਟਾਉਣ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਝਗੜਾ ਹੋਇਆ। ਪੁਲਿਸ ਨੇ ਮਾਮਲਾ ਸ਼ਾਂਤ ਕਰਵਾਇਆ। ਰਾਸ਼ਟਰੀ ਝੰਡੇ ਦੇ ਅਪਮਾਨ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ।

# ਡਰੱਗ ਮਾਮਲੇ ਵਿਚ ਮਜੀਠੀਆ 17 ਮਾਰਚ ਨੂੰ ਸਿਟ ਅੱਗੇ ਪੇਸ਼ ਹੋਣਗੇ



ਪਟਿਆਲਾ-ਡਰੱਗ ਮਾਮਲੇ 'ਚ ਸਪੈਸ਼ਲ ਜਾਂਚ ਟੀਮ (ਐੱਸਆਈਟੀ) ਨੇ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੂੰ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਹੈ। ਐੱਸਆਈਟੀ ਮੁਖੀ ਡੀਆਈਜੀ ਰੇਂਜ ਰੂਪਨਗਰ ਵੱਲੋਂ ਜਾਰੀ ਨੋਟਿਸ ਵਿਚ ਬਿਕਰਮਜੀਤ ਸਿੰਘ ਮਜੀਠੀਆ ਨੂੰ 17 ਮਾਰਚ ਸਵੇਰੇ 11 ਵਜੇ ਡੀਆਈਜੀ ਦਫ਼ਤਰ ਪਟਿਆਲਾ ਪੁੱਜਣ ਦਾ ਹੁਕਮ ਦਿੱਤਾ ਗਿਆ ਹੈ।

# ਅੰਮ੍ਰਿਤਸਰ ਤੋਂ ਨਾਬਾਲਗ ਸਮੇਤ ਚਾਰ ਡਰੱਗ ਸਮਗਲਰ ਗ੍ਰਿਫ਼ਤਾਰ

## ✪ 4 ਕਿਲੋ ਹੈਰੋਇਨ ਤੇ 20 ਹਜ਼ਾਰ ਦੀ ਡਰੱਗ ਮਨੀ ਫੜੀ



ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ 16 ਸਾਲਾ ਨਾਬਾਲਗ ਸਮੇਤ ਚਾਰ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਨਸ਼ਾ ਤਸਕਰੀ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ ਅਤੇ ਮੁਲਜ਼ਮਾਂ ਦੇ ਕਬਜ਼ੇ 'ਚੋਂ 4.01 ਕਿਲੋ ਹੈਰੋਇਨ, 20,000 ਰੁਪਏ ਦੀ ਡਰੱਗ ਮਨੀ ਅਤੇ ਤਿੰਨ ਮੋਟਰਸਾਈਕਲ ਜ਼ਬਤ ਕੀਤੇ ਹਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਸੇਮ ਸਿੰਘ ਉਰਫ਼ ਸੇਮਾ (23), ਅੰਮ੍ਰਿਤ ਸਿੰਘ ਉਰਫ਼ ਅਭੀ (21), ਦੋਵੇਂ ਵਾਸੀ ਜਲਾਲਾਬਾਦ, ਫਾਜ਼ਿਲਕਾ; ਰਮਨਜੀਤ ਸਿੰਘ ਉਰਫ਼ ਰਮਨ (19) ਵਾਸੀ ਤਰਨਤਾਰਨ ਵਜੋਂ ਹੋਈ ਹੈ ਜਦੋਂ ਕਿ ਗ੍ਰਿਫ਼ਤਾਰ ਕੀਤਾ ਨਾਬਾਲਗ ਫਿਰੋਜ਼ਪੁਰ ਦਾ ਰਹਿਣ ਵਾਲਾ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਪਾਕਿਸਤਾਨ-ਅਧਾਰਿਤ ਤਸਕਰਾਂ ਨਾਲ ਲਗਾਤਾਰ ਸੰਪਰਕ ਵਿੱਚ ਸਨ, ਜੋ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਸਪਲਾਈ ਲਈ ਫਿਰੋਜ਼ਪੁਰ ਸੈਕਟਰ ਦੀ ਵਰਤੋਂ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨਾਬਾਲਗ, ਜਿਸਦੀ ਪਛਾਣ ਉਮਰ ਦੇ ਲਿਹਾਜ਼ ਨਾਲ ਗੁਪਤ ਰੱਖੀ ਗਈ ਹੈ, ਸਤਲੁਜ ਦਰਿਆ ਪਾਰ ਕਰਕੇ ਅੰਤਰਰਾਸ਼ਟਰੀ ਸਰਹੱਦ ਨੇੜਲੇ ਖੇਤਰਾਂ ਤੋਂ ਪਾਕਿਸਤਾਨੀ ਤਸਕਰਾਂ ਦੁਆਰਾ ਸੁੱਟੀਆਂ ਜਾਂਦੀਆਂ ਨਸ਼ਿਆਂ ਦੀਆਂ ਖੇਪਾਂ ਪ੍ਰਾਪਤ ਕਰਨ ਲਈ ਕਿਸ਼ਤੀਆਂ ਦੀ ਵਰਤੋਂ ਕਰ ਰਿਹਾ ਸੀ।

# ਲੁਧਿਆਣਾ ਵਿਚ ਪੁਲਿਸ ਦਾ ਦੋ ਅਪਰਾਧੀਆਂ ਨਾਲ ਮੁਕਾਬਲਾ

## ✪ ਬਦਮਾਸ਼ਾਂ ਦੇ ਪੱਟ ਵਿਚ ਲੱਗੀ ਗੋਲ਼ੀ, ਹਸਪਤਾਲ ਵਿਚ ਦਾਖ਼ਲ




ਲੁਧਿਆਣਾ-ਲੁਧਿਆਣਾ ਵਿੱਚ ਸਵੇਰੇ ਦੁੱਗਰੀ ਥਾਣੇ ਦੀ ਪੁਲਿਸ ਦਾ ਦੋ ਅਪਰਾਧੀਆਂ ਨਾਲ ਮੁਕਾਬਲਾ ਹੋਇਆ। ਬਦਮਾਸ਼ਾਂ ਦੇ ਪੱਟ ਵਿੱਚ ਗੋਲੀ ਲੱਗੀ ਸੀ। ਪੁਲਿਸ ਨੇ ਜ਼ਖ਼ਮੀ ਅਪਰਾਧੀਆਂ ਨੂੰ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ। ਪੁਲਿਸ ਅਪਰਾਧੀਆਂ ਦੀ ਭਾਲ ਕਰ ਰਹੀ ਸੀ। ਦੋਵਾਂ ਬਦਮਾਸ਼ਾਂ ਨੇ ਕੁਝ ਦਿਨ ਪਹਿਲਾਂ ਜੇਟਨ ਚੌਕ ਨੇੜੇ ਅਭਿਨਵ ਮੰਡ ਨਾਮ ਦੇ ਨੌਜਵਾਨ 'ਤੇ ਗੋਲ਼ੀਬਾਰੀ ਕੀਤੀ ਸੀ। ਬਦਮਾਸ਼ਾਂ ਦੀ ਪਛਾਣ ਸੁਮਿਤ ਅਤੇ ਮਨੀਸ਼ ਉਰਫ਼ ਟੋਨੀ ਵਜੋਂ ਹੋਈ ਹੈ। ਦੋਸ਼ੀ ਟੋਨੀ ਵਿਰੁੱਧ 15 ਮਾਮਲੇ ਦਰਜ ਹਨ।

### ਮੁਲਜ਼ਮਾਂ ਖ਼ਿਲਾਫ਼ 15 ਮਾਮਲੇ ਦਰਜ

ਟੋਨੀ ਵਿਰੁੱਧ ਪਹਿਲਾਂ ਹੀ ਲਗਪਗ 15 ਅਪਰਾਧਿਕ ਮਾਮਲੇ ਦਰਜ ਹਨ। ਟੋਨੀ ਦੀਆਂ ਦੋਵੇਂ ਲੱਤਾਂ 'ਤੇ ਗੋਲ਼ੀਆਂ ਲੱਗੀਆਂ। ਜਦੋਂ ਕਿ ਸੁਮਿਤ ਦੀ ਇੱਕ ਲੱਤ ਵਿੱਚ ਗੋਲੀ ਲੱਗੀ ਹੈ। ਦੋਵਾਂ ਬਦਮਾਸ਼ਾਂ ਕੋਲ ਇੱਕ 32 ਬੋਰ ਪਿਸਤੌਲ ਅਤੇ ਇੱਕ ਦੇਸੀ ਪਿਸਤੌਲ ਸੀ। ਦੋਵੇਂ ਅਪਰਾਧੀ ਲੁਧਿਆਣਾ ਦੇ ਦੁੱਗਰੀ ਇਲਾਕੇ ਦੇ ਰਹਿਣ ਵਾਲੇ ਹਨ।

### ਦੁਸ਼ਮਣੀ ਕਾਰਨ ਕੀਤੀ ਗਈ ਸੀ ਗੋਲ਼ੀਬਾਰੀ

ਇੱਕ ਮਹੀਨਾ ਪਹਿਲਾਂ ਜੈਤੋ ਚੌਕ 'ਤੇ ਦੋ ਗੁੱਟਾਂ ਵਿਚਕਾਰ ਝੜਪ ਹੋਈ ਸੀ। ਜਿਸ ਵਿੱਚ ਉਕਤ ਬਦਮਾਸ਼ਾਂ ਨੇ ਗੋਲ਼ੀਬਾਰੀ ਕੀਤੀ ਸੀ, ਜਿਸ ਵਿੱਚ ਦੋਵਾਂ ਬਦਮਾਸ਼ਾਂ ਨੇ ਅਭਿਨਵ ਮੰਡ ਨਾਮ ਦੇ ਨੌਜਵਾਨ 'ਤੇ ਗੋਲ਼ੀਬਾਰੀ ਕੀਤੀ ਸੀ। ਉਪਰੋਕਤ ਮਾਮਲੇ ਦੇ ਦੋਵੇਂ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਸੀ।

# ਸੱਤ ਲੁਟੇਰੇ ਮਾਰੂ ਹਥਿਆਰਾਂ ਸਣੇ ਗ੍ਰਿਫ਼ਤਾਰ



ਬਾਜਾਖਾਨਾ-ਸੰਗਠਨ ਅਪਰਾਧ ਕਰਨ ਵਾਲੇ ਨੌਜਵਾਨਾਂ ਦੇ ਗਰੁੱਪਾਂ ਖ਼ਿਲਾਫ਼ ਪੁਲੀਸ ਨੇ ਕਾਰਵਾਈ ਕਰਦਿਆਂ ਸੱਤ ਨੌਜਵਾਨਾਂ ਨੂੰ ਮਾਰੂ ਹਥਿਆਰਾਂ ਸਣੇ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਲੁੱਟ-ਖੋਹ ਦੀਆਂ ਵਾਰਦਾਤਾਂ ਕਰ ਰਹੇ ਸਨ ਤੇ ਇਨ੍ਹਾਂ ਖ਼ਿਲਾਫ਼ ਪਹਿਲਾਂ ਵੀ ਕਈ ਪਰਚੇ ਦਰਜ ਹਨ।

ਡੀਐੱਸਪੀ ਜਤਿੰਦਰ ਸਿੰਘ ਨੇ ਦੱਸਿਆ ਕਿ ਪੰਜਗਰਾਈਂ ਚੌਕੀ ਇੰਚਾਰਜ ਨਵਦੀਪ ਸਿੰਘ ਪੁਲੀਸ ਪਾਰਟੀ ਸਣੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਸਬੰਧੀ ਬੱਸ ਅੱਡਾ ਪੰਜਗਰਾਈਂ ਕਲਾਂ ਮੌਜੂਦ ਸੀ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਸੱਤ ਨੌਜਵਾਨ ਸੁਖਵੀਰ ਸਿੰਘ ਰਿੰਕੂ, ਸੁਖਦੀਪ ਸਿੰਘ ਹੋਸ਼ੀ, ਇਕਬਾਲ ਸਿੰਘ ਤੂਤਾਂ ਵਾਲਾ, ਰਾਜਨ ਕੁਮਾਰ ਰਾਜੂ, ਕਰਮ ਚੰਦ ਲਾਡੀ, ਜਸਕਰਨ ਸਿੰਘ ਨਾਹਰ ਅਤੇ ਸੁਖਵਿੰਦਰ ਸਿੰਘ ਗੋਲੂ ਮੱਲਕੇ ਵਾਲੀ ਨਹਿਰ ਦੀ ਪਟੜੀ 'ਤੇ ਦਰੱਖਤਾਂ ਦੇ ਝੁੰਡ 'ਚ ਲੁਕ ਕੇ ਬੈਠੇ ਹਨ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਰਾਹਗੀਰਾਂ ਕੋਲੋਂ ਲੁੱਟ-ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ ਤੇ ਇਨ੍ਹਾਂ ਕੋਲ ਮਾਰੂ ਹਥਿਆਰ ਹਨ। ਪੁਲੀਸ ਨੇ ਛਾਪਾ ਮਾਰ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਇਨ੍ਹਾਂ ਕੋਲੋਂ ਦੋ ਗਰਾਰੀ ਲੱਗੀਆਂ ਪਾਈਪਾਂ, ਤਿੰਨ ਕਿਰਪਾਨਾਂ ਅਤੇ ਹੋਰ ਹਥਿਆਰ ਬਰਾਮਦ ਕੀਤੇ।

ਮੁੱਢਲੀ ਪੁੱਛ ਪੜਤਾਲ ਦੌਰਾਨ ਪਤਾ ਲੱਗਿਆ ਕਿ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਅਜਿਹੇ ਪੰਜ ਕੇਸ ਦਰਜ ਹਨ।

# ਕਿਸਾਨ ਅੰਦੋਲਨ ਨਵਾਂ ਇਤਿਹਾਸ ਸਿਰਜ ਸਕੇਗਾ ?

## ✪ ਕਿਸਾਨਾਂ ਵੱਲੋਂ 'ਆਪ' ਦੇ ਵਜ਼ੀਰਾਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ✪ ਸੂਬਾ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਦੀ ਨਿਖੇਧੀ



ਪੰਜ ਸਾਲ ਪਹਿਲਾਂ ਕਿਸਾਨ ਦਿੱਲੀ ਘੇਰ ਕੇ ਬੈਠੇ ਤਾਂ ਇਕ ਸਾਲ ਵਿਚ ਸਰਕਾਰ ਨੇ ਉਨ੍ਹਾਂ ਦੀ ਮੰਗ ਮੰਨ ਲਈ ਸੀ ਅਤੇ ਠੀਕ ਇਕ ਸਾਲ ਬਾਅਦ ਉਨ੍ਹਾਂ ਦਾ ਅੰਦੋਲਨ ਖ਼ਤਮ ਹੋ ਗਿਆ ਸੀ। ਕੇਂਦਰ ਸਰਕਾਰ ਨੇ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਲਿਆ ਸੀ। ਉਸ ਸਮੇਂ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਲੈ ਕੇ ਵੀ ਕੇਂਦਰ ਨੇ ਵਾਅਦਾ ਕੀਤਾ ਸੀ, ਪਰ ਜਿਨ੍ਹਾਂ ਨੂੰ ਹਾਲੇ ਤੱਕ ਵੀ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਮੰਗਾਂ ਨੂੰ ਲੈ ਕੇ ਹੁਣ ਕਿਸਾਨ ਇਕ ਸਾਲ ਤੋਂ ਵਧੇਰੇ ਸਮੇਂ ਤੋਂ ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਅੰਦੋਲਨ ਕਰ ਰਹੇ ਹਨ। ਇਸ ਵਾਰ ਕਿਸੇ ਤਰ੍ਹਾਂ ਨਾਲ ਉਨ੍ਹਾਂ ਨੂੰ ਦਿੱਲੀ ਨਹੀਂ ਆਉਣ ਦਿੱਤਾ ਗਿਆ। ਜਦੋਂ ਵੀ ਕਿਸਾਨ ਦਿੱਲੀ ਵਲ ਨੂੰ ਕੂਚ ਕਰਦੇ ਹਨ, ਤਾਂ ਹਰਿਆਣਾ ਪੁਲਿਸ ਉਨ੍ਹਾਂ ਨੂੰ ਘੱਗਰ ਨਦੀ ਦੇ ਪੁਲ 'ਤੇ ਰੋਕ ਦਿੰਦੀ ਹੈ ਅਤੇ ਉਨ੍ਹਾਂ ਨੂੰ ਅਕਸਰ ਇਹ ਸਵਾਲ ਕਰਦੀ ਹੈ ਕਿ, ਕੀ ਉਨ੍ਹਾਂ ਕੋਲ ਦਿੱਲੀ ਜਾਣ ਦੀ ਮਨਜ਼ੂਰੀ ਹੈ ਜਾਂ ਨਹੀਂ। ਇਸ ਦੌਰਾਨ ਕਿਸਾਨਾਂ ਨਾਲ ਕੇਂਦਰ ਸਰਕਾਰ ਨੇ ਕਿਸ਼ਤਾਂ ਵਿਚ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਹਨ। ਇੰਜ ਲੱਗ ਰਿਹਾ ਹੈ ਕਿ ਸਰਕਾਰ ਨੇ ਮੀਟਿੰਗਾਂ ਦੀਆਂ ਮਹੀਨਾਵਾਰ ਕਿਸ਼ਤਾਂ ਬੰਨ੍ਹੀਆਂ ਹਨ। ਮਹੀਨੇ ਵਿਚ ਇਕ ਵਾਰ ਮੀਟਿੰਗ ਹੁੰਦੀ ਹੈ। ਬਜ਼ੁਰਗ ਅਤੇ ਬਿਮਾਰ ਕਿਸਾਨ ਜਗਜੀਤ ਸਿੰਘ ਡੱਲੇਵਾਲ ਲਗਭਗ ਇਕ ਸੌ ਦਿਨ ਤੋਂ ਭੁੱਖ ਹੜਤਾਲ 'ਤੇ ਹਨ ਪਰ ਸਰਕਾਰ ਸੁਣਵਾਈ ਨਹੀਂ ਕਰ ਰਹੀ। ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਹਜ਼ਾਰਾਂ ਕਿਸਾਨ ਇਕ ਸਾਲ ਤੋਂ ਅੰਦੋਲਨ ਕਰ ਰਹੇ ਹਨ ਅਤੇ ਸਰਕਾਰ ਮਹੀਨੇ 'ਚ ਇਕ ਵਾਰ ਮੀਟਿੰਗ ਕਰਨ ਦੀ ਰਸਮ ਕਰ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ ਪੰਜਾਬ ਸਰਕਾਰ ਵੱਲੋਂ 5 ਮਾਰਚ ਨੂੰ ਚੰਡੀਗੜ੍ਹ ਧਰਨਾ ਲਾਉਣ ਜਾ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਖ਼ਿਲਾਫ਼ ਬੀਤੇ ਦਿਨੀਂ ਪੰਜਾਬ ਭਰ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਵਜ਼ੀਰਾਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਮੁਜ਼ਾਹਰੇ ਕੀਤੇ। ਐੱਸਕੇਐੱਮ ਨੇ ਸੂਬੇ ਵਿੱਚ 80 ਦੇ ਕਰੀਬ ਵਿਧਾਇਕਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ, ਜਿਸ ਵਿੱਚ ਵੱਡੀ ਗਿਣਤੀ ਨੌਜਵਾਨਾਂ, ਬਜ਼ੁਰਗਾਂ ਅਤੇ ਔਰਤਾਂ ਨੇ ਸ਼ਮੂਲੀਅਤ ਕੀਤੀ ਤੇ ਸੂਬਾ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਦੀ ਨਿਖੇਧੀ ਕੀਤੀ। ਐੱਸਕੇਐੱਮ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਦੀਆਂ ਮੰਗਾਂ ਪੰਜਾਬ ਨਾਲ ਸਬੰਧਤ ਨਾ ਹੋਣ ਸਬੰਧੀ ਦਿੱਤੇ ਗਏ ਬਿਆਨ ਨਕਾਰਦਿਆਂ ਮੁੱਖ ਮੰਤਰੀ ਨੂੰ ਇਨ੍ਹਾਂ ਮੰਗਾਂ ਸਬੰਧੀ ਖੁੱਲ੍ਹੀ ਬਹਿਸ ਕਰਨ ਦੀ ਚੁਣੌਤੀ ਦਿੱਤੀ।

ਐੱਸਕੇਐੱਮ ਦੇ ਮੁਜ਼ਾਹਰਿਆਂ ਨੂੰ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਰਮਿੰਦਰ ਸਿੰਘ ਪਟਿਆਲਾ, ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ, ਪ੍ਰੇਮ ਸਿੰਘ ਭੰਗੂ, ਡਾ. ਸਤਨਾਮ ਸਿੰਘ ਅਜਨਾਲਾ, ਡਾ. ਦਰਸ਼ਨਪਾਲ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਸਣੇ ਹੋਰ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ। ਉਨ੍ਹਾਂ ਪੰਜਾਬ ਸਰਕਾਰ ਤੋਂ ਸੂਬੇ ਵਿੱਚ ਆਬਾਦਕਾਰ ਕਿਸਾਨਾਂ ਦੀਆਂ ਗਿਰਦਾਵਰੀਆਂ ਬਹਾਲ ਕਰਕੇ ਬੈਂਕ ਕਰਜ਼ਾ-ਲਿਮਟ, ਮੋਟਰ ਕੁਨੈਕਸ਼ਨ ਅਤੇ ਸਬਸਿਡੀ ਦੀ ਸਹੂਲਤ ਦੇਣ ਦੀ ਮੰਗ ਕੀਤੀ। ਇਸੇ ਤਰ੍ਹਾਂ ਉਨ੍ਹਾਂ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ, ਪੰਜਾਬ ਸਰਕਾਰ ਵੱਲੋਂ ਸਿਧਾਂਤਕ ਤੌਰ 'ਤੇ ਮੰਨੀ ਮੰਗ ਤਹਿਤ ਸਹਿਕਾਰੀ ਅਦਾਰਿਆਂ ਵਿੱਚ ਯਕਮੁਸ਼ਤ ਕਰਜ਼ਾ ਨਿਬੇੜੂ ਸਕੀਮ ਲਾਗੂ ਕਰਨ, ਹਰ ਖੇਤ ਤੱਕ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ, ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫ਼ਸਲ ਚੱਕਰ 'ਚੋਂ ਬਾਹਰ ਕੱਢਣ ਲਈ ਬਾਸਮਤੀ, ਮੱਕੀ, ਮੂੰਗੀ, ਆਲੂ, ਮਟਰ, ਗੋਭੀ ਤੇ ਦਾਲਾਂ ਦੀ ਐੱਮਐੱਸਪੀ 'ਤੇ ਖਰੀਦ ਕਰਨ ਤੇ ਆਉਂਦੇ ਸੀਜ਼ਨ ਦੌਰਾਨ ਕਣਕ ਦੀ ਖਰੀਦ ਅਤੇ ਚੁਕਾਈ ਦਾ ਢੁਕਵਾਂ ਬੰਦੋਬਸਤ ਯਕੀਨੀ ਬਣਾਉਣ ਦੀ ਮੰਗ ਕੀਤੀ।ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਅਮਰੀਕਾ ਵੱਲੋਂ ਭਾਰਤ ਦੇ ਖੇਤੀ ਖੇਤਰ ਅਤੇ ਅਨਾਜ 'ਤੇ ਕੰਟਰੋਲ ਕਰਨ ਦੇ ਉਦੇਸ਼ ਨਾਲ ਡਿਊਟੀ ਫਰੀ ਵਪਾਰ ਸਮਝੌਤਿਆਂ ਲਈ ਭਾਰਤ ਸਰਕਾਰ 'ਤੇ ਪਾਏ ਜਾ ਰਹੇ ਦਬਾਅ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਵਿਰੋਧੀ ਤੇ ਕਾਰਪੋਰੇਟ ਪੱਖੀ ਕੌਮੀ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਵਾਪਸ ਲਵੇ।

ਪੰਜਾਬ ਟਾਈਮਜ ਦਾ ਸਵਾਲ ਇਹ ਹੈ ਕਿ ਕਿੰਨੇ ਹੋਰ ਮਹੀਨਿਆਂ ਤੱਕ ਮੀਟਿੰਗਾਂ ਦਾ ਇਹ ਸਿਲਸਿਲਾ ਚੱਲੇਗਾ? ਪਿਛਲੀ ਵਾਰ ਦੇ ਕਿਸਾਨ ਅੰਦੋਲਨ ਦਾ ਇਕ ਸਾਲ ਦਾ ਰਿਕਾਰਡ 11 ਫਰਵਰੀ 2025 ਨੂੰ ਟੁੱਟ ਚੁੱਕਾ ਹੈ, ਪਰ ਲੱਗਦਾ ਹੈ ਕਿ ਸਰਕਾਰ ਹੋਰ ਵੀ ਵੱਡਾ ਰਿਕਾਰਡ ਬਣਾਉਣਾ ਚਾਹੁੰਦੀ ਹੈ। ਕਿਸਾਨਾਂ ਦੀ ਸੁਣਵਾਈ ਨਾ ਕਰਨ ਦਾ ਕਾਰਣ ਹੀ ਇਹੀ ਹੈ ਕਿ ਉਨ੍ਹਾਂ ਵਿਚ ਏਕਤਾ ਨਹੀਂ ਜੋ ਦਿੱਲੀ ਅੰਦੋਲਨ ਵਿਚ ਸੀ। ਇਹੀ ਕਾਰਣ ਸਰਕਾਰ ਕਿਸਾਨਾਂ ਦੇ ਅੰਦੋਲਨ ਨੂੰ ਸੁਹਿਰਦਤਾ ਨਾਲ ਨਹੀਂ ਲੈ ਰਹੀ।

ਸੁਆਲ ਤਾਂ ਇਹ ਹੈ ਕਿ ਕੀ ਖੇਤੀਬਾੜੀ 'ਤੇ ਉਸਰਿਆ ਇੱਕ ਰਾਜ ਆਪਣੇ ਹੀ ਕਿਸਾਨਾਂ ਨੂੰ ਪਾਸੇ ਕਰ ਕੇ ਬਚ ਸਕਦਾ ਹੈ? ਜਿਸ ਢੰਗ ਨਾਲ ਮਤਭੇਦਾਂ ਨੂੰ ਨਜਿੱਠਿਆ ਜਾ ਰਿਹਾ ਹੈ, ਜਮਹੂਰੀ ਵਚਨਬੱਧਤਾ ਬਾਰੇ ਖ਼ਦਸ਼ੇ ਖੜ੍ਹੇ ਹੋਏ ਹਨ। ਤਾਕਤ ਦੀ ਕਠੋਰਤਾ ਨਾਲ ਵਰਤੋਂ ਸਿਰਫ਼ ਵਖਰੇਵਿਆਂ ਨੂੰ ਗਹਿਰਾ ਕਰਦੀ ਹੈ। ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਦਾ ਸੰਕਟ ਮੁਜ਼ਾਹਰਾਕਾਰੀ ਕਿਸਾਨਾਂ ਜਾਂ ਹੜਤਾਲੀ ਅਧਿਕਾਰੀਆਂ ਤੱਕ ਸੀਮਤ ਨਹੀਂ ਹੈ। ਇਹ ਉਸ ਸ਼ਾਸਨ ਵਿਧੀ ਬਾਰੇ ਹੈ ਜੋ ਜਾਪਦਾ ਹੈ ਕਿ ਸੰਵਾਦ ਦੀ ਕਲਾ ਗੁਆ ਰਹੀ ਹੈ। ਇਤਿਹਾਸ ਗਵਾਹ ਹੈ ਕਿ ਸਕਾਰਾਤਮਕ ਸੰਵਾਦ ਨਾਲ ਡੂੰਘੇ ਮਸਲੇ ਨਜਿੱਠੇ ਜਾਂਦੇ ਰਹੇ ਹਨ। ਟਕਰਾਅ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਸਰਕਾਰ ਨੂੰ ਇਹ ਚਾਹੀਦਾ ਹੈ ਕਿ ਉਹ ਮਸਲੇ ਦੇ ਹੱਲ ਲਈ ਸਕਾਰਾਤਮਕ ਰਵੱਈਆ ਅਪਣਾਏ।

## ਚਰਿੱਤਰ 'ਤੇ ਸ਼ੱਕ ਕਾਰਣ ਪਤੀ ਨੇ ਪਤਨੀ ਦੀ ਕੀਤੀ ਹੱਤਿਆ



ਮੁੱਲਾਂਪੁਰ ਦਾਖਾ-ਬੀਤੀ ਰਾਤ ਸਥਾਨਕ ਸ਼ਹਿਰ ਦੇ ਰਾਏਕੋਟ ਰੋਡ ਤੋਂ ਪਿੰਡ ਜਾਂਗਪੁਰ ਨੂੰ ਜਾਂਦੇ ਰਸਤੇ 'ਤੇ ਇੱਕ ਝੁੱਗੀ ਵਿਚ ਪਰਿਵਾਰ ਸਮੇਤ ਰਹਿੰਦਾ ਮਜ਼ਦੂਰ ਆਪਣੀ ਪਤਨੀ ਦਾ ਕਤਲ ਕਰ ਕੇ ਦੋ ਬੱਚਿਆਂ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕ ਰੇਨੂ ਕੁਮਾਰੀ (26) ਦੇ ਪਿਤਾ ਚੰਦਰਾਦੀ ਪਾਸਵਾਨ ਅਤੇ ਮਾਤਾ ਸ਼ੀਲਾ ਦੇਵੀ ਨੇ ਦੱਸਿਆ ਕਿ ਉਹ ਇਥੇ ਪਿਛਲੇ 20 ਸਾਲ ਤੋਂ ਰਹਿ ਰਹੇ ਹਨ ਅਤੇ ਮਜ਼ਦੂਰੀ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਸਦਾ ਜਵਾਈ ਤੇਜਪਾਲ ਪੁੱਤਰ ਭੋਲਾ ਵਾਸੀ ਮੁਰਾਦਾਬਾਦ ਯੂਪੀ ਉਸਦੀ ਧੀ ਰੇਨੂ ਕੁਮਾਰੀ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ।

ਬੀਤੀ ਰਾਤ ਤੇਜਪਾਲ ਝੁੱਗੀ ਦੇ ਸਾਹਮਣੇ ਹੀ ਬਣੇ ਸ਼ੈਲਰ 'ਚੋਂ ਕੰਮ ਕਰਕੇ ਆਇਆ ਸੀ ਅਤੇ ਦੇਰ ਰਾਤ ਤੱਕ ਖਾਣਾ ਖਾਣ ਉਪਰੰਤ ਰੋਜ਼ਾਨਾ ਦੀ ਤਰ੍ਹਾਂ ਨਾਲ ਹੀ ਝੁੱਗੀ ਦੇ ਬਿਲਕੁੱਲ ਨੇੜੇ ਵਾਲੀ ਮੋਟਰ 'ਤੇ ਰਿਹਾਇਸ਼ ਵਾਲੇ ਕਮਰੇ ਵਿੱਚ ਪਤਨੀ ਅਤੇ ਦੋ ਬੱਚਿਆਂ ਸਮੇਤ ਸੌਣ ਲਈ ਚਲਾ ਗਿਆ ਸੀ।

ਜਦੋਂ ਸਵੇਰੇ ਉੱਠ ਕੇ ਦੇਖਿਆ ਤਾਂ ਮੋਟਰ ਵਾਲੇ ਕਮਰੇ ਨੂੰ ਬਾਹਰੋ ਤਾਲਾ ਲੱਗਿਆ ਹੋਇਆ ਸੀ। ਆਵਾਜ਼ਾਂ ਮਾਰਨ ਉਪਰੰਤ ਵੀ ਜਦੋਂ ਕੋਈ ਅੰਦਰੋਂ ਆਵਾਜ਼ ਨਾ ਆਈ ਤਾਂ ਸ਼ੱਕ ਪੈਣ 'ਤੇ ਉਨ੍ਹਾਂ ਤਾਲਾ ਤੋੜ ਕੇ ਜਦੋਂ ਅੰਦਰ ਦੇਖਿਆ ਤਾਂ ਉਸਦੀ ਧੀ ਰੇਨੂ ਕੁਮਾਰੀ ਦੀ ਲਾਸ਼ ਪਈ ਸੀ ਅਤੇ ਉਸਦੇ ਮੂੰਹ 'ਤੇ ਦੰਦਾਂ ਦੇ ਨਿਸ਼ਾਨ ਸਨ। ਚੰਦਰਾਦੀ ਪਾਸਵਾਨ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਤੇਜਪਾਲ ਆਪਣੇ ਲੜਕੇ ਸਨੀ (7) ਅਤੇ ਲੜਕੀ ਸੰਧਿਆ 4 ਸਾਲ ਨੂੰ ਆਪਣੇ ਨਾਲ ਲੈ ਕੇ ਫਰਾਰ ਹੋ ਚੁੱਕਾ ਸੀ।

ਉਨ੍ਹਾਂ ਤੁਰੰਤ ਇਸ ਘਟਨਾ ਦੀ ਸੂਚਨਾ ਥਾਣਾ ਦਾਖਾ ਦੀ ਪੁਲਿਸ ਨੂੰ ਦਿੱਤੀ ਤਾਂ ਥਾਣਾ ਮੁਖੀ ਅੰਮ੍ਰਿਤਪਾਲ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਤੇ ਘਟਨਾ ਦਾ ਜਾਇਜ਼ਾ ਲੈਣ ਉਪਰੰਤ ਲਾਸ਼ ਨੂੰ ਕਬਜ਼ੇ 'ਚ ਲੈ ਕੇ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ। ਜਦੋਂ ਇਸ ਮਾਮਲੇ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਥਾਣਾ ਮੁਖੀ ਅੰਮ੍ਰਿਤਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ ਉਸਤੋਂ ਬਾਅਦ ਹੀ ਅਸਲ ਸੱਚਾਈ ਸਾਹਮਣੇ ਆਵੇਗੀ।

# ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਜਾਰੀ

**ਖਾਸ ਖ਼ਬਰ**

## ✪ ਸੂਚੀ ਵਿੱਚ ਭਾਰਤ ਦੇ 13 ਸ਼ਹਿਰਾਂ ਦੇ ਨਾਮ ਸ਼ਾਮਲ, ਅਸਾਮ ਸਭ ਤੋਂ ਵੱਧ ਪ੍ਰਦੂਸ਼ਿਤ
## ✪ ਭਾਰਤ ਵਿੱਚ ਹਵਾ ਪ੍ਰਦੂਸ਼ਣ ਲੰਬੇ ਸਮੇਂ ਤੋਂ ਇੱਕ ਗੰਭੀਰ ਸਿਹਤ ਖ਼ਤਰਾ

ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ ਅਤੇ ਇਸ ਸੂਚੀ ਵਿੱਚ ਭਾਰਤ ਦੇ 13 ਸ਼ਹਿਰਾਂ ਦੇ ਨਾਮ ਸ਼ਾਮਲ ਹਨ। 11 ਮਾਰਚ ਨੂੰ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਅਸਾਮ ਦਾ ਬਰਨੀਹਾਟ ਭਾਰਤ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ।

ਸਵਿਸ ਏਅਰ ਕੁਆਲਿਟੀ ਟੈਕਨਾਲੋਜੀ ਕੰਪਨੀ ਆਈਕਿਊਏਅਰ ਦੁਆਰਾ ਜਾਰੀ ਕੀਤੀ ਗਈ ਕੁਆਲਿਟੀ ਰਿਪੋਰਟ 2024 ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਦਿੱਲੀ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਸ਼ਹਿਰ ਬਣਿਆ ਹੋਇਆ ਹੈ। ਸਾਲ 2024 ਵਿੱਚ, ਭਾਰਤ ਦੁਨੀਆ ਦਾ 5ਵਾਂ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਬਣ ਗਿਆ ਹੈ। 2023 ਵਿੱਚ, ਭਾਰਤ ਤੀਜੇ ਸਥਾਨ 'ਤੇ ਸੀ।

### ਰਿਪੋਰਟ ਵਿੱਚ ਕੀ ਹੈ ?

ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ 2024 ਵਿੱਚ ਪੀਐਮ 2.5 ਦੀ ਗਾੜ੍ਹਾਪਣ ਵਿੱਚ 7 ਪ੍ਰਤੀਸ਼ਤ ਦੀ ਗਿਰਾਵਟ ਦੇਖਣ ਨੂੰ ਮਿਲੇਗੀ, ਜੋ ਕਿ 2023 ਵਿੱਚ 54.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੇ ਮੁਕਾਬਲੇ ਔਸਤਨ 50.6 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੋਵੇਗੀ। ਇਸ ਦੇ ਬਾਵਜੂਦ, ਦੁਨੀਆ ਦੇ 10 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 6 ਭਾਰਤੀ ਸ਼ਹਿਰ ਬਰਨੀਹਾਟ, ਦਿੱਲੀ, ਮੁੱਲਾਂਪੁਰ (ਪੰਜਾਬ), ਫਰੀਦਾਬਾਦ, ਲੋਨੀ, ਨਵੀਂ ਦਿੱਲੀ, ਗੁਰੂਗ੍ਰਾਮ, ਗੰਗਾਨਗਰ, ਗ੍ਰੇਟਰ ਨੋਇਡਾ, ਭਿਵਾੜੀ, ਮੁਜ਼ੱਫਰਨਗਰ, ਹਨੂੰਮਾਨਗੜ੍ਹ, ਨੋਇਡਾ ਆਦਿ ਹਨ।



### ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ ਪ੍ਰਦੂਸ਼ਣ

ਭਾਰਤ ਵਿੱਚ ਹਵਾ ਪ੍ਰਦੂਸ਼ਣ ਲੰਬੇ ਸਮੇਂ ਤੋਂ ਇੱਕ ਗੰਭੀਰ ਸਿਹਤ ਖ਼ਤਰਾ ਰਿਹਾ ਹੈ। ਹਵਾ ਪ੍ਰਦੂਸ਼ਣ ਜੀਵਨ ਕਾਲ ਨੂੰ 5.2 ਸਾਲ ਘਟਾ ਰਿਹਾ ਹੈ। ਪਿਛਲੇ ਸਾਲ ਪ੍ਰਕਾਸ਼ਿਤ ਲੈਂਸੇਟ ਪਲੈਨੇਟਰੀ ਹੈਲਥ ਅਧਿਐਨ ਦੇ ਅਨੁਸਾਰ, ਪ੍ਰਦੂਸ਼ਣ ਕਾਰਨ 2009 ਤੋਂ 2019 ਤੱਕ ਹਰ ਸਾਲ ਲਗਭਗ 1.5 ਮਿਲੀਅਨ ਮੌਤਾਂ ਹੋਈਆਂ।

### ਪੀਐਮ 2.5 ਕੀ ਹੈ ?

2.5 ਮਾਈਕਰੋਨ ਤੋਂ ਛੋਟੇ ਹਵਾ ਪ੍ਰਦੂਸ਼ਣ ਦੇ ਕਣ ਫੇਫੜਿਆਂ ਅਤੇ ਖੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਸਕਦੇ ਹਨ। ਇਸ ਨਾਲ ਸਾਹ ਲੈਣ ਵਿੱਚ ਤਕਲੀਫ਼, ਦਿਲ ਦੀ ਬਿਮਾਰੀ ਅਤੇ ਇੱਥੋਂ ਤੱਕ ਕਿ ਕੈਂਸਰ ਦਾ ਖ਼ਤਰਾ ਵੀ ਹੋ ਸਕਦਾ ਹੈ। ਇਹ ਵਾਹਨਾਂ ਦੇ ਧੂੰਏਂ, ਉਦਯੋਗਿਕ ਨਿਕਾਸ ਅਤੇ ਲੱਕੜ ਜਾਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਵੀ ਫੈਲ ਸਕਦਾ ਹੈ।

### ਕੀ ਕੀਤਾ ਜਾਵੇ ?

ਸਭ ਤੋਂ ਜ਼ਿਆਦਾ ਪ੍ਰਦੂਸ਼ਣ ਜੈਵਿਕ ਬਾਲਣਾਂ ਅਤੇ ਵਾਹਨਾਂ ਕਰਕੇ ਹੁੰਦਾ ਹੈ। ਯੂਰਪ ਦੇ ਲਗਭਗ ਸਾਰੇ ਦੇਸਾਂ ਨੇ ਨਿੱਜੀ ਵਾਹਨਾਂ ਦੀ ਗਿਣਤੀ ਘਟਾਉਣ ਲਈ ਆਵਾਜਾਈ ਦੇ ਜਨਤਕ ਸਾਧਨ ਇੰਨੇ ਚੁਸਤ-ਦਰੁਸਤ ਕਰ ਦਿੱਤੇ ਹਨ ਕਿ ਲੋਕ ਨਿੱਜੀ ਵਾਹਨਾਂ ਦੀ ਥਾਂ ਜਨਤਕ ਵਾਹਨਾਂ ਨੂੰ ਤਰਜੀਹ ਦਿੰਦੇ ਹਨ। ਭਾਰਤ ਸਰਕਾਰ ਨੂੰ ਵੀ ਯੂਰੋਪੀਅਨ ਦੇਸ਼ਾਂ ਤੋਂ ਸਬਕ ਲੈਂਦੇ ਹੋਏ ਸਾਰੇ ਦੇਸ਼ ਵਿੱਚ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ। ਜਨਤਕ ਆਵਾਜਾਈ ਦੇ ਸਾਧਨਾਂ ਦੀ ਸੁਵਿਧਾ ਨਾਲ ਜਿੱਥੇ ਇੱਕ ਪਾਸੇ ਹਵਾ ਦੇ ਪ੍ਰਦੂਸ਼ਣ ਤੋਂ ਰਾਹਤ ਮਿਲੇਗੀ ਉੱਥੇ ਦੂਜੇ ਪਾਸੇ ਗਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਕਮੀ ਆ ਜਾਵੇਗੀ ਜਿਸ ਨਾਲ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣਾ ਵੀ ਸੌਖਾ ਹੋ ਜਾਵੇਗਾ।

“ ਪੰਜਾਬ ਟਾਈਮਜ ਅਨੁਸਾਰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਉਦਯੋਗਿਕ ਇਕਾਈਆਂ ਵਿੱਚ ਪ੍ਰਦੂਸ਼ਿਤ ਹਵਾ ਨੂੰ ਸਾਫ਼ ਕਰਨ ਵਾਲੇ ਯੰਤਰ ਲਗਾਉਣੇ ਯਕੀਨੀ ਬਣਾਉਣ। ਕੁਤਾਹੀ ਕਰਨ ਵਾਲੀਆਂ ਇਕਾਈਆਂ ਨੂੰ ਜੁਰਮਾਨਾ ਕੀਤਾ ਜਾਵੇ। ਉਸਾਰੀ ਦੇ ਕੰਮਾਂ ਵਾਲੀਆਂ ਥਾਵਾਂ ਉੱਤੇ ਉੱਚੇਚੇ ਪ੍ਰਬੰਧ ਕੀਤੇ ਜਾਣ ਤਾਂ ਕਿ ਧੂੜ, ਅਤੇ ਮਿੱਟੀ ਦੇ ਕਣ ਵਾਤਾਵਰਨ ਨੂੰ ਪ੍ਰਦੂਸ਼ਿਤ ਨਾ ਕਰਨ। ਕੂੜੇ ਦੇ ਢੇਰਾਂ ਨੂੰ ਵਿਗਿਆਨਕ ਵਿਧੀ ਨਾਲ ਸਮੇਟਿਆ ਜਾਵੇ। ਬਿਜਲੀ ਕੋਲੇ ਨਾਲ ਪੈਦਾ ਕਰਨ ਦੀ ਥਾਂ ਉੱਤੇ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕੀਤੀ ਜਾਵੇ। ਦਰੱਖ਼ਤਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਹ ਵੀ ਚਾਹੀਦਾ ਹੈ ਕਿ ਸਲਾਨਾ ਬੱਜਟ ਵਿੱਚ ਹਵਾ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਵੱਖਰਾ ਫੰਡ ਰੱਖਿਆ ਜਾਵੇ।

ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਫਸਲੀ-ਚੱਕਰ ਉੱਥੋਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਦੇਸ਼ ਦੇ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਬਣਦਾ ਹਿੱਸਾ ਪਾਵੇ ਜਿਸ ਨਾਲ ਦੇਸ਼ ਦੇ ਹਰ ਨਾਗਰਿਕ ਦਾ ਭਵਿੱਖ ਸੁਰੱਖਿਅਤ ਹੋ ਜਾਵੇ।

## ਜਲੰਧਰ ਵਿਚ ਅਕਾਲੀ ਆਗੂ ਕੁਲਵੰਤ ਸਿੰਘ ਮੰਨਣ ਦੇ ਘਰ ਦੇ ਬਾਹਰ ਸਿੱਖ ਤਾਲਮੇਲ ਕਮੇਟੀ ਵਲੋਂ ਧਰਨਾ

ਜਲੰਧਰ-ਜਥੇਦਾਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਏ ਜਾਣ ਤੋਂ ਨਾਰਾਜ਼ ਸਿੱਖ ਤਾਲਮੇਲ ਕਮੇਟੀ ਨੇ ਜਲੰਧਰ



ਵਿੱਚ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਜਥੇਦਾਰ ਨੂੰ ਹਟਾਉਣ ਵਾਲੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਦੇ ਘਰ ਦੇ ਬਾਹਰ ਕੀਤਾ ਗਿਆ। ਪਰ ਜਦੋਂ ਪੁਲਿਸ ਨੇ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਨੂੰ ਅੱਗੇ ਜਾਣ ਤੋਂ ਰੋਕਿਆ ਤਾਂ ਮੰਨਣ ਦੇ ਸਮਰਥਕ ਵੀ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ। ਜਿਕਰੇ ਖਾਸ ਹੈ ਕਿ ਇਹ ਸਾਰੀ ਘਟਨਾ ਜਲੰਧਰ ਦੇ ਅਮਨ ਨਗਰ ਸਥਿਤ ਕੁਲਵੰਤ ਸਿੰਘ ਮੰਨਣ ਦੇ ਘਰ ਦੇ ਬਾਹਰ ਵਾਪਰੀ ਹੈ। ਸਵੇਰੇ 11 ਵਜੇ ਦੇ ਕਰੀਬ ਸਿੱਖ ਤਾਲਮੇਲ ਕਮੇਟੀ ਦੇ 10 ਵਰਕਰ ਗਲੀਚੇ ਲੈ ਕੇ ਮੰਨਣ ਦੇ ਘਰ ਦੇ ਬਾਹਰ ਪੁੱਜੇ ਅਤੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਨਾਅਰੇਬਾਜ਼ੀ ਦੌਰਾਨ ਪੁਲੀਸ ਨੇ ਕਿਸੇ ਤਰ੍ਹਾਂ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਨੂੰ ਬੈਰੀਕੇਡ ਲਾ ਕੇ ਰੋਕ ਲਿਆ। ਜਿਸ ਤੋਂ ਬਾਅਦ ਸਿੱਖ ਤਾਲਮੇਲ ਕਮੇਟੀ ਨੇ ਘਰ ਦੇ ਨੇੜੇ ਇੱਕ ਚੌਕ ਵਿੱਚ ਦਰੀਆਂ ਵਿਛਾ ਕੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਸਿੱਖ ਤਾਲਮੇਲ ਕਮੇਟੀ ਦੇ ਕਰੀਬ ਦਸ ਮੈਂਬਰ ਧਰਨੇ 'ਤੇ ਬੈਠੇ ਤਾਂ ਮੰਨਣ ਦੇ ਸਮਰਥਕ ਵੀ ਇਕੱਠੇ ਹੋਣੇ ਸ਼ੁਰੂ ਹੋ ਗਏ। ਮੰਨਣ ਵੱਲ ਵੱਡੀ ਗਿਣਤੀ ਵਿੱਚ ਸਮਰਥਕ ਪੁੱਜੇ ਹੋਏ ਸਨ। ਜਿਸ ਕਾਰਨ ਮਾਹੌਲ ਕਾਫੀ ਤਣਾਅਪੂਰਨ ਹੋ ਗਿਆ। ਤਣਾਅਪੂਰਨ ਮਾਹੌਲ ਕਾਰਨ ਜਲੰਧਰ ਸਿਟੀ ਪੁਲੀਸ ਵੱਲੋਂ ਮੌਕੇ 'ਤੇ ਭਾਰੀ ਫੋਰਸ ਤਾਇਨਾਤ ਕੀਤੀ ਗਈ ਸੀ।

## ਤਰਨ ਤਾਰਨ ਵਿਖੇ ਗੁਰਦੁਆਰਾ ਸਾਂਝੀਵਾਲ ਦੇ ਬਾਹਰ ਗੁਟਕਾ ਸਾਹਿਬ ਦੀ ਸ਼ਰਾਰਤੀ ਅਨਸਰਾਂ ਵੱਲੋਂ ਬੇਅਦਬੀ



ਤਰਨਤਾਰਨ-ਪੰਜਾਬ ਅੰਦਰ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ , ਹੁਣ ਫਿਰ ਬੇਅਦਬੀ ਦਾ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ। ਤਰਨ ਤਰਨ ਦੇ ਮਹੱਲਾ ਨਾਨਕਸਰ ਦੇ ਗੁਰਦੁਆਰਾ ਸਾਹਿਬ ਸਾਂਝੀਵਾਲ ਦੇ ਬਾਹਰ ਗੁਟਕਾ ਸਾਹਿਬ ਦੇ ਸਾੜੇ ਗਏ ਅੰਗ ਮਿਲੇ ਹਨ। ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਨਜ਼ਦੀਕੀ ਲੋਕਾਂ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਹਰਕਤ ਹੈ। ਉਥੇ ਹੀ ਉਹਨਾਂ ਇਸ ਘਟਨਾ ਦੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਦੱਸ ਦਈਏ ਕਿ ਮੌਕੇ 'ਤੇ ਪਹੁੰਚੀ ਪੁਲਿਸ ਪਾਰਟੀ ਵੱਲੋਂ ਫਿਲਹਾਲ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ।

# ਟਰੰਪ ਵਪਾਰ ਯੁੱਧ ਕਾਰਣ ਮੰਦੀ ਤੇ ਮਹੀਨਿਆਂ ਵਿੱਚ ਹੋਰ ਆਰਥਿਕ ਉਥਲ-ਪੁਥਲ ਦਾ ਡਰ

## ✪ ਵਾਲ ਸਟਰੀਟ ਤੋਂ ਭਾਰਤ ਤੱਕ ਪ੍ਰਭਾਵ ਪਿਆ ✪ ਟਰੰਪ ਦੀਆਂ ਟਿੱਪਣੀਆਂ ਨੇ ਡਰ ਕਿਉਂ ਪੈਦਾ ਕੀਤਾ?

ਫਰਵਰੀ ਵਿੱਚ ਅਮਰੀਕੀ ਟੈਰਿਫ ਧਮਕੀਆਂ ਕਾਰਨ ਭਾਰਤੀ ਨਿਰਯਾਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਭਾਰਤ ਸਰਕਾਰ ਦੇ ਅਧਿਕਾਰਤ ਸੂਤਰਾਂ ਨੇ ਬੀਤੇ ਦਿਨੀਂ 11 ਮਾਰਚ ਨੂੰ ਇਹ ਜਾਣਕਾਰੀ ਦਿੱਤੀ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਭਾਰਤ ਹੁਣ ਵਿਸ਼ਵ ਬਾਜ਼ਾਰ ਵਿੱਚ ਅਨਿਸ਼ਚਿਤਤਾ ਅਤੇ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ ਨੂੰ ਭੇਜੇ ਜਾਣ ਵਾਲੇ ਸਮਾਨ 'ਤੇ ਟੈਰਿਫ ਲਗਾਉਣ ਦੇ ਖ਼ਤਰੇ ਦੇ ਵਿਚਕਾਰ ਨੀਤੀ ਬਦਲਣ ਜਾ ਰਿਹਾ ਹੈ। ਬੀਤੇ ਮੰਗਲਵਾਰ ਦੌਰਾਨ ਸ਼ੁਰੂਆਤੀ ਕਾਰੋਬਾਰ ਵਿੱਚ ਭਾਰਤੀ ਸ਼ੇਅਰ ਬਾਜ਼ਾਰ 300 ਅੰਕ ਡਿੱਗ ਗਿਆ ਸੀ। ਹਾਲਾਂਕਿ ਬਾਅਦ ਵਿੱਚ ਸਥਿਤੀ ਠੀਕ ਹੋ ਗਈ, ਪਰ ਬੀਤੇ ਸੋਮਵਾਰ ਨੂੰ ਅਮਰੀਕੀ ਵਾਲ ਸਟਰੀਟ ਅਤੇ ਹੋਰ ਦੇਸ਼ਾਂ ਦੇ ਬਾਜ਼ਾਰ ਬੁਰੀ ਤਰ੍ਹਾਂ ਡਿੱਗ ਗਏ ਸਨ।

ਦੁਨੀਆ ਭਰ ਦੇ ਨਿਵੇਸ਼ਕਾਂ ਨੂੰ ਡਰ ਹੈ ਕਿ ਭਾਰਤ, ਕੈਨੇਡਾ, ਮੈਕਸੀਕੋ ਅਤੇ ਚੀਨ 'ਤੇ ਉਨ੍ਹਾਂ ਦੀਆਂ ਹਮਲਾਵਰ ਟੈਰਿਫ ਨੀਤੀਆਂ ਅਮਰੀਕਾ ਨੂੰ ਮੰਦੀ ਵੱਲ ਧੱਕ ਸਕਦੀਆਂ ਹਨ, ਜਿਸ ਨਾਲ ਵਿਸ਼ਵ ਵਿੱਤੀ ਬਾਜ਼ਾਰਾਂ ਵਿੱਚ ਵਿਆਪਕ ਅਨਿਸ਼ਚਿਤਤਾ ਪੈਦਾ ਹੋ ਗਈ ਹੈ।

ਅਮਰੀਕੀ ਬਾਜ਼ਾਰ ਵਿੱਚ ਤਕਨਾਲੋਜੀ ਸਟਾਕਾਂ ਨੂੰ ਸਭ ਤੋਂ ਵੱਧ ਝਟਕਾ ਲੱਗਾ। ਨੈਸਡੈਕ ਕੰਪੋਜ਼ਿਟ ਨੇ 2022 ਤੋਂ ਬਾਅਦ ਆਪਣਾ ਸਭ ਤੋਂ ਭੈੜਾ ਦਿਨ ਦੇਖਿਆ, 4% ਡਿੱਗ ਗਿਆ। ਟੇਸਲਾ ਦੇ ਸ਼ੇਅਰ 15.4% ਡਿੱਗ ਗਏ, ਜਦੋਂ ਕਿ ਏਆਈ ਚਿੱਪ ਐਨਵੀਡੀਆ ਦੇ ਸ਼ੇਅਰ 5% ਤੋਂ ਵੱਧ ਡਿੱਗ ਗਏ। ਮੇਟਾ, ਐਮਾਜ਼ਾਨ ਅਤੇ ਅਲਫਾਬੇਟ ਵਰਗੀਆਂ ਹੋਰ ਤਕਨੀਕੀ ਕੰਪਨੀਆਂ ਦੇ ਸ਼ੇਅਰਾਂ ਵਿੱਚ ਵੀ ਤੇਜ਼ੀ ਨਾਲ ਗਿਰਾਵਟ ਦੇਖਣ ਨੂੰ ਮਿਲੀ।

ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ, "ਅਸੀਂ ਸਟਾਕ ਮਾਰਕੀਟ ਗਤੀਵਿਧੀ ਅਤੇ ਅਸਲ ਆਰਥਿਕ ਦ੍ਰਿਸ਼ਟੀਕੋਣ ਵਿੱਚ ਇੱਕ ਮਜ਼ਬੂਤ ਅੰਤਰ ਦੇਖ ਰਹੇ ਹਾਂ।" ਪਰ ਜ਼ਮੀਨੀ ਹਕੀਕਤ ਇਹ ਹੈ ਕਿ ਵਿਸ਼ਵ ਬਾਜ਼ਾਰ ਇਸ ਸਮੇਂ ਡੁੱਬ ਰਹੇ ਹਨ।

ਚੀਨ ਨੇ ਐਲਾਨ ਕੀਤਾ ਕਿ 13 ਮਹੀਨਿਆਂ ਵਿੱਚ ਪਹਿਲੀ ਵਾਰ ਫਰਵਰੀ ਵਿੱਚ ਖਪਤਕਾਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ ਹੈ। ਇਸ ਕਾਰਨ ਹਾਂਗਕਾਂਗ ਦਾ ਬਾਜ਼ਾਰ 1.8% ਅਤੇ ਸ਼ੰਘਾਈ ਦਾ 0.2% ਡਿੱਗ ਗਿਆ। ਅਮਰੀਕੀ ਬਾਜ਼ਾਰ ਵਿੱਚ ਇਹ ਗਿਰਾਵਟ ਦਰਸਾਉਂਦੀ ਹੈ ਕਿ ਨਿਵੇਸ਼ਕ ਅਜੇ ਵੀ ਅਸਥਿਰਤਾ ਅਤੇ ਮੰਦੀ ਬਾਰੇ ਚਿੰਤਤ ਹਨ।

ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਦੌਰਾਨ, ਟਰੰਪ ਨੇ ਆਪਣੀਆਂ ਵਪਾਰ ਨੀਤੀਆਂ ਦਾ ਬਚਾਅ ਕਰਦੇ ਹੋਏ ਕਿਹਾ ਕਿ "ਇਹ ਇੱਕ ਤਬਦੀਲੀ ਦਾ ਦੌਰ ਹੈ। ਅਸੀਂ ਅਮਰੀਕਾ ਵਿੱਚ ਪੈਸਾ ਵਾਪਸ ਲਿਆ ਰਹੇ ਹਾਂ।"

ਆਰਥਿਕ ਵਿਸ਼ਲੇਸ਼ਕ ਤੇ ਇੱਕ ਨਿਵੇਸ਼ ਪ੍ਰਬੰਧਕ, ਰਾਚੇਲ ਵਿੰਟਰ ਨੇ ਚੇਤਾਵਨੀ ਦਿੰਦੇ ਹਨ ਕਿ ਵਧਦੇ ਟੈਰਿਫ ਮਹਿੰਗਾਈ ਨੂੰ ਵਧਾ ਸਕਦੇ ਹਨ ਅਤੇ ਵਿਕਾਸ ਨੂੰ ਹੌਲੀ ਕਰ ਸਕਦੇ ਹਨ। ਟਰੰਪ ਵੱਲੋਂ ਲਗਾਏ ਜਾ ਰਹੇ ਟੈਰਿਫਾਂ ਕਾਰਣ ਮੁਦਰਾਸਫੀਤੀ ਵਧੇਗੀ,"




ਪੰਜਾਬ ਟਾਈਮਜ਼ ਅਨੁਸਾਰ ਜਿੰਨੀ ਕਿਸੇ ਦੇਸ਼ ਦੀ ਦੂਜੇ ਦੇਸ਼ਾਂ ਤੋਂ ਦਰਾਮਦ ਵਧੇਗੀ, ਓਨਾ ਹੀ ਉਸ ਦੇ ਨਾਗਰਿਕਾਂ ਨੂੰ ਵਿੱਤੀ ਬੋਝ ਸਹਿਣਾ ਪਵੇਗਾ। ਭਾਰਤੀ ਰੁਪਈਏ ਦੀ ਅਮਰੀਕੀ ਡਾਲਰ ਦੇ ਮੁਕਾਬਲੇ ਕੀਮਤ ਕਈ ਵਾਰ ਆਪਣੇ ਰਿਕਾਰਡ ਹੇਠਲੇ ਪੱਧਰ 'ਤੇ ਆ ਚੁੱਕੀ ਹੈ। ਹੁਣ ਜੇ ਟਰੰਪ ਭਾਰਤ 'ਤੇ ਇਹ ਟੈਰਿਫ ਲਾਗੂ ਕਰਦੇ ਹਨ ਤਾਂ ਵੀ ਅਰਥਚਾਰੇ ਨੂੰ ਧੱਕਾ ਲੱਗ ਸਕਦਾ ਹੈ। ਇਕ ਸਰਵੇਖਣ ਮੁਤਾਬਕ ਭਾਰਤ ਦੀ ਜੀਡੀਪੀ ਦਰ ਤੀਜੀ ਤਿਮਾਹੀ 'ਚ 6.3 ਫ਼ੀਸਦ ਤੱਕ ਵਧਣ ਦੀ ਸੰਭਾਵਨਾ ਹੈ ਪਰ ਜੇ ਟੈਰਿਫ ਵਧਦਾ ਹੈ ਤਾਂ ਇਸ ਨੂੰ ਹੋਰ ਨਿਘਾਰ ਸਹਿਣਾ ਪੈ ਸਕਦਾ ਹੈ। ਦੂਜੇ ਪਾਸੇ ਦੋਵਾਂ ਦੇਸ਼ਾਂ ਦੇ ਸਬੰਧ ਕਿਨ੍ਹਾਂ ਮੁੱਦਿਆ 'ਤੇ ਖੋਟੇ ਤੇ ਖ਼ਰੇ ਹਨ, ਇਸ ਦਾ ਜਵਾਬ ਵੀ ਸਰਕਾਰ ਨੂੰ ਜਨਤਾ ਮੂਹਰੇ ਰੱਖਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਆਲਮੀ ਝਟਕੇ ਲਈ ਲੋਕ ਤਿਆਰ ਰਹਿਣ।

ਫੌਕਸ ਨਿਊਜ਼ ਨਾਲ ਗੱਲ ਕਰਦੇ ਹੋਏ, ਟਰੰਪ ਨੇ ਇਸ ਡਰ ਨੂੰ ਖਾਰਜ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੀਆਂ ਵਪਾਰ ਨੀਤੀਆਂ ਆਰਥਿਕ ਮੰਦੀ ਵੱਲ ਲੈ ਜਾ ਸਕਦੀਆਂ ਹਨ।ਉਸਨੇ ਕਿਹਾ ਕਿ ਇਹ ਇੱਕ ਤਬਦੀਲੀ ਦਾ ਦੌਰ ਹੈ ,ਕਿਉਂਕਿ ਅਸੀਂ ਜੋ ਕਰ ਰਹੇ ਹਾਂ ਉਹ ਅਮਰੀਕਾ ਦੇ ਆਰਥਿਕ ਹਿੱਤਾਂ ਲਈ ਲਾਭਦਾਇਕ ਹੈ। ਅਸੀਂ ਅਮਰੀਕਾ ਵਿੱਚ ਪੈਸਾ ਵਾਪਸ ਲਿਆ ਰਹੇ ਹਾਂ। ਇਹ ਇੱਕ ਵੱਡੀ ਗੱਲ ਹੈ।

ਵ੍ਹਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਦੱਸਿਆ ਕਿ ਰਾਸ਼ਟਰਪਤੀ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਰਿਕਾਰਡ ਤੋੜ ਨੌਕਰੀਆਂ, ਤਨਖਾਹਾਂ ਅਤੇ ਨਿਵੇਸ਼ ਵਿੱਚ ਵਾਧਾ ਕੀਤਾ, ਅਤੇ ਉਹ ਦੁਬਾਰਾ ਅਜਿਹਾ ਕਰਨ ਲਈ ਤਿਆਰ ਹਨ।" ਹਾਲਾਂਕਿ, ਵਿੱਤੀ ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਬਾਜ਼ਾਰ ਦੀ ਪ੍ਰਤੀਕਿਰਿਆ ਵਧਦੀ ਅਨਿਸ਼ਚਿਤਤਾ ਨੂੰ ਦਰਸਾਉਂਦੀ ਹੈ।

ਟਰੰਪ ਦੀ ਟਿੱਪਣੀ ਦਾ ਨਤੀਜਾ ਇਹ ਨਿਕਲਿਆ ਕਿ ਬਾਜ਼ਾਰ ਵਿੱਚ ਵਿਕਰੀ ਵਧ ਗਈ। ਵਾਲ ਸਟਰੀਟ 'ਤੇ ਭਾਰੀ ਗਿਰਾਵਟ ਆਈ। ਟੇਸਲਾ ਦੇ ਸ਼ੇਅਰ 15.4% ਡਿੱਗ ਗਏ, ਜਦੋਂ ਕਿ ਐਨਵੀਡੀਆ ਵਰਗੀਆਂ ਵੱਡੀਆਂ ਤਕਨੀਕੀ ਫਰਮਾਂ ਦੇ ਸ਼ੇਅਰ 5% ਤੋਂ ਵੱਧ ਡਿੱਗ ਗਏ, ਮੇਟਾ, ਐਮਾਜ਼ਾਨ ਅਤੇ ਅਲਫਾਬੇਟ ਵਿੱਚ ਵੀ ਤੇਜ਼ੀ ਨਾਲ ਗਿਰਾਵਟ ਆਈ। ਏਸ਼ੀਆਈ ਬਾਜ਼ਾਰਾਂ ਬਾਰੇ ਰਿਪੋਟ ਹੈ ਕਿ ਸ਼ੁਰੂਆਤੀ ਵਪਾਰ ਵਿੱਚ ਜਾਪਾਨ ਦਾ ਨਿੱਕੇਈ 225 2.5%, ਦੱਖਣੀ ਕੋਰੀਆ ਦਾ ਕੋਸਪੀ 2.3% ਅਤੇ ਆਸਟ੍ਰੇਲੀਆ ਦਾ ਐਸਐਂਡਪੀ/ਏਐਸਐਕਸ 200 1.8% ਡਿੱਗਿਆ।

ਅਰਥਸ਼ਾਸਤਰੀ ਮੁਹੰਮਦ ਅਲ-ਏਰੀਅਨ ਨੇ ਕਿਹਾ ਕਿ ਨਿਵੇਸ਼ਕਾਂ ਨੂੰ ਸ਼ੁਰੂ ਵਿੱਚ ਟਰੰਪ ਦੀਆਂ ਡੀਰੈਗੂਲੇਸ਼ਨ ਅਤੇ ਟੈਕਸ ਕਟੌਤੀਆਂ ਦੀਆਂ ਯੋਜਨਾਵਾਂ ਬਾਰੇ ਬਹੁਤ ਉਮੀਦਾਂ ਸਨ, ਪਰ ਉਨ੍ਹਾਂ ਨੇ ਵਪਾਰ ਯੁੱਧ ਦੀ ਸੰਭਾਵਨਾ ਬਾਰੇ ਘੱਟ ਅੰਦਾਜ਼ਾ ਲਗਾਇਆ। ਕੈਨੇਡੀਅਨ ਸਟੀਲ ਅਤੇ ਐਲੂਮੀਨੀਅਮ 'ਤੇ ਵਾਧੂ ਟੈਰਿਫਾਂ ਦੀ ਉਮੀਦ ਦੇ ਨਾਲ, ਨਿਵੇਸ਼ਕ ਹੋਰ ਅਸਥਿਰਤਾ ਤੋਂ ਡਰਦੇ ਹਨ।

ਬੀਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਬਾਜ਼ਾਰ ਦੀ ਅਨਿਸ਼ਚਿਤਤਾ ਬਣੀ ਰਹਿਣ ਦੀ ਸੰਭਾਵਨਾ ਹੈ, ਅਤੇ ਵਿਸ਼ਲੇਸ਼ਕਾਂ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਆਰਥਿਕ ਉਥਲ-ਪੁਥਲ ਦਾ ਡਰ ਹੈ। ਭਾਰਤੀ ਨਿਰਯਾਤਕ ਦਬਾਅ ਹੇਠ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਵਰਗੇ ਵਪਾਰਕ ਭਾਈਵਾਲਾਂ ਦੁਆਰਾ ਅਪਣਾਈਆਂ ਜਾ ਰਹੀਆਂ ਹਮਲਾਵਰ ਨੀਤੀਆਂ ਕਾਰਨ ਭਾਰਤੀ ਨਿਰਯਾਤਕ ਵੱਧਦੇ ਦਬਾਅ ਹੇਠ ਹਨ। ਰਾਇਟਰਜ਼ ਏਜੰਸੀਦਾ ਕਹਿਣਾ ਹੈ ਕਿ ਭਾਰਤ ਸਰਕਾਰ ਇੱਕ ਮਹੀਨੇ ਦੇ ਅੰਦਰ ਨਿਰਯਾਤਕਾਂ ਨੂੰ ਉਤਸ਼ਾਹਿਤ ਕਰਨ ਬਾਰੇ ਫੈਸਲਾ ਲੈ ਸਕਦੀ ਹੈ। ਨਵੇਂ ਵਿੱਤੀ ਸਾਲ ਦੇ ਬਜਟ ਵਿੱਚ ਫੰਡ ਪਹਿਲਾਂ ਹੀ ਅਲਾਟ ਕੀਤੇ ਜਾ ਚੁੱਕੇ ਹਨ। ਹਾਲਾਂਕਿ, ਸਰਕਾਰ ਨੇ ਰਾਇਟਰਜ਼ ਨੂੰ ਕੋਈ ਅਧਿਕਾਰਤ ਟਿੱਪਣੀ ਨਹੀਂ ਦਿੱਤੀ ਹੈ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਿਛਲੇ ਵੀਰਵਾਰ ਨੂੰ ਕਿਹਾ ਸੀ ਕਿ ਅਮਰੀਕੀ ਟੈਰਿਫ ਦਾ ਪ੍ਰਭਾਵ ਭਾਰਤ 'ਤੇ ਪਵੇਗਾ। ਟਰੰਪ ਨੇ ਪਹਿਲਾਂ ਭਾਰਤ ਨੂੰ ਸਭ ਤੋਂ ਵੱਡਾ ਟੈਕਸ ਲਗਾਉਣ ਵਾਲਾ ਦੇਸ਼ ਦੱਸਿਆ ਸੀ। ਇਸੇ ਲਈ ਟਰੰਪ ਨੇ ਕਿਹਾ ਕਿ ਅਸੀਂ ਭਾਰਤ 'ਤੇ ਵੀ ਟੈਕਸ ਲਗਾਵਾਂਗੇ। ਇਸ ਤੋਂ ਬਾਅਦ, ਹਾਲਾਤ ਹੋਰ ਵੀ ਵਿਗੜ ਗਏ।

ਇੱਕ ਭਾਰਤੀ ਸਰਕਾਰੀ ਸੂਤਰ ਨੇ ਕਿਹਾ ਕਿ ਫਰਵਰੀ ਮਹੀਨੇ ਦੌਰਾਨ ਭਾਰਤੀ ਬਰਾਮਦਾਂ ਉਤੇ ਅਮਰੀਕੀ ਟੈਰਿਫ ਧਮਕੀਆਂ ਦਾ ਮਾੜਾ ਅਸਰ ਪਿਆ ਹੈ। ਭਾਰਤ ਵਿਸ਼ਵਵਿਆਪੀ ਅਨਿਸ਼ਚਿਤਤਾ ਦੇ ਵਿਚਕਾਰ ਬਰਾਮਦਕਾਰਾਂ ਨੂੰ ਉਤਸ਼ਾਹਿਤ ਕਰਨ 'ਤੇ ਵਿਚਾਰ ਕਰ ਰਿਹਾ ਹੈ, ਜਿਸ ਦਾ ਫੈਸਲਾ ਇੱਕ ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਉਮੀਦ ਹੈ।

ਇੱਕ ਸਰਕਾਰੀ ਅਧਿਕਾਰੀ ਨੇ ਕਿਹਾ ਕਿ ਵਿਸ਼ਵਵਿਆਪੀ ਵਪਾਰ ਅਨਿਸ਼ਚਿਤਤਾ ਅਤੇ ਡੋਨਲਡ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ ਨੂੰ ਭੇਜੇ ਗਏ ਸ਼ਿਪਮੈਂਟਾਂ 'ਤੇ ਟੈਰਿਫ ਦੇ ਸੰਭਾਵੀ ਪ੍ਰਭਾਵ ਦੇ ਵਿਚਕਾਰ ਭਾਰਤ ਆਪਣੇ ਬਰਾਮਦਕਾਰਾਂ ਨੂੰ ਨਵੀਆਂ ਹੱਲਾਸ਼ੇਰੀਆਂ ਦੇਣ 'ਤੇ ਵਿਚਾਰ ਕਰ ਰਿਹਾ ਹੈ। ਅਮਰੀਕਾ ਅਤੇ ਯੂਰਪੀ ਯੂਨੀਅਨ ਵਰਗੇ ਵਪਾਰਕ ਭਾਈਵਾਲਾਂ ਦੁਆਰਾ ਅਪਣਾਈਆਂ ਜਾ ਰਹੀਆਂ ਹਮਲਾਵਰ ਨੀਤੀਆਂ ਕਾਰਨ ਭਾਰਤੀ ਬਰਾਮਦਕਾਰਾਂ 'ਤੇ ਦਬਾਅ ਵਧ ਰਿਹਾ ਹੈ।

ਇੱਕ ਸਮਾਗਮ ਦੌਰਾਨ ਵੱਖਰੇ ਤੌਰ 'ਤੇ ਗੱਲ ਕਰਦਿਆਂ ਇਸ ਅਧਿਕਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਇੱਕ ਮਹੀਨੇ ਦੇ ਅੰਦਰ ਬਰਾਮਦਕਾਰਾਂ ਨੂੰ ਉਤਸ਼ਾਹਿਤ ਕਰਨ ਬਾਰੇ ਫੈਸਲਾ ਲੈਣ ਦੀ ਉਮੀਦ ਹੈ ਅਤੇ 1 ਅਪਰੈਲ ਤੋਂ ਸ਼ੁਰੂ ਹੋਣ ਵਾਲੇ ਸਾਲ ਲਈ ਬਜਟ ਵਿੱਚ ਫੰਡ ਪਹਿਲਾਂ ਹੀ ਅਲਾਟ ਕਰ ਦਿੱਤੇ ਗਏ ਹਨ।"

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਬੀਤੇ ਦਿਨੀਂ ਕਿਹਾ ਸੀ ਕਿ ਅਮਰੀਕੀ ਟੈਰਿਫ ਦਾ ਪ੍ਰਭਾਵ ਭਾਰਤ 'ਤੇ ਮਹਿਸੂਸ ਕੀਤਾ ਜਾਵੇਗਾ।

# ਕੀ ਭਾਰਤੀ ਲੋਕਤੰਤਰ ਸਿਰਫ ਚੋਣਾਵੀ ਲੋਕਤੰਤਰ ਤੱਕ ਹੀ ਸੀਮਿਤ ਹੋਕੇ ਫਾਸ਼ੀਵਾਦੀ ਵਲ ਵਧਣ ਲੱਗਾ ਏ ?

## ✪ ਭਾਰਤ ਲੋਕਤੰਤਰ ਸੂਚਕਾਂਕ ਵਿੱਚ 104ਵੇਂ ਸਥਾਨ ’ਤੇ ਖਿਸਕਿਆ ✪ ਪ੍ਰੈਸ ਦੀ ਅਜ਼ਾਦੀ ਤੇ ਅਦਾਲਤਾਂ ਦੇ ਅਧਿਕਾਰਾਂ ਵਿਚ ਹੋ ਰਹੀ ਹੈ ਦਖਲ ਅੰਦਾਜ਼ੀ

### ਖਾਸ ਰਿਪੋਟ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਹ ਲੰਬੇ ਸਮੇਂ ਤੋਂ ਲੋਕਤੰਤਰੀ ਆਦਰਸ਼ਾਂ ਦਾ ਪ੍ਰਤੀਕ ਰਿਹਾ ਹੈ। ਇਸਨੇ ਰਾਜਨੀਤਿਕ ਆਜ਼ਾਦੀਆਂ, ਅਧਿਕਾਰਾਂ, ਗੱਠਜੋੜਾਂ ਅਤੇ ਹਿਸੇਦਾਰੀਆਂ ਦੇ ਮੌਕਿਆਂ ਦਾ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕੀਤਾ। ਪਰ ਹਾਲ ਹੀ ਦੇ ਸਾਲਾਂ ਵਿੱਚ ਭਾਰਤੀ ਲੋਕਤੰਤਰ ਸੁੰਗੜ ਕੇ “ਚੋਣਵਾਂ ਲੋਕਤੰਤਰ” ਬਣਕੇ ਰਹਿ ਗਿਆ ਹੈ ਜੋ ਫਾਸ਼ੀਵਾਦ ਦੇ ਨਵੇਂ ਰੂਪ ਵਿੱਚ ਤਬਦੀਲ ਹੋ ਰਿਹਾ ਹੈ। ਇਸ ਕਿਸਮ ਦੇ ਲੋਕਤੰਤਰ ਵਿੱਚ, ਚੋਣਾਂ ’ਤੇ ਜ਼ੋਰ ਦਿੱਤਾ ਜਾਂਦਾ ਹੈ, ਜਦੋਂ ਕਿ ਲੋਕਤੰਤਰੀ ਸ਼ਾਸਨ ਦੇ ਬੁਨਿਆਦੀ ਸਿਧਾਂਤ ਜਿਵੇਂ ਕਿ ਜਾਂਚ ਅਤੇ ਸੰਤੁਲਨ, ਨਿਆਂ ਜਵਾਬਦੇਹੀ, ਪਾਰਦਰਸ਼ਤਾ ਅਤੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਲੋਕਤੰਤਰ ਵਿਚੋਂ ਮਨਫੀ ਹੋ ਜਾਂਦੇ ਹਨ।

ਵੀ-ਡੈਮ (ਵੈਰੀਟੀਜ਼ ਆਫ਼ ਡੈਮੋਕਰੇਸੀ) ਸੰਸਥਾ ਦੀ ਇੱਕ ਤਾਜ਼ਾ ਰਿਪੋਰਟ ਭਾਰਤ ਦੇ ਲੋਕਤੰਤਰੀ ਪਤਨ ਦੇ ਵਧ ਰਹੇ ਰੁਝਾਨ ’ਤੇ ਰੌਸ਼ਨੀ ਪਾਉਂਦੀ ਹੈ, ਖਾਸ ਕਰਕੇ ਚੋਣ ਲੋਕਤੰਤਰ ਵਿੱਚ ਤਬਦੀਲੀ ਦੇ ਸੰਦਰਭ ਵਿੱਚ। ਇਸ ਰਿਪੋਰਟ ਦੇ ਅਨੁਸਾਰ, ਭਾਰਤ ਲੋਕਤੰਤਰ ਸੂਚਕਾਂਕ ਵਿੱਚ 104ਵੇਂ ਸਥਾਨ ’ਤੇ ਖਿਸਕ ਗਿਆ ਹੈ। 2018 ਵਿੱਚ ਹੀ, ਭਾਰਤ ਉਦਾਰ ਲੋਕਤੰਤਰ ਦੀ ਸ਼੍ਰੇਣੀ ਤੋਂ ਚੋਣ ਲੋਕਤੰਤਰ ਦੀ ਸ਼੍ਰੇਣੀ ਵਿੱਚ ਆ ਗਿਆ ਅਤੇ ਤਾਨਾਸ਼ਾਹੀ ਜਾਂ ਫਾਸ਼ੀਵਾਦੀ ਪਹੁੰਚ ਵਧ ਰਹੀ ਹੈ।

ਵੀ-ਡੈਮ ਇੰਸਟੀਚਿਊਟ ਸਵੀਡਨ ਵਿੱਚ ਸਥਿਤ ਇੱਕ ਪ੍ਰਸਿੱਧ ਗਲੋਬਲ ਥਿੰਕ ਟੈਂਕ ਹੈ। ਇਹ ਦੁਨੀਆ ਭਰ ਵਿੱਚ ਲੋਕਤੰਤਰ ਦੀ ਗੁਣਵੱਤਾ ’ਤੇ ਵਿਆਪਕ ਖੋਜ ਕਰਦਾ ਹੈ। ਆਪਣੀਆਂ ਰਿਪੋਰਟਾਂ ਵਿੱਚ, ਵੀ-ਡੈਮ ਦੇਸ਼ਾਂ ਨੂੰ ਉਨ੍ਹਾਂ ਦੇ ਲੋਕਤੰਤਰ ਦੇ ਪੱਧਰ ਦੇ ਅਧਾਰ ਤੇ ਵਰਗੀਕਰਨ ਕਰਦਾ ਹੈ।

ਵੀ-ਡੈਮ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੇ ਪਿਛਲੇ ਦਹਾਕਿਆਂ ਦੌਰਾਨ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਹੈ



**ਪੰਜਾਬ ਟਾਈਮਜ਼ ਅਨੁਸਾਰ ਵੀ-ਡੈਮ ਇੰਸਟੀਚਿਊਟ ਦੀ ਰਿਪੋਟ ਭਾਰਤੀ ਲੋਕਤੰਤਰ ਦੀਆਂ ਘਾਟਾਂ ਦਾ ਸਹੀ ਪਰਦਾਫਾਸ਼ ਕਰਦੀ ਹੈ। ਜਿਸ ਤਰਾਂ ਭਾਰਤੀ ਰਾਜਨੀਤੀ ਨੂੰ ਸਿਰਫ ਨੰਬਰਾਂ ਦੀ ਗੇਮ ਅਤੇ ਵੋਟ ਬੈਂਕ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਿਚ ਨਾਗਰਿਕ ਤਾਂ ਬਚੇ ਹੀ ਨਹੀਂ। ਭਾਰਤੀ ਲੋਕਤੰਤਰ ਵਿਚ ਪਾਰਟੀਆਂ ਇਕ ਦੂਜੇ ਉੱਪਰ ਦੂਸ਼ਣਬਾਜੀ ਤੱਕ ਹੀ ਸੀਮਿਤ ਹੋ ਗਈਆਂ ਹਨ ਜਿਸ ਨੇ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਨੁਕਸਾਨ ਕੀਤਾ ਹੈ। ਲੋਕ ਆਪਣੇ ਨੇਤਾਵਾਂ ਨੂੰ ਵੋਟ ਦੇ ਕੇ ਜਿਤਾਉਂਦੇ ਹਨ, ਪਰ ਉਹ ਸਿਰਫ ਮੁਫਤਖੋਰੀ ਦਾ ਹੀ ਪ੍ਰਚਾਰ ਕਰਦੇ ਹਨ। ਭਾਰਤੀ ਲੋਕਤੰਤਰ ਅੱਜ ਮਹਿਜ਼ ਸ਼ੋਅ ਹੀ ਬਣ ਕੇ ਰਹਿ ਗਿਆ ਹੈ।**

ਵੀ-ਡੈਮ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੇ ਪਿਛਲੇ ਦਹਾਕਿਆਂ ਦੌਰਾਨ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਹੈ। ਭਾਰਤ ਨੂੰ ਹੁਣ “ਉਦਾਰਵਾਦੀ ਲੋਕਤੰਤਰ” ਦੀ ਬਜਾਏ “ਚੋਣਵਾਂ ਲੋਕਤੰਤਰ” ਵਜੋਂ ਸ਼੍ਰੇਣੀਬੱਧ ਕੀਤਾ ਜਾ ਰਿਹਾ ਹੈ।

ਭਾਰਤ ਦੇ ਲੋਕਤੰਤਰ ਦੇ ਪਤਨ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਹੈ ਨਾਗਰਿਕ ਆਜ਼ਾਦੀਆਂ ਅਤੇ ਲੋਕਤੰਤਰੀ ਨਿਯਮਾਂ ਨੂੰ ਖੋਰਾ ਲੱਗਣਾ। ਇਸ ਵਿੱਚ ਅਸਹਿਮਤੀ ਲਈ ਸੁੰਗੜਦੀ ਜਗ੍ਹਾ, ਪ੍ਰੈਸ ਦੀ ਆਜ਼ਾਦੀ ’ਤੇ ਪਾਬੰਦੀਆਂ, ਰਾਜਨੀਤੀ ਵਿੱਚ ਪੈਸੇ ਦਾ ਵਧਦਾ ਪ੍ਰਭਾਵ ਅਤੇ ਕਾਰਜਪਾਲਿਕਾ ਵਿੱਚ ਸ਼ਕਤੀ ਦਾ ਵਧਦਾ ਕੇਂਦਰੀਕਰਨ ਸ਼ਾਮਲ ਹੈ।

ਵੀ-ਡੈਮ ਇੰਸਟੀਚਿਊਟ ਅਤੇ ਮਾਹਿਰਾਂ ਦੁਆਰਾ ਪਛਾਣਿਆ ਗਿਆ ਇੱਕ ਪ੍ਰਮੁੱਖ ਰੁਝਾਨ ਕਾਰਜਪਾਲਿਕਾ ਦੇ ਹੱਥਾਂ ਵਿੱਚ ਸ਼ਕਤੀ ਦਾ ਕੇਂਦਰੀਕਰਨ ਹੈ। ਸੰਸਦ ਅਤੇ ਨਿਆਂਪਾਲਿਕਾ ਦੀ ਭੂਮਿਕਾ ਕਮਜ਼ੋਰ ਹੋ ਗਈ ਹੈ ਜੋ ਮਜਬੂਤ ਲੋਕਤੰਤਰ ਦਾ ਆਧਾਰ ਸੀ। ਇਸ ਵਧਦੇ ਕੇਂਦਰੀਕਰਨ ਦੇ ਤਹਿਤ, ਫੈਸਲਾ ਲੈਣ ਦੀ ਸ਼ਕਤੀ ਪ੍ਰਧਾਨ ਮੰਤਰੀ ਦੇ ਦਫ਼ਤਰ ਵਿੱਚ ਕੇਂਦ੍ਰਿਤ ਹੋ ਗਈ ਹੈ ਅਤੇ ਮਹੱਤਵਪੂਰਨ ਸੰਸਥਾਗਤ ਨਿਯੰਤਰਣ, ਜਿਵੇਂ ਕਿ ਇੱਕ ਸੁਤੰਤਰ ਨਿਆਂਪਾਲਿਕਾ ਅਤੇ ਇੱਕ ਮਜ਼ਬੂਤ ਵਿਰੋਧੀ ਧਿਰ, ਨੂੰ ਖਤਮ ਕਰ ਦਿੱਤਾ ਗਿਆ ਹੈ।

ਸੱਤਾ ਵਿੱਚ ਇਹ ਤਬਦੀਲੀ ਕਾਰਜਪਾਲਿਕਾ ਨੂੰ ਰਾਜਨੀਤਿਕ ਦ੍ਰਿਸ਼ ’ਤੇ ਹਾਵੀ ਹੋਣ ਦੀ ਆਗਿਆ ਦੇ ਰਹੀ ਹੈ। ਸਰਕਾਰ ਦੀ ਨਿਆਂਇਕ ਸਮੀਖਿਆ ਤੋਂ ਬਚਣ ਅਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦੀ ਧਾਰਨਾ ਵਧੀ ਹੈ, ਜਿਸ ਨਾਲ ਲੋਕਤੰਤਰੀ ਨਿਯਮਾਂ ਦਾ ਹੌਲੀ-ਹੌਲੀ ਖੋਰਾ ਲੱਗ ਰਿਹਾ ਹੈ। ਵਿਰੋਧੀ ਪਾਰਟੀਆਂ ਦੇ ਕਮਜ਼ੋਰ ਹੋਣ ਅਤੇ ਸੁਤੰਤਰ ਸੰਸਥਾਵਾਂ ਦੀ ਅਣਦੇਖੀ ਨੇ ਰਾਜਨੀਤਿਕ ਮਾਮਲਿਆਂ ਵਿੱਚ ਸੱਤਾਧਾਰੀ ਪਾਰਟੀ ਦੇ ਦਬਦਬੇ ਨੂੰ ਹੋਰ ਮਜ਼ਬੂਤ ਕੀਤਾ ਹੈ।

ਵੀ-ਡੈਮ ਇੰਸਟੀਚਿਊਟ ਇਹ ਵੀ ਦੱਸਦਾ ਹੈ ਕਿ ਭਾਰਤ ਵਿੱਚ ਲੋਕਪ੍ਰਿਯਤਾ ਹੁਣ ਸ਼ਕਤੀ ਦੇ ਕੇਂਦਰੀਕਰਨ ਅਤੇ ਰਾਜਨੀਤਿਕ ਆਜ਼ਾਦੀਆਂ ਦੇ ਖੋਰੇ ਨਾਲ ਜੁੜੀ ਹੋਈ ਹੈ। ਇਸ ਰੁਝਾਨ ਕਾਰਣ ਚੋਣਾਂ ਲੋਕਤੰਤਰੀ ਭਾਗੀਦਾਰੀ ਦੀ ਥਾਂ ਸ਼ਕਤੀ ਦੇ ਕੇਂਦਰੀਕਰਨ ਦੇ ਬੋਲਬਾਲੇ ਦਾ ਦਬਾਅ ਵਧ ਜਾਂਦਾ ਹੈ। ਇਸ ਦੌਰਾਨ ਸਿਆਸੀ ਆਗੂ ਅਕਸਰ ਧਾਰਮਿਕ ਅਤੇ ਪਛਾਣ-ਅਧਾਰਿਤ ਰਾਜਨੀਤੀ ਦੀ ਵਰਤੋਂ ਬਹੁਗਿਣਤੀਵਾਦੀ ਭਾਵਨਾਵਾਂ ਨੂੰ ਜਗਾਉਣ ਲਈ ਕਰਦੇ ਹਨ ਤਾਂ ਜੋ ਸੱਤਾ ਵਿੱਚ ਆਪਣੀ ਸਥਿਤੀ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਹ ਲੋਕਪ੍ਰਿਯ ਪਹੁੰਚ ਮੀਡੀਆ, ਨਿਆਂਪਾਲਿਕਾ ਤੇ ਸਿਵਲ ਸਮਾਜ ਵਰਗੀਆਂ ਸੰਸਥਾਵਾਂ ਦੀ ਮਰਿਯਾਦਾ ਨੂੰ ਕਮਜ਼ੋਰ ਕਰ ਰਹੀ ਹੈ, ਜੋ ਕਿ ਬਹੁਲਵਾਦੀ ਲੋਕਤੰਤਰ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ।

ਵੀ-ਡੈਮ ਰਿਪੋਰਟ ਭਾਰਤ ਵਿੱਚ ਪ੍ਰਗਟਾਵੇ ਦੀ ਆਜ਼ਾਦੀ, ਇਕੱਠ ਅਤੇ ਪ੍ਰੈਸ ਦੀ ਆਜ਼ਾਦੀ ਲਈ ਵਧ ਰਹੇ ਖਤਰਿਆਂ ਨੂੰ ਉਜਾਗਰ ਕਰਦੀ ਹੈ। ਪੱਤਰਕਾਰਾਂ, ਕਾਰਕੁਨਾਂ ਅਤੇ ਵਿਰੋਧੀ ਆਗੂਆਂ ਨੂੰ ਧਮਕੀਆਂ, ਪਰੇਸ਼ਾਨੀ ਅਤੇ ਡਰਾਉਣ-ਧਮਕਾਉਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾਧਾਰੀ ਪਾਰਟੀ ’ਤੇ ਅਸਹਿਮਤੀ ਨੂੰ ਦਬਾਉਣ ਦੇ ਗੰਭੀਰ ਦੋਸ਼ ਲਗਾਏ ਜਾ ਰਹੇ ਹਨ।

ਨਾਗਰਿਕ ਆਜ਼ਾਦੀਆਂ ਦੀ ਰੱਖਿਆ ਲਈ ਇੱਕ ਕਾਨੂੰਨੀ ਢਾਂਚਾ ਮੌਜੂਦ ਹੈ, ਪਰ ਇਹਨਾਂ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ, ਜਿਸ ਕਾਰਨ ਬਹੁਤ ਸਾਰੇ ਨਾਗਰਿਕ ਰਾਜ-ਪ੍ਰਯੋਜਿਤ ਜ਼ੁਲਮ ਤੇ ਅਨਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਰੁਝਾਨਾਂ ਨੇ ਡਰ ਅਤੇ ਸਵੈ-ਸੈਂਸਰਸ਼ਿਪ ਦਾ ਮਾਹੌਲ ਪੈਦਾ ਕੀਤਾ ਹੈ। ਜ਼ਾਹਿਰ ਹੈ ਕਿ ਇਹ ਭਾਰਤ ਵਿੱਚ ਜਨਤਕ ਚਰਚਾ ਦੀ ਜੀਵੰਤਤਾ ਕਮਜ਼ੋਰ ਹੋ ਰਹੀ ਹੈ ਅਤੇ ਰਾਜਨੀਤਿਕ ਬਹਿਸ ਨੂੰ ਦਬਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ, ਰਾਜਨੀਤਿਕ ਤੌਰ ’ਤੇ ਪ੍ਰੇਰਿਤ ਹਿੰਸਾ, ਜੋ ਅਕਸਰ ਸੰਪਰਦਾਇਕਤਾ ਨਾਲ ਜੁੜੀ ਹੁੰਦੀ ਹੈ, ਨੇ ਇੱਕ ਅਜਿਹਾ ਮਾਹੌਲ ਬਣਾਇਆ ਹੈ ਜਿੱਥੇ ਸ਼ਕਤੀ ਦੇ ਕੇਂਦਰੀਕਰਨ ਦੇ ਹੱਕ ਵਿੱਚ ਲੋਕਤੰਤਰੀ ਨਿਯਮਾਂ ਨੂੰ ਨਕਾਰਿਆ ਜਾ ਰਿਹਾ ਹੈ। ਰਾਜਨੀਤੀ ਦੇ ਅਪਰਾਧੀਕਰਨ ਕਾਰਨ, ਅਪਰਾਧਿਕ ਪਿਛੋਕੜ ਵਾਲੇ ਸਿਆਸਤਦਾਨ ਵੀ ਸਜ਼ਾ ਤੋਂ ਬਚਣ ਦਾ ਫਾਇਦਾ ਉਠਾਉਂਦੇ ਹਨ। ਇਹ ਲੋਕਤੰਤਰੀ ਨਿਯਮਾਂ ਦੇ ਪਤਨ ਦਾ ਇੱਕ ਹੋਰ ਸੰਕੇਤ ਹੈ।ਵੀ-ਡੈਮ ਰਿਪੋਰਟ ਅਨੁਸਾਰ ਭਾਰਤ ਵਿੱਚ ਚੋਣ ਇਮਾਨਦਾਰੀ ਹਾਲ ਹੀ ਦੇ ਸਾਲਾਂ ਵਿੱਚ ਘਟਦੀ ਜਾ ਰਹੀ ਹੈ।



# ਸ਼ਰਾਬ ਮਾਫ਼ੀਆ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਤਾਮਿਲਨਾਡੂ ਤੇ ਕੇਰਲਾ ਵਾਂਗ ਸ਼ਰਾਬ ਦਾ ਕਾਰੋਬਾਰ ਆਪਣੇ ਹੱਥ ਵਿਚ ਲਵੇ: ਅੰਮ੍ਰਿਤਸਰ ਵਿਕਾਸ ਮੰਚ



ਅੰਮ੍ਰਿਤਸਰ-: ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ਰਾਬ ਮਾਫ਼ੀਆ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਨੂੰ ਤਾਮਿਲਨਾਡੂ ਤੇ ਕੇਰਲਾ ਵਾਂਗ ਸ਼ਰਾਬ ਕਾਰੋਬਾਰ ਨੂੰ ਆਪਣੇ ਹੱਥ ਵਿਚ ਲੈਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਲਿਖੇ ਇਕ ਸਾਂਝੇ ਪੱਤਰ ਵਿੱਚ ਮੰਚ ਦੇ ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ, ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਹਰਦੀਪ ਸਿੰਘ ਚਾਹਲ ਤੇ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਨੇ ਕਿਹਾ ਕਿ ਤਾਮਿਲਨਾਡੂ ਸ਼ਰਾਬ ਕਾਰਪੋਰੇਸ਼ਨ 1983 ਵਿਚ ਕਾਇਮ ਕੀਤੀ ਗਈ. ਜਿਸਨੇ 2023-24 ਵਰ੍ਹੇ 45855 ਕ੍ਰੋੜ 67 ਲੱਖ ਦੀ ਕਮਾਈ ਕੀਤੀ । ਪੰਜਾਬ ਵਿਚ ਤਾਮਿਲਨਾਡ ਨਾਲੋਂ ਵੱਧ ਮਾਤਰਾ ਵਿਚ ਸ਼ਰਾਬ ਪੀਤੀ ਜਾਂਦੀ ਹੈ, ਇੱਥੇ ਪੰਜਾਹ ਕ੍ਰੋੜ ਤੋਂ ਵੀ ਵੱਧ ਸਾਲਾਨਾ ਕਮਾਈ ਹੋ ਸਕਦੀ ਹੈ । ਕੇਰਲਾ ਵਿਚ ਕੇਰਲਾ ਸਟੇਟ ਬੀਵਰੇਜਸ (ਐਮ ਐਂਡ ਐਮ) 23 ਫਰਵਰੀ 1984 ਨੂੰ ਕੇਰਲ ਸਰਕਾਰ ਵੱਲੋਂ ਕਾਇਮ ਕੀਤੀ ਗਈ ਜੋ ਤਾਮਿਨਾਡੂ ਵਾਂਗ ਸ਼ਰਾਬ ਦਾ ਕਾਰੋਬਾਰ ਚਲਾ ਰਹੀ ਹੈ। ਹੈਰਾਨੀ ਵਾਲੀ ਗਲ ਹੈ ਕਿ ਬਾਕੀ ਸਰਕਾਰਾਂ ਕਿਉਂ ਅਜਿਹਾ ਨਹੀਂ ਕਰ ਕਰ ਰਹੀਆਂ ?

ਪੰਜਾਬ ਸਰਕਾਰ ਦੇ ਖ਼ਜਾਨਾ ਮੰਤਰੀ ਸ.ਹਰਪਾਲ ਸਿੰਘ ਚੀਮਾ ਨੇ 28 ਫਰਵਰੀ 2025 ਨੂੰ ਅਗਲੇ ਵਰ੍ਹੇ ਭਾਵ 2025-26 ਦੀ ਸ਼ਰਾਬ ਨੀਤੀ ਬਾਰੇ ਮੰਤਰੀ ਮੰਡਲ ਵਲੋਂ ਲਏ ਗਏ ਫ਼ੈਸਲੇ ਬਾਰੇ ਜਾਣਕਾਰੀ ਦਿੱਤੀ ਕਿ ਨਵੀਂ ਨੀਤੀ ਨਾਲ ਸਰਕਾਰ ਨੂੰ 11020 ਕ੍ਰੋੜ ਰੁਪਏ ਕਮਾਈ ਹੋਵੇਗੀ। ਸੁਆਲ ਪੈਦਾ ਹੁੰਦਾ ਹੈ ਕਿ ਤਾਮਿਲਮਾਡੂ ਤੇ ਪੰਜਾਬ ਦੀ ਆਮਦਨ ਵਿਚ ਏਨਾ ਅੰਤਰ ਕਿਉ? ਇਸ ਬਾਰੇ ਖ਼ਜਾਨਾ ਮੰਤਰੀ ਨੂੰ ਸਪੱਸ਼ਟ ਕਰਨਾ ਚਾਹੀਦਾ ਕਿ ਕੀ ਉਨ੍ਹਾਂ ਨੇ ਵੱਖ ਵੱਖ ਸੂਬਿਆਂ ਦੀ ਸ਼ਰਾਬਨੀਤੀ ਦਾ ਅਧਿਐਨ ਕੀਤਾ ਹੈ? ਜੇ ਨਹੀਂ ਤਾਂ ਉਨ੍ਹਾਂ ਨੂੰ ਤਾਮਿਲਨਾਡੂ ਤੇ ਕੇਰਲਾ ਜਾ ਕੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਕਿ ਉਥੇ ਸਰਕਾਰਾਂ ਕਿਵੇਂ ਇਹ ਕਾਰੋਬਾਰ ਚਲਾ ਰਹੀਆਂ ਹਨ ਤੇ ਪੰਜਾਬ ਨਾਲੋਂ ਪੰਜ ਗੁਣਾਂ ਕਮਾਈ ਕਰ ਰਹੀਆਂ ਹਨ।

ਜਨਤਾ ਨੂੰ ਆਮ ਪਾਰਟੀ ਦੇ ਆਗੂਆਂ ਤੋਂ ਪੁਛਣਾ ਚਾਹੀਦਾ ਹੈ ਕਿ ਆਮ ਪਾਰਟੀ ਮਾਫ਼ੀਆ ਰਾਜ ਖ਼ਤਮ ਕਰਨ ਦਾ ਵਾਅਦਾ ਕਰਕੇ ਸਤਾ ਵਿਚ ਆਈ ਸੀ । ਤਿੰਨ ਸਾਲ ਬੀਤ ਜਾਣ 'ਤੇ ਵੀ ਸਭ ਕੁਝ ਉਸ ਤਰ੍ਹਾਂ ਹੀ ਚਲ ਰਿਹਾ ਹੈ।

ਜੇ ਸ਼ਰਾਬ ਨੀਤੀ ਸਬੰਧੀ ਕੁਝ ਸੂਝਵਾਨ ਸਿਆਸਤਦਾਨਾਂ ਦੇ ਵੱਖ ਵੱਖ ਬਿਆਨਾਂ 'ਤੇ ਝਾਤ ਮਾਰੀਏ ਤਾਂ ਪਤਾ ਲਗਦਾ ਕਿ ਉਨ੍ਹਾਂ ਦੀ ਕੀ ਪਹੁੰਚ ਹੈ ?16 ਜੂਨ 2020 ਨੂੰ ਸ. ਨਵਜੋਤ ਸਿੰਘ ਸਿੱਧੂ ਨੇ 2017 ਦੀਆਂ ਅਸੈਂਬਲੀ ਚੋਣਾਂ ਸਮੇਂ ਜਾਰੀ ਕੀਤੀਆਂ ਵੀਡਿਓ ਰਾਹੀਂ ਦੱਸਿਆ ਕਿ ਸਰਕਾਰੀ ਖ਼ਜ਼ਾਨੇ ਵਿੱਚ ਪੈ ਰਹੇ ਘਾਟੇ ਨੂੰ ਰੋਕਣ ਲਈ ਤਾਮਿਲਨਾਡੂ ਵਾਂਗ ਇੱਕ ਸ਼ਰਾਬ ਕਾਰਪੋਰੇਸ਼ਨ ਸਥਾਪਿਤ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਅਨੁਸਾਰ ਅਕਾਲੀ ਸਰਕਾਰ ਦੇ ਸਮੇਂ ਤੋਂ ਚਲ ਰਹੇ ਕੇਬਲ, ਰੇਤ ਤੇ ਸ਼ਰਾਬ ਮਾਫ਼ੀਆ ਨੂੰ ਖ਼ਤਮ ਕਰਕੇ ਸਰਕਾਰੀ ਖਜ਼ਾਨੇ ਨੂੰ ਪੈ ਰਹੇ ਘਾਟੇ ਨੂੰ ਪੂਰਾ ਕੀਤਾ ਜਾ ਸਕਦਾ ਹੈ ।

ਜਲੰਧਰ ਤੋਂ ਵਿਧਾਇਕ ਸ. ਪਰਗਟ ਸਿੰਘ ਦਾ ਇਕ ਪੁਰਾਣਾ ਬਿਆਨ ਹੈ ਕਿ ਸ਼ਰਾਬ ਦੀ ਇਕ ਬੋਤਲ ਦੀ ਲਾਗਤ 150 ਰੁਪਏ ਹੈ 100 ਰੁਪਏ ਐਕਸਇਜ਼ ਡਿਊਟੀ ਹੈ। ਬਜਾਰ ਵਿਚ ਇਕ ਬੋਤਲ 800 ਰੁਪਏ ਵਿਚ ਵਿਕਦੀ ਹੈ। ਇਸ ਤਰ੍ਹਾਂ 550 ਰੁਪਏ ਠੇਕੇਦਾਰ ਤੇ ਵਪਾਰੀ ਖਾ ਰਹੇ ਹਨ। ਜੇ ਇਹ ਸ਼ਰਾਬ ਦੀ ਕਾਰਪੋਰੇਸ਼ਨ ਬਣਾ ਦਿੱਤੀ ਜਾਵੇ ਜਿਵੇਂ ਕਿ ਤਾਮਿਲਨਾਇਡੂ ਵਿਚ ਹੈ ਤਾਂ ਇਹ ਰਕਮ ਸਰਕਾਰੀ ਖ਼ਜਾਨੇ ਵਿਚ ਜਾਏਗੀ। ਹੈਰਾਨੀ ਵਾਲੀ ਗੱਲ ਹੈ ਕਿ ਤਾਮਿਲਨਾਡੂ ਨੇ 1983 ਦਾ ਕਾਰੋਬਾਰ ਸਰਕਾਰੀ ਕੀਤਾ ਹੈ ਤਾਂ 1983 ਤੋਂ ਪਿੱਛੋਂ ਪੰਜਾਬ ਵਿਚ ਜਿਹੜੀਆਂ ਸਰਕਾਰਾਂ ਆਈਆਂ ਉਨ੍ਹਾਂ ਨੇ ਇਸ ਕਾਰੋਬਾਰ ਨੂੰ ਆਪਣੇ ਹੱਥ ਵਿਚ ਕਿਉਂ ਨਹੀਂ ਲਿਆ? ਕੀ ਅਕਾਲੀ- ਭਾਜਪਾ ਤੇ ਕਾਂਗਰਸ ਪਾਰਟੀ ਦੇ ਆਗੂਆਂ ਪਾਸ ਕੋਈ ਜੁਆਬ ਹੈ? ਜੇ ਹੈ ਤਾਂ ਉਨ੍ਹਾਂ ਨੂੰ ਜਨਤਕ ਕਰਨਾ ਚਾਹੀਦਾ ਹੈ


ਅੰਮ੍ਰਿਤਸਰ ਵਿਕਾਸ ਮੰਚ ਵਲੋਂ 28 ਜੁਲਾਈ 2021 ਨੂੰ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਈ ਮੇਲ ਰਾਹੀਂ ਤਾਮਿਲਨਾਡੂ ਵਾਂਗ ਇੱਕ ਸ਼ਰਾਬ ਕਾਰਪੋਰੇਸ਼ਨ ਸਥਾਪਿਤ ਕਰਨ ਦੀ ਮੰਗ ਕੀਤੀ ਸੀ।ਮੁੱਖ ਮੰਤਰੀ ਦਫ਼ਤਰ ਵਲੋਂ ਇਹ ਈ ਮੇਲ ਸੈਕਟਰੀ ਟੈਕਸਏਸ਼ਨ ਨੂੰ ਭੇਜੀ ਗਈ, ਜਿਸ ਦਾ ਅਜੇ ਤੀਕ ਜੁਆਬ ਨਹੀਂ ਆਇਆ।ਏਸੇ ਤਰ੍ਹਾਂ ਮੌਜੂਦਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ 11 ਮਾਰਚ 2023 ਨੂੰ ਇਸ ਸਬੰਧੀ ਈ ਮੇਲ ਭੇਜੀ ਗਈ ਜਿਸ ਦਾ ਅਜੇ ਤੀਕ ਕੋਈ ਜੁਆਬ ਨਹੀਂ ਆਇਆ।ਖ਼ਜਾਨਾ ਮੰਤਰੀ ਸ. ਹਰਪਾਲ ਸਿੰਘ ਚੀਮਾ ਨੂੰ ਇਸ ਦਾ ਜੁਆਬ ਦੇਣਾ ਚਾਹੀਦਾ ਹੈ ਕਿ ਸਾਡੀਆਂ ਚਿੱਠੀਆਂ ਦਾ ਜੁਆਬ ਕਿਉਂ ਨਹੀਂ ਦਿੱਤਾ ਜਾ ਰਿਹਾ?

ਪਾਠਕਾਂ ਦੀ ਜਾਣਕਾਰੀ ਵਾਸਤੇ ਅਸੀਂ ਦਸਣਾ ਚਾਹੁੰਦੇ ਹਾਂ ਤਾਮਿਲਨਾਡੂ ਸਰਕਾਰ ਵੱਲੋਂ ਤਾਮਿਲਨਾਡੂ ਸਟੇਟ ਮਾਰਕਿਟਿੰਗ ਕਾਰਪੋਰੇਸ਼ਨ ਇਤਿਹਾਸਕ ਪਿਛੋਕੜ 'ਤੇ ਝਾਤ ਪਾਉਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਕਾਰਪੋਰੇਸ਼ਨ 1983 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਐਮ.ਜੀ. ਰਾਮਾਚੰਦਰਨ ਵੱਲੋਂ ਕਾਇਮ ਕੀਤੀ ਗਈ ਸੀ, ਜਿਸ ਨੇ ਸ਼ਰਾਬ ਦਾ ਥੋਕ ਦਾ ਕਾਰੋਬਾਰ ਆਪਣੇ ਹੱਥ ਵਿੱਚ ਲਿਆ। ਪ੍ਰਚੂਨ ਦਾ ਕਾਰੋਬਾਰ ਪ੍ਰਾਈਵੇਟ ਹੱਥਾਂ ਵਿੱਚ ਰਿਹਾ।ਸਰਕਾਰ ਨੇ ਪ੍ਰਚੂਨ ਦੀਆਂ ਦੁਕਾਨਾਂ ਤੇ ਬਾਰਾਂ ਨੀਲਾਮੀ ਰਾਹੀਂ ਠੇਕੇਦਾਰਾਂ ਨੂੰ ਦਿੱਤੀਆਂ। ਪਰ ਬਾਅਦ ਵਿੱਚ ਵੇਖਣ ਵਿੱਚ ਆਇਆ ਕਿ ਪ੍ਰਚੂਨ ਵਾਲਿਆ ਨੇ ਆਪਣੇ ਜੁਟ (ਕਾਰਟਲ) ਬਣਾ ਲਏ ਹਨ ਜਿਸ ਨਾਲ ਸਰਕਾਰ ਨੂੰ ਘਾਟਾ ਪੈਣਾ ਸ਼ੁਰੂ ਹੋ ਗਿਆ। ਸਰਕਾਰ ਨੇ 2001-02 ਵਿੱਚ ਦੁਕਾਨਾਂ ਦੇ ਆਮਦਨੀ ਦੇ ਗਰੁੱਪ ਬਣਾ ਕੇ ਬੋਲੀਆਂ ਕਰਵਾਈਆਂ ਗਈਆਂ ਪਰ ਇਸ ਵਿੱਚ ਵੀ ਠੇਕੇਦਾਰ ਆਪਸ ਵਿੱਚ ਵਿੱਚ ਰਲ ਕੇ ਬੋਲੀਆਂ ਦੇਣ ਲੱਗੇ ਜਿਸ ਨਾਲ ਸਰਕਾਰ ਨੂੰ ਘਾਟਾ ਪੈਣ ਲੱਗ ਗਿਆ। ਅਕਤੂਬਰ 2003 ਵਿੱਚ ਸਰਕਾਰ ਨੇ ਤਾਮਿਲਨਾਡੂ ਪ੍ਰੋਹਿਬਸ਼ਨ ਐਕਟ 1937 ਵਿੱਚ ਸੋਧ ਕਰਕੇ ਪ੍ਰਚੂਨ ਦਾ ਕਾਰੋਬਾਰ ਵੀ ਆਪਣੇ ਹੱਥ ਵਿੱਚ ਲੈ ਲਿਆ। 2004 ਤੀਕ ਪ੍ਰਾਈਵੇਟ ਦੁਕਾਨਾਂ ਜਾਂ ਤਾਂ ਬੰਦ ਹੋ ਗਈਆਂ ਜਾਂ ਸਰਕਾਰ ਨੇ ਆਪਣੇ ਕੰਟਰੋਲ ਵਿੱਚ ਲੈ ਲਈਆਂ। ਇਹ ਏਕਾਅਧਿਕਾਰ ਦੀ ਨੀਤੀ 29 ਨਵੰਬਰ 2003 ਨੂੰ ਜੈ ਲਲਿਤਾ ਸਰਕਾਰ ਵੱਲੋਂ ਲਾਗੂ ਕੀਤੀ ਗਈ। ਆਲ ਇੰਡੀਆ ਅੰਨਾ ਡੀ ਐਮ ਕੇ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨੀਤੀ ਨੂੰ ਬਾਅਦ ਦੀ 2006 ਈ. ਵਿੱਚ ਕਰੁਣਾਨਿਧੀ ਦੀ ਅਗਵਾਈ ਵਿੱਚ ਬਣੀ ਡੀ ਐਮ ਕੇ ਸਰਕਾਰ ਨੇ ਵੀ ਚਾਲੂ ਰੱਖਿਆ।

ਸ਼ਰਾਬ ਦੀ ਇਸ ਕਾਰਪੋਰੇਸ਼ਨ ਨੂੰ ਇੱਕ ਬੋਰਡ ਚਲਾਉਂਦਾ ਹੈ ਜਿਸ ਦੇ ਮੈਂਬਰ ਆਈ ਏ ਐਸ ਅਫ਼ਸਰ ਹਨ। ਇਸ ਦਾ ਮੁੱਖ ਦਫ਼ਤਰ ਚੇਨੱਈ ਵਿੱਚ ਹੈ।ਇਸ ਕੰਪਨੀ ਨੂੰ ਪੰਜ ਇਲਾਕਿਆਂ ਵਿੱਚ ਵੰਡਿਆ ਹੋਇਆ ਹੈ। ਚੇਨਈ, ਕੋਇੰਬਟੋਰ, ਮਧੁਰਾਈ, ਤ੍ਰਿਚੀ ਤੇ ਸਲੇਮਾ ।ਹਰੇਕ ਦਾ ਇੱਕ ਇੱਕ ਇਲਾਕਾ ਮੈਨੇਜਰ ਹੈ। ਇਨ੍ਹਾਂ ਇਲਾਕਿਆਂ ਨੂੰ 33 ਜ਼ਿਲ੍ਹਿਆ ਵਿੱਚ ਵੰਡਿਆ ਗਿਆ ਹੈ। ਹਰੇਕ ਜ਼ਿਲ੍ਹਾ ਦਾ ਜ਼ਿਲ੍ਹਾ ਮੈਨੇਜਰ ਹੈ। 2010 ਈ. ਵਿੱਚ ਕੰਪਨੀ ਪਾਸ 6800 ਪ੍ਰਚੂਨ ਦੁਕਾਨਾਂ ਸਨ ਤੇ 30 ਹਜ਼ਾਰ ਕਰਮਚਾਰੀ ਸਨ। ਇਹ ਮੁਲਾਜ਼ਮ ਸਰਕਾਰੀ ਮੁਲਾਜ਼ਮ ਨਹੀ ਹਨ ਤੇ ਨਾ ਹੀ ਇਨ੍ਹਾਂ ਨੂੰ ਸਰਕਾਰੀ ਕਰਮਚਾਰੀਆਂ ਵਾਲੀਆਂ ਸਹੂਲਤਾਂ ਮਿਲਦੀਆਂ ਹਨ। ਇਨ੍ਹਾਂ ਦੁਕਾਨਾਂ ਨੂੰ ਵਾਇਨ ਸ਼ਾਪ ਕਿਹਾ ਜਾਂਦਾ ਹੈ ਭਾਵੇਂ ਕਿ ਇਹ ਹਰ ਤਰ੍ਹਾਂ ਦੀ ਸ਼ਰਾਬ ਵੇਚਦੀਆਂ ਹਨ। ਇਨ੍ਹਾਂ ਵਿੱਚੋਂ ਅੱਧੀਆਂ ਨਾਲ ਅਹਾਤੇ (ਬਾਰ) ਹਨ।

ਸ਼ਰਾਬ ਦਾ ਕਾਰੋਬਾਰ ਸਰਕਾਰੀ ਕਰਨ ਨਾਲ ਰਾਜ ਨੂੰ ਕਈ ਤਰ੍ਹਾਂ ਦੇ ਲਾਭ ਹੋਣ ਲੱਗੇ। ਨਕਲੀ ਸ਼ਰਾਬ, ਸ਼ਰਾਬ ਵਿੱਚ ਮਿਲਾਵਟ, ਕਾਲਾ ਬਜ਼ਾਰੀ ਤੇ ਭ੍ਰਿਸ਼ਟਾਚਾਰ ਵਰਗੀਆਂ ਲਾਹਨਤਾਂ ਖ਼ਤਮ ਹੋ ਗਈਆਂ। ਸਭ ਤੋਂ ਵੱਧ, ਆਮਦਨ ਵਿੱਚ ਬੇਹਤਾਸ਼ਾ ਵਾਧਾ ਹੋਇਆ ਸਰਕਾਰੀ ਖਜ਼ਾਨੇ ਵਿੱਚ ਪੈ ਰਹੇ ਘਾਟੇ ਨੂੰ ਰੋਕਣ ਲਈ ਤਾਮਿਲਨਾਡੂ ਵਾਂਗ ਪੰਜਾਬ ਸਰਕਾਰ ਕੇਬਲ, ਰੇਤ ਤੇ ਸ਼ਰਾਬ ਮਾਫ਼ੀਆ ਨੂੰ ਖ਼ਤਮ ਕਰਨ ਲਈ ਇਹ ਸਾਰੇ ਕਾਰੋਬਾਰ ਆਪਣੇ ਹੱਥ ਵਿਚ ਲਵੇ।

# ਸ਼੍ਰੀਮਤੀ ਸੁਰਿੰਦਰ ਕੌਰ ਬਾਹਰੀ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜ਼ਲੀ ਸਮਾਗਮ ਹੋਇਆ ਵੱਖ-ਵੱਖ ਧਰਮਾਂ ਦੇ ਪ੍ਰਚਾਰਕਾਂ ਨੇ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਿਸ਼ ਪੰਜਾਬੀ ਭਾਈਚਾਰੇ ਦੇ ਦੁੱਖਾਂ ਦਰਦਾਂ, ਖੁਸ਼ੀਆਂ ਵਿੱਚ ਪਿਛਲੀ ਅੱਧੀ ਸਦੀ ਤੋਂ ਸ਼ਰੀਕ ਹੁੰਦੇ ਆਏ ਸਰਦਾਰ ਹਰਦਿਆਲ ਸਿੰਘ ਬਾਹਰੀ ਦੀ ਧਰਮ ਪਤਨੀ ਸ਼੍ਰੀਮਤੀ ਸੁਰਿੰਦਰ ਕੌਰ ਬਾਹਰੀ ਨਮਿੱਤ ਅੰਤਿਮ ਅਰਦਾਸ ਸਮਾਗਮ ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ ਵਿਖੇ ਹੋਇਆ। ਮੈਰੀ ਹਿਲ ਸ਼ਮਸ਼ਾਨ ਘਾਟ ਵਿਖੇ ਉਹਨਾਂ ਦੇ ਅੰਤਿਮ ਸਸਕਾਰ ਮੌਕੇ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦਾ ਸਬੂਤ ਸੀ ਕਿ ਬਾਹਰੀ ਪਰਿਵਾਰ ਆਪਣੇ ਲੋਕਾਂ ਵਿੱਚ ਕਿੰਨਾ ਹਰਮਨ ਪਿਆਰਾ ਹੈ। ਇਸ ਸਮੇਂ ਸ਼ਰਧਾ ਦੇ ਫੁੱਲ ਭੇਂਟ ਕਰਨ ਸਮੇਂ ਗੁਰੂ ਘਰ ਦੇ ਵਜ਼ੀਰ ਗਿਆਨੀ ਗੁਰਪ੍ਰੀਤ ਸਿੰਘ ਰਾਮਪੁਰ ਦੋਰਾਹਾ, ਮਨਦੀਪ ਖੁਰਮੀ ਹਿੰਮਤਪੁਰਾ, ਜਸਜੀਤ ਸਿੰਘ ਵਿਲੀ ਬਾਹਰੀ, ਨਿੰਦੀ ਬਾਹਰੀ, ਮੈਂਡੀ ਬਾਹਰੀ, ਲੋਗਨ, ਜੀਆ ਵੱਲੋਂ ਆਪਣੇ ਮਨੋਭਾਵ ਹਾਜ਼ਰੀਨ ਨਾਲ ਸਾਂਝੇ ਕੀਤੇ ਗਏ। ਇਸ ਸਮੇਂ ਸ: ਹਰਦਿਆਲ ਸਿੰਘ ਬਾਹਰੀ ਵੱਲੋਂ ਆਪਣੀ ਜੀਵਨ ਸਾਥਣ ਦੇ ਵਿਛੋੜੇ ਮੌਕੇ ਕੀਤੀ ਤਕਰੀਰ ਸਭ ਨੂੰ ਰੁਆ ਦੇਣ ਵਾਲੀ ਸੀ। ਇਸ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਦੌਰਾਨ ਚਰਚ ਆਫ ਸਕਾਟਲੈਂਡ ਵੱਲੋਂ ਰੇਵਰਐਂਡ ਸੁਮਿਤ ਹੈਰੀਸਨ, ਹਿੰਦੂ ਮੰਦਰ ਗਲਾਸਗੋ ਵੱਲੋਂ ਅਚਾਰੀਆ ਮੇਧਨੀਪਤਿ ਮਿਸ਼ਰ ਸਮੇਤ ਵੱਖ-ਵੱਖ ਬੁਲਾਰਿਆਂ ਨੇ ਸ਼੍ਰੀਮਤੀ ਸੁਰਿੰਦਰ ਕੌਰ ਬਾਹਰੀ ਦੀ ਸ਼ਖਸ਼ੀਅਤ 'ਤੇ ਚਾਨਣਾ ਪਾਉਂਦਿਆਂ ਉਹਨਾਂ ਦੇ ਸਿਰਜੇ ਮੁਕਾਮ 'ਤੇ ਪਹੁੰਚਣ ਲਈ ਤੁਰਦੇ ਰਹਿਣ ਦੀ ਤਾਕੀਦ ਕੀਤੀ। ਅਖੀਰ ਵਿੱਚ ਸ: ਹਰਦਿਆਲ ਸਿੰਘ ਬਾਹਰੀ ਨੇ ਦੂਰੋਂ ਨੇੜਿਓਂ ਆਏ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਦਾ ਹਾਰਦਿਕ ਧੰਨਵਾਦ ਕੀਤਾ। ਮੰਚ ਸੰਚਾਲਕ ਦੇ ਫਰਜ਼ ਮਨਦੀਪ ਖੁਰਮੀ ਹਿੰਮਤਪੁਰਾ ਨੇ ਅਦਾ ਕੀਤੇ।**

# ਸਾਈਪ੍ਰਸ ਵਿੱਚ ਸਿੱਖ ਪੰਥ ਦੇ ਇਤਿਹਾਸ, ਸੰਘਰਸ਼ ਅਤੇ ਪਛਾਣ ਦੀ ਇੱਕ ਵਿਲੱਖਣ ਗਾਥਾ









ਸਾਈਪ੍ਰਸ ਵਿੱਚ ਸਿੱਖ ਪੰਥ ਹੌਲੀ-ਹੌਲੀ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰ ਰਿਹਾ ਹੈ। 2021 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਸਾਈਪ੍ਰਸ ਵਿੱਚ 2,264 ਸਿੱਖ ਰਹਿੰਦੇ ਹਨ, ਜੋ ਦੇਸ਼ ਦੀ ਕੁੱਲ ਆਬਾਦੀ ਦਾ 0.24% ਹਨ। ਇਹ ਗਿਣਤੀ ਉਨ੍ਹਾਂ ਨੂੰ ਸਾਈਪ੍ਰਸ ਵਿੱਚ ਚੌਥਾ ਸਭ ਤੋਂ ਵੱਡਾ ਧਰਮ ਬਣਾਉਂਦੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ, ਸਿੱਖ ਪੰਥ ਨੇ ਇਸ ਦੇਸ਼ ਵਿੱਚ ਆਪਣੀ ਪਛਾਣ ਬਣਾਈ ਹੈ। ਬਹੁਤ ਸਾਰੇ ਲੋਕ ਰੁਜ਼ਗਾਰ ਦੀ ਭਾਲ ਵਿੱਚ ਆਏ, ਜਦੋਂ ਕਿ ਕੁਝ ਨੇ ਇੱਥੇ ਕਾਰੋਬਾਰ ਸਥਾਪਿਤ ਕੀਤੇ। ਅੱਜ, ਸਿੱਖ ਭਾਈਚਾਰਾ ਸਾਈਪ੍ਰਸ ਦੀ ਸੱਭਿਆਚਾਰਕ ਵਿਭਿੰਨਤਾ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ। ਜਾਣਕਾਰੀ ਅਨੁਸਾਰ, ਸਿੱਖ ਇੱਥੇ ਬ੍ਰਿਟਿਸ਼ ਰਾਜ ਦੌਰਾਨ ਪਹੁੰਚੇ ਸਨ। ਸਿੱਖਾਂ ਦਾ ਸਾਈਪ੍ਰਸ ਨਾਲ ਸਬੰਧ 19ਵੀਂ ਸਦੀ ਦੇ ਅਖੀਰ ਤੋਂ ਹੈ। ਦੂਜੇ ਐਂਗਲੋ-ਅਫ਼ਗਾਨ ਯੁੱਧ (1878-1880) ਦੌਰਾਨ, ਜਦੋਂ ਬ੍ਰਿਟਿਸ਼ ਫੌਜ ਨੇ ਅਫਗਾਨਿਸਤਾਨ ਵਿੱਚ ਆਪਣੀਆਂ ਫੌਜੀ ਕਾਰਵਾਈਆਂ ਕੀਤੀਆਂ, ਤਾਂ ਸਿੱਖ ਸੈਨਿਕਾਂ ਨੂੰ ਵੀ ਉੱਥੇ ਭੇਜਿਆ ਗਿਆ ਸੀ। ਇਸ ਦੌਰਾਨ, ਬ੍ਰਿਟਿਸ਼ ਸਾਮਰਾਜ ਨੇ ਇੱਕ ਗੁਪਤ ਸਮਝੌਤੇ ਤਹਿਤ ਸਾਈਪ੍ਰਸ ਉੱਤੇ ਕਬਜ਼ਾ ਕਰਨ ਲਈ ਸਿੱਖ ਫੌਜਾਂ ਦੀ ਵਰਤੋਂ ਕੀਤੀ। ਇਹਨਾਂ ਫੌਜਾਂ ਨੂੰ ਮਾਲਟਾ ਤੋਂ ਸਾਈਪ੍ਰਸ ਭੇਜਿਆ ਗਿਆ ਸੀ, ਜਿੱਥੇ ਉਹਨਾਂ ਨੇ ਬ੍ਰਿਟਿਸ਼ ਪ੍ਰਸ਼ਾਸਨ ਦੀ ਸਹਾਇਤਾ ਕੀਤੀ।

ਆਧੁਨਿਕ ਸਮੇਂ ਵਿੱਚ ਸਿੱਖ ਪ੍ਰਵਾਸ ਅੱਜ ਦੇ ਸਮੇਂ ਦੌਰਾਨ, ਸਾਈਪ੍ਰਸ ਵਿੱਚ ਇੱਕ ਮਹੱਤਵਪੂਰਨ ਸਿੱਖ ਡਾਇਸਪੋਰਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਰਾਜ ਪੰਜਾਬ ਤੋਂ ਆਏ ਹਨ। ਇੱਥੇ ਆ ਕੇ ਉਨ੍ਹਾਂ ਨੇ ਨੌਕਰੀਆਂ ਦੀ ਭਾਲ ਕੀਤੀ ਅਤੇ ਬਹੁਤ ਸਾਰੇ ਲੋਕਾਂ ਨੇ ਸਫਲਤਾਪੂਰਵਕ ਆਪਣੇ ਕਾਰੋਬਾਰ ਸਥਾਪਿਤ ਕੀਤੇ। ਹਾਲਾਂਕਿ, ਕੁਝ ਸਿੱਖ ਪ੍ਰਵਾਸੀ ਮਨੁੱਖੀ ਤਸਕਰੀ ਵਰਗੀਆਂ ਸਮੱਸਿਆਵਾਂ ਤੋਂ ਵੀ ਪ੍ਰਭਾਵਿਤ ਹੋਏ ਹਨ। ਇਸ ਮੁੱਦੇ 'ਤੇ ਵੱਖ-ਵੱਖ ਸਮਾਜਿਕ ਸੰਗਠਨਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਤਾਂ ਜੋ ਪ੍ਰਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

## ਸਾਈਪ੍ਰਸ ਵਿੱਚ ਸਿੱਖ ਧਰਮ ਅਤੇ ਗੁਰਦੁਆਰੇ

ਸਾਈਪ੍ਰਸ ਵਿੱਚ ਸਿੱਖ ਪੰਥ ਲਈ, ਗੁਰਦੁਆਰੇ ਉਨ੍ਹਾਂ ਦੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਦਾ ਇੱਕ ਮਹੱਤਵਪੂਰਨ ਕੇਂਦਰ ਹਨ। ਨਿਕੋਸ਼ੀਆ 2011 ਵਿੱਚ ਸਥਾਪਿਤ ਗੁਰਦੁਆਰਾ ਸੰਗਤਸਰ ਸਾਹਿਬ, ਸਿੱਖ ਭਾਈਚਾਰੇ ਲਈ ਮੁੱਖ ਧਾਰਮਿਕ ਸਥਾਨ ਹੈ। ਇੱਥੇ ਸੰਗਤ ਜੁੜਦੀ ਹੈ ਕੀਰਤਨ ਹੁੰਦਾ ਹੈ,ਲੰਗਰ ਅਤੇ ਧਾਰਮਿਕ ਲੈਕਚਰਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਸਿਰਫ਼ ਪੂਜਾ ਸਥਾਨ ਹੀ ਨਹੀਂ ਹੈ, ਸਗੋਂ ਭਾਈਚਾਰਕ ਗਤੀਵਿਧੀਆਂ ਅਤੇ ਸਮਾਜਿਕ ਸਮਾਗਮਾਂ ਦਾ ਕੇਂਦਰ ਵੀ ਹੈ। ਸ੍ਰੀ ਗੁਰੂ ਨਾਨਕ ਦਰਬਾਰ, ਲਾਰਨਾਕਾ 2013 ਵਿੱਚ ਸਥਾਪਿਤ, ਇਹ ਗੁਰਦੁਆਰਾ ਲਾਰਨਾਕਾ ਸ਼ਹਿਰ ਵਿੱਚ ਸਥਿਤ ਹੈ। ਇਹ ਸਿੱਖਾਂ ਲਈ ਇੱਕ ਹੋਰ ਮਹੱਤਵਪੂਰਨ ਧਾਰਮਿਕ ਸਥਾਨ ਹੈ, ਜਿੱਥੇ ਉਹ ਆਪਣੇ ਧਾਰਮਿਕ ਰੀਤਾਂ ਦਾ ਪਾਲਣ ਕਰਦੇ ਹਨ।

ਸਾਈਪ੍ਰਸ ਸਿੱਖ ਐਸੋਸੀਏਸ਼ਨ ਇਹ ਸੰਸਥਾ 2016 ਵਿੱਚ ਬਣਾਈ ਗਈ ਸੀ, ਜਿਸਦਾ ਮੁੱਖ ਉਦੇਸ਼ ਸਿੱਖ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਐਸੋਸੀਏਸ਼ਨ ਸਿੱਖ ਪ੍ਰਵਾਸੀਆਂ ਦੀ ਸਹਾਇਤਾ ਕਰਦੀ ਹੈ ਅਤੇ ਉਨ੍ਹਾਂ ਦੀਆਂ ਧਾਰਮਿਕ ਅਤੇ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੰਮ ਕਰਦੀ ਹੈ।

## ਸਿੱਖ ਭਾਈਚਾਰਾ ਅਤੇ ਦੂਜਾ ਵਿਸ਼ਵ ਯੁੱਧ

ਸਿੱਖ ਭਾਈਚਾਰੇ ਨੇ ਬ੍ਰਿਟਿਸ਼ ਫੌਜ ਦੇ ਨਾਲ ਦੂਜੇ ਵਿਸ਼ਵ ਯੁੱਧ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। 2012 ਵਿੱਚ, ਬਰਮਿੰਘਮ (ਯੂਕੇ) ਤੋਂ ਇੱਕ ਸਿੱਖ ਵਫ਼ਦ ਨੇ ਸਾਈਪ੍ਰਸ ਦਾ ਦੌਰਾ ਕੀਤਾ। ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸਿੱਖ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨਿਕੋਸ਼ੀਆ ਯੁੱਧ ਕਬਰਸਤਾਨ ਵਿਖੇ ਉਨ੍ਹਾਂ ਬਹਾਦਰ ਸੈਨਿਕਾਂ ਦੇ ਨਾਵਾਂ ਵਾਲੀ ਇੱਕ ਯਾਦਗਾਰ ਬਣਾਈ ਗਈ ਸੀ ਜਿਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਕੀਤਾ ਗਿਆ ਸੀ। ਇਹ ਯਾਦਗਾਰ ਪੱਥਰ ਦੀ ਬਣਤਰ ਦੇ ਰੂਪ ਵਿੱਚ ਬਣਾਈ ਗਈ ਹੈ ਜਿਸ ਉੱਤੇ ਖੰਭ ਅਤੇ ਇੱਕ ਫੁੱਲਦਾਨ ਉੱਕਰਿਆ ਹੋਇਆ ਹੈ। ਇਹ ਸਾਨੂੰ ਸਿੱਖਾਂ ਦੀ ਬਹਾਦਰੀ ਅਤੇ ਉਨ੍ਹਾਂ ਦੀਆਂ ਸ਼ਹਾਦਤਾਂ ਦੀ ਯਾਦ ਦਿਵਾਉਂਦਾ ਹੈ। ਸਿੱਖ ਪੰਥ ਅਤੇ ਸਮਾਜਿਕ ਯੋਗਦਾਨ ਸਿੱਖ ਭਾਈਚਾਰਾ ਸਿਰਫ਼ ਆਪਣੀ ਧਾਰਮਿਕ ਪਛਾਣ ਤੱਕ ਸੀਮਤ ਨਹੀਂ ਹੈ, ਸਗੋਂ ਉਹ ਸਥਾਨਕ ਸਮਾਜ ਵਿੱਚ ਵੀ ਯੋਗਦਾਨ ਪਾ ਰਹੇ ਹਨ। 2014 ਵਿੱਚ, ਯੂਕੇ ਦੇ ਇਲਫੋਰਡ ਸ਼ਹਿਰ ਤੋਂ ਸਿੱਖ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਨੂੰ ਸਾਈਪ੍ਰਸ ਲੈ ਕੇ ਆਏ ਸਨ। ਇਸਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲਿਜਾਇਆ ਗਿਆ ਤਾਂ ਜੋ ਸਥਾਨਕ ਲੋਕ ਸਿੱਖ ਧਰਮ ਬਾਰੇ ਜਾਣ ਸਕਣ ਅਤੇ ਇਸ ਦੀਆਂ ਸਿੱਖਿਆਵਾਂ ਨੂੰ ਸਮਝ ਸਕਣ। ਅੱਜ, ਸਿੱਖ ਭਾਈਚਾਰਾ ਸਾਈਪ੍ਰਸ ਦੀ ਵਿਭਿੰਨਤਾ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ। ਸਿੱਖ ਆਪਣੇ ਧਰਮ ਨੂੰ ਪ੍ਰਚਾਰ ਕੇ ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਆਪਣੀ ਪਛਾਣ ਸਥਾਪਤ ਕਰ ਚੁਕੇ ਹਨ।

********

# ਪੰਜ ਡਰੱਗ ਸਮਗਲਰਾਂ ਦੀ 2.59 ਕਰੋੜ ਦੀ ਜਾਇਦਾਦ ਫਰੀਜ਼

## ✪ ਫ਼ਰੀਜ਼ ਕੀਤੇ ਘਰਾਂ ਦੇ ਬਾਹਰ ਪੋਸਟਰ ਵੀ ਚਿਪਕਾਏ

ਤਰਨਤਾਰਨ-ਤਰਨਤਾਰਨ ਜ਼ਿਲ੍ਹੇ ਦੀ ਪੁਲਿਸ ਨੇ ਕਾਰਵਾਈ ਕਰਦਿਆਂ ਜ਼ਿਲ੍ਹੇ ਨਾਲ ਸਬੰਧਤ ਪੰਜ ਨਸ਼ਾ ਤਸਕਰਾਂ ਦੀ ਢਾਈ ਕਰੋੜ ਤੋਂ ਵੱਧ ਕੀਮਤ ਵਾਲੀ ਜਾਇਦਾਦ ਨੂੰ ਫ਼ਰੀਜ਼ ਕੀਤਾ ਹੈ। ਇਹ ਕਾਰਵਾਈ ਪੁਲਿਸ ਨੇ ਦਿੱਲੀ ਦੀ ਕੰਪੀਟੈਂਟ ਅਥਾਰਟੀ ਵੱਲੋਂ ਮਿਲੀ ਮਨਜ਼ੂਰੀ ਦੇ ਤਹਿਤ ਕੀਤੀ ਹੈ। ਜਦੋਂਕਿ ਫ਼ਰੀਜ਼ ਕੀਤੀਆਂ ਜਾਇਦਾਦਾਂ 'ਤੇ ਪੁਲਿਸ ਵੱਲੋਂ ਬਾਕਾਇਦਾ ਨੋਟਿਸ ਨੁਮਾ ਪੋਸਟਰ ਵੀ ਚਿਪਕਾ ਦਿੱਤੇ ਗਏ ਹਨ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਐੱਸਪੀ ਅਭਿਮਨਿਊ ਰਾਣਾ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਵਾਸੀ ਮਾੜੀ ਗੌੜ ਸਿੰਘ ਦੇ 70 ਲੱਖ 30 ਹਜ਼ਾਰ ਰੁਪਏ ਕੀਮਤ ਦੇ ਰਿਹਾਇਸ਼ੀ ਘਰ ਸਮੇਤ 50 ਹਜਾਰ ਦੀ ਡਰੱਗ ਮਨੀ ਨੂੰ ਫਰੀਜ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਨਸ਼ਾ ਤਸਕਰ ਲਵਪ੍ਰੀਤ ਸਿੰਘ ਤੇ ਅਕਾਸ਼ਦੀਪ ਸਿੰਘ ਮਾਣਕਪੁਰਾ ਦੇ ਰਿਹਾਇਸ਼ੀ ਘਰ ਜਿਸਦੀ ਕੀਮਤ 94 ਲੱਖ 80 ਹਜ਼ਾਰ ਰੁਪਏ ਬਣਦੀ ਹੈ, ਨੂੰ ਫ਼ਰੀਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਸਕਰ ਕੁਰਿੰਦਰ ਸਿੰਘ ਉਰਫ ਸ਼ਿੰਦਾ ਵਾਸੀ ਕਲਸੀਆ ਕਲਾਂ ਦੇ ਰਿਹਾਇਸ਼ੀ ਘਰ ਨੂੰ ਫਰੀਜ਼ ਕੀਤਾ ਗਿਆ ਹੈ। ਜਿਸ ਦੀ ਕੀਮਤ 50 ਲੱਖ 70 ਹਜ਼ਾਰ ਰੁਪਏ ਬਣਦੀ ਹੈ। ਜਦੋਂਕਿ ਅਰਸ਼ਦੀਪ ਸਿੰਘ ਅਰਸ਼ ਵਾਸੀ ਢਾਲਾ ਦੇ ਰਿਹਾਇਸ਼ੀ ਘਰ ਨੂੰ ਫ਼ਰੀਜ਼ ਕੀਤਾ ਗਿਆ ਹੈ ਅਤੇ ਇਸ ਦੀ ਕੀਮਤ 43 ਲੱਖ 60 ਹਜ਼ਾਰ ਰੁਪਏ ਆਂਕੀ ਗਈ ਹੈ।

ਉਨ੍ਹਾਂ ਦੱਸਿਆ ਕਿ ਬੀਤੇ ਸ਼ਨਿੱਚਰਵਾਰ ਨੂੰ ਕੁੱਲ 5 ਨਸ਼ਾ ਤਸਕਰਾਂ ਦੀ 2 ਕਰੋੜ 59 ਲੱਖ 90 ਹਜ਼ਾਰ ਰੁਪਏ ਦੀ ਜਾਇਦਾਦ ਨੂੰ ਫਰੀਜ਼ ਕਰ ਦਿੱਤਾ ਗਿਆ ਹੈ। ਐੱਸਐੱਸਪੀ ਨੇ ਦੱਸਿਆ ਕਿ ਜਿਨ੍ਹਾਂ ਸਮੱਗਲਰਾਂ ਦੀ ਜਾਇਦਾਦ ਨੂੰ ਫ਼ਰੀਜ਼ ਕੀਤਾ ਗਿਆ ਹੈ, ਉਨ੍ਹਾਂ ਖਿਲਾਫ ਹੈਰੋਇਨ ਦੀ ਭਾਰੀ ਬਰਾਮਦਗੀ ਸਬੰਧੀ ਕੇਸ ਦਰਜ ਹਨ। ਜਦੋਂਕਿ ਫ਼ਰੀਜ਼ ਕੀਤੇ ਘਰਾਂ ਦੇ ਬਾਹਰ ਪੋਸਟਰ ਵੀ ਚਿਪਕਾ ਦਿੱਤੇ ਗਏ ਹਨ।

# THE PANJAB TIMES' NEW FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਨਵਾਂ ਫੀਚਰ – ਟਵੀਟਸ ਆਫ ਦਾ ਵੀਕ



ਗਿ: ਕੁਲਦੀਪ ਸਿੰਘ ਗੜਗਜ



ਸਾਬਕਾ ਜਥੇਦਾਰ ਰਘਵੀਰ ਸਿੰਘ

ਜਥੇਦਾਰ ਅਕਾਲ ਤਖਤ ਸਾਹਿਬਾਨ ਚਾਹੇ ਗਿ ਰਘਵੀਰ ਸਿੰਘ ਸਨ, ਜਾਂ ਹੁਣ ਗਿ ਕੁਲਦੀਪ ਸਿੰਘ ਗੜਗਜ ਹਨ; ਪ੍ਰਮੁੱਖ ਕਾਰਜ ਤਾਂ 2 ਦਸੰਬਰ 2024 ਦੇ ਹੁਕਮਨ-ਾਮੇ ਅਤੇ ਆਦੇਸ਼ਾਂ ਅਨੁਸਾਰ, ਸਮੂਹਿਕ ਸ਼੍ਰੋਮਣੀ ਅਕਾਲੀ ਦਲ ਦੀ ਸਾਫ-ਸੁਥਰੇ ਤਰੀਕੇ ਮੈਂਬਰਸ਼ਿਪ ਮੁਹਿੰਮ ਮੁਕੰਮਲ ਕਰਕੇ ਡੈਲੀਗੇਟਾਂ, ਅਹੁਦੇਦਾਰਾਂ, ਆਗੂਆਂ ਅਦਿ ਦੀਆਂ ਚੋਂਣਾਂ ਰਾਹੀਂ ਅਗਾਂਹ ਵਧਣ ਦਾ ਹੈ।

..................................

ਵਰਤਮਾਨ ਵਿੱਚ, ਆਪੇ-ਸਹੇੜੇ ਅੰਦਰੂੰਨੀ ਸਿੱਖ-ਪੰਥਕ ਖਲਝਗਣਾਂ ਤੋਂ ਸੁਰਖਰੂ ਹੋ ਕੇ, ਸਮੂਹਿਕ ਸ਼੍ਰੋਮਣੀਂ ਅਕਾਲੀ ਦਲ ਲਹਿਰ ਅਤੇ ਅਗਵਾਈ ਨੂੰ, ਖੜੇ-ਖੜੋਤੇ ਮਸਲਿਆਂ ਦੇ ਨਾਲ ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨਾਲ ਸਬੰਧਿਤ ਨਵੀਂਆਂ ਅਤੇ ਉਭਰ ਰਹੀਆਂ ਰਾਜਨੀਤਕ ਲੋੜਾਂ ਵਲ ਤੁਰੰਤ ਕਰਵਾਈਆਂ ਕਰਨੀਆਂ ਪੈਂਣਗੀਆਂ। ਜਿਵੇਂ ਕਿ 'ਡੀਲਿਮੀਟੇਸ਼ਨ', ਪ੍ਰਤੀਨਿਧਤਾ, 'ਦੀਵਾਲੀਆ-ਪਨ' ਵਲ ਤੋਰਿਆ ਜਾ ਰਿਹਾ ਪੰਜਾਬ ਦਾ ਰਾਜ ਪ੍ਰਬੰਧ।

..................................

ਬਤੌਰ ਸਿੱਖ ਕੌਮ ਸਾਨੂੰ ਸਪੱਸ਼ਟ ਹੀ ਹੋ ਜਾਣਾਂ ਚਾਹੀਦਾ ਕਿ ਸਾਡੀ ਪੰਥਕ ਰਾਜਨੀਤੀ ਬਹੁਤ ਵਿਭਿੰਨਤਾ ਵਾਲੀ ਹੋ ਗਈ ਹੈ। ਸਿਆਸਤੀ ਘਸਮਾਂਣ ਸੁਲਝਾਉਂਣ ਲਈ ਸਮਕਾਲ ਵਿਚ ਓੜਕ ਗੁਪਤ ਜਮਹੂਰੀ ਵੋਟ ਵਿਧੀ ਹੀ ਸਹਾਈ ਹੋ ਸਕਦੀ ਹੈ। ਜਥੇਦਾਰ ਸਾਹਿਬਾਨ ਤਾਂ ਆਪਣੀਂ ਸੂਝ ਅਨੁਸਾਰ ਇਖਲਾਕੀ ਨੈਤਿਕਤਾ, ਸਿਧਾਂਤ ਅਤੇ ਅਧਿਆਤਮਕਤਾ ਦੇ ਅਧਾਰ ਤੇ ਸੁਝਾਹਕ - ਅਗਵਾਈ ਦੇ ਸਕਦੇ ਹਨ।

...............................

ਸਮਕਾਲੀਨ ਰਾਜਨੀਤਕ ਜਮਾਤ ਤੇ ਖਾਸਕਰਕੇ ਸਰਕਾਰ, ਚੌਣਾਂ ਜਿਤਣ ਅਤੇ ਫਿਰ ਸਤਾਹ ਵਿੱਚ ਰਹਿਣ ਲਈ, 'ਮੁਫਤਖੋਰੀ' ਭੱਤੇ-ਸਹਾਇਤਾ ਵੋਟਾਂ ਖਾਤਿਰ ਵੰਡਦੇ ਹਨ। ਜਿਸ ਨਾਲ ਸਟੇਟ ਕਰਜਾਈ, ਕੁਰੱਪਸ਼ਨ ਅਤੇ ਜਨਤਾ ਦੀਆਂ ਕਦਰਾਂ-ਕੀਮਤਾਂ ਦਾ ਘਾਂਣ ਹੋ ਰਿਹਾ ਹੈ। ਸਿਆਸਤਦਾਨ ਪੰਜਾਬ ਦੇ ਵਿਰਸੇ ਤੋਂ ਹੀ ਨਹੀਂ ਨਿਖੜ ਰਹੇ, ਪੰਜਾਬੀਆਂ ਦਾ ਭਵਿੱਖ ਵੀ ਵਿਗਾੜ ਰਹੇ ਹਨ...।

...............................

ਦੇਸ਼-ਦੁਨੀਆਂ ਦੇ ਸਿੱਖ ਸਾਬਕਾ ਜਥੇਦਾਰ ਰਘਵੀਰ ਸਿੰਘ ਤੇ ਪੰਜੇ ਸਿੰਘ ਸਾਹਿਬਾਨ ਤੋਂ ਉਮੀਦ ਕਰਦੇ ਸਨ ਕਿ ਉਹ ਆਪਣੇਂ ਅਸਰ-ਰਸੂਖ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉਚ ਇਤਿਹਾਸਕ ਸੰਸਥਾ ਦੇ ਪ੍ਰਭਾਵ ਰਾਹੀਂ, ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਦੇ ਮਸਲੇ ਨੂੰ ਸੁਲਝਾਉਣ ਵਾਲੀ ਵਿਧੀ ਅਪਨਾ ਕੇ, ਸਮੁੱਚੇ ਸਿੱਖ ਪੰਥ ਨੂੰ ਜੋੜਨ ਦੀ ਜਿੰਮੇਵਾਰੀ ਨਿਭਾਉਂਦੇ।

.................................

ਪੰਜਾਬ ਪੰਜਾਬੀਆਂ ਤੇ ਸਿਖ-ਪੰਥ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦਿਆਂ, ਕਿਉਂ ਨਾਂ ਜਥੇਦਾਰ ਸਾਹਿਬਾਨ, ਸ਼੍ਰੋ.ਗੁ.ਪ੍ਰ.ਕ, ਸਭ ਅਕਾਲੀ ਆਗੂ ਅਤੇ 'ਮੈਂਬਰਸ਼ਿਪ ਕਮੇਟੀ', ਹੋ ਚੁਕੀ ਭਾਰਤੀ ਦੀ ਪੜਤਾਲ ਕਰ ਲੈਣ, ਨਵੇਂ ਬਣਨ ਵਾਲੇ ਮੈਂਬਰ ਨਾਲ ਰਲਾਅ ਕੇ, ਸਾਰੀ ਪ੍ਰਕਿਰਿਆ ਮੁਕੰਮਲ ਕਰਕੇ ਅਗਾਂਹ ਵਧ ਲੈਂਣ?

.................................

Sikhs and Sikh-Panth in Punjab, India and Diaspora would've to address the contemporary sensitive issues and concerns principally, rationally, and objectively - groups rival and emotional politics alone, can only absorb us in perpetual crises...

.................................

Sikhs and Sikh-Panth in Punjab India and Diaspora would've to draw a line to come out of the perpetual crises to move forward principally, rationally and objectively by overcoming emotions and rival politics ...

...............................

India's foreign relations need a reset - tariffs aside, this time it was different, President Donald Trump didn't even come out to receive Prime Minister Narendra Modi! Relations with the neighbouring Bangladesh, Sri Lanka, Nepal and Pakistan need re-strategizing

....................................

For Sikhs and Punjabis in India, to restore the Guru Sahibans guidance in Punjab - meaning work for all, welfare support for those in need, general morality, ethics and spirituality in society, a line needs to be drawn to move on politically, economically and socially to progress...

...............................

It seems that Sikhs in Punjab, India and Diaspora prefer Jathedar Sri Akal Takht Sahib and Singh Sahibans to use their influence and supreme status of Sri Akal Takht, to encourage convergence on membership issye of Shiromani Akali Dal, as any more divergence will only further harm Sikh-Panth and undermine the future.

.............................

In the larger interests of Punjab, Punjabi people and Sikh-Panth, why shouldn't Jathedar Sri Akal Takht, Shiromani Akali Dal, the SGPC leadership and the 'membership committee' be pragmatic; in resolving the issues by validating the membership done, add willing to join new members and agree to conclude the process?

................................

Well deserved welcome and support by the UK PM Keith Starmer and the people for V. Zelenskyy and its leadership. They are a contemporary symbol of global resistance against invasive and suppressive power. The smaller, medium and aspiring nations have right to be safer, free and prosperous.


# JOB IN DONCASTER

## ਡੌਨਕਾਸਟਰ ਵਿਖੇ ਇੰਡੀਅਨ ਟੇਕ-ਅਵੇ ਲਈ 'ਤੰਦੂਰੀ ਤੇ ਕਰੀ' ਸ਼ੈਫ ਦੀ ਤੁਰੰਤ ਲੋੜ ਹੈ

**ਡੌਨਕਾਸਟਰ** ਵਿਖੇ **ਇੰਡੀਅਨ ਟੇਕ ਅਵੇ** ਲਈ ਤੰਦੂਰੀ ਅਤੇ ਕਰੀ ਦੇ ਮਾਹਿਰ ਸ਼ੈਫ਼ ਦੀ ਤੁਰੰਤ ਲੋੜ ਹੈ। ਉਸ ਦੇ ਕੋਲ ਘੱਟੋ ਘੱਟ 2 ਸਾਲ ਇਸ ਖੇਤਰ ਵਿਚ ਕੰਮ ਕਰਨ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਉਮੀਦਵਾਰ ਰਸੋਈ ਘਰ ਦੇ ਕੰਮਾਂ ਦੇ ਨਾਲ-ਨਾਲ ਸਿਹਤ ਅਤੇ ਸਫ਼ਾਈ ਦੇ ਅਸੂਲਾਂ ਦੀ ਵੀ ਜਾਣਕਾਰੀ ਰੱਖਦਾ ਹੋਵੇ। ਉਸ ਦੇ ਕੋਲ ਯੂ ਕੇ ਵਿਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਬਾਕੀ ਸ਼ਰਤਾਂ ਅਤੇ ਕੰਮ ਹੇਠਾਂ ਲਿਖੇ ਅਨੁਸਾਰ ਹਨ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਚੰਗੀ ਤਨਖਾਹ ਮਿਲੇਗੀ। ਯੋਗ ਉਮੀਦਵਾਰ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰ 'ਤੇ ਮਿ: ਪ੍ਰਮਜੀਤ ਸਿੰਘ ਪੱਡਾ ਨਾਲ ਸੰਪਰਕ ਕਰਨ। ਰਿਹਾਇਸ਼ ਦਾ ਪ੍ਰਬੰਧ ਹੋ ਸਕਦਾ ਹੈ।

## TANDOORI AND CURRY CHEFS REQUIRED at Indian Take Away in Doncaster

- **Must be expert in making Tandoori & Currys to a high quality.**
- **Candidate must complete health and hygiene regulations.**
- **Other duties include: cleaning, preparing dishes to standard set by Head Chef, managing food counter.**
- **Must have at least 2 years experience of work at Tandoori and Currys.**
- **Accommodation can be provided eligible candidate.**
- **Good Salary according to his work skills.**
- **Must have legal documents and right to work in the UK.**

# INDIAN TAKE AWAY
## DONCASTER

**For more Information Please Contact: Mr. Parmjit Singh Padda 07877959265**

**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਆਨ ਰੂਪਨਗਰ
liberalthinker1621@gmial.com



# ਭਾਰਤੀਆਂ ਦੀ ਵਾਪਸੀ -ਪਰ ਸਰਕਾਰਾਂ ਜ਼ਿੰਮੇਵਾਰ ਕਿਉਂ....?



> **ਗੈਰ-ਕਾਨੂੰਨੀ ਤਰੀਕਿਆਂ ਨਾਲ ਦੂਜੇ ਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਕਰਨਾ ਨਾ ਸਿਰਫ਼ ਖ਼ਤਰਨਾਕ ਹੈ, ਬਲਕਿ ਇਹ ਆਪਣੇ ਦੇਸ਼ ਦੀ ਇਜ਼ਤ ਨੂੰ ਵੀ ਠੇਸ ਪਹੁੰਚਾਉਂਦਾ ਹੈ। ਡੌਂਕੀ ਰਾਹੀਂ ਜਾਣ ਵਾਲੇ ਨੌਜਵਾਨਾਂ ਦੀ ਇਹ ਕਹਾਣੀ ਸਾਨੂੰ ਇਹ ਸਿਖਾਉਂਦੀ ਹੈ ਕਿ ਆਪਣੇ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੰਜਾਬ ਵਰਗੇ ਰਾਜ ਵਿੱਚ, ਜਿੱਥੇ ਪ੍ਰਵਾਸੀ ਲੋਕ ਆ ਕੇ ਛੋਟੇ-ਮੋਟੇ ਕਾਰੋਬਾਰ ਸ਼ੁਰੂ ਕਰ ਰਹੇ ਹਨ ਅਤੇ ਚੰਗੀ ਕਮਾਈ ਕਰ ਰਹੇ ਹਨ, ਉੱਥੇ ਇਹ ਕਹਿਣਾ ਗਲਤ ਹੋਵੇਗਾ ਕਿ ਰੋਜ਼ਗਾਰ ਦੀ ਕੋਈ ਸੰਭਾਵਨਾ ਨਹੀਂ ਹੈ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇੰਨਾ ਕਾਬਿਲ ਬਣਾਉਣ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ ਅਤੇ ਆਪਣਾ ਭਵਿੱਖ ਸਵਾਰ ਸਕਣ।**

ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਵਾਪਸੀ ਨੂੰ ਲੈ ਕੇ ਚਰਚਾ ਗਰਮ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਰਕਾਰ ਨੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਏ ਲੋਕਾਂ ਨੂੰ ਡਿਪੋਰਟ ਕਰਨ ਦਾ ਫੈਸਲਾ ਕੀਤਾ ਸੀ, ਜਿਸ ਦੇ ਤਹਿਤ ਅਮਰੀਕਾ ਵੱਲੋਂ ਤੀਜਾ ਜਹਾਜ਼ ਭਾਰਤ ਭੇਜਿਆ ਜਾ ਚੁੱਕਾ ਹੈ। ਇਸ ਘਟਨਾ ਨੇ ਭਾਰਤ ਵਿੱਚ ਵਿਆਪਕ ਵਿਵਾਦ ਪੈਦਾ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੇ ਸਰਕਾਰ ਉੱਤੇ ਇਸ ਮਾਮਲੇ ਵਿੱਚ ਨਰਮੀ ਬਰਤਣ ਦਾ ਆਰੋਪ ਲਗਾਇਆ ਹੈ, ਜਦੋਂ ਕਿ ਕੁਝ ਲੋਕਾਂ ਨੇ ਇਸ ਨੂੰ ਅਮਰੀਕਾ ਦਾ ਅੰਦਰੂਨੀ ਮਾਮਲਾ ਮੰਨ ਕੇ ਸਰਕਾਰ ਨੂੰ ਦੋਸ਼ ਦੇਣ ਤੋਂ ਪਰਹੇਜ਼ ਕੀਤਾ ਹੈ। ਇਸ ਘਟਨਾ ਨੂੰ ਕਈ ਲੋਕਾਂ ਵੱਲੋਂ ਅਣ-ਮਨੁੱਖੀ ਵਰਤਾਰਾ ਦੱਸਿਆ। ਇਥੇ ਇੱਕ ਗੱਲ ਵਿਸ਼ੇਸ਼ ਤੌਰ ਤੇ ਪੁਛਣੀ ਬਣਦੀ ਹੈ, ਕਿ ਅਗਰ ਸਾਡੇ ਘਰ ਵਿੱਚ ਬਿਨ੍ਹਾਂ ਸਾਡੀ ਇਜਾਜਤ ਤੋਂ ਕੋਈ ਅਨਜਾਣ ਬੰਦਾ ਆ ਵੜੇ, ਤਾਂ ਅਸੀਂ ਉਸ ਨੂੰ "ਚੋਰ" ਦਾ ਦਰਜਾ ਦਿੰਦੇ ਹਾਂ। ਫਿਰ ਗੈਰ-ਕਾਨੂੰਨੀ ਢੰਗ ਨਾਲ ਕਿਸੇ ਦੇਸ਼ ਵਿੱਚ ਜਾਣ ਵਾਲੇ ਨੂੰ ਕੀ ਦਰਜਾ ਦਿੱਤਾ ਜਾਵੇ? ਬ੍ਰਿਨਾਂ ਸ਼ੱਕ ਡਿਪੋਰਟ ਹੋਏ ਲੋਕਾਂ ਨਾਲ ਭਾਵਨਾਤਮਕ ਤੌਰ ਤੇ ਹਮਦਰਦੀ ਹੈ। ਪਰ ਆਪਣੇ ਘਰ ਦੀ ਰਾਖੀ ਕਰਨਾ ਗਲਤ ਕਿਵੇਂ ਹੋ ਸਕਦਾ ਹੈ ? ਇਸ ਘਟਨਾ ਨੇ ਕਈ ਸਵਾਲ ਖੜ੍ਹੇ ਕੀਤੇ ਹਨ, ਜਿਨ੍ਹਾਂ ਦਾ ਜਵਾਬ ਲੱਭਣਾ ਜ਼ਰੂਰੀ ਹੈ।

**ਪਹਿਲਾ ਸਵਾਲ: ਕੀ ਭਾਰਤੀ ਨਾਗਰਿਕਾਂ ਦਾ ਡੌਂਕੀ ਰਾਹੀਂ ਅਮਰੀਕਾ ਜਾਣਾ ਸਹੀ ਕਦਮ ਸੀ?**

ਡੌਂਕੀ ਰਾਹੀਂ ਕਿਸੇ ਵੀ ਦੇਸ਼ ਵਿੱਚ ਦਾਖਲ ਹੋਣਾ ਕਾਨੂੰਨੀ ਤੌਰ 'ਤੇ ਗਲਤ ਹੈ। ਇਹ ਨਾ ਸਿਰਫ਼ ਦੂਜੇ ਦੇਸ਼ ਦੇ ਕਾਨੂੰਨਾਂ ਦੀ ਉਲੰਘਣਾ ਹੈ, ਬਲਕਿ ਇਹ ਆਪਣੇ ਦੇਸ਼ ਦੀ ਇਜ਼ਤ ਨੂੰ ਵੀ ਠੇਸ ਪਹੁੰਚਾਉਂਦਾ ਹੈ। ਡੌਂਕੀ ਰਾਹੀਂ ਜਾਣ ਵਾਲੇ ਲੋਕ ਅਕਸਰ ਆਪਣੇ ਭਵਿੱਖ ਨੂੰ ਲੈ ਕੇ ਅਸਪਸ਼ਟ ਹੁੰਦੇ ਹਨ ਅਤੇ ਉਹਨਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹਨਾਂ ਦਾ ਇਹ ਕਦਮ ਉਹਨਾਂ ਨੂੰ ਕਿਸ ਮੁਸੀਬਤ ਵਿੱਚ ਪਾ ਸਕਦਾ ਹੈ। ਇਸ ਲਈ, ਇਹ ਕਦਮ ਕਿਸੇ ਵੀ ਤਰ੍ਹਾਂ ਨਾਲ ਸਹੀ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਦੇ ਫੈਸਲੇ ਨਾ ਸਿਰਫ਼ ਵਿਅਕਤੀਗਤ ਤੌਰ 'ਤੇ ਖ਼ਤਰਨਾਕ ਹਨ, ਬਲਕਿ ਇਹ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਵੀ ਕਮਜ਼ੋਰ ਬਣਾਉਂਦੇ ਹਨ। ਇਸ ਲਈ, ਇਹ ਜ਼ਰੂਰੀ ਹੈ ਕਿ ਨੌਜਵਾਨ ਇਸ ਤਰ੍ਹਾਂ ਦੇ ਗੈਰ-ਕਾਨੂੰਨੀ ਰਸਤੇ ਚੁਣਨ ਦੀ ਬਜਾਏ ਆਪਣੇ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਨ।

**ਦੂਜਾ ਸਵਾਲ: ਕੀ 45 ਜਾਂ 50 ਲੱਖ ਰੁਪਏ ਖਰਚ ਕੇ ਡੌਂਕੀ ਰਾਹੀਂ ਅਮਰੀਕਾ ਜਾਣਾ ਸਹੀ ਸੀ?**

ਇਹ ਸਵਾਲ ਹਰ ਉਸ ਵਿਅਕਤੀ ਨੂੰ ਪੁੱਛਣਾ ਚਾਹੀਦਾ ਹੈ ਜਿਸ ਨੇ ਇੰਨੀ ਵੱਡੀ ਰਕਮ ਖਰਚ ਕੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ। ਇਹ ਪੈਸਾ ਜੇ ਘਰੇਲੂ ਉਦਯੋਗ ਜਾਂ ਛੋਟੇ-ਮੋਟੇ ਕਾਰੋਬਾਰ ਵਿੱਚ ਲਗਾਇਆ ਜਾਂਦਾ, ਤਾਂ ਸ਼ਾਇਦ ਇਹਨਾਂ ਨੌਜਵਾਨਾਂ ਦਾ ਭਵਿੱਖ ਵਧੀਆ ਹੋ ਸਕਦਾ ਸੀ। ਪਰ ਇਹਨਾਂ ਨੌਜਵਾਨਾਂ ਨੇ ਇਹ ਪੈਸਾ ਇੱਕ ਅਜਿਹੇ ਸੁਪਨੇ ਲਈ ਖਰਚ ਕੀਤਾ ਜੋ ਉਹਨਾਂ ਦੇ ਹੱਥ ਨਹੀਂ ਆਇਆ। ਇਸ ਤਰ੍ਹਾਂ ਦੇ ਫੈਸਲੇ ਨਾ ਸਿਰਫ਼ ਗੈਰ-ਜ਼ਿੰਮੇਵਾਰਾਨਾ ਹਨ, ਬਲਕਿ ਇਹ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਵੀ ਬਣਾਉਂਦੇ ਹਨ। ਇਸ ਲਈ, ਇਹ ਜ਼ਰੂਰੀ ਹੈ ਕਿ ਨੌਜਵਾਨ ਆਪਣੇ ਫੈਸਲੇ ਲੈਂਦੇ ਸਮੇਂ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਵੀ ਧਿਆਨ ਵਿੱਚ ਰੱਖਣ ਅਤੇ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਸਹੀ ਰਾਹ ਚੁਣਨ।

**ਤੀਜਾ ਸਵਾਲ: ਕੀ ਇਹ ਨੌਜਵਾਨ ਭਾਰਤ ਵਿੱਚ ਆਪਣਾ ਭਵਿੱਖ ਸੈੱਟ ਨਹੀਂ ਕਰ ਸਕਦੇ ਸਨ?**

ਇਹ ਸਵਾਲ ਬਹੁਤ ਮਹੱਤਵਪੂਰਨ ਹੈ। ਪੰਜਾਬ ਵਰਗੇ ਰਾਜ ਵਿੱਚ, ਜਿੱਥੇ ਪ੍ਰਵਾਸੀ ਲੋਕ ਆ ਕੇ ਛੋਟੇ-ਮੋਟੇ ਕਾਰੋਬਾਰ ਸ਼ੁਰੂ ਕਰ ਰਹੇ ਹਨ ਅਤੇ ਚੰਗੀ ਕਮਾਈ ਕਰ ਰਹੇ ਹਨ, ਉੱਥੇ ਇਹ ਕਹਿਣਾ ਗਲਤ ਹੋਵੇਗਾ ਕਿ ਰੋਜ਼ਗਾਰ ਦੀ ਕੋਈ ਸੰਭਾਵਨਾ ਨਹੀਂ ਹੈ। ਜੇਕਰ ਇਹਨਾਂ ਨੌਜਵਾਨਾਂ ਨੇ ਆਪਣੀ ਮੇਹਨਤ ਅਤੇ ਪੂੰਜੀ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਹੁੰਦਾ, ਤਾਂ ਸ਼ਾਇਦ ਉਹਨਾਂ ਨੂੰ ਡੌਂਕੀ ਰਾਹੀਂ ਜਾਣ ਦੀ ਲੋੜ ਹੀ ਨਹੀਂ ਪੈਂਦੀ। ਇਸ ਲਈ, ਇਹਨਾਂ ਨੌਜਵਾਨਾਂ ਨੂੰ ਆਪਣੇ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਇਸ ਤੋਂ ਇਲਾਵਾ, ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰੇ ਤਾਂ ਜੋ ਉਹਨਾਂ ਨੂੰ ਗੈਰ-ਕਾਨੂੰਨੀ ਰਸਤੇ ਚੁਣਨ ਦੀ ਲੋੜ ਨਾ ਪਵੇ।

ਚੌਥਾ ਸਵਾਲ: ਕੀ ਮਾਂ-ਬਾਪ ਦਾ ਇੰਨੇ ਪੈਸੇ ਖਰਚ ਕੇ ਬੱਚਿਆਂ ਨੂੰ ਡੌਂਕੀ ਰਾਹੀਂ ਅਮਰੀਕਾ ਭੇਜਣਾ ਗੈਰ-ਜ਼ਿੰਮੇਵਾਰਾਨਾ ਫੈਸਲਾ ਨਹੀਂ ਸੀ?

ਇਹ ਸਵਾਲ ਮਾਂ-ਬਾਪ ਦੀ ਸੋਚ ਨੂੰ ਲੈ ਕੇ ਹੈ। ਕਈ ਵਾਰ ਮਾਂ-ਬਾਪ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਇੰਨੇ ਉਤਾਵਲੇ ਹੋ ਜਾਂਦੇ ਹਨ ਕਿ ਉਹ ਗਲਤ ਫੈਸਲੇ ਲੈ ਲੈਂਦੇ ਹਨ। ਜ਼ਮੀਨਾਂ ਵੇਚਣਾ, ਉਧਾਰ ਲੈਣਾ ਜਾਂ ਪਰਿਵਾਰਕ ਸੰਪਤੀ ਨੂੰ ਦਾਅ 'ਤੇ ਲਗਾਉਣਾ ਇੱਕ ਗੈਰ-ਜ਼ਿੰਮੇਵਾਰਾਨਾ ਕਦਮ ਹੈ। ਇਥੇ ਗੈਰ-ਜ਼ਿੰਮੇਵਰਾਨਾ ਕਦਮ ਇਸ ਲਈ ਹੈ , ਕਿਉਂਕਿ ਪਿਛੇ ਜਿਹੇ ਇੱਕ ਪੰਜਾਬੀ ਫੌਜੀ ਭਰਾ ਦੀ ਵਿਡਿਓ ਕਾਫੀ ਵਾਈਰਲ ਹੋਈ ਸੀ,ਜਿਸ ਵਿੱਚ ਉਹ ਆਪਣੇ 7 ਸਾਲਾ ਬੱਚੇ ਦੀ ਬਿਮਾਰੀ ਲਈ ਮਦਦ ਦੀ ਅਪੀਲ ਕਰ ਰਿਹਾ ਸੀ। ਉਸ ਅਪੀਲ ਵਿੱਚ ਉਸ ਦੇ ਬੱਚੇ ਦੀ ਬਿਮਾਰੀ ਦੇ ਇਲਾਜ ਲਈ 27 ਕਰੋੜ ਰੁਪਏ ਦਾ ਇੱਕ ਇੰਜੈਕਸ਼ਨ ਲਗਣਾ ਹੈ, ਜੋ ਅਮਰੀਕਾ ਤੋਂ ਮਿਲਣਾ ਹੈ। ਇਥੇ ਇਹ ਕੇਸ ਤਾਂ ਦੱਸਿਆ ਗਿਆ ਹੈ, ਕਿਉਂਕਿ 7 ਸਾਲਾ ਬੱਚੇ ਦਾ ਪਰਿਵਾਰ ਨਵਾਂ ਜਵਾਕ ਵੀ ਪੈਦਾ ਕਰ ਸਕਦੇ ਹਨ। ਪਰ ਉਹ ਆਪਣੇ 7 ਸਾਲਾ ਬੱਚੇ ਲਈ ਇੱਕ ਜਿੰਮੇਵਾਰ ਮਾਂ-ਬਾਪ ਹੋਣ ਦਾ ਸਬੂਤ ਦਿੰਦੇ ਹੋਏ ਉਸ ਦੀ ਦੇਖਭਾਲ ਕਰ ਰਹੇ ਹਨ। ਇਸ ਦੇ ਉਲਟ ਜਿਹੜੇ ਮਾਂ-ਬਾਪ ਨੇ 40-45 ਲੱਖ ਲਗਾਕੇ ਆਪਣੇ ਜਵਾਨ ਬੱਚਿਆਂ ਨੂੰ ਡੌਂਕੀ ਰਾਹੀ ਮੌਤ ਦੇ ਮੂੰਹ ਵਿੱਚ ਸੁੱਟ ਦਿੱਤਾ, ਉਹਨਾਂ ਨੇ ਇੱਕ ਗੈਰ-ਜ਼ਿੰਮੇਵਾਰ ਮਾਂ-ਬਾਪ ਹੋਣ ਦਾ ਸਬੂਤ ਪੇਸ਼ ਕੀਤਾ ਹੈ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇੰਨਾ ਕਾਬਿਲ ਬਣਾਉਣ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ ਅਤੇ ਆਪਣਾ ਭਵਿੱਖ ਸਵਾਰ ਸਕਣ। ਇਸ ਤੋਂ ਇਲਾਵਾ, ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਸਿੱਖਿਆ ਦੇਣ ਅਤੇ ਉਹਨਾਂ ਨੂੰ ਆਪਣੇ ਦੇਸ਼ ਵਿੱਚ ਹੀ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪ੍ਰੇਰਿਤ ਕਰਨ।

**ਪੰਜਵਾਂ ਸਵਾਲ: ਕੀ ਸਿਰਫ਼ ਟਰੈਵਲ ਏਜੰਟਾਂ ਅਤੇ ਸਰਕਾਰਾਂ ਨੂੰ ਦੋਸ਼ ਦੇਣਾ ਜਾਇਜ਼ ਹੈ?**

ਇਸ ਮਾਮਲੇ ਵਿੱਚ ਟਰੈਵਲ ਏਜੰਟਾਂ ਅਤੇ ਸਰਕਾਰਾਂ ਨੂੰ ਦੋਸ਼ ਦੇਣਾ ਆਸਾਨ ਹੈ, ਪਰ ਅਸਲ ਵਿੱਚ ਇਹ ਦੋਸ਼ ਸਾਡੀ ਸਮਾਜਿਕ ਸੋਚ ਅਤੇ ਮਾਨਸਿਕਤਾ 'ਤੇ ਵੀ ਲੱਗਦਾ ਹੈ। ਕੀ ਟਰੈਵਲ ਏਜੰਟ ਘਰ ਆਏ ਸਨ? ਜਾਂ ਸਰਕਾਰ ਨੇ ਇਹਨਾਂ ਨੂੰ ਇਹ ਗੈਰ-ਕਾਨੂੰਨੀ ਕਦਮ ਚੱਕਣ ਲਈ ਕਿਹਾ ਸੀ। ਇਹ ਗੈਰ-ਕਾਨੂੰਨੀ ਢੰਗ ਨਾਲ ਜਾਣ ਵਾਲਿਆਂ ਦਾ ਨਿਜੀ ਫੈਸਲਾ ਸੀ। ਸਾਨੂੰ ਆਪਣੇ ਆਪ ਨੂੰ ਵੀ ਬਦਲਣ ਦੀ ਲੋੜ ਹੈ। ਜੇਕਰ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਵਿੱਚ ਲੈ ਜਾਵਾਂਗੇ, ਤਾਂ ਇਹਨਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਸਿੱਖਿਆ ਦੇਣ ਦੇ ਨਾਲ-ਨਾਲ ਉਹਨਾਂ ਨੂੰ ਆਪਣੇ ਦੇਸ਼ ਵਿੱਚ ਹੀ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪ੍ਰੇਰਿਤ ਕਰੀਏ। ਇਸ ਤਰ੍ਹਾਂ, ਅਸੀਂ ਨਾ ਸਿਰਫ਼ ਆਪਣੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕਰ ਸਕਦੇ ਹਾਂ, ਬਲਕਿ ਦੇਸ਼ ਦੇ ਵਿਕਾਸ ਵਿੱਚ ਵੀ ਯੋਗਦਾਨ ਪਾ ਸਕਦੇ ਹਾਂ।

ਇਸ ਘਟਨਾ ਤੋਂ ਸਾਨੂੰ ਇਹ ਸਿੱਖ ਮਿਲਦੀ ਹੈ ਕਿ ਗੈਰ-ਕਾਨੂੰਨੀ ਤਰੀਕਿਆਂ ਨਾਲ ਦੂਜੇ ਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਕਰਨਾ ਨਾ ਸਿਰਫ਼ ਖ਼ਤਰਨਾਕ ਹੈ, ਬਲਕਿ ਇਹ ਆਪਣੇ ਦੇਸ਼ ਦੀ ਇਜ਼ਤ ਨੂੰ ਵੀ ਠੇਸ ਪਹੁੰਚਾਉਂਦਾ ਹੈ। ਡੌਂਕੀ ਰਾਹੀਂ ਜਾਣ ਵਾਲੇ ਨੌਜਵਾਨਾਂ ਦੀ ਇਹ ਕਹਾਣੀ ਸਾਨੂੰ ਇਹ ਸਿਖਾਉਂਦੀ ਹੈ ਕਿ ਆਪਣੇ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੰਜਾਬ ਵਰਗੇ ਰਾਜ ਵਿੱਚ, ਜਿੱਥੇ ਪ੍ਰਵਾਸੀ ਲੋਕ ਆ ਕੇ ਛੋਟੇ-ਮੋਟੇ ਕਾਰੋਬਾਰ ਸ਼ੁਰੂ ਕਰ ਰਹੇ ਹਨ ਅਤੇ ਚੰਗੀ ਕਮਾਈ ਕਰ ਰਹੇ ਹਨ, ਉੱਥੇ ਇਹ ਕਹਿਣਾ ਗਲਤ ਹੋਵੇਗਾ ਕਿ ਰੋਜ਼ਗਾਰ ਦੀ ਕੋਈ ਸੰਭਾਵਨਾ ਨਹੀਂ ਹੈ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇੰਨਾ ਕਾਬਿਲ ਬਣਾਉਣ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ ਅਤੇ ਆਪਣਾ ਭਵਿੱਖ ਸਵਾਰ ਸਕਣ। ਜ਼ਮੀਨਾਂ ਵੇਚਣਾ, ਉਧਾਰ ਲੈਣਾ ਜਾਂ ਪਰਿਵਾਰਕ ਸੰਪਤੀ ਨੂੰ ਦਾਅ 'ਤੇ ਲਗਾਉਣਾ ਇੱਕ ਗੈਰ-ਜਿੰਮੇਵਾਰਾਨਾ ਕਦਮ ਹੈ। ਸਰਕਾਰਾਂ ਨੂੰ ਦੋਸ਼ ਦੇਣ ਦੀ ਬਜਾਏ, ਸਾਨੂੰ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ। ਜੇਕਰ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਵਿੱਚ ਲੈ ਜਾਵਾਂਗੇ, ਤਾਂ ਇਹਨਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਸਿੱਖਿਆ ਦੇਣ ਦੇ ਨਾਲ-ਨਾਲ ਉਹਨਾਂ ਨੂੰ ਆਪਣੇ ਦੇਸ਼ ਵਿੱਚ ਹੀ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪ੍ਰੇਰਿਤ ਕਰੀਏ। ਇਸ ਤਰ੍ਹਾਂ, ਅਸੀਂ ਨਾ ਸਿਰਫ਼ ਆਪਣੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕਰ ਸਕਦੇ ਹਾਂ, ਬਲਕਿ ਦੇਸ਼ ਦੇ ਵਿਕਾਸ ਵਿੱਚ ਵੀ ਯੋਗਦਾਨ ਪਾ ਸਕਦੇ ਹਾਂ।

* * * * * * *

# ਗੁਰੁ ਅੰਗਦ ਗੁਰ ਅੰਗੁ ਤੇ

– ਲੇਖਕ –
ਗਿ: ਗੁਰਬਖਸ਼ ਸਿੰਘ
ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ 25**

**ਜੀਵਾ ਈ ਗੁਰ ਸੇਵ ਸਮਾਵੈ**

ਖਡੂਰ ਸਾਹਿਬ ਦੇ ਨੇੜੇ ਨੌਰੰਗਾਬਾਦ ਦਾ ਵਾਸੀ ਭਾਈ ਜੀਵਾ ਗੁਰੂ ਅੰਗਦ ਸਾਹਿਬ ਜੀ ਦਾ ਅਨਿੰਨ ਸਿੱਖ ਹੋਇਆ ਜੋ ਮਾਈ ਵਿਰਾਈ ਦੇ ਚਲਾਣੇ ਉਪਰੰਤ ਗੁਰੂ ਸਾਹਿਬ ਲਈ ਆਪਣੇ ਚਾਅ ਨਾਲ ਹਜ਼ੂਰ ਲਈ ਖਿਚੜੀ ਤਿਆਰ ਕਰ ਕੇ ਲਿਆਉਣ ਲਗ ਪਿਆ। ਗੁਰੂ ਸਾਹਿਬ ਪ੍ਰਤੀ ਉਸ ਅੰਦਰ ਬਹੁਤ ਸ਼ਰਧਾ ਅਤੇ ਭਾਵਨਾ ਵੇਖ ਮਾਤਾ ਖੀਵੀ ਜੀ ਵੀ ਉਸ 'ਤੇ ਪ੍ਰਸੰਨ ਸਨ।

ਇਕ ਦਿਨ ਸ਼ਾਮ ਨੂੰ ਬੜੀ ਤੇਜ਼ ਹਨ੍ਹੇਰੀ ਚੱਲਣ ਲਗ ਪਈ ਜਿਸ ਕਰ ਕੇ ਚੁਲ੍ਹੇ ਵਿਚ ਅੱਗ ਬਾਲਣੀ ਮੁਸ਼ਕਲ ਹੋ ਗਈ ਤਾਂ ਉਹ ਗੁਰੂ ਸਾਹਿਬ ਕੋਲ ਆ ਕੇ ਬੇਨਤੀ ਕਰਨ ਲੱਗਾ ਕਿ ਪਾਤਸ਼ਾਹ! ਜੇ ਆਪ ਦੀ ਕਿਰਪਾ ਸਦਕਾ ਹਨ੍ਹੇਰੀ ਰੁਕ ਜਾਵੇ ਤਾਂ ਹੀ ਸਮੇਂ ਨਾਲ ਖਿਚੜੀ ਤਿਆਰ ਹੋ ਸਕੇਗੀ ਨਹੀਂ ਤਾਂ ਪਤਾ ਨਹੀਂ ਹਨ੍ਹੇਰੀ ਹੋਰ ਕਿੰਨਾ ਚਿਰ ਚਲਦੀ ਰਹੇ। ਸਤਿਗੁਰਾਂ ਪੁੱਛਿਆ,

'ਹੋਰ ਕਿੰਨਾ ਚਿਰ ਚਲਦੀ ਰਹਿ ਸਕਦੀ ਹੈ'? ਭਾਈ ਜੀਵਾ ਨੇ ਕਿਹਾ,

'ਜੀ! ਅਜੇ ਤਾਂ ਅਸਮਾਨ ਬਹੁਤ ਗਹਿਰਾ ਹੈ, ਹੋ ਸਕਦਾ ਹੈ ਦੋ-ਚਾਰ ਘੜੀਆਂ ਏਵੇਂ ਹੀ ਚਲਦੀ ਰਹੇ'।

'ਚਲੋ, ਜੇ ਚਾਰ ਘੜੀਆਂ ਵੀ ਚਲਦੀ ਰਹੇ ਤਾਂ ਕੋਈ ਗੱਲ ਨਹੀਂ, ਖਿਚੜੀ ਠਹਿਰ ਕੇ ਬਣ ਜਾਵੇਗੀ ਜੇ ਹਨੇਰੇ ਕਰ ਕੇ ਹੁਣ ਨਾ ਬਣ ਸਕੀ ਤਾਂ ਸਵੇਰੇ ਸਹੀ, ਆਪਾਂ ਥੋੜਾ ਅਟਕ ਕੇ ਛਕ ਲਵਾਂਗੇ। ਚਾਰ ਘੜੀਆਂ (ਡੇਢ-ਪੌਣੇ ਦੋ ਘੰਟੇ) ਦੀ ਕਿਹੜੀ ਗੱਲ ਏ? ਪਤਾ ਨਹੀਂ ਕਰਤਾਰ ਦੇ ਹੁਕਮ ਵਿਚ ਚਲਦੀ ਇਸ ਹਨ੍ਹੇਰੀ ਨੇ ਕਿੰਨੇ ਜੀਵਾਂ ਨੂੰ ਰਿਜ਼ਕ ਪੁਚਾਉਣਾ ਹੈ'। ਸੁਣ ਕੇ ਭਾਈ ਜੀਵਾ ਨੂੰ ਹੈਰਾਨ ਹੁੰਦੇ ਵੇਖ ਸਤਿਗੁਰਾਂ ਗੁਰੂ-ਬਾਬਾ ਜੀ ਦੇ ਬਚਨ 'ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕ'॥ ਗੁ.ਗ੍ਰ.ਸਾ. ਪੰਨਾ 464 ਦੀ ਵਿਆਖਿਆ ਕਰਦਿਆਂ ਫ਼ੁਰਮਾਇਆ:

ਮਹਲਾ 2॥ ਕਰਤਾ ਸੋ ਸਾਲਾਹੀਐ
ਜਿਨਿ ਕੀਤਾ ਆਕਾਰੁ॥
ਦਾਤਾ ਸੋ ਸਾਲਾਹੀਐ
ਜਿ ਸਭਸੈ ਦੇਇ ਆਧਾਰੁ॥
ਨਾਨਕ ਆਪਿ ਸਦੀਵ ਹੈ
ਪੂਰਾ ਜਿਸੁ ਭੰਡਾਰੁ॥
ਵਡਾ ਕਰਿ ਸਾਲਾਹੀਐ
ਅੰਤੁ ਨ ਪਾਰਾਵਾਰੁ॥

ਗੁ.ਗ੍ਰ.ਸਾ. ਪੰਨਾ 1239

'ਜੀਵਾ! ਇਨ੍ਹਾਂ ਤੇਜ਼ ਹਵਾਵਾਂ ਨਾਲ ਪਾਣੀ ਵਿਚ ਮਾਲ ਲੱਦੀ ਖੜੇ ਬੇੜੇ ਤੁਰਨ ਨਾਲ ਵਾਪਾਰ ਚਲਦਾ ਹੈ ਜਿਸ ਨਾਲ ਅਨੇਕਾਂ ਜੀਵਾਂ ਦਾ ਰਿਜ਼ਕ ਜੁੜਿਆ ਹੋਇਆ ਹੈ; ਅਜਿਹੀਆਂ ਹਨ੍ਹੇਰੀਆਂ ਹੀ ਪਹਾੜਾਂ ਦੀਆਂ ਕੰਦਰਾਂ ਵਿਚ ਰਹਿੰਦੇ ਸੱਪਾਂ ਅਤੇ ਹੋਰ ਜੀਅ-ਜੰਤ ਤੱਕ ਉਨ੍ਹਾਂ ਦਾ ਆਹਾਰ ਪੁਚਾਉਂਦੀਆਂ ਹਨ। ਇਸ ਕਰ ਕੇ ਸਾਨੂੰ ਕਰਤਾਰ ਦੇ ਇਸ ਖੇਲ੍ਹ ਨੂੰ ਧਿਆਨ ਵਿਚ ਰੱਖਦਿਆਂ ਉਸ ਦੀ ਰਜ਼ਾ ਵਿਚ ਰਾਜ਼ੀ ਹੀ ਰਹਿਣਾ ਬਣਦਾ ਹੈ, ਬਿਲਕੁਲ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੀ ਇਕ ਆਗਿਆਕਾਰ ਸੁਪਤਨੀ ਵਾਂਗ'।

ਤਾਂ ਬਚਨ ਹੋਆ, 'ਇਸ ਅੰਧੇਰੀ ਕਰ ਕੈ ਕਿਤਨੇ ਜਹਾਜ ਚਲਤੇ ਹੈਨ। ਕਿਤਨਿਆ ਸਰਪਾਂ ਨੂੰ ਤਾਂਬੇ ਦੀ ਪ੍ਰਿਥੀ ਮੈ ਆਹਾਰ ਪਹੁੰਚਦਾ ਹੈ। ਪ੍ਰਸਾਦ ਚਾਰ ਘੜੀਆਂ ਪਿਛੋਂ ਹੋਵੈਗਾ। ਪਰ ਗੁਰੂ ਦੀ ਰਜਾਇ ਤੇ ਰਾਜੀ ਰਹਿਣਾ। ਏਹੁ ਸਿਖੀ ਦਾ ਧਰਮ ਹੈ। ਜੈਸੇ ਇਸਤਰੀ ਨੂੰ ਭਰਤੇ ਦੀ ਆਗਿਆ ਮਨਣੀ ਪਰਵਾਣ ਹੈ ਤੈਸੇ ਭਗਤਾਂ ਨੂੰ ਮਹਾਰਾਜ ਦੀ ਆਗਿਆ ਪਰਵਾਣ ਹੈ। ਤੂ ਪਰਮੇ-ਸੁਰ ਦੀ ਆਗਿਆ ਤੇ ਰਾਜੀ ਰਹੋ'।15॥ ਸਿੱਖਾਂ ਦੀ ਭਗਤਮਾਲ

'ਤੂੰ ਕਰਬੇ ਚਿਤ ਚਹਿਤ ਅਹਾਰੇ
(ਤੂੰ ਜੋ ਤਿਆਰ ਕਰਨਾ ਚਾਹੁੰਦਾ ਹੈਂ)।
ਘਟੀ ਚਾਰ ਕਰਿ ਲੇਹੁ ਪਿਛਾਰੇ (ਚਾਰ ਘੜੀਆਂ ਠਹਿਰ ਕੇ ਕਰ ਲਵੀਂ)।14॥
ਹਟੈ ਨ ਜੇ, ਪ੍ਰਭਾਤਿ ਕਰਿ ਲੀਜੈ (ਜੇ ਹਨ੍ਹੇਰੀ ਅਜੇ ਵੀ ਨ ਹਟੀ ਤਾਂ ਸਵੇਰੇ ਕਰ ਲਵੀਂ)।
ਧਰਹੁ ਨ ਚਿੰਤਾ ਆਨੰਦ ਕੀਜੈ
(ਫ਼ਿਕਰ ਨ ਕਰੋ, ਆਨੰਦ ਲਵੋ)।
ਸਤਿਗੁਰ ਅਰ ਪ੍ਰਭੁ ਜਥਾ ਰਜ਼ਾਇ
(ਗੁਰੂ-ਪਰਮੇਸ਼ੁਰ ਦੀ ਰਜ਼ਾ ਵਿਚ)।
ਤਿਸ ਪਰ ਰਾਜ਼ੀ ਰਹਿਣ ਸਦਾਇ
(ਸਦਾ ਰਾਜ਼ੀ ਰਹਿਣਾ)।15॥
ਮੁੱਖ ਧਰਮ ਸਿਖੀ ਕੋ ਏਹੀ
(ਸਿੱਖੀ ਦਾ ਇਹ ਮੁੱਖ ਨਿਯਮ ਹੈ)।
ਜੋ ਧਾਰਹਿ ਸਿਖ ਗੁਰੂ ਸਨੇਹੀ'
(ਇਸ ਦਾ ਧਾਰਨੀ ਸਿਖ ਹੀ ਗੁਰੂ ਕਾ ਪਿਆਰਾ ਬਣਦਾ ਹੈ)।...
ਸੁਨਿ ਜੀਵੇ ਤਬ ਬੰਦਨ ਕਰੀ
(ਸੁਣ ਕੇ ਜੀਵੇ ਨੇ ਸਿਰ ਨਿਵਾਇਆ)।
ਸਤਿਗੁਰ ਸੀਖ ਭਲੀ ਉਰਿ ਧਰੀ
(ਅਰ ਸਤਿਗੁਰਾਂ ਦੀ ਇਸ ਸਿਖਿਆ ਦਾ ਧਾਰਨੀ ਹੋਇਆ)।...19॥10॥ਰਾਸਿ ਪਹਿਲੀ ਗੁ.ਪ੍ਰ.ਸੂ.

ਸਤਿਗੁਰਾਂ ਦਾ ਇਹ ਆਦੇਸ਼ ਸੁਣ ਕੇ ਭਾਈ ਜੀਵਾ ਨੇ 'ਸਤਿਬਚਨ' ਕਹਿ ਕੇ ਸਿਰ ਨਿਵਾਇਆ ਅਰ ਇਸ ਪੱਖੋਂ ਸਦਾ ਸੁਚੇਤ ਰਹਿ ਕੇ ਸੇਵਾ ਕਰਦਾ ਹਜ਼ੂਰ ਦੀਆਂ ਖ਼ੁਸ਼ੀਆਂ ਦਾ ਪਾਤਰ ਬਣਿਆ।

**ਗੁਜਰ ਜਾਤਿ ਲੁਹਾਰੁ ਹੈ**

ਖਡੂਰ ਸਾਹਿਬ ਦੇ ਲਾਗਲਾ ਪਿੰਡ ਸੀ 'ਫ਼ਤਹਬਾਦ'। ਏਥੋਂ ਦਾ ਨਿਵਾਸੀ ਸੀ ਗੁੱਜਰ ਨਾਂ ਦਾ ਇਕ ਲੁਹਾਰ ਜਿਸ ਦੇ ਅੰਦਰ ਰੱਬੋਂ ਹੀ ਭੈ-ਭਾਵਨੀ ਦਾ ਅੰਸ਼ ਮੌਜੂਦ ਸੀ। ਲੋਕਾਂ ਨੂੰ ਖਡੂਰ ਸਾਹਿਬ ਆ ਕੇ ਆਪਣਾ ਜੀਵਨ ਸਫ਼ਲ ਕਰਦਾ ਵੇਖ ਕੇ ਇਸ ਦੇ ਮਨ ਵਿਚ ਵੀ ਚਾਉ ਆਇਆ ਕਰੇ ਪਰ ਆਪਣੀ ਛੋਟੀ ਜਾਤਿ ਹੋਣ ਦੀ ਝਿਜਕ ਇਸ ਨੂੰ ਅਗੇ ਨ ਵਧਣ ਦੇਂਦੀ। ਕਰਤਾਰ ਦੀ ਕਿਰਪਾ ਇਕ ਦਿਨ ਮਨ ਤਕੜਾ ਕਰ ਕੇ ਇਹ ਸਤਿਗੁਰਾਂ ਪਾਸ ਆ ਹੀ ਗਿਆ। ਜਦੋਂ ਸੰਗਤ ਵਿਚ ਆ ਕੇ ਖੱਬੇ-ਸੱਜੇ ਆਪਣੇ ਪਛਾਣੂੰਆਂ ਨੂੰ ਬੈਠਿਆਂ ਵੇਖਿਆ ਤਾਂ ਥੋੜਾ ਹੌਸਲੇ ਵਿਚ ਹੋ ਗਿਆ। ਗੁਰੂ ਸਾਹਿਬ ਦੇ ਨੇੜੇ ਬੈਠ ਕੇ ਬਚਨ ਸੁਣਦਾ ਰਿਹਾ। ਫਿਰ ਹੱਥ ਜੋੜ ਕੇ ਨਿੰਮਰਤਾ ਸਹਿਤ ਪੁੱਛਿਆ,

'ਐ ਗੁਰੂ ਪਾਤਸ਼ਾਹ! ਮੈਂ ਵੀ ਕਿਸੇ ਤਰਹ ਧਰਮੀ ਹੋ ਸਕਦਾਂ'? ਹਜ਼ੂਰ ਨੇ ਕਿਹਾ,

'ਕਿਉਂ ਨਹੀਂ'?

'ਕਿਉਂ ਕਿ ਇਕ ਤਾਂ ਮੈਂ ਛੋਟੀ ਜਾਤ ਨਾਲ ਸਬੰਧ ਰਖਣ ਵਾਲਾ ਲੁਹਾਰ ਹਾਂ ਦੂਜਾ ਸਾਰਾ ਦਿਨ ਮੇਰਾ ਦੁਕਾਨ 'ਤੇ ਕਿਰਤ ਕਰਦਿਆਂ ਹੀ ਬੀਤ ਜਾਂਦਾ ਹੈ, ਮੇਰਾ ਦਿਲ ਆਪ ਦਾ ਸਿਖ ਹੋਣ ਲਈ ਲੋਚਦਾ ਹੈ ਪਰ, ਮੈਂ ਕਿਵੇਂ ਹੋ ਸਕਦਾ ਹਾਂ'? ਹਜ਼ੂਰ ਨੇ ਫ਼ੁਰਮਾਇਆ,

'ਗੁੱਜਰਾ! ਪਹਿਲੀ ਗੱਲ ਤਾਂ ਗੁਰੂ-ਬਾਬਾ ਜੀ ਨੇ ਸਾਨੂੰ ਇਹ ਸਮਝਾਈ ਹੈ ਕਿ ਧਰਮੀ ਹੋਣ ਵਾਸਤੇ ਛੋਟੀ-ਵੱਡੀ ਜਾਤਿ ਕੋਈ ਮਹੱਤਵ ਨਹੀਂ ਰੱਖਦੀ, ਕੋਈ ਵੀ ਮਨੁੱਖ ਗੁਰਮਤ ਅਨੁਸਾਰ ਚੱਲ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ। ਦੂਜੀ ਗੱਲ ਹੈ ਕਿ ਤੁਸੀਂ ਪਰਭਾਤੇ ਜਾਗ ਕੇ ਪੱਵਿਤਰ ਬਾਣੀ॥ਜਪੁ॥ ਦਾ ਪਾਠ ਇਕ ਚਿੱਤ ਹੋ ਕੇ ਪਿਆਰ-ਵਿਚਾਰ ਨਾਲ ਕਰੋ, ਫਿਰ ਦਿਨ ਵੇਲੇ ਜਦੋਂ ਵੀ ਸਮਾਂ ਬਣੇ, ਫਿਰ ਵੀ ਕਰੋ। ਗੁੱਜਰਾ! ਇਸ ਤੋਂ ਬਿਨਾਂ ਗੁਰੂ ਸਾਹਿਬ ਨੇ ਆਪਾਂ ਕਿਰਤੀਆਂ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਕੱਢ ਕੇ ਗੁਰੂ ਹਿੱਤ, ਲੋੜਵੰਦਾਂ ਦੀ ਸੇਵਾ ਵਿਚ, ਲਾਉਣ ਲਈ ਵੀ ਹੁਕਮ ਕੀਤਾ ਹੈ। ਇਸੇ ਤਰਹ ਜੇ ਕੋਈ ਲੋੜਵੰਦ ਤੁਹਾਡੇ ਕੋਲ ਕੋਈ ਕੰਮ ਕਰਾਉਣ ਆ ਜਾਵੇ ਤਾਂ ਬਿਨਾਂ ਕੁਝ ਲਿਆਂ ਉਸ ਦਾ ਕੰਮ ਕਰ ਦੇਣਾ, ਕਰਤਾਰ ਤੁਹਾਡੀ ਕਿਰਤ ਵਿਚ ਬਰਕਤ ਪਾਵੇਗਾ'।

ੳ. ਮੇਰਾ ਵੀ ਕਿਵੈ ਉਧਾਰੁ ਹੋਵੈ। ਤਾਂ ਬਚਨ ਹੋਇਆ, 'ਅੰਮ੍ਰਿਤ ਵੇਲੇ ਉਠ ਕੈ ਜਪਜੀ ਪੜਨਾ। ਤੇ ਜੇ ਕੋਈ ਗਰੀਬ ਦਾ ਕੰਮ ਹੋਵੇ ਤਾਂ ਗੁਰੂ ਕੇ ਨਮਿਤ ਜਾਣ ਕੇ ਕਰਿ ਦੇਵਣਾ। ਤੇ ਜੋ ਕਮਾਈ ਕਰੋ ਸੋ ਦਸਵੰਧ ਗੁਰੂ ਕੇ ਨਮਿਤ ਦੇਵਣਾ'। ਓਸ ਨੂੰ ਏਸ ਪ੍ਰਕਾਰ ਸੇਵਾ ਕਰਦਿਆਂ ਕਈ ਬਰਸ ਬੀਤੇ।16॥

ਅ. ਸੁਨਿ ਸਤਿਗੁਰ ਕੀਨਸਿ ਉਪਦੇਸ
(ਸੁਣ ਕੇ ਹਜ਼ੂਰ ਨੇ ਉਪਦੇਸ਼ ਦਿੱਤਾ)।
'ਇਕ ਚਿਤ ਜਪੁ ਜੀ ਪਠਹੁ ਹਮੇਸ਼
('ਤੁਸੀਂ ਸਦਾ ਅੰਮ੍ਰਿਤ ਵੇਲੇ ॥ਜਪੁ॥ ਬਾਣੀ ਦਾ ਪਾਠ ਕਰੋ) ।
...ਜਪੁ ਜੀ ਅਰਥ ਬਿਚਾਰਨ ਕਰੋ
(ਇਸ ਬਾਣੀ ਦੇ ਅਰਥਾਂ ਨੂੰ ਜ਼ਰੂਰ ਵਿਚਾਰੋ)।
ਸੁਆਸ ਸੁਆਸ ਅੰਤਰਿ ਨਿਤ ਧਰੋ
(ਅਰ ਉਨ੍ਹਾਂ ਨੂੰ ਸਦਾ ਚੇਤੇ ਰਖੋ)।24॥
...ਜੋ ਕਛੁ ਅਪਨੀ ਕਰਹੁ ਕਮਾਈ
(ਜੋ ਤੁਸੀਂ ਕਿਰਤ ਕਮਾਈ ਕਰੋ)।
ਗੁਰ ਹਿਤ ਦਿਹੁ ਦਸਵੰਧ ਬਨਾਈ
(ਉਸ ਵਿਚੋਂ ਗੁਰੂ-ਘਰ ਲਈ ਦਸਵੰਧ ਕਢੋ) ।25॥
ਸਾਧਿਕ ਸਿਖ ਆਇ ਜੁ ਡੇਰੇ (ਜੋ ਕੋਈ ਗੁਰੂ ਪਿਆਰਾ ਤੁਹਾਡੇ ਕੋਲ ਆਵੇ)।
ਕਰਹੁ ਸੇਵ ਧਰਿ ਪ੍ਰੇਮ ਘਨੇਰੇ'
(ਪ੍ਰੇਮ ਨਾਲ ਉਸ ਦੀ ਸੇਵਾ ਕਰਨੀ')।
ਸੁਨਿ ਉਪਦੇਸ ਰਿਦੈ ਤਿਨ ਧਾਰਾ
(ਗੁਜਰ ਗੁਰੂ ਉਪਦੇਸ ਦਾ ਧਾਰਨੀ ਹੋ ਕੇ)।
ਜਿਮ ਗੁਰ ਕਹਯੋ ਕਰਹਿ ਤਿਮ ਕਾਰਾ (ਗੁਰਮਤ ਅਨੁਸਾਰ ਚੱਲਣ ਲਗਾ)।26॥

ਕੁਝ ਸਾਲ ਭਾਈ ਗੁਜਰ ਨੂੰ ਇਵੇਂ ਕਰਦਿਆਂ ਬੀਤੇ। ਇਕ ਦਿਨ ਰਾਤ ਨੂੰ ਉਸ ਕੋਲ ਕੁਝ ਭਲੇ ਸੱਜਣ ਆਏ ਜਿਨ੍ਹਾਂ ਦੇ ਪੈਰੀਂ ਬੇੜੀਆਂ ਪਈਆਂ ਹੋਈਆਂ ਸਨ। ਉਨ੍ਹਾਂ ਭਾਈ ਜੀ ਨੂੰ ਬੰਧਨ ਮੁਕਤ ਕਰਨ ਵਾਸਤੇ ਕਿਹਾ। ਭਾਈ ਸਾਹਿਬ ਆਪਣੇ ਨਗਰ ਨਿਵਾਸੀ ਹੋਣ ਕਰ ਕੇ ਭਲੀ ਪ੍ਰਕਾਰ ਜਾਣਦੇ ਸਨ ਕਿ ਉਹ ਬਿਲਕੁਲ ਨਿਰਦੋਸ਼ ਗ੍ਰਿਹਸਥੀ ਹਨ ਜਿਨ੍ਹਾਂ ਨੂੰ ਈਰਖਾ ਵੱਸ ਫਸਾਇਆ ਗਿਆ ਸੀ। ਅਜਿਹਾ ਵਿਚਾਰ ਕੇ ਜੁਰਅਤ ਨਾਲ ਭਾਈ ਜੀ ਨੇ ਉਨ੍ਹਾਂ ਨੂੰ ਬੰਧਨ ਮੁਕਤ ਕਰ ਦਿੱਤਾ। ਬਿਨਾਂ ਸ਼ੱਕ ਉਨ੍ਹਾਂ ਨੂੰ ਅਹਿਸਾਸ ਸੀ ਕਿ ਪਤਾ ਲੱਗਣ 'ਤੇ ਹਾਕਮ ਉਨ੍ਹਾਂ ਨੂੰ ਵੀ ਨੁਕਸਾਨ ਪੁਚਾ ਸਕਦਾ ਹੈ ਪਰ, ਗੁਰੂ ਕੇ ਪਰਉਪਕਾਰੀ ਬਚਨ ਚੇਤੇ ਹੋਣ ਕਰ ਕੇ ਉਹ



ਸ੍ਰੀ ਦਰਬਾਰ ਸਾਹਿਬ ਅੰਦਰੋਂ
(ਅੰਗੀਠਾ ਸਾਹਿਬ) ਖਡੂਰ ਸਾਹਿਬ

ਨਿਰਭਉ ਸਨ। ਕੁਝ ਸਮਾਂ ਪਾ ਕੇ ਜਦੋਂ ਉਨ੍ਹਾਂ ਖਡੂਰ ਸਾਹਿਬ ਆ ਕੇ ਸਤਿਗੁਰਾਂ ਨਾਲ ਇਹ ਘਟਨਾ ਸਾਂਝੀ ਕੀਤੀ ਤਾਂ ਹਜ਼ੂਰ ਨੇ ਆਸੀਸ ਦਿੱਤੀ।

**ੲ.** ਇਕ ਦਿਨ ਕੇਈ ਸਾਧ ਹੈਸਨ ਅਤੇ ਕਿਸੇ ਨੇ ਤੁਹਮਤ ਦੇ ਕੈ ਰਾਜ ਦੁਆਰੈ ਬੰਧਾਇ ਦਿਤੇ ਹੈਸਨ। ਤੇ ਅਧੀ ਰਾਤ ਦੇ ਸਮੇਂ ਉਹ ਪੰਡਤਖਾਨੇ ਥੀਂ ਨਿਕਸੇ। ਗੁਜਰ ਲੋਹਾਰ ਦੇ ਘਰ ਆਏ। ਓਹਨਾ ਕਹਿਆ ਪਰਮੇਸਰ ਦੇ ਨਮਿਤ ਸਾਡੀਆਂ ਗਟੀਆਂ ਵਢੋ। ਜਾਂ ਓਸ ਗਟੀਆਂ ਵਢੀਆਂ ਤਾਂ ਓਨਾ ਦੀ ਖੁਸੀ ਕਰਿ ਕੈ ਗੁਜਰ ਨੂੰ ਤੀਨ ਕਾਲ ਦੀ ਸੋਝੀ ਹੋਈ। ਜਾਂ ਗੁਰਾਂ ਪਾਸ ਗਿਆ ਤਾਂ ਸਤਿਗੁਰ ਭੀ ਪ੍ਰਸੰਨ ਹੋਏ।16॥ ਸਿੱਖਾਂ ਦੀ ਭਗਤਮਾਲ

**ਸ.** ਗ੍ਰਿਹਸਤੀ ਭਗਤ ਹੁਤੇ ਤਿਸ ਗ੍ਰਾਮ (ਉਸ ਦੇ ਪਿੰਡ ਵਿਚ ਕੁਝ ਗ੍ਰਿਹਸਤੀ ਪ੍ਰੇਮੀ ਰਹਿੰਦੇ ਸਨ)।
ਤੁਹਮਤ ਦੇ ਕਰਿ ਤਿਨ ਕੇ ਨਾਮ
(ਉਨ੍ਹਾਂ 'ਤੇ ਝੂਠਾ ਦੋਸ਼ ਲੱਗਾ)।
ਗਹਿ ਕਰਿ ਪਾਇਨ ਪਾਇ ਸੁ ਬੇਰੀ
(ਹਾਕਮ ਨੇ ਪੈਰੀਂ ਬੇੜੀਆਂ ਪਾ ਕੇ)।
ਕਾਰਾਗ੍ਰਿਹ ਮਹਿ ਦੀਨਸਿ ਗੇਰੀ
(ਕੈਦਖ਼ਾਨੇ ਵਿਚ ਪਾ ਦਿੱਤਾ)।
ਅਰਧਿ ਰਾਤ ਮੈਂ ਸੋ ਚਲਿ ਆਏ (ਅੱਧੀ ਰਾਤ ਨੂੰ ਉਹ ਭਾਈ ਜੀ ਘਰ ਆ ਪਹੁੰਚੇ)।
ਸ਼ਿੰਖਲ ਤਿਨ ਕੇ ਪਾਇਨ ਪਾਇ
(ਪੈਰੀਂ ਬੇੜੀਆਂ ਸਨ)।28॥
..'ਪ੍ਰਭ ਨਮਿਤ ਦੇਹੁ ਬੰਧਨ ਕਾਟਿ (ਰੱਬ ਦੇ ਵਾਸਤੇ ਸਾਡੀਆਂ ਬੇੜੀਆਂ ਕੱਟ ਦਿਉ)।
ਤੁਮ ਕੋ ਹੋਇ ਨ ਜਮ ਕੀ ਬਾਟ'{ਅਤੇ ਕਿਹਾ (ਤੁਹਾਨੂੰ ਜਮ ਦੁਖ ਨਹੀਂ ਦੇਣਗੇ)।29॥
ਇਮ ਬਿਚਾਰ ਕਰਿ ਬਿਲਮ ਨ ਕੀਨ
(ਕੁਝ ਵਿਚਾਰ ਕੇ ਭਾਈ ਜੀ ਨੇ ਸਮਾਂ ਨਾ ਲਾਇਆ)।
ਉਠਿ ਤਤਕਾਲ ਕਾਟ ਕਰਿ ਦੀਨ
(ਉਨ੍ਹਾਂ ਦੇ ਬੰਧਨ ਕੱਟ ਦਿੱਤੇ)।32॥
ਆਸ਼ਿਖ ਦੇਤ ਗਏ ਨਿਜ ਦੇਸ਼
(ਉਹ ਆਸੀਸਾਂ ਦੇਂਦੇ ਚਲੇ ਗਏ)।
ਉਪਜਯੋ ਇਸ ਕੇ ਗਿਆਨ ਵਿਸ਼ੇਸ਼
(ਇਨ੍ਹਾਂ ਉੱਪਰ ਗੁਰੂ ਕਿਰਪਾ ਹੋਈ)। ... ।33॥11॥ ਰਾਸਿ ਪਹਿਲੀ

ਐਸੇ ਸਨ ਪਰਉਪਕਾਰੀ, ਨਾਮ-ਬਾਣੀ ਦੇ ਰਸੀਏ ਤੇ ਕਿਰਤੀ ਭਾਈ ਗੁਜਰ ਜੋ ਗੁਰੂ ਆਗਿਆ ਅਨੁਸਾਰ ਹੁਣ ਸਿਖੀ ਦੇ ਪ੍ਰਚਾਰ ਵਿਚ ਲੱਗੇ। ਭਾਈ ਗੁਰਦਾਸ ਜੀ ਅਨੁਸਾਰ-ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰਸਿਖ ਸੁਣਾਵੈ॥

**ਸਮਾਪਤ**

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**




**ਫ਼ੋਨ : 07853 317 891**

Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

**–"ਆਹ ਚੱਕ ਪੱਚੀ ਲੱਖ ਰੁਪਈਆ ਬਾਈ, ਸਭ ਤੋਂ ਪਹਿਲਾਂ ਤਾਂ ਕੋਈ ਚੰਗੀ ਜੀ ਗੱਡੀ ਖਰੀਦ..! ਤੇ ਅਗਲੇ ਹਫ਼ਤੇ ਤੈਨੂੰ ਡੇਢ੍ਹ ਕਰੋੜ ਹੋਰ ਮਿਲੂਗਾ...। ਨੈਸ਼ਨਲ ਪੱਧਰ ਤੇ ਅੰਤਰਾਸ਼ਟਰੀ ਪੱਧਰ 'ਤੇ ਖਿਡਾਉਣ ਵਿੱਚ ਤੇਰੀ ਉਪਰ ਤੱਕ ਸਿਫ਼ਾਰਸ਼ ਜਾਊਗੀ...।" ਭਾਨੇ ਨੇ ਪੱਚੀ ਲੱਖ ਰੁਪਈਏ ਵਾਲ਼ਾ ਅਟੈਚੀ ਉਸ ਦੀ ਬੁੱਕਲ਼ ਵਿੱਚ ਰੱਖਦਿਆਂ ਕਿਹਾ।**
**–"ਬਾਈ ਭਾਨਿਆਂ ਇਹਨਾਂ ਮਿਹਰਬਾਨੀਆਂ ਦੇ ਪਿੱਛੇ ਕਾਰਨ...? ਮਤਲਬ ਮੇਰੇ 'ਤੇ ਐਨੀਆਂ ਮਿਹਰਬਾਨੀਆਂ ਕਿਉਂ...?"**
**–".......।" ਭਾਨਾ ਠਹਾਕਾ ਮਾਰ ਕੇ ਹੱਸਿਆ।**
**–"ਯਾਰ ਕੈਰੀ, ਜਮਾਂ ਈ ਜੁਆਕਾਂ ਆਲ਼ਾ ਸੁਭਾਅ ਐ ਤੇਰਾ...। ਪਤੰਦਰਾ, ਕਿੰਨਾ ਤੈਨੂੰ ਪੈਸਾ ਮਿਲ਼ ਰਿਹੈ, ਰਾਸ਼ਟਰੀ ਤੇ ਅੰਤਰਾਸ਼ਟਰੀ ਪੱਧਰ 'ਤੇ ਖੇਡਣ ਦੇ ਮੌਕੇ ਮਿਲ਼ ਰਹੇ ਐ, ਤੂੰ ਯਾਰ ਅੰਬ ਖਾਣੇ ਆਂ, ਕਿ ਪੇਡ ਗਿਣਨੇ ਆਂ...?"**




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 16**

## ਕਾਂਡ 8

ਅਚਾਨਕ ਕਿਸੇ ਨੇ ਫ਼ੋਨ ਚੁੱਕ ਕੇ "ਹੈਲੋ" ਕਿਹਾ।

–"ਆਪਣੇ ਕੈਰੀ ਸਾਅਬ ਬੋਲਦੇ ਐ...?" ਭਾਨਾ ਬੋਲਿਆ।

–"ਜੀ ਜਨਾਬ, ਤੁਸੀਂ ਕੌਣ..?"

–"ਜਨਾਬ, ਘਰ ਦੇ ਬੰਦੇ ਈ ਬੋਲਦੇ ਆਂ, ਤੁਸੀਂ ਇਹ ਦੱਸੋ, ਕਿ ਥੋਡੇ ਕੋਲ਼ ਮਿਲ਼ਣ ਵਾਸਤੇ ਕਦੋਂ ਟਾਈਮ ਐਂ..? ਬਹੁਤ ਹੀ ਜ਼ਰੂਰੀ ਕੰਮ ਐਂ ਥੋਡੇ ਨਾਲ਼...।"

–"ਕੱਲ੍ਹ ਸਵੇਰੇ ਆ ਜਾਓ, ਮੈਂ ਅੱਜ ਲੁਧਿਆਣੇ ਹੀ ਰਹਿਣੈਂ...।"

–"ਲੁੱਦੇਆਣਾ ਕਿਹੜਾ ਬੰਬਾ ਸ਼ਹਿਰ ਐ ਕੈਰੀ ਸਾਅਬ, ਜੇ ਇਜਾਜ਼ਤ ਹੋਵੇ ਤਾਂ ਅਸੀਂ ਲੁੱਦੇਆਣੇ ਵੀ ਆ ਸਕਦੇ ਆਂ, ਹੁਕਮ ਕਰੋ...!"

–"ਨਹੀਂ ਵੀਰੇ, ਅੱਜ ਇੱਥੇ ਪੰਜਾਬ ਪੱਧਰ ਦੇ ਖਿਡਾਰੀ 'ਕੱਠੇ ਹੋਏ ਨੇ, ਕੱਲ੍ਹ ਹੀ ਮਿਲ਼ਦੇ ਆਂ..।"

–"ਕਿੱਥੇ ਮਿਲ਼ੋਂਗੇ...?"

–"ਜਿੱਥੇ ਵੀ ਕਹੋਂਗੇ...।"

–"ਇੱਕ ਗੱਲ ਐ ਕੈਰੀ ਸਾਅਬ, ਆਪਣੀ ਇਹ ਮਿਲ਼ਣੀ ਥੋਨੂੰ ਕਰੋੜਾਂਪਤੀ ਬਣਾਉਣ ਵਾਲ਼ੀ ਐ...।" ਦਾਰੂ ਦੇ ਸਰੂਰ ਵਿੱਚ ਭਾਨੇ ਤੋਂ ਆਖ ਹੋ ਗਿਆ।

–"............।" ਕੈਰੀ ਚੁੱਪ ਸੀ।

–"ਆਪਣੀ ਇਹ ਮਿਲ਼ਣੀ ਤੁਹਾਨੂੰ ਪੰਜਾਬ ਪੱਧਰ 'ਤੇ ਹੀ ਨੀ, ਪੂਰੇ ਭਾਰਤ ਪੱਧਰ ਤੇ ਫੇਰ ਅੰਤਰਾਸ਼ਟਰੀ ਪੱਧਰ 'ਤੇ ਖੇਡਣ ਦੇ ਰਸਤੇ ਵੀ ਖੋਲੂਗੀ...।"

–"ਕੱਲ੍ਹ ਮਿਲ਼ ਲੈਂਨੇ ਆਂ ਵੀਰੇ...। ਤੁਸੀਂ ਕੱਲ੍ਹ ਚਾਰ ਵਜੇ ਮੋਗੇ ਦੁਸਿਹਰਾ ਗਰਾਊਂਡ ਵਿੱਚ ਆ ਜਾਇਓ...।"

ਫ਼ੋਨ ਕੱਟੇ ਗਏ।

## ਕਾਂਡ 9

ਅਗਲੇ ਦਿਨ ਚਾਰ ਵਜੇ ਭਾਨੇ ਹੋਰੀਂ ਮੋਗੇ ਦੇ ਦੁਸਿਹਰਾ ਗਰਾਊਂਡ ਵਿੱਚ ਪਹੁੰਚ ਗਏ।

ਪੂਰੇ ਚਾਰ ਵਜੇ ਕੈਰੀ ਵੀ ਆਪਣੇ ਅੱਧੋਰਾਣੇ ਸਕੂਟਰ ਉਪਰ ਪਹੁੰਚ ਗਿਆ। ਉਸ ਨੇ ਸਕੂਟਰ ਦਾ ਸਟੈਂਡ ਲਾ ਕੇ ਆਸੇ ਪਾਸੇ ਦੇਖਿਆ, ਤਾਂ ਭਾਨਾ ਆਪਣੀ ਗੱਡੀ ਵਿੱਚੋਂ ਉਸ ਨੂੰ ਬੁਲਾ ਰਿਹਾ ਸੀ।

–"ਆਓ ਕੈਰੀ ਸਾਹਬ, ਗੱਡੀ ਦੇ ਅੰਦਰ ਈ ਆ ਜਾਓ...!"

–"..........।" ਨਾਂ ਸੁਣ ਕੇ ਕੈਰੀ ਗੱਡੀ ਵਿੱਚ ਆ ਬੈਠਾ।

ਉਸ ਨੇ ਬੜੀ ਗਰਮਜੋਸ਼ੀ ਨਾਲ਼ ਭਾਨੇ ਨਾਲ਼ ਹੱਥ ਮਿਲ਼ਾਇਆ।

ਭਾਨੇ ਦੇ ਬਾਡੀਗਾਰਡ ਅਤੇ ਡਰਾਈਵਰ ਨੇ ਵੀ ਹੱਥ ਮਿਲ਼ਾਏ।

–"ਐਡੇ ਵੱਡੇ ਪੱਧਰ ਦਾ ਹਾਕੀ ਦਾ ਖਿਡਾਰੀ, ਤੇ ਧੱਕੇ ਖਾਵੇ ਲੰਡੇ ਜੇ ਸਕੂਟਰ 'ਤੇ..? ਬਹੁਤ ਉਦਾਸ ਤੇ ਨਿਰਾਸ਼ ਕਰਨ ਵਾਲ਼ੀ ਗੱਲ ਐ ਕੈਰੀ ਸਾਅਬ...।" ਭਾਨਾ ਸੀਟ ਤੋਂ ਪਰ੍ਹੇ ਨੂੰ ਪਾਸਾ ਮਾਰਦਾ ਬੋਲਿਆ।

–"ਫ਼ੋਕਾ ਦਿਖਾਵਾ ਤੇ ਫ਼ੋਕੀ ਸ਼ੋਹਰਤ ਬੰਦੇ ਨੂੰ ਲੈ ਬਹਿੰਦੀ ਐ ਬਾਈ ਜੀ..। ਕੀ ਨਾਂ ਐਂ ਆਪਣਾ...?"

–"ਮੇਰਾ ਨਾਂ ਭਾਨਾ...। ਭਾਨਾ ਭਗੌੜ੍ਹਾ...! ਭਗੌੜ੍ਹਾ ਮੇਰੀ 'ਅੱਲ' ਐ...।"

–"ਬਾਈ ਭਾਨਿਆਂ, ਦਿਲ ਸਾਫ਼ ਤੇ ਨੀਅਤ ਸੁੱਚੀ ਰੱਖੋ, ਦਿਲ ਵਿੱਚ ਨਿਮਰਤਾ ਤੇ ਸੋਚ ਅਸਮਾਨ ਤੋਂ ਵੀ ਉਚੀ ਰੱਖੋ...।"

–"ਇਹ ਟੋਟਕੇ ਕਹਿਣ ਸੁਣਨ ਨੂੰ ਬਹੁਤ ਚੰਗੇ ਤੇ ਸੋਹਣੇ ਲੱਗਦੇ ਐ ਬਾਈ ਕੈਰੀ...।"

–"ਵਕਤ ਨਾ ਕਿਸੇ ਦਾ ਸੀ, ਤੇ ਨਾ ਕਦੇ ਕਿਸੇ ਦਾ ਹੋਊਗਾ..। ਤੁਸੀਂ ਮੈਨੂੰ ਮਿਲਣ ਆਏ ਹੋ, ਦੱਸੋ ਕੀ ਸੇਵਾ ਕਰਾਂ...?"

–"ਸੇਵਾ ਅਸੀਂ ਕਰਵਾਉਣ ਨੀ ਬਾਈ, ਸੇਵਾ ਤਾਂ ਅਸੀਂ ਕਰਨ ਆਏ ਆਂ...।" ਭਾਨੇ ਨੇ ਪੈਸਿਆਂ ਵਾਲ਼ਾ ਅਟੈਚੀ ਪਿੱਛੋਂ ਖਿੱਚ ਕੇ ਕੋਲ਼ ਨੂੰ ਕਰ ਲਿਆ।

–"ਸੇਵਾ ਕਰਨ...?" ਕੈਰੀ ਭਮੱਤਰ ਗਿਆ। ਉਸ ਨੂੰ ਕਿਸੇ ਵੀ ਗੱਲ ਦੀ ਕੋਈ ਸਮਝ ਨਹੀਂ ਲੱਗੀ ਸੀ।

–"ਆਹ ਚੱਕ ਪੱਚੀ ਲੱਖ ਰੁਪਈਆ ਬਾਈ, ਸਭ ਤੋਂ ਪਹਿਲਾਂ ਤਾਂ ਕੋਈ ਚੰਗੀ ਜੀ ਗੱਡੀ ਖਰੀਦ..! ਤੇ ਅਗਲੇ ਹਫ਼ਤੇ ਤੈਨੂੰ ਡੇਢ੍ਹ ਕਰੋੜ ਹੋਰ ਮਿਲੂਗਾ...। ਨੈਸ਼ਨਲ ਪੱਧਰ ਤੇ ਅੰਤਰਾਸ਼ਟਰੀ ਪੱਧਰ 'ਤੇ ਖਿਡਾਉਣ ਵਿੱਚ ਤੇਰੀ ਉਪਰ ਤੱਕ ਸਿਫ਼ਾਰਸ਼ ਜਾਊਗੀ...।" ਭਾਨੇ ਨੇ ਪੱਚੀ ਲੱਖ ਰੁਪਈਏ ਵਾਲ਼ਾ ਅਟੈਚੀ ਉਸ ਦੀ ਬੁੱਕਲ਼ ਵਿੱਚ ਰੱਖਦਿਆਂ ਕਿਹਾ।

–"ਬਾਈ ਭਾਨਿਆਂ ਇਹਨਾਂ ਮਿਹਰਬਾਨੀਆਂ ਦੇ ਪਿੱਛੇ ਕਾਰਨ...? ਮਤਲਬ ਮੇਰੇ 'ਤੇ ਐਨੀਆਂ ਮਿਹਰਬਾਨੀਆਂ ਕਿਉਂ...?"

–".......।" ਭਾਨਾ ਠਹਾਕਾ ਮਾਰ ਕੇ ਹੱਸਿਆ।

–"ਯਾਰ ਕੈਰੀ, ਜਮਾਂ ਈ ਜੁਆਕਾਂ ਆਲ਼ਾ ਸੁਭਾਅ ਐ ਤੇਰਾ...। ਪਤੰਦਰਾ, ਕਿੰਨਾ ਤੈਨੂੰ ਪੈਸਾ ਮਿਲ਼ ਰਿਹੈ, ਰਾਸ਼ਟਰੀ ਤੇ ਅੰਤਰਾਸ਼ਟਰੀ ਪੱਧਰ 'ਤੇ ਖੇਡਣ ਦੇ ਮੌਕੇ ਮਿਲ਼ ਰਹੇ ਐ, ਤੂੰ ਯਾਰ ਅੰਬ ਖਾਣੇ ਆਂ, ਕਿ ਪੇਡ ਗਿਣਨੇ ਆਂ...?"

–"ਜਦੋਂ ਕਿਸਮਤ ਚਾਣਚੱਕ ਐਹੋ ਜੇ ਮੌਕੇ ਦੇਵੇ, ਓਦੋਂ ਸਮਝ ਲੈ ਖੂਹ 'ਚ ਧੱਕਾ ਦੇਣ ਦੀ ਤਿਆਰੀ ਕਰਦੀ ਹੁੰਦੀ ਐ ਬਾਈ ਭਾਨਿਆਂ..। ਜ਼ਖ਼ਮ ਕਹਾਂ ਕਹਾਂ ਸੇ ਮਿਲੇ ਹੈਂ, ਛੋੜ ਇਨ ਬਾਤੋਂ ਕੋ...। ਜ਼ਿੰਦਗੀ ਤੂ ਤੋ ਯੇਹ ਬਤਾ, ਕੀ ਸਫ਼ਰ ਕਿਤਨਾ ਬਾਕੀ ਹੈ...।"

–"ਘਰ ਆਈ ਲਕਸ਼ਮੀਂ ਨੂੰ ਧੱਕੀਦਾ ਨੀ ਹੁੰਦਾ ਛੋਟੇ ਭਾਈ...! ਇਹ ਮੌਕੇ ਨਿੱਤ-ਨਿੱਤ ਨੀ ਮਿਲ਼ਦੇ ਹੁੰਦੇ..! ਸਿਆਣੇ ਕਹਿੰਦੇ ਐ, ਬਈ ਸੋਚੀਂ ਪਿਆ ਤੇ ਬੰਦਾ ਗਿਆ...! ਆਹ ਚੱਕ ਆਬਦੀ ਅਮਾਨਤ ਤੇ ਅਗਲੇ ਹਫ਼ਤੇ ਡੇਢ੍ਹ ਕਰੋੜ ਹੋਰ ਮਿਲੂਗਾ...।"

–"ਪਰ ਮੈਨੂੰ ਇਸ ਬਦਲੇ ਕਰਨਾ ਕੀ ਪਊਗਾ...?" ਕੈਰੀ ਅਥਾਹ ਹੈਰਾਨ ਸੀ। ਪੱਚੀ ਲੱਖ 'ਪੇਸ਼ਗੀ' ਅਤੇ ਡੇਢ੍ਹ ਕਰੋੜ ਰੁਪਏ ਦੀ 'ਪੇਸ਼ਕਸ਼' ਦਾ 'ਅਸਲ ਕਾਰਨ' ਕੀ ਹੋ ਸਕਦਾ ਸੀ?

–"ਕੰਮ ਤੇਰੇ ਖੱਬੇ ਹੱਥ ਦਾ ਐ ਕੈਰੀ ਬਾਈ...।"

–"ਦੱਸੋ ਤਾਂ ਸਹੀ...!"

–"ਬੱਸ ਸਮਝ ਲੈ, ਚੌਲ਼ਾਂ 'ਚ ਈ ਸਰ ਜਾਣੈ...। ਜਿਵੇਂ ਕਿਸੇ ਨੇ ਝੋਟੇ ਨੂੰ ਕਿਹਾ ਸੀ; ਬਈ ਤੇਰਾ ਇੱਕ ਮਿੰਟ ਦਾ ਕੰਮ ਐਂ, ਤੇ ਸਾਡੇ ਜੁਆਕਾਂ ਦੀ ਸਾਲ ਦੀ ਲੱਸੀ ਐ...। ਨਾਲ਼ੇ ਸਾਡਾ ਕੰਮ ਸਰਜੂ, ਤੇ ਨਾਲ਼ੇ ਤੂੰ ਧਨਾਡ ਬਣਜੇਂਗਾ...। ਬੱਸ ਤੇਰੇ ਖੱਬੇ ਹੱਥ ਦਾ ਕੰਮ ਐਂ...।"

–"ਬੋਲੋ ਤਾਂ ਸਹੀ...!"

–"ਬੱਸ ਆਬਦਾ ਨਸ਼ੇ ਛੁਡਾਊ ਕੇਂਦਰ ਬੰਦ ਕਰ ਦੇ, ਤੇ ਨਸ਼ਾ ਬੰਦ ਕਰਾਊ ਮੁਹਿੰਮ ਤੋਂ ਕਿਨਾਰਾ ਕਰ ਲੈ, ਬੱਸ ਆਹੀ ਕੰਮ ਐਂ...।" ਕੈਰੀ ਨੇ ਉੱਤਰਨ ਵਾਸਤੇ ਦਰਵਾਜਾ ਖੋਲ੍ਹ ਲਿਆ।

–"ਚੱਲਿਆ ਕਿੱਥੇ ਐਂ ਬਾਈ ਕੈਰੀ...! ਜੇ ਪੈਸਾ ਘੱਟ ਐ, ਤਾਂ ਦੱਸ..? ਹੋਰ ਦਿਵਾ ਦਿਊਂਗਾ, ਤੂੰ ਹੁਕਮ ਕਰ..! ਪੂਰਾ ਮੈਂ ਕਰੂੰ...!"

–"ਅਸੀਂ ਪੰਜਾਬ ਦੀ ਅਗਲੀ ਪੀੜ੍ਹੀ, ਸਾਡੀ ਅਗਲੀ ਨਸਲ ਸੁਧਾਰਨ ਦਾ ਬੀੜਾ ਚੁੱਕਿਐ, ਥੋਡੇ ਵਾਂਗੂ ਪੰਜਾਬ ਦੀਆਂ ਜੜ੍ਹਾਂ 'ਚ ਤੇਲ ਨੀ ਦਿੰਦੇ...। ਹੁਣ ਤੁਸੀਂ ਜਾਓ...।"

ਉਹ ਗੱਡੀ ਵਿੱਚੋਂ ਉੱਤਰ ਗਿਆ।

ਪਰ ਭਾਨੇ ਨੇ ਮੁੜ ਉਸ ਨੂੰ ਫੜ ਕੇ ਗੱਡੀ ਵਿੱਚ ਚਾੜ੍ਹ ਲਿਆ।

–"ਗੱਲ ਤਾਂ ਸੁਣ ਖਸਮਾਂ...! ਐਨਾਂ ਤੱਤਾ ਕਿਉਂ ਹੁੰਨੈ...? ਤੇਰੇ ਅਰਗਾ ਜਜ਼ਬਾਤੀ ਬੰਦਾ ਛੇਤੀ ਕੀਤੇ ਤਰੱਕੀ ਨੀ ਕਰ ਸਕਦਾ...। ਸਿਆਣੇ ਲੋਕ ਜੀਓ ਤੇ ਜਿਉਣ ਦਿਓ ਦਾ ਨਾਅਰਾ ਦਿੰਦੇ ਸੀ, ਪਰ ਅਸੀਂ ਖਾਓ ਤੇ ਖਾਣ ਦਿਓ ਦਾ ਨਾਅਰਾ ਚੁੱਕੀ ਫ਼ਿਰਦੇ ਆਂ...। ਤੂੰ ਸਾਰੀ ਉਮਰ ਮੁਸ਼ੱਕਤਾਂ ਕਰੀ ਜਾਹ, ਦੋ ਕਰੋੜ ਤੇਰੇ ਸਾਰੀ ਉਮਰ ਪੱਲੇ ਨੀ ਪੈਣਾ, ਠੂਠੇ ਨਾਲ਼ ਕੁਨਾਲ਼ ਵੱਜੂ..। ਤੂੰ ਜੋਰ ਲਾ ਲਈਂ, ਤੈਨੂੰ ਕਿਸੇ ਨੇ ਨੈਸ਼ਨਲ ਪੱਧਰ 'ਤੇ ਖੇਡਣ ਨੀ ਦੇਣਾ...। ਅਸੀਂ ਤੈਨੂੰ ਅੰਤਰਾਸ਼ਟਰੀ ਪੱਧਰ ਤੱਕ ਲਿਜਾਣ ਦਾ ਵਾਅਦਾ ਦਿੰਨੇ ਆਂ, ਐਨੀਆਂ ਸਹੂਲਤਾਂ ਤੈਨੂੰ ਰਾਤੋ ਰਾਤ ਮਿਲ਼ਦੀਐਂ, ਹੋਰ ਦੱਸ ਤੂੰ ਕੀ ਲੈਣੈਂ...? ਕਿਸਮਤ ਨੂੰ ਧੱਕੇ ਨੀ ਮਾਰੀਦੇ ਨਿੱਕੇ ਵੀਰ...। ਐਸੇ ਮੌਕੇ ਜ਼ਿੰਦਗੀ 'ਚ ਕਦੇ-ਕਦੇ ਮਿਲ਼ਦੇ ਐ...!"

–"ਮੈਂ ਐਹੋ ਜੇ ਮੌਕਿਆਂ 'ਤੇ ਥੁੱਕਦਾ ਵੀ ਨੀ ਬਾਈ..! ਤੁਸੀਂ ਗਲਤ ਬੰਦੇ ਕੋਲ਼ ਆ ਗਏ...। ਜਿਹੜਾ ਕੰਮ ਤੁਸੀਂ ਕਰਨ ਜਾਂ ਕਰਵਾਉਣ ਨੂੰ ਫਿਰਦੇ ਐਂ, ਉਹ ਭੁੱਲ ਜਾਓ...!" ਤੇ ਕੈਰੀ ਗੱਡੀ ਵਿੱਚੋਂ ਉੱਤਰ ਕੇ ਆਪਣੇ ਸਕੂਟਰ ਵੱਲ ਨੂੰ ਤੁਰ ਪਿਆ।

–"ਇਹਦੇ ਵਿੱਚ ਤੇਰਾ ਵੀ ਭਲਾ ਸੀ, ਤੇ ਸਾਡਾ ਵੀ...! ਪਰ ਇਹ ਨਾ ਸੋਚੀਂ, ਬਈ ਜੇ ਤੂੰ ਸਾਡੇ ਕੰਮ ਨਾ ਆਇਆ, ਤਾਂ ਤੇਰੀ ਇਹ ਮੁਹਿੰਮ ਸਾਡੇ ਤੋਂ ਰੋਕੀ ਨੀ ਜਾਣੀ...! ਜੇ ਕੁੱਕੜ ਬਾਂਗ ਨਾ ਦਿਊ, ਤੇਰੇ ਭਾਅ ਦਾ ਸੂਰਜ ਚੜ੍ਹਨੋਂ ਬੰਦ ਹੋਜੂ...? ਅਸੀਂ ਤਾਂ ਸੋਚਿਆ ਸੀ ਤੇਰਾ ਟੁੱਟੇ ਜੇ ਸਕੂਟਰਾਂ ਤੋਂ ਖਹਿੜਾ ਛੁਡਾ ਕੇ, ਕਿਸੇ ਮਰਸਰੀ ਕਾਰ 'ਤੇ ਚੜ੍ਹਾਵਾਂਗੇ, ਪਰ ਤੇਰੀ ਕਿਸਮਤ ਈ ਮਾੜੀ ਐ, ਬਾਈ ਸਿਆਂ...! ਚੱਲ ਤੋਰ ਬਈ, ਹੈਨ੍ਹੀ ਇਹਨਾਂ ਤਿਲ਼ਾਂ 'ਚ ਤੇਲ..!"

ਗੱਡੀ ਤੁਰ ਪਈ।

–"ਜੇ ਕਦੇ ਮਨ ਬਦਲੇ, ਤੇ ਮੇਰੇ ਨਾਲ਼ ਗੱਲ ਕਰਨ ਨੂੰ ਦਿਲ ਕਰੇ, ਤਾਂ ਤੇਰੇ ਕੋਲ਼ ਮੇਰਾ ਨੰਬਰ ਹੈਗ੍ਹਾ, ਕਾਲ ਕਰ ਲਈਂ, ਤੇ ਨਹੀਂ ਰੱਬ ਰਾਖਾ...।"

ਕੈਰੀ ਦਾ ਸਰੀਰ ਝੂਠਾ ਹੋਇਆ ਪਿਆ ਸੀ।


ਉਸ ਨੇ ਖਿਝੇ ਹੋਏ ਨੇ ਕਈ ਕਿੱਕਾਂ ਸਕੂਟਰ ਦੀਆਂ ਮਾਰੀਆਂ, ਪਰ ਸਕੂਟਰ ਸਟਾਰਟ ਨਾ ਹੋਇਆ।

ਉਹ ਸੋਚ ਰਿਹਾ ਸੀ ਕਿ ਭਾਨੇ ਵਰਗੇ ਮਗਰਮੱਛਾਂ ਦੇ ਹੁੰਦਿਆਂ ਪੰਜਾਬ ਦਾ ਭਲਾ ਕਿਵੇਂ ਸੰਭਵ ਹੋਊਗਾ...? ਜੇ ਮੇਰੇ ਵਰਗੇ ਪੰਜਾਬ-ਪ੍ਰਸਤ ਬੰਦੇ ਪੰਜਾਬ ਦੀ ਅਗਲੀ ਪੀੜ੍ਹੀ ਉਪਰ ਤਰਸ ਕਰ ਕੇ ਉਹਨਾਂ ਨੂੰ ਕੁਰਾਹੇ ਪੈਣੋਂ ਰੋਕ ਕੇ, ਸਿੱਧੇ ਰਸਤੇ ਪਾਉਣ ਦਾ ਬੀੜਾ ਚੁੱਕਦੇ ਨੇ, ਤਾਂ ਭਾਨੇ ਵਰਗੇ ਡਰੱਗ ਸਮਗਲਰ ਆ ਕੇ ਤੁਹਾਨੂੰ ਲਾਲਚ ਦੇ ਕੇ ਕਿਵੇਂ ਬੰਨ੍ਹ ਮਾਰਦੇ ਨੇ...?

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**–ਸੰਪਾਦਕ**

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



# ਜਥੇਦਾਰ ਅਕਾਲੀ ਫੂਲਾ ਸਿੰਘ ਜੀ

ਤੇਗ ਦੇ ਧਨੀ, ਬਚਨ ਦੇ ਬਲੀ, ਸੰਤ ਸਿਪਾਹੀ, ਸੁਤੰਤਰ ਨਿਰਭੈ ਅਤੇ ਨਿਰਵੈਰ ਜੋਧੇ ਅਕਾਲੀ ਫੂਲਾ ਸਿੰਘ ਦਾ ਜਨਮ ਇਲਾਕਾ ਬਾਂਗਰ ਦੇ ਛੋਟੇ ਜਿਹੇ ਪਿੰਡ ਸ਼ੀਹਾਂ ਵਿਖੇ, ਨਿਸ਼ਾਨਾ ਵਾਲੀਆ ਮਿਸਲ ਦੇ ਸੇਵਾਦਾਰ ਸ. ਈਸ਼ਰ ਸਿੰਘ ਦੇ ਘਰ 1761 ਈਸਵੀ ਨੂੰ ਹੋਇਆ। ਅਕਾਲੀ ਜੀ ਦੀ ਮਾਤਾ ਦਾ ਨਾਂ ਹਰ ਕੌਰ ਅਤੇ ਪਿਤਾ ਦਾ ਈਸ਼ਰ ਸਿੰਘ ਸੀ। ਸ. ਈਸ਼ਰ ਸਿੰਘ ਦੇ ਘਰ ਦੋ ਪੁੱਤਰ ਪੈਦਾ ਹੋਏ ਫੂਲਾ ਸਿੰਘ ਅਤੇ ਸੰਤ ਸਿੰਘ। ਫੂਲਾ ਸਿੰਘ ਨੇ ਗ੍ਰਿਸਤ ਨਹੀਂ ਸੀ ਧਾਰਨ ਕੀਤੀ। ਸ. ਈਸ਼ਰ ਸਿੰਘ ਜੀ ਦੇ ਦੂਜੇ ਪੁੱਤਰ ਸੰਤ ਸਿੰਘ ਦੀ ਅੰਸ਼ ਵੰਸ਼ ਸ੍ਰੀ ਤਰਨਤਾਰਨ ਸਾਹਿਬ ਨਿਹੰਗਾਂ ਦੀ ਬਾਹੀ ਵਿੱਚ ਰਹਿੰਦੀ ਹੈ। ਫੂਲਾ ਸਿੰਘ ਦੇ ਪਿਤਾ ਸ. ਈਸ਼ਰ ਸਿੰਘ ਜੀ ਵੱਡੇ ਘੱਲੂਘਾਰੇ ਦੀ ਲੜਾਈ ਵਿੱਚ ਗੰਭੀਰ ਜ਼ਖ਼ਮੀ ਹੋ ਗਏ ਸਨ, ਇਲਾਜ ਕਰਨ ਦੇ ਬਾਵਜੂਦ ਵੀ ਸ. ਈਸ਼ਰ ਸਿੰਘ ਦੇ ਜ਼ਖ਼ਮ ਠੀਕ ਨਾ ਹੋ ਸਕੇ ਅਤੇ ਉਨ੍ਹਾਂ ਨੇ ਆਪਣਾ ਅੰਤਿਮ ਸਮਾਂ ਨੇੜੇ ਵੇਖ ਕੇ ਬਾਲਕ ਫੂਲਾ ਸਿੰਘ ਦੇ ਪਾਲਣ ਪੋਸ਼ਣ ਦੀ ਅਤੇ ਸ਼ਸ਼ਤਰ ਅਤੇ ਸ਼ਾਸਤਰ ਦੀ ਵਿੱਦਿਆ ਦਿਵਾਉਣ ਦੀ ਜ਼ਿੰਮੇਵਾਰੀ ਆਪਣੇ ਸਤਸੰਗੀ ਅਕਾਲੀ ਨਰੈਣ ਸਿੰਘ ਨੂੰ ਸੌਂਪ ਦਿੱਤੀ। ਅਕਾਲੀ ਨਰੈਣ ਸਿੰਘ ਜੀ ਮਿਸਲ ਸ਼ਹੀਦਾਂ ਦੇ ਰਤਨ ਰੂਪ ਵਜੋਂ ਜਾਣੇ ਜਾਂਦੇ ਸਨ।


ਅਕਾਲੀ ਬਾਬਾ ਨਰੈਣ ਸਿੰਘ ਜੀ ਨੇ ਬਾਲਕ ਫੂਲਾ ਸਿੰਘ ਜੀ ਨੂੰ ਦੱਸ ਕੁ ਵਰ੍ਹਿਆਂ ਦੀ ਆਯੂ ਤੱਕ ਹੀ ਸ਼ਾਸਤਰ ਵਿੱਦਿਆ ਵਿੱਚ ਨਿਪੁੰਨ ਕਰ ਦਿੱਤਾ। ਬਾਲਕ ਫੂਲਾ ਸਿੰਘ ਜੀ ਏਨੀ ਤੀਖਣ ਬੁੱਧੀ ਦੇ ਮਾਲਿਕ ਸਨ ਕਿ ਉਨ੍ਹਾਂ ਨੇ ਨਿਤਨੇਮ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਬਾਣੀਆਂ ਜ਼ੁਬਾਨੀ ਕੰਠ ਕਰ ਲਈਆਂ ਸਨ। ਬਾਲਕ ਫੂਲਾ ਸਿੰਘ ਨੂੰ ਬਾਣੀ ਨਾਲ ਇੰਨਾ ਲਗਾਉ ਸੀ ਕਿ ਖੇਡ ਕੁਦ ਦੀ ਅਲਬੇਲੀ ਅਵਸਥਾ ਵਿੱਚ ਵੀ ਜਦ ਕਿਸ ਨੂੰ ਦਿਸਦੇ ਗੁਰਬਾਣੀ ਪੜ੍ਹਦੇ ਹੀ ਦਿਸਦੇ। ਅਕਾਲੀ ਬਾਬਾ ਨਰੈਣ ਸਿੰਘ ਜੀ ਨੇ ਜਦੋਂ ਵੇਖਿਆ ਕਿ ਫੂਲਾ ਸਿੰਘ ਧਾਰਮਿਕ ਵਿੱਦਿਆ ਵਿੱਚ ਨਿਪੁੰਨ ਹੋ ਗਏ ਹਨ ਤਾਂ ਉਨ੍ਹਾਂ ਨੇ ਫੂਲਾ ਸਿੰਘ ਨੂੰ ਸ਼ਸ਼ਤਰ ਵਿੱਦਿਆ ਵੀ ਦੇਣੀ ਆਰੰਭ ਕਰ ਦਿੱਤੀ ਜੋ ਉਸ ਵੇਲੇ ਹਰ ਇਕ ਸਿੱਖ ਬੱਚੇ ਲਈ ਅਤੀ ਜ਼ਰੂਰੀ ਹੁੰਦੀ ਸੀ। ਘੋੜ ਸਵਾਰੀ, ਤੀਰ ਅੰਦਾਜੀ, ਨੇਜੇ ਬਾਜੀ ਅਤੇ ਢਾਲ–ਤਲਵਾਰ ਦੇ ਕਰਤੱਵਾਂ ਦੀ ਵੀ ਫੂਲਾ ਸਿੰਘ ਨੇ ਦ੍ਰਿੜ੍ਹਤਾ ਤੇ ਦਲੇਰੀ ਨਾਲ ਜਲਦੀ ਹੀ ਨਿਪੁੰਨਤਾ ਹਾਸਲ ਕਰ ਲਈ ਸੀ। ਅਕਾਲੀ ਨਰੈਣ ਸਿੰਘ ਆਪਣੇ ਸਾਰੇ ਸ਼ਸ਼ਤਰ ਵਿੱਦਿਆ ਦੇ ਵਿੱਦਿਆਰਥੀਆਂ ਨੂੰ ਹੋਲੇ ਮਹੱਲੇ ਦੀ ਪਰੰਪਰਾ ਅਨੁਸਾਰ ਫਰਜੀ ਮੈਦਾਨੇ ਜੰਗ ਵਿੱਚ ਲੈ ਜਾਂਦੇ ਅਤੇ ਸਾਰੇ ਵਿੱਦਿਆਰਥਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਮਸਨੂਈ ਯੁੱਧ ਕਵਾਉਂਦੇ। ਇਸ ਜੰਗੀ ਅਭਿਆਸ ਵਿੱਚ ਫੂਲਾ ਸਿੰਘ ਦੀ ਸ਼ਸਤਰ ਵਿੱਦਿਆ ਦੇ ਜੌਹਰ ਵੇਖ ਕੇ ਅਕਾਲੀ ਨਰੈਣ ਸਿੰਘ ਜੀ ਬਹੁਤ ਖ਼ੁਸ਼ ਹੁੰਦੇ, ਇਸ ਕਰਕੇ ਫੂਲਾ ਸਿੰਘ ਨੇ ਨਰੈਣ ਸਿੰਘ ਦੇ ਦਿਲ ਵਿੱਚ ਵਿਸ਼ੇਸ਼ ਥਾਂ ਬਣਾ ਲਈ ਸੀ।

ਇਨ੍ਹਾਂ ਦਿਨਾਂ ਵਿੱਚ ਹੀ ਫੂਲਾ ਸਿੰਘ ਜੀ ਦੀ ਮਾਤਾ ਦੇ ਪੌੜੀਆਂ ਤੋਂ ਡਿੱਗਣ ਨਾਲ ਗੰਭੀਰ ਸੱਟਾਂ ਲੱਗ ਗਈਆਂ ਸਨ, ਜਿਸ ਕਰਕੇ ਉਨ੍ਹਾਂ ਦੇ ਬਚਣ ਦੀ ਕੋਈ ਉਮੀਦ ਨਾ ਰਹੀ, ਮਾਤਾ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਦੇਖ ਕੇ ਆਪਣੇ ਧਰਮੀ ਪੁੱਤਰ ਫੂਲਾ ਸਿੰਘ ਨੂੰ ਜੋ ਸਿੱਖਿਆ ਦਿੱਤੀ, ਬਾਬਾ ਪ੍ਰੇਮ ਸਿੰਘ ਹੋਤੀ ਨੇ ਬੜੇ ਸੁੰਦਰ ਲਫ਼ਜਾਂ ਵਿੱਚ ਹੇਠ ਲਿਖੇ ਅਨੁਸਾਰ ਦਰਜ ਕੀਤਾ ਹੈ, ਤੂੰ ਆਪਣੇ ਬਲੀ ਪਿਤਾ ਦਾ ਪੁੱਤਰ ਹੈਂ, ਤੇ ਮਹਾਨ ਤੇਜੱਸਵੀ ਯੋਧੇ ਤੇਗ਼ਧਾਰੀ ਗੁਰੂ ਦਾ ਸਿੱਖ ਹੈਂ, ਉਨ੍ਹਾਂ ਦੇ ਹੀ ਪਾਏ ਪੂਰਨਿਆਂ ‘ਤੇ ਤੁਰਨ ਲਈ ਤੱਤਪਰ ਰਹੀਂ ਤੇ ਆਪਣੀ ਸੰਗਤ ਦੇ ਅਪਾਰ ਗੂੜੇ ਰੰਗ ਨਾਲ ਹੋਰ ਬਲੀ ਬੀਰ ਤੇ ਉਮੰਗੀ ਯੋਧੇ ਪੈਦਾ ਕਰੀਂ ਜੋ ਧਰਮ, ਪੰਥ ਤੇ ਦੀਨਾਂ ਦੀ ਰਾਖੀ ਲਈ ਆਪਣਾ ਆਪ ਲਾ ਦੇਣਾ ਸਧਾਰਨ ਜਹੀ ਖੇਡ ਹੀ ਸਮਝਣ, ਤੂੰ ਸੱਚਿਆਈ ਨਾਲ ਸਦੀਵੀ ਪਿਆਰ ਕਰੀਂ, ਸਤਿਗੁਰੂ ਦੀ ਬਾਣੀ ਚਿੱਤ ਧਰੀਂ, ਆਪ ਜਪੀਂ ਤੇ ਹੋਰਨਾਂ ਨੂੰ ਜਪਾਵੀਂ, ਪੰਥ ਲਈ ਜੀਣਾ, ਪੰਥ ਲਈ ਮਰਨਾ, ਧਰਮ ਦੇ ਵਾਧੇ ਅਤੇ ਪੰਥ ਦੇ ਵਾਧੇ ਦੀ ਸੇਵਾ ਵਿੱਚ ਹੀ ਆਪਣਾ ਕਲਿਆਣ ਸਮਝਣਾ। ਮੋਹ ਮਾਇਆ ਤੋਂ ਨਿਰਲੇਪ ਰਹਿ ਕੇ ਮਨ ਗੁਰੂ ਚਰਨਾਂ ਵਿੱਚ ਜੋੜੀ ਰੱਖਣਾ, ਤੂੰ ਸਿੱਖ ਹੈਂ ਹੋਰ ਵਧੀਕ ਕੀ ਦੱਸਾਂ, ਬੱਸ ਸਿੱਖੀ ਜੀਵਨ ਬਤੀਤ ਕਰੀਂ ਤਾਂ ਕਿ ਮੇਰੀ ਕੁੱਖ ਨੂੰ ਦਾਗ਼ ਨਾ ਲੱਗੇ। ਪੁੱਤਰ ਮੈਂ ਤੈਨੂੰ ਗੁਰੂ ਦੇ ਹਵਾਲੇ ਛੱਡ ਕੇ ਜਾ ਰਹੀਂ ਹਾਂ ਤੇ ਏਨਾ ਆਖ ਕੇ ਮਾਤਾ ਨੇ ਸਦਾ ਲਈ ਅੱਖਾਂ ਮੀਟ ਲਈਆਂ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੀ।

ਆਪਣੀ ਮਾਤਾ ਦੇ ਸਸਕਾਰ ਅਤੇ ਅੰਤਿਮ ਅਰਦਾਸ ਤੋਂ ਬਾਅਦ ਧਾਰਮਿਕ ਰਸਮਾਂ ਦੀ ਸਮਾਪਤੀ ਕਰਨ ਤੋਂ ਬਾਅਦ ਫੂਲਾ ਸਿੰਘ ਪੱਕੇ ਤੌਰ ‘ਤੇ ਅਕਾਲੀ ਨਰੈਣ ਸਿੰਘ ਦੇ ਡੇਰੇ ‘ਤੇ ਆ ਗਏ, ਇਥੇ ਆ ਕੇ ਫੂਲਾ ਸਿੰਘ ਨੇ ਅਕਾਲੀ ਸ਼ਸ਼ਤਰ ਬਸ਼ਤਰ ਪਹਿਨ ਲਏ ਅਤੇ ਮਿਸਲ–ਸ਼ਹੀਦਾਂ ਵਿੱਚ ਸ਼ਾਮਿਲ ਹੋ ਗਏ। ਇਨ੍ਹੀਂ ਦਿਨੀਂ ਅਕਾਲੀ ਨਰੈਣ ਸਿੰਘ ਜੀ ਅਨੰਦਪੁਰ ਵਿਖੇ ਰਹਿੰਦੇ ਸਨ, ਫੂਲਾ ਸਿੰਘ ਜੀ ਨੇ ਅਕਾਲੀ ਨਰੈਣ ਸਿੰਘ ਦੇ ਜਥੇ ਨਾਲ ਰਲ ਕੇ ਅਨੰਦਪੁਰ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਦੇ ਰਹੇ। ਫੂਲਾ ਸਿੰਘ ਜੀ ਦਾ ਜੰਗੀ ਅਭਿਆਸ, ਸ਼ੁੱਧ ਆਚਰਣ, ਧਾਰਮਿਕ ਜੋਸ਼, ਸੇਵਾ ਸਿਮਰਣ, ਦ੍ਰਿੜ੍ਹਤਾ ਤੇ ਦਲੇਰੀ ਦਾ ਜਥੇ ਵਿੱਚ ਏਨਾ ਪ੍ਰਭਾਵ ਵੱਧ ਗਿਆ ਕਿ ਅਕਾਲੀ ਨਰੈਣ ਜੀ ਤੋਂ ਬਾਅਦ ਫੂਲਾ ਸਿੰਘ ਹੀ ਜਥੇ ਦੇ ਜਥੇਦਾਰ ਥਾਪੇ ਗਏ ਅਤੇ ਇਸ ਤੋਂ ਬਾਅਦ ਆਪ ਜੀ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ ਅਤੇ ਆਪਣੇ ਆਪ ਨੂੰ ਸਮੁੱਚੇ ਪੰਥ ਦਾ ਸੇਵਾਦਾਰ ਸਮਝਦੇ ਰਹੇ।

ਸੰਨ 1857 (1800 ਈਸਵੀ) ਨੂੰ ਅਕਾਲੀ ਫੂਲਾ ਸਿੰਘ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ ਅਤੇ ਆਪ ਜੀ ਨੇ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਅੰਦਰ ਜੋ ਗੁਰਮਤਿ ਵਿਰੁੱਧ ਕੁਰੀਤੀਆਂ ਪ੍ਰਚੱਲਤ ਹੋ ਗਈਆਂ ਸਨ ਉਹ ਬੰਦ ਕਰਵਾਈਆਂ ਅਤੇ ਗੁਰਮਤਿ ਅਨਸਾਰੀ ਨਵੇਂ ਸਿਰਿਉਂ ਸੇਵਾ ਸ਼ੁਰੂ ਕਰਵਾਈ, ਆਪ ਜੀ ਨੇ ਅਕਾਲ ਤਖ਼ਤ ਅਤੇ ਅੰਮ੍ਰਿਤਸਰ ਦੇ ਸਾਰੇ ਗੁਰਦੁਆਰਿਆਂ ਅਤੇ ਸਰੋਵਰਾਂ ਦਾ ਪ੍ਰਬੰਧ ਆਪਣੀ ਨਿਗਰਾਨੀ ਹੇਠ ਕਰਕੇ ਸੁਧਾਰ ਕੀਤਾ। ਇਨ੍ਹਾਂ ਹੀ ਦਿਨਾਂ ਵਿੱਚ 1801 ਈ. ਨੂੰ ਮਹਾਰਾਜਾ ਰਣਜੀਤ ਨੇ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਲਈ ਚੜ੍ਹਾਈ ਕਰ ਦਿੱਤੀ, ਏਥੇ ਇਹ ਦੱਸਣਾ ਕੁਥਾਂਹ ਨਹੀਂ ਹੋਵੇਗਾ ਕਿ ਭੰਗੀਆਂ ਮਿਸਲ ਦੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾ ਸਿੰਘ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਵਿਰੋਧੀ ਸਨ ਅਤੇ ਅਜੇ ਤੱਕ ਉਹ ਮਹਾਰਾਜਾ ਰਣਜੀਤ ਸਿੰਘ ਦੇ ਅਨੁਸਾਰੀ ਨਹੀਂ ਸੀ ਹੋਏ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਮਿਸਲ ਦੇ ਸਰਦਾਰਾਂ ‘ਤੇ ਚੜ੍ਹਾਈ ਕੀਤੀ ਤਾਂ ਲੜਾਈ ਆਰੰਭ ਹੁੰਦਿਆਂ ਹੀ ਅਕਾਲੀ ਫੂਲਾ ਸਿੰਘ ਦੋਨੋਂ ਸਿੱਖ ਫੌਜਾਂ ਦੇ ਵਿੱਚਕਾਰ ਹੋ ਖਲੋਤੇ ਅਤੇ ਦੋਹਾਂ ਸਿੱਖ ਸਰਦਾਰਾਂ ਨੂੰ ਘਰ ਵਿੱਚ ਲੜਨ ਤੋਂ ਮਨ੍ਹਾਂ ਕਰ ਦਿੱਤਾ। ਆਪ ਜੀ ਨੇ ਦੋਹਾਂ ਧਿਰਾਂ ਵਿੱਚ ਸੁਲ੍ਹਾ ਕਰਵਾ ਦਿੱਤੀ, ਭੰਗੀ ਸਰਦਾਰ ਰਣਜੀਤ ਸਿੰਘ ਦੇ ਅਨਸਾਰੀ ਹੋ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਦੇ ਗੁਜ਼ਾਰੇ ਲਈ ਬਹੁਤ ਸਾਰੀ ਜਗੀਰ ਬਖ਼ਸ਼ ਦਿੱਤੀ। ਅਕਾਲੀ ਫੂਲਾ ਸਿੰਘ ਦੀ ਇਸ ਦੂਰ ਅੰਦੇਸ਼ੀ ਨੇ ਖ਼ਾਲਸਾ ਪੰਥ ਵਿੱਚ ਅਕਾਲੀ ਜੀ ਦਾ ਰੁੱਤਬਾ ਹੋਰ ਵੀ ਉੱਚਾ ਕਰ ਦਿੱਤਾ। ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ ਕਿ ਖ਼ਾਲਸਾ ਰਾਜ ਦੇ ਵਾਧੇ ਲਈ ਕਸੂਰ ਮਲਤਾਨ ਅਤੇ ਕਸ਼ਮੀਰ ਨੂੰ ਖ਼ਾਲਸਾ ਰਾਜ ਵਿੱਚ ਮਿਲਾਉਣ ਲਈ ਅਕਾਲੀ ਜੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਕੀਤੀ ਜੰਗੀ ਸਹਾਇਤਾ ਦਾ ਵਿਸਥਾਰ ਲਿਖਿਆ ਜਾ ਸਕੇ। ਏਥੇ ਜ਼ਿਕਰਯੋਗ ਹੈ ਕਿ ਅਕਾਲੀ ਫੂਲਾ ਸਿੰਘ ਜੀ ਨੇ ਖ਼ਾਲਸਾ ਰਾਜ ਦੇ ਵਾਧੇ ਲਈ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਪੂਰਨ ਸੁਤੰਤਰ ਹੋ ਕੇ ਕੀਤੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਗੀ ਨਹੀਂ ਕਬੂਲ ਕੀਤੀ। ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਮੀਰੀ ਪੀਰੀ ਦੇ ਮਾਲਿਕ ਅਤੇ ਅਕਾਲ ਤਖ਼ਤ ਦੇ ਸਾਜਣਹਾਰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਧਾਂਤ ਅਤੇ ਪਰੰਪਰਾ ਨੂੰ ਕਾਇਮ ਰੱਖਿਆ ਕਿ ਅਕਾਲ ਤਖ਼ਤ ਨਾ ਮੁਗਲਾਂ ਦੀ ਦਿੱਲੀ ਹਕੂਮਤ ਦੇ ਅਧੀਨ ਹੋਇਆ ਅਤੇ ਨਾ ਹੀ ਕਿਸੇ ਸਿੱਖ ਰਾਜੇ ਦੇ ਅਧੀਨ ਹੈ, ਅਕਾਲ ਤਖ਼ਤ ਦੀ ਹੋਂਦ ਤੇ ਮਰਿਯਾਦਾ ਸੁਤੰਤਰ ਹੈ। ਅਕਾਲ ਤਖ਼ਤ ਸਿੱਖ ਪੰਥ ਦੀਆਂ ਧਾਰਮਿਕ ਅਤੇ ਰਾਜਨੀਤਕ ਰੁਚੀਆਂ ਦਾ ਸੁਮੇਲ ਹੈ।



ਅਕਾਲੀ ਫੂਲਾ ਸਿੰਘ ਜੀ ਖ਼ਾਲਸਾ ਰਾਜ ਦੇ ਉਸਰਈਏ ਅਤੇ ਮੁਦਈ ਹੋਣ ਕਰਕੇ ਆਪ ਜੀ ਦਾ ਮਹਾਰਾਜਾ ਰਣਜੀਤ ਨਾਲ ਹੇਠ ਲਿਖੇ ਕਾਰਣਾਂ ਕਰਕੇ ਮੱਤ ਭੇਦ ਹੋ ਗਏ (1) ਮਹਾਰਾਜਾ ਰਣਜੀਤ ਸਿੰਘ ਦਾ ਡੋਗਰਿਆਂ ਨੂੰ ਜ਼ਿੰਮੇਵਾਰੀਆਂ ਦੇ ਅਹੁਦੇ ਦੇਣਾ। (2) ਮਿਸਰ ਗੰਗਾ ਰਾਮ ਦੀਆਂ ਮਨ ਭਾਉਂਦੀਆਂ ਕਾਰਵਾਈਆਂ। (3) ਇਸੇ ਮਿਸਰ (ਬ੍ਰਾਹਮਣ) ਦਾ ਆਪਣੇ ਸਾਕਾ ਸੰਬੰਧੀਆਂ ਨੂੰ ਆਪਣੇ ਦਰਬਾਰ ਵਿੱਚ ਭਰਤੀ ਕਰ ਕੇ ਫੌਜ ਵਿੱਚ ਉੱਚੇ ਅਹੁਦਿਆਂ ‘ਤੇ ਤਾਇਨਾਤ ਕਰਨਾ। (4) ਇਨ੍ਹਾਂ ਲੋਕਾਂ ਦਾ ਸ਼ਹਿਜ਼ਾਦਾ ਖੜਗ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਵਿੱਚ ਫੁੱਟ ਪੁਆਉਣ ਲਈ ਜਤਨ ਕਰਦੇ ਰਹਿਣਾ। (5) ਕੰਵਰ ਸ਼ੇਰ ਸਿੰਘ ਤੋਂ ਮਹਾਰਾਜੇ ਦਾ ਦਿਲ ਬਦਜ਼ਨ ਕਰਦੇ ਰਹਿਣਾ। ਇਨ੍ਹਾਂ ਗੱਲਾਂ ਕਰਕੇ ਅਤੇ ਭਵਿੱਖ ਵਿੱਚ ਖ਼ਾਲਸਾ ਰਾਜ ਦੀ ਨੀਂਹ ਕਮਜ਼ੋਰ ਹੁੰਦੀ ਦੇਖ ਕੇ ਆਪ ਇਸ ਖ਼ਤਰੇ ਨੂੰ ਅਨੁਭਵ ਕਰ ਕੇ ਸਿੱਧੇ ਲਾਹੌਰ ਪਹੁੰਚ ਗਏ। ਇਧਰ ਜਦ ਡੋਗਰਿਆਂ ਅਤੇ ਮਿਸਰਾਂ ਨੂੰ ਜਿਹੜੇ ਉੱਚ ਅਹੁਦੇ ਹਥਿਆਉਣ ਲਈ ਅੰਮ੍ਰਿਤ ਛੱਕ ਕੇ ਭੇਖੀ ਸਿੱਖ ਬਣੇ ਹੋਏ ਸਨ ਨੂੰ ਅਕਾਲੀ ਫੂਲਾ ਸਿੰਘ ਜੀ ਦੇ ਮਹਾਰਾਜੇ ਨੂੰ ਮਿਲਣ ਲਈ ਲਾਹੌਰ ਪਹੁੰਚਣ ਦੀ ਖ਼ਬਰ ਮਿਲੀ ਤਾਂ ਇਨ੍ਹਾਂ ਭੇਖੀ ਗੱਦਾਰਾਂ ਨੇ ਐਸੀਆਂ ਚਾਲਾਂ ਚੱਲੀਆਂ ਕਿ ਕਈ ਦਿਨਾਂ ਤੱਕ ਅਕਾਲੀ ਫੂਲਾ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਨਾ ਮਿਲਣ ਦਿੱਤਾ ਗਿਆ। ਅਕਾਲੀ ਫੂਲਾ ਸਿੰਘ ਇਕ ਦਿਨ ਬਦੋ ਬਦੀ ਕਿਲੇ ਅੰਦਰ ਜਾ ਵੜੇ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਜਾ ਫਤਹਿ ਗਜਾਈ। ਮਹਾਰਾਜਾ ਅੱਗੋਂ ਬੜੇ ਪਿਆਰ ਤੇ ਸਤਿਕਾਰ ਨਾਲ ਮਿਲਿਆ ਅਤੇ ਜਦੋਂ ਲੰਗਰ ਦਾ ਗੱਫਾ ਅੱਗੋਂ ਰੱਖਿਆ ਤਾਂ ਅਕਾਲੀ ਜੀ ਨੇ ਲੰਗਰ ਸਵੀਕਾਰ ਕਰਨ ਤੋਂ ਇਹ ਕਹਿ ਕੇ ਸੰਕੋਚ ਕੀਤਾ ਕਿ ਸਿੰਘ ਸਾਹਿਬ ਜੀ ਆਪ ਖ਼ਾਲਸਾ ਰਾਜ ਵਿੱਚ ਅਨਮਤੀਆਂ ਮਿਸਰਾਂ ਨੂੰ ਡੋਗਰਿਆਂ ਨੂੰ ਅਹੁਦੇ ਦੇ ਕੇ ਆਪ ਨੀਤੀ ਦੇ ਵਿਰੁੱਧ ਕੰਮ ਕਰ ਰਹੇ ਹੋ, ਇਹ ਤਰੀਕਾ ਖ਼ਾਲਸਾ ਰਾਜ ਲਈ ਬਹੁਤ ਹੀ ਹਾਨੀਕਾਰਕ ਹੈ। ਸ੍ਰੀ ਕਲਗੀਧਰ ਪਾਤਿਸ਼ਾਹ ਜੀ ਨੇ ਆਪ ਨੂੰ ਆਪਣੇ ਪਿਆਰੇ ਪੰਥ ਦਾ ਮਾਲੀ ਥਾਪਿਆ ਹੈ

**ਬਾਕੀ ਹਿਸਾ ਸਫਾ 32 ਤੇ ਪੜ੍ਹੋ**

**31 ਸਫ਼ੇ ਦੀ ਬਾਕੀ**

ਜੇਕਰ ਆਪ ਆਪਣੇ ਇਸ ਤਰੀਕੇ ਨੂੰ ਨਹੀਂ ਬਦਲੋਗੇ ਤਾਂ ਇਹ ਸਾਡੀ ਆਪ ਜੀ ਨੂੰ ਛੇਕੜਲੀ ਫਤਹਿ ਹੈ ਆਪ ਜਾਣੋ ਤੇ ਆਪ ਦਾ ਕੰਮ ਜਾਣੇ। ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਗੱਲ ਬਾਤ ਨੂੰ ਬੜੇ ਠੰਡੇ ਮਨ ਨਾਲ ਸੁਣਿਆ ਪਰ ਇਸ ਨੂੰ ਵਰਤੋਂ ਵਿੱਚ ਲਿਆਉਣ ਲਈ ਅਕਾਲੀ ਜੀ ਨੂੰ ਕੋਈ ਤਸੱਲੀ ਬਖ਼ਸ਼ ਜਵਾਬ ਨਾ ਦੇ ਸਕੇ। ਅਕਾਲੀ ਫੂਲਾ ਸਿੰਘ ਨੇ ਉਸੇ ਵੇਲੇ ਬਿਨਾਂ ਅੰਨ ਪਾਣੀ ਛਕਿਆਂ ਹੀ ਲਾਹੌਰ ਤੋਂ ਕੂਚ ਕਰ ਦਿੱਤਾ ਤੇ ਦੂਜੇ ਦਿਨ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਅਤੇ ਇਥੋਂ ਉਸੇ ਦਿਨ 11 ਭਾਦਰੋਂ (ਸੰਮਤ 1871 ਬਿਕਰਮੀ ਨੂੰ) ਸ੍ਰੀ ਅਨੰਦਪੁਰ ਸਾਹਿਬ ਵੱਲ ਜਾਣ ਦੀ ਤਿਆਰੀ ਕਰ ਦਿੱਤੀ। ਅਕਾਲੀ ਫੂਲਾ ਸਿੰਘ ਜਦੋਂ ਸਣੇ ਅਕਾਲੀ ਦਲ ਦੇ ਅਨੰਦਪੁਰ ਵੱਲ ਵਧਿਆ ਤਾਂ ਅੰਗ੍ਰੇਜ਼ੀ ਵਕੀਲ ਜੋ ਕਿ ਲੁਧਿਆਣੇ ਸੀ ਬੜਾ ਘਬਰਾਇਆ ਭਾਵੇਂ ਉਸ ਦਾ ਇਹ ਵਹਿਮ ਸੀ ਕਿ ਉਸ ਨੇ ਇਸ ਬਾਰੇ ਬ੍ਰਿਟਿਸ਼ ਏਜੰਟ ਨੂੰ ਰਿਪੋਰਟ ਭੇਜੀ, ਪਰ ਅਕਾਲੀ ਜੀ ਬਿਨਾਂ ਰੋਕ ਟੋਕ ਸਿੱਧੇ ਅਨੰਦਪੁਰ ਪਹੁੰਚ ਗਏ।

ਅਕਾਲੀ ਫੂਲਾ ਸਿੰਘ ਜੀ ਨੂੰ ਅਨੰਦਪੁਰ ਪਹੁੰਚਿਆਂ ਅਜੇ ਥੋੜੇ ਦਿਨ ਹੀ ਬੀਤੇ ਸਨ ਕਿ ਦੇਵ ਨੇਤ ਨਾਲ ਸ਼ਾਹਜ਼ਾਦਾ ਪ੍ਰਤਾਪ ਸਿੰਘ ਜੀਂਦ ਦੀ ਕਈ ਰਿਆਸਤੀ ਕੰਮਾਂ ਵਿੱਚ ਸੰਪਤੀ ਭੇਦ ਦੇ ਕਾਰਣ ਸਰਕਾਰ ਨਾਲ ਖਟਪਟੀ ਹੋ ਗਈ ਅਤੇ ਇਸ ਆਪਣੇ ਬਚਾਉ ਲਈ 16 ਅੱਸੂ, ਸੰਮਤ 1871 ਬਿਕਰਮੀ ਨੂੰ ਸਿੱਧਾ ਸ੍ਰੀ ਅਨੰਦਪੁਰ ਸਾਹਿਬ ਪਹੁੰਚਾ ਅਤੇ ਅਕਾਲੀ ਫੂਲਾ ਸਿੰਘ ਕੋਲ ਪਨਾਹ ਲੈ ਲਈ, ਅਕਾਲੀ ਜੀ ਦਾ ਡੇਰਾ ਜੋ ਸਦਾ ਲੋੜਵੰਦਾਂ ਅਤੇ ਦੀਨਾਂ ਦੀ ਰੱਖਿਆ ਲਈ ਸਦਾ ਖੁੱਲ੍ਹਾ ਰਹਿੰਦਾ ਸੀ ਆਪ ਜੀ ਨੇ ਕੰਵਰ ਪ੍ਰਤਾਪ ਸਿੰਘ ਨੂੰ ਆਪ ਕੋਲ ਠਹਿਰਾ ਲਿਆ, ਜਦੋਂ ਇਸ ਗੱਲ ਦਾ ਅੰਗ੍ਰੇਜ਼ੀ ਏਜੰਟ ਨੂੰ ਪਤਾ ਲੱਗਾ ਤਾਂ ਉਨ੍ਹਾਂ ਅਕਾਲੀ ਜੀ ਤੋਂ ਕੰਵਰ ਪ੍ਰਤਾਪ ਸਿੰਘ ਦੀ ਮੰਗ ਕੀਤੀ ਪਰ ਅਕਾਲੀ ਜੀ ਨੇ ਇਹ ਆਖ ਕੇ ਏਜੰਟ ਵਾਪਿਸ ਭੇਜ ਦਿੱਤਾ ਕਿ ਅਸੀਂ ਪ੍ਰਤਾਪ ਸਿੰਘ ਨੂੰ ਤੇਰੇ ਹਵਾਲੇ ਨਹੀਂ ਕਰ ਸਕਦੇ ਕਿਉਂਕਿ ਗੁਰੂ ਦਾ ਦਰ ਸਭ ਲਈ ਖੁੱਲ੍ਹਾ ਹੈ, ਆਏ ਨੂੰ ਅਸੀਂ ਕੱਢਦੇ ਨਹੀਂ ਅਤੇ ਜਾਂਦੇ ਨੂੰ ਰੋਕਦੇ ਨਹੀਂ। ਅਕਾਲੀ ਜੀ ਦਾ ਜਵਾਬ ਸੁਣ ਕੇ ਅੰਗ੍ਰੇਜ਼ੀ ਏਜੰਟ ਨੇ ਸਤੰਬਰ ਸੰਨ 1814 ਨੂੰ ਲਿਖਿਆ ਕਿ ਅਕਾਲੀ ਫੂਲਾ ਸਿੰਘ ਅੰਗ੍ਰੇਜ਼ੀ ਇਲਾਕੇ ਵਿੱਚ ਗੜਬੜ ਕਰਨ ਲਈ ਆਇਆ ਹੈ ਇਸ ਕਰਕੇ ਇਸ ਨੂੰ ਆਪਣੇ ਇਲਾਕੇ ਵਿੱਚ ਮੰਗਵਾ ਲਵੋ। ਅੰਗ੍ਰੇਜ਼ੀ ਏਜੰਟ ਦੀ ਇਹ ਚਿੱਠੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਨੇ ਪੜ੍ਹੀ ਤਾਂ ਉਨ੍ਹਾਂ ਨੇ ਇਕ ਡੂੰਘੀ ਸਾਜਿਸ਼ ਕਰਕੇ ਅਕਾਲੀ ਫੂਲਾ ਸਿਘ ਨੂੰ ਅੰਗ੍ਰੇਜ਼ਾਂ ਅਤੇ ਮਹਾਰਾਜੇ ਵਿੱਚ ਫੁੱਟ ਪਾਉਣ ਵਾਲਾ ਦੱਸਕੇ ਉਸ ਤੋਂ ਮਨਜ਼ੂਰੀ ਲੈ ਲਈ ਕਿ ਫਿਲੌਰ ਦੇ ਕਿਲੇ-ਦਾਰ ਨੂੰ ਹੁਕਮ ਦਿੱਤਾ ਕਿ ਅਕਾਲੀ ਫੂਲਾ ਸਿੰਘ 'ਤੇ ਚੜ੍ਹਾਈ ਕਰ ਕੇ ਉਸ ਨੂੰ ਜਿਸ ਤਰ੍ਹਾਂ ਹੋ ਸਕੇ ਆਪਣੇ ਇਲਾਕੇ ਵਿੱਚ ਲਿਆਂਦਾ ਜਾਵੇ। ਦੀਵਾਨ ਮੋਤੀ ਰਾਮ ਇਸ ਹੁਕਮ ਅਨੁਸਾਰ ਅਕਤੂਬਰ 1814 ਨੂੰ ਮਾਖੋਵਾਲ ਦੇ ਮੈਦਾਨ ਵਿੱਚ ਮੋਤੀ ਰਾਮ ਨੇ ਜਦੋਂ ਆਪਣੀ ਫੌਜ ਨੂੰ ਅਕਾਲੀ ਫੂਲਾ ਸਿੰਘ ਨੂੰ ਫੌਜੀ ਘੇਰਾ ਪਾ ਕੇ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ, ਤਾਂ ਮੋਤੀ ਰਾਮ ਹੱਕਾ-ਬੱਕਾ ਰਹਿ ਗਿਆ ਜਦੋਂ ਉਸ ਦੀ ਫੌਜ ਨੇ ਅੱਗੇ ਵੱਧਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਹਥਿਆਰ ਜਮੀਨ ਉੱਤੇ ਰੱਖ ਕੇ ਆਖਿਆ, ਕਿ ਅਸੀਂ ਅਕਾਲੀ ਫੂਲਾ ਸਿੰਘ ਵਰਗੇ ਧਰਮੀ ਯੋਧੇ ਮਹਾਂਪੁਰਖ ਨੂੰ ਗ੍ਰਿਫ਼ਤਾਰ ਕਰਨ ਦੀ ਅਵੱਗਿਆ ਨਹੀਂ ਕਰਾਂਗੇ ਭਾਵੇਂ ਸਾਨੂੰ ਆਪਣਾ ਸਿਰ ਵੀ ਕਿਉਂ ਨਾ ਦੇਣਾ ਪਵੇ। ਇਸ ਘਟਨਾ ਤੋਂ ਸਾਫ ਜਾਹਿਰ ਹੋ ਜਾਂਦਾ ਹੈ ਕਿ ਅਕਾਲੀ ਫੂਲਾ ਸਿੰਘ ਜੀ ਦਾ ਆਮ ਲੋਕਾਂ ਦੇ ਦਿਲਾਂ ਵਿੱਚ ਕਿਨਾ ਡੂੰਘਾ ਪਿਆਰ ਸਤਿਕਾਰ ਅਤੇ ਦਬਦਬਾ ਸੀ। ਖ਼ਾਲਸਾ ਰਾਜ ਦੇ ਗੁੱਝੇ ਵੈਰੀਆਂ ਦੀ ਅਕਾਲੀ ਜੀ ਨੂੰ ਬਦਨਾਮ ਕਰਨ ਦੀ ਇਹ ਕੋਸ਼ਿਸ਼ ਉਦੋਂ ਅਸਫਲ ਹੋ ਗਈ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਅਦੁੱਤੀ ਸੂਰਮਤਾਈ ਤੇ ਕੌਮ ਵਿੱਚ ਅਮਿੱਟ ਪਿਆਰ ਵੇਖਿਆ ਤਾਂ ਉਸ ਨੇ ਉਸੀ ਵਕਤ ਫੌਜ ਨੂੰ ਵਾਪਿਸ ਮੁੜਨ ਲਈ ਹੁਕਮ ਭਿਜਵਾ ਦਿੱਤਾ।

ਇਸ ਘਟਨਾ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਬੇਦੀ ਦੀ ਡਿਊਟੀ ਲਾਈ ਕਿ ਜਿਸ ਤਰ੍ਹਾਂ ਵੀ ਹੋ ਸਕੇ ਅਕਾਲੀ ਜੀ ਨੂੰ ਸਾਡੇ ਪਾਸ ਲੈ ਕੇ ਆਉ ਅਤੇ ਸਾਡੇ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਉ ਕਿ ਜਿਥੋਂ ਤੱਕ ਹੋ ਸਕੇਗਾ ਸਹਿਜੇ ਉਨ੍ਹਾਂ ਦੀ ਇੱਛਾ ਪੂਰੀ ਕੀਤੀ ਜਾਵੇਗੀ। ਬਾਬਾ ਸਾਹਿਬ ਜੀ ਨੇ ਅਕਾਲੀ ਫੂਲਾ ਸਿੰਘ ਪਾਸ ਮਹਾਰਾਜਾ ਰਣਜੀਤ ਸਿੰਘ ਦਾ ਸੁਨੇਹਾ ਦੇ ਕੇ ਬੇਨਤੀ ਕੀਤੀ ਕਿ ਆਪ ਜੀ ਵਾਪਿਸ ਅੰਮ੍ਰਿਤਸਰ ਆ ਜਾਉ। ਅਕਾਲੀ ਫੂਲਾ ਸਿੰਘ ਜੀ ਦਾ ਕਿਸੇ ਨਾਲ ਜਾਤੀ ਵੈਰ ਤਾਂ ਹੈ ਨਹੀਂ ਸੀ ਇਸ ਕਰਕੇ ਉਹ ਵਾਪਿਸ ਅੰਮ੍ਰਿਤਸਰ ਸਾਹਿਬ ਪੰਥ ਦੀ ਸੇਵਾ ਲਈ ਮੁੜ ਪਏ। ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਅਕਾਲੀ ਫੂਲਾ ਸਿਘ ਜੀ ਦੇ ਅੰਮ੍ਰਿਤਸਰ ਪਹੁੰਚਣ ਦੀ ਖ਼ਬਰ ਮਿਲੀ ਤਾਂ ਸ਼ੇਰੇ ਪੰਜਾਬ ਉਸੇ ਵੇਲੇ ਕਈ ਨਾਮਵਰ ਸਰਦਾਰਾਂ ਨੂੰ ਆਪਣੇ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਅਕਾਲੀ ਫੂਲਾ ਸਿੰਘ ਜੀ ਨੂੰ ਮਿਲਣ ਆਏ ਤੇ ਬਹੁਤ ਪ੍ਰਸੰਨ ਹੋਏ। ਸ਼ੇਰੇ ਪੰਜਾਬ ਨੇ ਲੰਗਰ ਦੀ ਜਗੀਰ ਵਧਾਈ ਅਤੇ ਬਹੁਤ ਸਾਰੀਆਂ ਬਾਰਕਾਂ ਬਣਵਾਵਣ ਦਾ ਹੁਕਮ ਦਿੱਤਾ, ਦਾ ਨਾਮ ਅਕਾਲੀਆਂ ਦੀ ਛਾਉਣੀ ਪ੍ਰਸਿੱਧ ਹੋਇਆ (ਸ਼ਹਿਰ ਦੇ ਇਸ ਹਿੱਸੇ ਨੂੰ ਹੁਣ ਤੱਕ ਨਿਹੰਗਾਂ ਦੀ ਛਉਣੀ ਆਖਦੇ ਹਨ) ਉਸ ਸਮੇਂ ਅਕਾਲੀ ਫੂਲਾ ਸਿੰਘ ਪਾਸ ਅਕਾਲੀ ਦਲ ਵਿੱਚ 3000 ਹਜਾਰ ਤੋਂ ਵੱਧ ਜਵਾਨ ਤਿਆਰ-ਬਰ-ਤਿਆਰ ਰਹਿੰਦੇ ਸਨ। ਜਿਨ੍ਹਾਂ ਵਿੱਚੋਂ 1200 ਘੋੜ ਸਵਾਰ ਅਤੇ ਬਾਕੀ ਪੈਦਲ ਜਵਾਨ ਸਨ।

ਖ਼ਾਲਸਾ ਰਾਜ ਦਾ ਅਟਕੋਂ ਪਾਰ ਤੱਕ ਝੰਡਾ ਝੂਲਦਾ ਸੀ ਪਠਾਣ ਕੌਮ ਦੇ ਆਗੂਆਂ ਨੇ ਕਈ ਵਾਰੀ ਸਿੱਖਾਂ ਨਾਲ ਟੱਕਰ ਲਈ ਅਤੇ ਬਹੁਤ ਬੁਰੀ ਤਰ੍ਹਾਂ ਹਾਰਦੇ ਰਹੇ। ਇਸ ਵਾਰ ਕਾਬਲ ਦਾ ਵਜੀਰ ਮੁਹੰਮਦ ਅਜੀਮ ਖਾਂ ਸਿੱਖਾਂ ਨਾਲ ਆਰ-ਪਾਰ ਦੀ ਲੜਾਈ ਲੜਨਾ ਚਾਹੁੰਦਾ ਸੀ, ਉਹ ਜਨਵਰੀ 1823 ਨੂੰ ਕਾਬਲੋਂ ਤੁਰਿਆ ਤੇ ਮਾਰਚ 1823 ਨੂੰ ਦਰਿਆ ਲੁੰਡੇ ਦੇ ਕੰਢੇ ਖੇਸ਼ਗੀ ਦੇ ਮੈਦਾਨ ਵਿੱਚ ਆ ਪੁੱਜਾ, ਪਠਾਣ ਨੌਸ਼ਹਿਰੇ ਅਤੇ ਸਿੱਖ ਆਕੋੜਾ ਦੇ ਮੈਦਾਨ ਵਿੱਚ ਡੱਟ ਗਏ। ਸਿੱਖਾਂ ਨੇ 14 ਮਾਰਚ, 1823 ਈਸਵੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਧਰਮ ਯੁੱਧ ਵਾਸਤੇ ਅਰਦਾਸਾ ਸੋਧਿਆ। ਇਸ ਅਰਦਾਸੇ ਵਿੱਚ ਮਹਾਰਾਜਾ ਰਣਜੀਤ ਸਿੰਘ, ਜੰਗੀ ਸਰਦਾਰ ਅਤੇ ਅਕਾਲੀ ਫੂਲਾ ਸਿੰਘ ਹਾਜਰ ਸਨ। ਗੁਰਮਤਾ ਸੋਧਿਆ ਗਿਆ ਕਿ ਵੈਰੀ ਉੱਤੇ ਧਾਵਾ ਬੋਲਿਆ ਜਾਵੇ। ਅਕਾਲੀ ਫੂਲਾ ਸਿੰਘ ਦਾ ਜਥਾ ਮੈਦਾਨੇ ਜੰਗ ਨੂੰ ਰਵਾਨਾ ਹੋ ਚੁੱਕਾ ਜਦੋਂ ਸ਼ੇਰੇ ਪੰਜਾਬ ਨੂੰ ਸੂਹੀਏ ਖ਼ਬਰ ਦਿੱਤੀ ਪਠਾਣਾ ਕੋਲ ਭਾਰੀ ਤੋਪਖਾਨੇ ਬੀੜੇ ਹੋਏ ਹਨ ਅਤੇ ਸਿੱਖਾਂ ਦਾ ਵੱਡਾ ਤੋਪਖਾਨਾ ਜੋ ਜਰਨੈਲ ਬਨਤੂਰਾ ਲੈ ਕੇ ਆ ਰਿਹਾ ਹੈ ਉਹ ਅਜੇ ਪਹੁੰਚਿਆ ਨਹੀਂ, ਇਸ ਕਰਕੇ ਫੂਲਾ ਸਿੰਘ ਨੂੰ ਅੱਗੇ ਵੱਧਣ ਤੋਂ ਰੋਕ ਲਿਆ ਜਾਵੇ। ਜਦੋਂ ਅਕਾਲੀ ਫੂਲਾ ਸਿੰਘ ਨੂੰ ਅੱਗੇ ਵੱਧਣ ਤੋਂ ਰੋਕਣ ਦਾ ਸੁਨੇਹਾ ਪਹੁੰਚਿਆ, ਤਾਂ ਅਕਾਲੀ ਫੂਲਾ ਸਿੰਘ ਨੇ ਉੱਤਰ ਦਿੱਤਾ ਕਿ ਗੁਰਮਤਾ ਅਤੇ ਅਰਦਾਸ ਕਰਕੇ ਰੁਕਣਾ, ਗੁਰਮਤੇ ਦੀ ਮਰਿਯਾਦਾ ਦੀ ਉਲੰਘਣਾ ਹੈ ਇਸ ਕਰਕੇ ਅਸੀਂ ਹਮਲਾ ਜਰੂਰ ਕਰਾਂਗੇ, ਮਹਾਰਾਜੇ ਨੂੰ ਆਪਣੇ ਤੋਪਖਾਣੇ 'ਤੇ ਮਾਣ ਹੈ ਸਾਨੂੰ ਗੁਰੂ ਦੇ ਸੋਧੇ ਅਰਦਾਸੇ ਉਪਰ ਮਾਣ ਹੈ। ਅਕਾਲੀ ਜੀ ਨੇ ਅੱਗੇ ਵੱਧ ਕੇ ਏਡਾ ਕਹਿਰੀ ਹੱਲਾ ਕੀਤਾ ਕਿ ਪਠਾਣਾਂ ਦੇ ਪੈਰ ਉਖੜ ਗਏ, ਅਕਾਲੀ ਫੌਜ ਨੂੰ ਅੱਗੇ ਵੱਧਦੀ ਵੇਖ ਕੇ ਮਹਾਰਾਜਾ ਨੇ ਦੂਜੀ ਫੌਜ ਨੂੰ ਵੀ ਅੱਗੇ ਵੱਧਣ ਦਾ ਹੁਕਮ ਦੇ ਦਿੱਤਾ। ਨੌਸ਼ਹਿਰੇ ਦੇ ਮੈਦਾਨ ਵਿੱਚ ਬੜਾ ਘਮਸਾਣ ਦਾ ਯੁੱਧ ਹੋਇਆ, ਜਿੱਤ ਖ਼ਾਲਸੇ ਦੀ ਹੋਈ ਪਰ ਇਸ ਯੁੱਧ ਵਿੱਚ ਅਕਾਲੀ ਫੂਲਾ ਸਿੰਘ ਜੀ ਅਰਦਾਸ ਅਤੇ ਗੁਰਮਤੇ ਦੀ ਮਾਣ ਮਰਿਯਾਦਾ ਨੂੰ ਕਾਇਮ ਰੱਖਦੇ ਹੋਏ ਸ਼ਹੀਦੀ ਪਾ ਗਏ। ਅਗਲੇ ਦਿਨ 15 ਮਾਰਚ 1823 ਨੂੰ ਅਕਾਲੀ ਫੂਲਾ ਸਿੰਘ ਜੀ ਦਾ ਅੰਤਿਮ ਸੰਸਕਾਰ ਦਰਿਆ ਲੁੰਡੇ ਦੇ ਕੰਢੇ ਫੌਜਾਂ ਵੱਲੋਂ ਸਲਾਮੀ ਦੇ ਕੇ ਕੀਤਾ ਗਿਆ। ਸ਼ੇਰੇ ਪੰਜਾਬ ਨੇ ਅਕਾਲੀ ਫੂਲਾ ਸਿੰਘ ਦੀ ਯਾਦ ਵਿੱਚ ਉਥੇ ਸਮਾਧ ਬਣਾਉਣ ਦਾ ਹੁਕਮ ਦਿੱਤਾ ਤੇ ਨਾਲ ਹੀ ਚੋਖੀ ਜਗੀਰ ਵੀ ਲਗਾ ਦਿੱਤੀ। ਇਥੇ ਇਹ ਵੀ ਦੱਸਣ ਯੋਗ ਹੈ ਕਿ ਉਪਰੋਕਤ ਜਿਸ ਜੰਗ ਵਿੱਚ ਅਕਾਲੀ ਫੂਲਾ ਸਿੰਘ ਜੀ ਸ਼ਹੀਦ ਹੋਏ ਉਸ ਜੰਗ ਵਿੱਚ ਜਿੱਤ ਖ਼ਾਲਸਾ ਫੌਜਾਂ ਦੀ ਹੋਈ ਤੇ ਪਠਾਨ ਮੈਦਾਨ ਛੱਡ ਕੇ ਭੱਜ ਗਏ।

ਇਹ ਲੇਖ ਬਾਬਾ ਪ੍ਰੇਮ ਸਿੰਘ ਹੋਤੀ ਦੀ ਪੁਸਤਕ ਜੀਵਨੀ ਅਕਾਲੀ ਫੂਲਾ ਸਿੰਘ 'ਤੇ ਆਧਾਰਿਤ ਹੈ।

**-ਜਥੇਦਾਰ ਮਹਿੰਦਰ ਸਿੰਘ ਖਹਿਰਾ**

# ਟਾਈਟਲਰ ਵਿਰੁੱਧ ਸਿੱਖ ਕਤਲੇਆਮ ਦੇ ਦਰਜ ਮਾਮਲੇ ਵਿੱਚ ਫੋਰੈਂਸਿਕ ਵਿਭਾਗ ਦੇ ਅਧਿਕਾਰੀ ਐਸ ਇੰਗ੍ਰਾਸਲ ਤੋਂ ਅਦਾਲਤ ਵਿੱਚ ਕਰਾਸ ਜਿਰ੍ਹਾ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਪੁਲਬੰਗਸ਼ ਗੁਰਦੁਆਰਾ ਹਿੰਸਾ ਮਾਮਲੇ ਦੇ ਦੋਸ਼ੀ ਜਗਦੀਸ਼ ਟਾਈਟਲਰ ਵਿਰੁੱਧ ਦਰਜ ਮਾਮਲੇ ਵਿੱਚ ਬੀਤੇ ਦਿਨ ਫੋਰੈਂਸਿਕ ਵਿਭਾਗ ਦੇ ਅਧਿਕਾਰੀ ਐਸ ਇੰਗ੍ਰਾਸਲ ਤੋਂ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵਿੱਚ ਜਿਰ੍ਹਾ ਕੀਤੀ ਗਈ। ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਫੋਰੈਂਸਿਕ ਵਿਭਾਗ ਦੇ ਸੀਨੀਅਰ ਵਿਗਿਆਨਕ ਅਧਿਕਾਰੀ ਅਮਿਤੋਸ਼ ਕੁਮਾਰ ਦੇ ਬਿਆਨ ਦਰਜ ਕਰਨ ਲਈ 18 ਮਾਰਚ ਦੀ ਤਰੀਕ ਤੈਅ ਕਰਨ ਦਾ ਹੁਕਮ ਦਿੱਤਾ।

ਅਦਾਲਤੀ ਸੁਣਵਾਈ ਦੌਰਾਨ ਜਗਦੀਸ਼ ਟਾਈਟਲਰ ਅਦਾਲਤ ਵਿੱਚ ਮੌਜੂਦ ਸਨ। ਸੁਣਵਾਈ ਦੌਰਾਨ, ਜਗਦੀਸ਼ ਟਾਈਟਲਰ ਵੱਲੋਂ ਪੇਸ਼ ਹੋਏ ਵਕੀਲ ਅਨਿਲ ਕੁਮਾਰ ਸ਼ਰਮਾ ਨੇ ਫੋਰੈਂਸਿਕ ਅਧਿਕਾਰੀ ਐਸ ਇੰਗ੍ਰਾਸਲ ਤੋਂ ਜਿਰ੍ਹਾ ਕੀਤੀ। ਇਸ ਤੋਂ ਪਹਿਲਾਂ, ਐਸ ਇੰਗ੍ਰਾਸਲ ਦਾ ਬਿਆਨ 27 ਫਰਵਰੀ ਨੂੰ ਦਰਜ ਕੀਤਾ ਗਿਆ ਸੀ। ਇੰਗ੍ਰਾਸਲ ਦੇ ਬਿਆਨ ਦੌਰਾਨ ਅਦਾਲਤ ਵਿੱਚ ਇੱਕ ਸੀਡੀ ਚਲਾ ਕੇ ਆਵਾਜ਼ ਦੇ ਨਮੂਨਿਆਂ ਦੀ ਪਛਾਣ ਕੀਤੀ ਗਈ। ਤੁਹਾਨੂੰ ਦੱਸ ਦੇਈਏ ਕਿ 7 ਫਰਵਰੀ ਨੂੰ ਅਦਾਲਤ ਵੱਲੋਂ ਫੋਰੈਂਸਿਕ ਲੈਬਾਰਟਰੀ ਦੇ ਦੂਜੇ ਅਧਿਕਾਰੀ ਦਾ ਬਿਆਨ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 28 ਜਨਵਰੀ ਨੂੰ ਟਾਈਟਲਰ ਦੀ ਆਵਾਜ਼ ਦੇ ਨਮੂਨੇ ਲੈਣ ਵਾਲੇ ਫੋਰੈਂਸਿਕ ਲੈਬਾਰਟਰੀ ਅਧਿਕਾਰੀ ਦਾ ਬਿਆਨ ਦਰਜ ਕੀਤਾ ਗਿਆ ਸੀ। ਜਗਦੀਸ਼ ਟਾਈਟਲਰ ਦਾ ਰਿਕਾਰਡ ਕੀਤਾ ਗਿਆ ਆਵਾਜ਼ ਦਾ ਨਮੂਨਾ ਅਦਾਲਤ ਵਿੱਚ ਚਲਾਇਆ ਗਿਆ। ਬੀਤੀ 12 ਨਵੰਬਰ, 2024 ਨੂੰ ਇਸ ਮਾਮਲੇ ਦੀ ਸ਼ਿਕਾਇਤਕਰਤਾ ਲਖਵਿੰਦਰ ਕੌਰ ਨਾਲ ਜਿਰ੍ਹਾ ਕੀਤੀ ਗਈ ਸੀ ਅਤੇ 3 ਅਕਤੂਬਰ 2024 ਨੂੰ ਸ਼ਿਕਾਇਤਕਰਤਾ ਲਖਵਿੰਦਰ ਕੌਰ ਨੇ ਆਪਣਾ ਬਿਆਨ ਦਰਜ ਕਰਵਾਇਆ ਸੀ। ਲਖਵਿੰਦਰ ਕੌਰ ਨੇ ਕਿਹਾ ਸੀ ਕਿ ਗ੍ਰੰਥੀ ਸੁਰੇਂਦਰ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਪਤੀ ਬਾਦਲ ਸਿੰਘ ਦਾ ਗੁਰਦੁਆਰਾ ਪੁਲਬੰਗਸ਼ ਨੇੜੇ ਭੀੜ ਨੇ ਕਤਲ ਕਰ ਦਿੱਤਾ ਸੀ। ਜਗਦੀਸ਼ ਟਾਈਟਲਰ ਭੀੜ ਨੂੰ ਭੜਕਾ ਰਿਹਾ ਸੀ ਅਤੇ ਸਿੱਖਾਂ ਨੂੰ ਮਾਰਨ, ਉਨ੍ਹਾਂ ਨੂੰ ਤਬਾਹ ਕਰਨ, ਗੁਰਦੁਆਰੇ ਨੂੰ ਅੱਗ ਲਗਾਉਣ ਲਈ ਕਹਿ ਰਿਹਾ ਸੀ। ਸੀਨੀਅਰ ਵਿਗਿਆਨਕ ਅਧਿਕਾਰੀ ਅਮਿਤੋਸ਼ ਕੁਮਾਰ ਦੇ ਬਿਆਨ ਦਰਜ ਕਰਨ ਲਈ ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ 18 ਮਾਰਚ ਨੂੰ ਹੋਵੇਗੀ ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਗੁਰੂ ਤੋਂ ਬਿਨਾ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ! ਗੁਰੂ ਤੋਂ ਬਿਨਾ ਪਰਮਾਤਮਾ ਦਾ ਅਨੁਭਵੀ ਗਿਆਨ ਪ੍ਰਾਪਤ ਨਹੀਂ ਹੁੰਦਾ । ਪ੍ਰਭੂ ਦੀ ਭਗਤੀ ਰਾਹੀਂ ਅਮੋਲਕ ਪਦਾਰਥ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ । "ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥2॥ ਅੰਗ 154" । ਗੁਰੂ ਤੋਂ ਬਿਨਾ ਦੈਵੀ ਗੁਣਾਂ (ਦਯਾ, ਧਰਮ, ਸਤਿ, ਸੰਤੋਖ ਤੇ ਧੀਰਜ) ਦੀ ਕਦਰ ਨਹੀਂ ਪੈਂਦੀ, ਤੇ ਗੁਣਾਂ ਤੋਂ ਬਿਨਾ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ । "ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥ ਅੰਗ 67" । ਕਿਉਂਕਿ ਜਿੱਥੇ ਗੁਣ ਨਹੀਂ ਹੋਣਗੇ, ਉੱਥੇ ਅਵਗੁਣ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਹੋਣਗੇ, ਜਿਸ ਤਰ੍ਹਾਂ ਜਿੱਥੇ ਚਾਨਣ ਨਹੀਂ ਹੋਵੇਗਾ ਉੱਥੇ ਹਨੇਰਾ ਹੋਵੇਗਾ । ਅਵਗੁਣ ਸਾਨੂੰ ਮੰਦ ਕਰਮੀ ਬਣਾਉਣਗੇ ਤੇ ਪ੍ਰਭੂ ਤੋਂ ਦੂਰੀ ਬਣਾਈ ਰੱਖਣਗੇ/ਵਧਾਈ ਜਾਣਗੇ । ਭਗਤ ਰਵਿਦਾਸ ਜੀ ਦਾ ਸੁੰਦਰ ਫੁਰਮਾਨ ਹੈ, "ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥2॥ ਅੰਗ 710" । ਅਰਥਾਤ, ਇਹਨਾਂ ਪੰਜਾਂ (ਵਿਕਾਰਾਂ) ਨੇ ਮੇਰਾ ਮਨ ਇਤਨਾ ਵਿਗਾੜ ਦਿੱਤਾ ਹੈ ਕਿ ਹਰ ਦਮ ਮੇਰੀ ਪਰਮਾਤਮਾ ਨਾਲੋਂ ਵਿੱਥ ਪਾ/ਵਧਾ ਰਹੇ ਹਨ ।

ਪ੍ਰਭੂ ਦੀ ਸਿਫ਼ਤਿ-ਸਾਲਾਹ ਰੂਪੀ ਖ਼ਜ਼ਾਨਾ ਪ੍ਰਭੂ ਦੀ ਬਖ਼ਸ਼ਿਸ਼ ਹੈ, ਜਿਸ ਨੂੰ ਬਖ਼ਸ਼ਦਾ ਹੈ ਉਹ ਆਪ ਖਾਂਦਾ ਹੈ (ਭਾਵ, ਸਿਫ਼ਤਿ-ਸਾਲਾਹ ਦਾ ਆਨੰਦ ਲੈਂਦਾ ਹੈ) ਤੇ ਖ਼ਰਚਦਾ ਹੈ (ਭਾਵ, ਹੋਰਨਾਂ ਤੋਂ ਸਿਫ਼ਤਿ-ਸਾਲਾਹ ਕਰਾਉਂਦਾ ਹੈ) । ਹੋਰ ਕਰਮ ਬਥੇਰੇ ਲੋਕ ਕਰ ਕੇ ਥੱਕ ਗਏ ਹਨ, ਪਰ ਇਹ ਬਖ਼ਸ਼ਿਸ਼ ਸਤਿਗੁਰੂ ਤੋਂ ਬਿਨਾਂ ਨਹੀਂ ਮਿਲਦੀ । "ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥ ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥ ਅੰਗ 548" । ਮੂਰਖ ਜੀਵ-ਇਸਤ੍ਰੀ ਪ੍ਰਭੂ ਪਤੀ ਦੇ ਮਿਲਾਪ ਦਾ ਆਨੰਦ ਨਹੀਂ ਜਾਣਦੀ । ਗੁਰੂ ਤੋਂ ਬਿਨਾ ਉਸ ਨੂੰ ਆਤਮਿਕ ਜੀਵਨ ਦੀ ਸੂਝ ਨਹੀਂ ਪੈਂਦੀ । "ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥6॥ ਅੰਗ 1047" ।

ਗੁਰੂ ਤੋਂ ਬਿਨਾ ਮੇਰਾ ਕੋਈ ਹੋਰ ਬੇਲੀ ਨਹੀਂ, ਗੁਰੂ ਸਤਿਗੁਰੂ ਹੀ ਮੇਰੇ ਪ੍ਰਾਣ/ਜਿੰਦ ਜਾਨ ਹਨ । "ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥ ਅੰਗ 574" । ਮਿੱਤਰ ਸਖੇ ਸੰਸਾਰ 'ਚ ਬਹੁਤ ਹਨ, ਪਰ ਬਿਨਾ ਗੁਰੂ ਤੇ ਪਰਮੇਸ਼ਰ ਤੋਂ ਬਿਨਾ ਕੋਈ ਮਿੱਤਰ ਜਾਂ ਸਖਾ ਨਹੀਂ । "ਮੀਤ ਸਖੇ ਕੇਤੇ ਜਗ ਮਾਹੀ ॥ ਬਿਨੁ ਗੁਰ ਪਰਮੇਸਰ ਕੋਈ ਨਾਹੀ ॥ ਅੰਗ 1028" । ਹੇ ਮੇਰੀ ਮਾਂ ! ਗੁਰੂ ਮੇਰਾ ਮਿਤ੍ਰ ਹੈ ਮੇਰੇ ਬਚਪਨ ਦਾ ਸਾਥੀ ਹੈ । ਮੈਂ ਗੁਰੂ ਦੇ ਦਰਸ਼ਨ ਕਰਨ ਤੋਂ ਬਿਨਾ ਰਹਿ ਨਹੀਂ ਸਕਦਾ। "ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ ਅੰਗ 94" । ਸਿੱਖ ਦਾ ਗੁਰੂ ਨਾਲ਼ ਐਨਾ ਪਿਆਰ ਹੁੰਦਾ ਹੈ ਕਿ ਜਿੰਦਾਂ ਪਾਣੀ ਦਾ ਜੀਵ ਪਾਣੀ ਬਿਨਾ ਮਰ ਜਾਂਦਾ ਹੈ; ਓਦਾਂ ਹੀ ਸਿੱਖ ਗੁਰੂ ਤੋਂ ਵਿਛੜ ਕੇ ਰਹਿ ਨਹੀਂ ਸਕਦਾ । ਜਿੰਦਾਂ ਮੀਂਹ ਪੈਣ ਤੇ ਧਰਤੀ ਹਰੀ ਭਰੀ ਹੋਈ ਸੋਭਦੀ ਹੈ, ਉਸੇ ਤਰ੍ਹਾਂ ਸਿੱਖ ਗੁਰੂ ਨੂੰ ਮਿਲਕੇ ਖਿੜ ਜਾਂਦਾ ਹੈ। "ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥15॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥16॥ ਅੰਗ 757" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਗੁਰੂ ਦਾ ਦਰਸ਼ਨ ਕਰਨ ਤੋਂ ਬਿਨਾ ਮੈਨੂੰ ਨੀਂਦ ਨਹੀਂ ਆਉਂਦੀ । ਗੁਰੂ ਤੋਂ ਵਿਛੋੜੇ ਦੀ ਪੀੜਾ ਮੇਰੇ ਮਨ ਤੇ ਤਨ ਵਿਚ ਲੱਗੀ ਰਹਿੰਦੀ ਹੈ । ਹੇ ਹਰੀ ! ਮਿਹਰ ਕਰ ਮੈਨੂੰ ਗੁਰੂ ਮਿਲਾ ਦੇ, ਗੁਰੂ ਨੂੰ ਮਿਲ ਕੇ ਨਾਨਕ ਦਾ ਮਨ ਖਿੜ ਜਾਂਦਾ ਹੈ । "ਮੈ ਬਿਨੁ ਗੁਰੁ ਦੇਖੇ ਨੀਦ ਨ ਆਵੈ ॥ ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥ ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥4॥2॥ ਅੰਗ 94" । ਹੇ ਮੇਰੀ ਮਾਤਾ, ਮੇਰੀ ਸਤਿਗੁਰੂ ਨਾਲ਼ ਪ੍ਰੀਤ ਹੈ, ਮੈਂ ਗੁਰੂ ਬਿਨਾ ਕਿੰਦਾਂ ਜਿਉਂਦਾ ਰਹਿ ਸਕਦਾ ਹਾਂ? ਭਾਵ ਨਹੀਂ ਰਹਿ ਸਕਦਾ । ਗੁਰੂ ਦੀ ਬਾਣੀ ਮੇਰਾ ਆਸਰਾ ਹੈ, ਗੁਰੂ ਦੀ ਬਾਣੀ ਨਾਲ ਜੁੜ ਕੇ ਹੀ ਮੈਂ ਰਹਿ ਸਕਦਾ ਹਾਂ । "ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥ ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥8॥ ਅੰਗ 759 ।

ਸਤਿਗੁਰੂ ਜੀ ਪ੍ਰੇਮ ਨਾਲ਼ ਸਮਝਾਉਂਦੇ ਹਨ ਕਿ ਪਿਆਰੇ ਗੁਰੂ ਤੋਂ ਬਿਨਾ ਪ੍ਰਭੂ ਦਾ ਹੁਕਮ ਨਹੀਂ ਸਮਝਿਆ ਜਾ ਸਕਦਾ । ਸਦਾ ਥਿਰ ਪ੍ਰਭੂ ਦਾ ਸਦਾ ਥਿਰ ਬਲ ਹੁੰਦਾ ਹੈ । "ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥3॥ ਅੰਗ 636" । ਗੁਰੂ ਬਿਨਾ ਅਦ੍ਰਿਸ਼ਟ ਪ੍ਰਭੂ ਨੂੰ ਦੇਖਿਆ ਨਹੀਂ ਜਾ ਸਕਦਾ; (ਗੁਰੂ ਤੋਂ ਬਿਨਾ) ਜਗਤ ਮਾਇਆ ਮੋਹ ਵਿਚ ਗਰਕ ਹੁੰਦਾ ਹੈ ਤੇ ਆਪਣੀ ਇੱਜ਼ਤ ਗਵਾਉਂਦਾ ਹੈ । "ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ॥ ਅੰਗ 637" । ਗੁਰੂ ਤੋਂ ਬਿਨਾ ਭੇਦ ਰਹਿਤ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ। "ਬਿਨੁ ਗੁਰ ਅੰਤੁ ਨ ਪਾਇ ਅਭੇਵੈ । ਅੰਗ 224" । ਸਭਨਾਂ ਵਿਚ ਇਕ ਪਰਮੇਸ਼ਰ ਹੀ ਵਿਆਪਕ ਹੋ ਰਿਹਾ ਹੈ, ਲੇਕਿਨ ਗੁਰੂ ਬਿਨਾ ਇਹ ਗੱਲ ਸਮਝ ਨਹੀਂ ਆਉਂਦੀ । "ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥ ਅੰਗ 1132" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਬਿਨਾ ਇਹ ਸੁੱਝਦਾ ਹੀ ਨਹੀਂ ਕਿ ਹਰੀ ਮਿਤ੍ਰ ਸਭ ਦੇ ਨੇੜੇ ਖਲੋਤਾ ਹੋਇਆ ਹੈ । "ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥1॥ ਅੰਗ 924" । ਗੁਰੂ ਤੋਂ ਬਿਨਾ ਮੈਂ ਪ੍ਰਭੂ ਮਿਲਾਪ ਲਈ ਭੌਂ ਭੌਂ ਕੇ ਬਹੁਤ ਥੱਕ ਗਈ ਸਾਂ, ਗੁਰੂ ਨੇ ਮੈਨੂੰ ਪ੍ਰਭੂ ਪਤੀ ਮਿਲਾ ਦਿੱਤਾ ਹੈ । "ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥1॥ ਰਹਾਉ ॥ ਅੰਗ 1015" ਗੁਰੂ ਕਿਰਪਾ ਨਾਲ਼ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਬਿਨਾ ਮਾਇਆ ਮੋਹ ਤੋਂ ਮੁਕਤੀ ਨਹੀਂ ਮਿਲਦੀ । "ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥ ਅੰਗ 1401" । ਗੁਰੂ ਤੋਂ ਬਿਨਾ ਬੰਦਾ ਮਾਇਆ ਦੇ ਭਰਮ 'ਚ ਹੀ ਭੁੱਲਾ ਰਹਿੰਦਾ ਹੈ । "ਬਿਨੁ ਗੁਰ ਸਾਚੇ ਭਰਮਿ ਭੁਲਾਏ ॥ ਅੰਗ 231" ।

ਬਾਕੀ ਅਗਲੇ ਹਫ਼ਤੇ


## VACANCY FOR RELIGIOUS WORKER

### ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ

*Job Title:* Religious Worker (Sikh Faith) *Location*: Derby, UK

**We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***

* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

Deadline for Applications: Applications must be submit before 25-3-2025

Applications should be sent to Email: info@sgssderby.com or delivered to the Gurdwara Sahib's Address below:

## Sri Guru Singh Sabha Gurdwara

1 Princes Street, Normanton, Derby. DE23 8NT. TEL: 01332 773010

PLEASE CONTACT BHAI AJIT SINGH 07533 362911


## ਮਹਾਰਾਸ਼ਟਰ ਸਰਕਾਰ ਨੇ ਲਾਗੂ ਕੀਤਾ ਆਨੰਦ ਕਾਰਜ ਮੈਰਿਜ ਐਕਟ, ਹੁਣ ਤੱਕ ਦੇਸ਼ ਦੇ 23 ਸੂਬਿਆਂ ਚ ਲਾਗੂ

ਮਹਾਰਾਸ਼ਟਰ ਵਿਚ ਸਰਕਾਰ ਨੇ ਸਿੱਖ ਭਾਈਚਾਰੇ ਦੇ ਆਨੰਦ ਕਾਰਜ ਵਿਆਹ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਸੂਬੇ ਭਰ ਵਿੱਚ ਆਨੰਦ ਕਾਰਜ ਮੈਰਿਜ ਐਕਟ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਨਿਰਦੇਸ਼ਾਂ ਨਾਲ ਮਹਾਰਾਸ਼ਟਰ ਸੂਬੇ ਵਿੱਚ ਸਿੱਖ ਵਿਆਹ ਦੀਆਂ ਰਸਮਾਂ ਨੂੰ ਮਾਨਤਾ ਮਿਲੇਗੀ ਅਤੇ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸੌਖੀ ਹੋਵੇਗੀ। ਸਿੱਖ ਭਾਈਚਾਰੇ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਦੱਸ ਦੇਈਏ ਕਿ ਆਨੰਦ ਕਾਰਜ ਐਕਟ-1909 ਹਰਿਆਣਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲ, ਰਾਜਸਥਾਨ, ਦਿੱਲੀ ਤੇ ਹੁਣ ਮਹਾਰਾਸ਼ਟਰ ਸਣੇ ਦੇਸ਼ ਦੇ 23 ਰਾਜਾਂ ਵਿੱਚ ਲਾਗੂ ਕੀਤਾ ਜਾ ਚੁੱਕਾ ਹੈ

ਮਹਾਰਾਸ਼ਟਰ ਸਰਕਾਰ ਦੇ ਘੱਟਗਿਣਤੀ ਵਿਕਾਸ ਵਿਭਾਗ ਨੇ ਸੂਬੇ ਦੇ ਸਾਰੇ ਵਿਭਾਗੀ ਕਮਿਸ਼ਨਰਾਂ ਨੂੰ ਐਕਟ ਲਾਗੂ ਕਰਨ ਦੇ ਸਬੰਧ ਵਿਚ ਅਧਿਕਾਰਕ ਹਿਦਾਇਤਾਂ ਜਾਰੀ ਕਰ ਦਿੱਤੀਆਂ ਹਨ। ਮਹਾਰਾਸ਼ਟਰ ਸਰਕਾਰ ਦੇ ਘੱਟ ਗਿਣਤੀ ਵਿਕਾਸ ਵਿਭਾਗ ਨੇ ਐਕਟ ਨੂੰ ਲਾਗੂ ਕਰਨ ਸਬੰਧੀ ਰਾਜ ਦੇ ਸਾਰੇ ਵਿਭਾਗੀ ਕਮਿਸ਼ਨਰਾਂ ਨੂੰ ਅਧਿਕਾਰਤ ਹਦਾਇਤਾਂ ਜਾਰੀ ਕੀਤੀਆਂ ਹਨ। ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਅਤੇ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ 6 ਫਰਵਰੀ 2025 ਨੂੰ ਘੱਟ ਗਿਣਤੀ ਵਿਕਾਸ ਵਿਭਾਗ ਦੇ ਸਕੱਤਰ ਰੁਚੇਸ਼ ਜੈਵਨਸ਼ੀ ਨੂੰ ਇੱਕ ਮੰਗ ਪੱਤਰ ਸੌਂਪਿਆ ਸੀ।

ਅਕੈਡਮੀ ਦੇ ਕਾਰਜਕਾਰੀ ਪ੍ਰਧਾਨ ਬਾਲ ਮਲਕੀਤ ਸਿੰਘ ਅਤੇ ਤਾਲਮੇਲ ਕਮੇਟੀ ਦੇ ਕਨਵੀਨਰ ਜਸਪਾਲ ਸਿੰਘ ਸਿੱਧੂ ਨੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਲਈ ਇਹ ਇਤਿਹਾਸਕ ਪ੍ਰਾਪਤੀ ਹੈ। ਹੁਣ ਸਿਵਲ ਬਾਡੀਜ਼ ਨੂੰ ਵੱਖਰੇ ਤੌਰ ਤੇ ਅਪਲਾਈ ਕਰਨ ਦੀ ਲੋੜ ਨਹੀਂ ਪਵੇਗੀ। ਇਹ ਫੈਸਲਾ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਲਈ ਇੱਕ ਅਹਿਮ ਕਦਮ ਹੈ।

ਲੜੀਵਾਰ ਨਾਵਲ

ਕਮਲ ਗਿੱਲ



Mob : +44 07454 394684

# ਗੰਧਲੇ ਰਿਸ਼ਤੇ

**ਮੇਰਾ ਹੋਟਲ ਦੂਰੋਂ ਦਿਖਾਈ ਦੇ ਰਿਹਾ ਸੀ, ਮੰਨੋ ਮੇਰੀ ਮੰਜ਼ਿਲ ਆ ਰਹੀ ਸੀ, ਮੈਂ ਕੈਲਾਸ਼ ਤੋਂ ਬਿਨਾਂ ਪਤਾ ਜਾਣਿਆਂ ਵੱਖ ਨਹੀਂ ਹੋਣਾ ਚਾਹੁੰਦੀ ਸੀ ਪਰ ਉਹ ਗੰਭੀਰ ਹੋ ਚੁੱਕੇ ਸਨ ਗੱਲਾਂ ਕਰਦਿਆਂ, ਸੋ ਮੇਰਾ ਦੁਬਾਰਾ ਹਿਆ ਹੀ ਨਹੀਂ ਪੈ ਰਿਹਾ ਸੀ ਪੁੱਛਣ ਦਾ। ਰਾਤ ਦੇ ਤਕਰੀਬਨ 9 ਵੱਜ ਚੁੱਕੇ ਸਨ। ਹੋਟਲ ਕੋਲ ਪਹੁੰਚਦਿਆਂ ਹੀ ਮੇਰਾ ਫੂਨ ਵਾਈ ਫਾਈ ਨਾਲ ਜੁੜ ਗਿਆ ਤੇ ਬਹੁਤ ਸਾਰੇ ਮੈਸੇਜ ਫੋਨ 'ਤੇ ਡਿੱਗਣ ਲੱਗ ਗਏ। ਮੈਸਜਾਂ ਦੀ ਆਵਾਜ਼ ਸੁਣ ਕੇ ਕੈਲਾਸ਼ ਨੇ ਮੇਰੇ ਵੱਲ ਨਜ਼ਰ ਘੁਮਾ ਕੇ ਆਖਿਆ।**

**''ਉਹ ਅੱਛਾ ਤੇਰਾ ਹੋਟਲ ਆ ਗਿਆ, ਬਹੁਤ ਸੋਹਣਾ ਹੋਟਲ ਹੈ, ਮੇਰੇ ਘਰ ਦੀ ਛੱਤ 'ਤੇ ਬਣੇ ਬੈੱਡਰੂਮ ਤੋਂ ਸਾਫ ਦਿਖਾਈ ਦਿੰਦਾ ਹੈ ਇਹ ਹੋਟਲ।''**




## ਕਿਸ਼ਤ-15

''ਇਕੱਲੀ ਆਈ ਹੈਂ?''

''ਹਾਂਜੀ''

''ਹਾਲੇ ਤੱਕ ਵਿਆਹ ਨਹੀਂ ਕਰਾਇਆ ਤੂੰ ਕੁੜੀਏ ਹਾਲੇ ਵੀ ਅਖਬਾਰਾਂ ਦੇ ਵਰਕੇ ਹੀ ਕਾਲੇ ਕਰੀ ਜਾਂਦੀ ਏ ਆਪਣੀ ਜ਼ਿੰਦਗੀ ਦਾ ਕਦੋਂ ਸੋਚੇਂਗੀ?''

ਇੰਨਾ ਆਖ ਕੇ ਉਹ ਖਿੜ-ਖਿੜਾ ਕੇ ਹੱਸ ਪਏ।

''ਨਹੀਂ ਨਹੀਂ ਕੈਲਾਸ਼ ਜੀ, ਮੇਰਾ ਵਿਆਹ ਹੋ ਗਿਆ ਹੈ ਜੀ। ਬਹੁਤ ਚੰਗਾ ਘਰਵਾਲਾ ਹੈ ਮੇਰਾ

ਰਵੀ ਨਾਮ ਹੈ ਉਨ੍ਹਾਂ ਦਾ। ਮੈ ਤੁਹਾਂਨੂੰ ਦੱਸਿਆ ਤਾਂ ਸੀ ਰਵੀ ਦਾ ।ਇਥੇ ਬਰਮਿੰਘਮ ਵਿਚ ਹੀ ਅਸੀਂ ਰਹਿੰਦੇ ਹਾਂ। ਬਹੁਤ ਵਧੀਆ ਜੌਬ 'ਤੇ ਹਨ ਉਹ ਤੇ ਬਹੁਤ ਵਧੀਆ ਇਨਸਾਨ ਵੀ।''

ਮੈਂ ਇਕੋ ਸਾਹੇ ਆਪਣੇ 12 ਸਾਲਾਂ ਦਾ ਹਿਸਾਬ ਦੇ ਦਿੱਤਾ ਕੈਲਾਸ਼ ਜੀ ਨੂੰ।

''ਉਹ ਚੱਲੋ ਬਹੁਤ ਵਧੀਆ, ਕੋਈ ਵਾਲ ਬੱਚਾ ਵੀ ਹੈ?''

''ਨਹੀਂ ਜੀ ਹਾਲੇ ਨਹੀਂ, ਬੱਸ ਹਾਲੇ ਕੰਮ-ਕਾਰ 'ਚ ਹੀ ਫੁਰਸਤ ਨਹੀਂ ਮਿਲ ਰਹੀ।''

''ਹੈ ਕਮਲੀ, ਬੱਚਿਆਂ ਲਈ ਫੁਰਸਤ ਥੋੜ੍ਹੇ ਹੁੰਦੀ ਉਹ ਤਾਂ ਪਰਮਾਤਮਾ ਦਾ ਖ਼ੂਬਸੂਰਤ ਤੋਹਫਾ ਹੈ, ਉਸ ਨੂੰ ਲੈਣ ਤੋਂ ਨਾਂਹ ਨਹੀਂ ਕਰੀਦੀ ਨਾ ਦੇਰ ਕਰੀਦੀ ਹੈ। ਹੁਣ ਇੰਗਲੈਂਡ ਮੁੜ ਜਾਂਦਿਆਂ ਇਹੀ ਕੰਮ ਕਰੀ ਪਹਿਲਾਂ, ਬਾਕੀ ਦੇ ਕੰਮ ਬਾਅਦ 'ਚ।''

ਇੰਨਾ ਆਖ ਕੇ ਉਹ ਇਕ ਵਾਰ ਹੱਸ ਪਏ।

''ਜੀ ਜ਼ਰੂਰ ਤੁਹਾਡਾ ਕਿਹਾ ਸਿਰ ਮੱਥੇ, ਬਾਕੀ ਦੇ ਕੰਮ ਬਾਅਦ 'ਚ, ਹੁਣ ਜਾਂਦਿਆਂ ਹੀ ਮੈਂ ਪਹਿਲਾਂ ਇਸੇ ਪ੍ਰੋਜੈਕਟ 'ਤੇ ਕੰਮ ਕਰਾਂਗੀ।''

ਪ ੍ਰੋਜੈਕਟ ਲਫਜ਼ ਸੁਣਦਿਆਂ ਹੀ ਉਹ ਫਿਰ ਜ਼ੋਰ-ਜ਼ੋਰ ਨਾਲ ਹੱਸ ਪਏ ਨਾਲੇ ਮੈਂ ਵੀ ਹੱਸ ਪਈ।

''ਬੀਰਾ ਇਥੇ ਕਿਸ ਹੋਟਲ 'ਚ ਤੂੰ ਰੁਕੀ ਹੈ?''

''ਬੱਸ ਇਥੋਂ ਥੋੜ੍ਹਾ ਦੂਰ ਹੀ ਪੁਰਤੋ ਦਲ ਕਰਮਨ ਵਿਚ ਲਾਵਾ ਬੀਚ ਹੋਟਲ ਵਿਚ ਠਹਿਰੀ ਹਾਂ

ਕੈਲਾਸ਼ ਜੀ।''

''ਕਿੰਨੇ ਦਿਨਾਂ ਦੀ ਛੁੱਟੀ 'ਤੇ ਹੈ?''

''10 ਦਿਨ ਹਨ ਜੀ ਤੇ ਅੱਜ ਪਹਿਲਾ ਦਿਨ ਹੈ ਤੇ ਮੈਂ ਕਿੰਨੇ ਕਰਮਾਂ ਵਾਲੀ ਹਾਂ ਕਿ ਪਹਿਲੇ ਦਿਨ ਕੁਝ ਕੂ ਘੰਟਿਆਂ ਬਾਅਦ ਹੀ ਤੁਸੀਂ ਮਿਲ ਗਏ।'' ਮੈਂ ਬਹੁਤ ਖੁਸ਼ ਹਾਂ ਤੁਹਾਨੂੰ ਇਥੇ ਦੇਖ ਕੇ, ਦੁਨੀਆਂ ਕਿੰਨੀ ਛੋਟੀ ਹੈ ਕੌਣ ਕਦੋਂ, ਕਿੱਥੇ ਮਿਲ ਜਾਵੇ ਕੋਈ ਪਤਾ ਨਹੀਂ।''

''ਹਾਂ, ਪਰ ਦੁਨੀਆਂ ਵੱਡੀ ਵੀ ਬਹੁਤ ਹੈ ਬੀਰਾ, ਕਦ ਕੋਈ ਇਸ ਭੀੜ ਵਿਚ ਗੁਆਚ ਜਾਵੇ ਇਹ ਵੀ ਪਤਾ ਨਹੀਂ।''

ਇੰਨਾ ਆਖ ਕੇ ਕੈਲਾਸ਼ ਜੀ ਨੇ ਲੰਮਾ ਹੌਕਾ ਲਿਆ, ਅਤਾਹ ਪੀੜ ਉਨ੍ਹਾਂ ਦੇ ਚਿਹਰੇ 'ਤੇ ਝਲਕੀ ਤੇ ਉਹ ਕਿਸੇ ਉਦਾਸੀ ਵਿਚ ਗੁਆਚ ਗਏ।

''ਤੁਸੀਂ ਕਿੰਨੇ ਦਿਨਾਂ ਲਈ ਆਏ ਹੋ ਕੈਲਾਸ਼ ਜੀ, ਵਾਪਸੀ ਕਦ ਦੀ ਹੈ?''

ਮੇਰਾ ਸਵਾਲ ਸੁਣ ਉਹ ਮੇਰੇ ਵੱਲ ਦੇਖ ਕੇ ਮੁਸਕਰਾ ਪਏ।

''ਵਾਪਸੀ....!''

ਵਾਪਸੀ ਲਈ ਮੰਜ਼ਿਲ ਵੀ ਚਾਹੀਦੀ ਹੈ ਬੀਰਾ, ਮੇਰੀ ਕੋਈ ਮੰਜ਼ਿਲ ਨਹੀਂ ਹੈ, ਬੱਸ ਭਟਕਣਾ ਹੀ ਹੈ, ਚਾਹੇ ਇਥੇ ਭਟਕ ਲਿਆ ਤੇ ਚਾਹੇ ਇੰਗਲੈਂਡ ਵਿਚ।

ਉਨ੍ਹਾਂ ਦਾ ਜਵਾਬ ਸੁਣ ਕੇ ਮੈਂ ਠਠੰਮਬਰ ਜਿਹੀ ਗਈ। ਕੁਝ ਹੋਰ ਪੁੱਛਾਂ ਮੇਰਾ ਹਿਆ ਹੀ ਨਾ ਪਿਆ।

''ਬੀਰਾ ਚੱਲ ਵਾਪਸ ਮੁੜੀਏ, ਹਨ੍ਹੇਰਾ ਹੋਣ ਵਾਲਾ ਹੋ ਗਿਆ।''

ਕੈਲਾਸ਼ ਜੀ ਨੇ ਵਾਪਸੀ ਲੈ ਲਈ ਅਸੀਂ ਦੋਵੇਂ ਫਿਰ ਸਮੁੰਦਰ ਦੇ ਕਿਨਾਰੇ-ਕਿਨਾਰੇ ਠੰਡੀ ਰੇਤ 'ਤੇ ਪੈਰ ਧਰਦਿਆਂ ਵਾਪਸ ਹੋਟਲ ਵੱਲ ਪਰਤਣ ਲੱਗੀਆਂ।

''ਕੁਝ ਦੇਰ ਦੀ ਚੁੱਪੀ ਬਾਅਦ ਮੈਂ ਸਵਾਲ ਕੀਤਾ...

'ਕੈਲਾਸ਼ ਜੀ ਤੁਸੀਂ ਕਿਸ ਹੋਟਲ ਵਿਚ ਠਹਿਰੇ ਹੋ? ਮੇਰੇ ਹੋਟਲ ਦੇ ਨੇੜੇ ਹੀ ਹੈ? ਮਾਫ ਕਰਨਾ ਜੇ ਮੈਨੂੰ ਤੁਸੀਂ ਦੱਸ ਸਕੋ ਤਾਂ ਆਪਣਾ ਪਤਾ ਜ਼ਰੂਰ ਦਿਓ ਬਹੁਤ ਸਾਰੀਆਂ ਗੱਲਾਂ ਕਰਨੀਆਂ ਹਨ ਮੈਂ ਤੁਹਾਡੇ ਨਾਲ। ਇਸ ਵਾਰ ਮੈਂ ਤੁਹਾਡਾ ਖਹਿੜਾ ਨਹੀਂ ਛੱਡਣਾ ਨਾ ਪਹਿਲਾਂ ਵਾਂਗ ਤੁਹਾਨੂੰ ਗਾਇਬ ਹੋਣ ਦੇਣਾ ਹੈ ਮੈਂ।''

ਤੁਰੀ ਜਾਂਦੀ ਕੈਲਾਸ਼ ਨੂੰ ਮੈਂ ਬੱਚਿਆਂ ਵਾਂਗ ਮਗਰੋ ਜੱਫੀ ਪਾ ਲਈ।

''ਹੈ ਝੱਲੀ ਕੁੜੀ, ਹਾਲੇ ਵੀ ਉਹੋ ਜਿਹੀ ਹੀ ਹੈ ਜਿਸ ਤਰ੍ਹਾਂ ਦੀ ਮੈਂ 12 ਵਰ੍ਹੇ ਪਹਿਲਾਂ ਦੇਖੀ ਸੀ ਮੇਰੇ ਘਰ, ਉਹੀ ਜ਼ਿੱਦੀ ਸੁਭਾਅ ਵਾਲੀ।''

''ਸੱਚ ਦੱਸਾਂ ਕੈਲਾਸ਼ ਜੀ ਮੈਂ ਤੁਹਾਨੂੰ ਬਹੁਤ ਮਿਸ ਕੀਤਾ, ਉਸ ਇੱਕ ਰਾਤ ਦੀਆਂ ਆਪਣੀਆਂ ਗੱਲਾਂ ਬਾਤਾਂ ਨੇ ਮੈਨੂੰ ਜਿਵੇਂ ਤੁਹਾਡਾ ਮੁਰੀਦ ਹੀ ਬਣਾ ਦਿੱਤਾ ਸੀ। ਮੈਂ ਕਿੰਨੀ ਖੁਸ਼ਕਿਸਮਤ ਸਾਂ ਕਿ ਤੁਸੀਂ ਆਪਣੀ ਉਮਰ ਭਰ ਦੇ ਗ਼ਮ ਮੇਰੇ ਅਣਜਾਣ ਕੁੜੀ ਨਾਲ ਇਕ ਰਾਤ ਵਿਚ ਸਾਂਝੇ ਕਰ ਦਿੱਤੇ ਸਨ।''

''ਹਾਂ ਬੀਰਾ ਸ਼ਾਇਦ ਤੂੰ ਖੁਸ਼ਕਿਸਮਤ ਨਹੀਂ ਸੀ, ਮੈਂ ਜ਼ਿਆਦਾ ਖੁਸ਼ਨਸੀਬ ਸੀ ਜੋ ਇੰਨੀ ਰੂਹ ਨਾਲ ਤੂੰ ਮੇਰੇ ਦਿਲ ਦੀਆਂ ਗੱਲਾਂ ਸੁਣੀਆਂ ਸਨ। ਮੈਂ ਵੀ ਤੈਨੂੰ ਬਹੁਤ ਮਿਸ ਕੀਤਾ। ਬੱਸ ਇਕੋ ਕਮੀ ਰਹਿ ਕਿ ਮੈਂ ਤੈਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰ ਸਕੀ, ਤੂੰ ਮੇਰੀ ਹਮਰਾਜ਼ ਸੀ, ਬੜਾ ਮਨ ਸੀ ਤੇਰੇ ਨਾਲ ਆਪਣੀ ਜ਼ਿੰਦਗੀ ਦੇ ਅਗਾਂਹ ਦੇ ਪੰਨ੍ਹੇ ਫਰੋਲਣ ਦਾ ਸ਼ਾਇਦ ਪਰਮਾਤਮਾ ਨੇ ਮੇਰੀ ਸੁਣ ਲਈ ਤੇ ਤੂੰ ਅੱਜ ਅਚਾਨਕ ਆਪਣੇ-ਆਪ ਹੀ ਮੇਰੇ ਸਾਹਮਣੇ ਆ ਗਈ।

ਬੀਰਾ ਬੜੇ ਲੋਕ ਜ਼ਿੰਦਗੀ 'ਚ ਮਿਲੇ ਪਰ ਕੋਈ ਸੱਚਾ ਹਮਦਰਦ ਨਹੀਂ ਮਿਲਿਆ ਜਿਸ ਨਾਲ ਦੁੱਖ ਫੋਲਿਆ ਜਾਵੇ। ਪਤਾ ਨਹੀਂ ਕਮਲੀਏ ਕੁੜੀਏ ਤੇਰੇ 'ਚ ਇਹੋ ਜਿਹਾ ਕੀ ਸੀ ਜੋ ਮੈਂ ਆਪਣੀ ਜ਼ਿੰਦਗੀ ਦੀ ਹੱਢ ਬੀਤੀ ਦਾਸਤਾਨ ਸੁਣਾ ਦਿੱਤੀ ਉਸ ਰਾਤੇ।''

''ਹੁਣ ਜ਼ਿੰਦਗੀ ਕਿਵੇਂ ਚੱਲ ਰਹੀ ਹੈ ਕੈਲਾਸ਼ ਜੀ?''

''ਜ਼ਿੰਦਗੀ.....!''

ਜ਼ਿੰਦਗੀ ਆਖ ਕੇ ਕੈਲਾਸ਼ ਚੁੱਪ ਹੋ ਗਈ।

''ਕੀ ਗੱਲ ਹੋਈ ਕੈਲਾਸ਼ ਜੀ ਮੈਂ ਕੁਝ ਗਲਤ ਪੁੱਛ ਲਿਆ, ਤੁਸੀਂ ਚੁੱਪ ਹੋ ਗਏ।''

''ਨਹੀਂ ਨਹੀਂ ਇਹੋ ਜਿਹੀ ਕੋਈ ਗੱਲ ਨਹੀਂ, ਬੱਸ ਉਂਝ ਹੀ ਕਦੀ-ਕਦੀ ਮਨ ਉਦਾਸ ਹੋ ਜਾਂਦਾ ਹੈ।''

ਮੇਰਾ ਹੋਟਲ ਦੂਰੋਂ ਦਿਖਾਈ ਦੇ ਰਿਹਾ ਸੀ, ਮੰਨੋ ਮੇਰੀ ਮੰਜ਼ਿਲ ਆ ਰਹੀ ਸੀ, ਮੈਂ ਕੈਲਾਸ਼ ਤੋਂ ਬਿਨਾਂ ਪਤਾ ਜਾਣਿਆਂ ਵੱਖ ਨਹੀਂ ਹੋਣਾ ਚਾਹੁੰਦੀ ਸੀ ਪਰ ਉਹ ਗੰਭੀਰ ਹੋ ਚੁੱਕੇ ਸਨ ਗੱਲਾਂ ਕਰਦਿਆਂ, ਸੋ ਮੇਰਾ ਦੁਬਾਰਾ ਹਿਆ ਹੀ ਨਹੀਂ ਪੈ ਰਿਹਾ ਸੀ ਪੁੱਛਣ ਦਾ। ਰਾਤ ਦੇ ਤਕਰੀਬਨ 9 ਵੱਜ ਚੁੱਕੇ ਸਨ। ਹੋਟਲ ਕੋਲ ਪਹੁੰਚਦਿਆਂ ਹੀ ਮੇਰਾ ਫੂਨ ਵਾਈ ਫਾਈ ਨਾਲ ਜੁੜ ਗਿਆ ਤੇ ਬਹੁਤ ਸਾਰੇ ਮੈਸੇਜ ਫੋਨ 'ਤੇ ਡਿੱਗਣ ਲੱਗ ਗਏ। ਮੈਸਜਾਂ ਦੀ ਆਵਾਜ਼ ਸੁਣ ਕੇ ਕੈਲਾਸ਼ ਨੇ ਮੇਰੇ ਵੱਲ ਨਜ਼ਰ ਘੁਮਾ ਕੇ ਆਖਿਆ।

''ਉਹ ਅੱਛਾ ਤੇਰਾ ਹੋਟਲ ਆ ਗਿਆ, ਬਹੁਤ ਸੋਹਣਾ ਹੋਟਲ ਹੈ, ਮੇਰੇ ਘਰ ਦੀ ਛੱਤ 'ਤੇ ਬਣੇ ਬੈੱਡਰੂਮ ਤੋਂ ਸਾਫ ਦਿਖਾਈ ਦਿੰਦਾ ਹੈ ਇਹ ਹੋਟਲ।''

''ਹਾਂ ਉਹ ਸਾਹਮਣੇ ਹਰੀਆਂ ਤਾਕੀਆਂ ਵਾਲਾ ਤੇ ਨੀਲੇ ਦਰਵਾਜ਼ੇ ਵਾਲਾ ਬੰਗਲੋ ਮੇਰਾ ਹੀ ਹੈ।''

ਕੈਲਾਸ਼ ਜੀ ਦਾ ਘਰ ਮੇਰੇ ਹੋਟਲ ਤੋਂ ਬਿਲਕੁਲ ਮਗਰਲੇ ਪਾਸੇ ਸੀ ਤੇ ਮੇਰੇ ਰੂਮ ਤੋਂ ਸ਼ਾਇਦ ਇਹ ਐਨ ਕਲੀਅਰ ਦਿਸਦਾ, ਮਸਾਂ ਕੁੱਝ ਕੁ ਮੀਟਰਾਂ ਦਾ ਵਕਫਾ ਸੀ ਉਨ੍ਹਾਂ ਦੇ ਘਰ ਅਤੇ ਮੇਰੇ ਹੋਟਲ ਵਿਚ।

ਹਾਏ ਮੈਂ ਕਿੰਨੀ ਕਿਸਮਤ ਵਾਲੀ ਸੀ, ਇਸ ਮਹਾਨ ਔਰਤ ਦੀ ਸੰਗਤ ਮਾਨਣ ਦਾ ਸਬੱਬ ਮੈਨੂੰ ਮਿਲ ਰਿਹਾ ਸੀ।

''ਬੀਰਾ ਆਪਣੇ ਫੂਨ ਤੋਂ ਮੇਰੇ ਫੂਨ ਤੇ ਮਿਸ ਕਾਲ ਮਾਰ ਲਾ ਤੇ ਮੇਰਾ ਨੰਬਰ ਸੇਵ ਕਰ ਲਾ, ਤਾਂ ਕਿ ਫਿਰ ਅਚਾਨਕ ਰਾਤ ਨੂੰ ਮੇਰੇ ਘਰ ਦਾ ਦਰਵਾਜ਼ਾ ਨਾ ਖੜਕਾ ਦੇਵੀਂ ਪਿਛਲੀ ਵਾਰ ਵਾਂਗ।''

''ਇੰਨਾ ਆਖ ਕੇ ਉਹ ਫਿਰ ਹੱਸ ਪਏ।''

ਮੈਂ ਫਟਾਫਟ ਜੇਬ ਵਿਚੋਂ ਫੂਨ ਕੱਢਿਆ ਤੇ ਉਨ੍ਹਾਂ ਦਾ ਨੰਬਰ ਨੋਟ ਕਰਨ ਲੱਗ ਪਈ। ਨੰਬਰ ਨੋਟ ਕਰਦਿਆਂ ਹੀ ਉਨ੍ਹਾਂ ਦੇ ਫੂਨ 'ਤੇ ਮਿਸ ਕਾਲ ਮਾਰੀ ਅਤੇ ਨਾਲ ਹੀ ਉਨ੍ਹਾਂ ਨੇ ਵੀ ਮੇਰਾ ਨੰਬਰ ਸੇਵ ਕਰ ਲਿਆ ਆਪਣੇ ਫੂਨ ਵਿਚ।

ਤੇ ਫੂਨ ਤੇ ਕੁਝ ਟਾਈਪ ਕਰਨ ਲੱਗ ਗਏ।

''ਲੈ ਬੀਰਾ ਆ ਵੀ ਸੇਵ ਕਰ ਲਾ ਮੈਂ ਤੈਨੂੰ ਕੁਝ ਭੇਜਿਆ ਹੈ।''

ਮੈਂ ਫੂਨ ਖੋਲ੍ਹਿਆ ਤਾਂ ਉਨ੍ਹਾਂ ਨੇ ਆਪਣੇ ਘਰ ਦਾ ਪੂਰਾ ਐਡਰੈੱਸ ਵਟਸਐਪ 'ਤੇ ਭੇਜਿਆ ਸੀ। ਘਰ ਦਾ ਨੰਬਰ 22 ਅਤੇ ਫੁੱਲ ਅਡਰੈੱਸ ਵੀ।

ਮੈਂ ਕੈਲਾਸ਼ ਜੀ ਵੱਲ ਵੇਖਿਆ ਤੇ ਅੱਖਾਂ ਹੀ ਅੱਖਾਂ ਵਿਚ ਮੁਸਕੁਰਾ ਕੇ ਸ਼ੁਕਰੀਆ ਕਿਹਾ। ਉਹ ਮੇਰੇ ਤੋਂ ਉਮਰ ਵਿਚ ਕਾਫੀ ਵੱਡੇ ਸਨ ਫਿਰ ਵੀ ਮੈਂ ਉਨ੍ਹਾਂ ਨੂੰ ਕੈਲਾਸ਼ ਜੀ ਕਹਿ ਕੇ ਹੀ ਗੱਲ ਕਰਦੀ ਸਾਂ। ਸ਼ਾਇਦ ਸਾਡੇ ਪ੍ਰੋਫੈਸ਼ਨ ਵਿਚ ਕਿਸੇ ਨੂੰ ਵੀ ਆਂਟੀ, ਅੰਕਲ ਜਾਂ ਭੈਣ ਜੀ, ਭਰਾ ਨਹੀਂ ਕਿਹਾ ਜਾਂਦਾ ਸੀ ਜੋ ਇਸ ਫੀਲਡ ਦਾ ਹੁੰਦਾ। ਸੋ ਮੈਂ ਵੀ ਉਸੇ ਦੀ ਹੀ ਪਾਲਣਾ ਕਰਦੀ ਸੀ। ਤੇ ਕੈਲਾਸ਼ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਸੀ।

''ਤੇਰਾ ਕੱਲ ਦਾ ਕੀ ਪ੍ਰੋਗਰਾਮ ਹੈ ਬੀਰਾ?''

''ਕੁਝ ਨਹੀਂ ਕੈਲਾਸ਼ ਜੀ, ਬੱਸ ਇਥੇ ਹੋਟਲ 'ਚ ਹੀ ਖਾ-ਪੀ ਕੇ ਧੁੱਪ ਸੇਕਣ ਦਾ ਪ੍ਰੋਗਰਾਮ ਹੈ ਹਾਲੇ ਤੱਕ ਤਾਂ।''

''ਠੀਕ ਹੈ ਮੈਂ ਵੀ ਵਿਹਲੀ ਹੀ ਹਾਂ, ਕਿਤੇ ਜਾਣਾ ਵੀ ਨਹੀਂ ਇੰਝ ਕਰ ਫਿਰ ਕੱਲ ਬ੍ਰੇਕਫਾਸਟ ਤੋਂ ਬਾਅਦ ਆ ਜਾ ਮੇਰੇ ਵੱਲ, ਇਕੱਠੇ ਬਹਿ ਕੇ ਚਾਹ ਪਿਆਂਗੇ। ਕੀ ਕਹਿੰਦੀ, ਠੀਕ ਹੈ ਇਸ ਤਰ੍ਹਾਂ, ਤੈਨੂੰ ਕੋਈ ਹੋਰ ਕੰਮ ਤਾਂ ਨਹੀਂ?''

**ਚਲਦਾ....**

**14 ਮਾਰਚ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸਿੱਖ ਜਰਨੈਲ ਸ਼ਹੀਦ ਅਕਾਲੀ ਫੂਲਾ ਸਿੰਘ ਨੂੰ ਯਾਦ ਕਰਦਿਆਂ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਅਸਲ ਵਿੱਚ ਵਿਸਥਾਰ ਦੇਣ ਲਈ ਆਪਾ ਕੁਰਬਾਨ ਕਰਨ ਵਾਲੇ ਅਤੇ ਸ਼ਹਾਦਤ ਦਾ ਜਾਮ ਪੀਣ ਵਾਲੇ 96ਵੇਂ ਕਰੋੜੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਫੂਲਾ ਸਿੰਘ ਨਿਹੰਗ ਸਿੰਘ ਦੀ ਲਾਸਾਨੀ ਕੁਰਬਾਨੀ ਤੇ ਸ਼ਹਾਦਤ ਨੂੰ ਸਿੱਖ ਜਗਤ ਕਦੇ ਵੀ ਨਹੀਂ ਭੁੱਲ ਸਕਦਾ। ਇਸ ਮਹਾਨ ਯੋਧੇ, ਸਿੱਖ ਜਰਨੈਲ, ਸਿਦਕੀ ਸਿੱਖ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਮੂਣਕ ਕਸਬੇ ਤੋਂ ਥੋੜ੍ਹੀ ਦੂਰ ਪੱਛਮ ਵਾਲੇ ਪਾਸੇ ਸਥਿਤ ਸੀਹਾਂ ਪਿੰਡ ਵਿੱਚ ਪਿਤਾ ਸ. ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਹਰ ਕੌਰ ਦੀ ਕੁੱਖ ਤੋਂ ਜਨਵਰੀ 1760 ਈ: ਵਿੱਚ ਹੋਇਆ। ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਕੁੱਪ ਰਹੀੜੇ ਦੇ ਸਥਾਨ 'ਤੇ ਵੱਡੇ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ, ਉਸ ਸਮੇਂ ਸ. ਈਸ਼ਰ ਸਿੰਘ (ਪਿਤਾ ਜੀ ਅਕਾਲੀ ਬਾਬਾ ਫੂਲਾ ਸਿੰਘ) ਗੰਭੀਰ ਰੂਪ ਵਿੱਚ ਜ਼ਖਮੀ ਹੋਏ, ਜ਼ਖਮ ਬੜੇ ਡੂੰਘੇ ਸਨ, ਠੀਕ ਨਾ ਹੋ ਸਕੇ, ਥੋੜ੍ਹੇ ਸਮੇਂ ਬਾਅਦ ਪੰਜ ਭੂਤਕ ਸਰੀਰ ਤਿਆਗ ਕੇ ਬਾਕੀ ਸ਼ਹੀਦ ਸਿੰਘਾਂ ਨਾਲ ਹੀ ਸਚਖੰਡ ਜਾ ਬਿਰਾਜੇ। ਬੁੱਢਾ ਦਲ ਦੇ ਬਾਣੀ ਬਾਬਾ ਨਰੈਣ ਸਿੰਘ ਨੇ ਅਕਾਲੀ ਬਾਬਾ ਫੂਲਾ ਸਿੰਘ ਨੂੰ ਬਚਪਨ ਵਿੱਚ ਹੀ ਧਾਰਮਿਕ ਗ੍ਰੰਥਾਂ ਦੇ ਅਧਿਐਨ ਦੇ ਨਾਲ-ਨਾਲ ਸ਼ਸਤਰ ਵਿੱਦਿਆ, ਘੋੜ ਸਵਾਰੀ ਅਤੇ ਜੰਗੀ ਕਰਤਬਾਂ ਵਿੱਚ ਨਿਪੁੰਨ ਕੀਤਾ।




ਪੂਰਨ ਰੂਪ ਵਿੱਚ ਤਿਆਗੀ ਬਿਰਤੀ ਅਤੇ ਬੰਦਗੀ ਦੇ ਮਾਲਕ ਅਕਾਲੀ ਫੂਲਾ ਸਿੰਘ ਨੇ ਆਪਣਾ ਸਾਰਾ ਘਰ-ਬਾਰ ਅਤੇ ਜਾਇਦਾਦ ਆਪਣੇ ਛੋਟੇ ਭਾਈ ਸ. ਸੰਤਾ ਸਿੰਘ ਨੂੰ ਸੌਂਪ ਕੇ ਨਿਹੰਗ ਸਿੰਘ ਸਜ ਕੇ ਸ਼ਹੀਦਾਂ ਦੀ ਮਿਸਲ ਵਿੱਚ ਸ਼ਾਮਿਲ ਹੋ ਕੇ ਸਿੱਖ ਪੰਥ ਦੀ ਸੇਵਾ ਨਿਭਾਉਣੀ ਸ਼ੁਰੂ ਕੀਤੀ। ਜਦੋਂ ਸੰਨ 1800 ਈ: ਵਿੱਚ ਬਾਬਾ ਨਰੈਣ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਅਕਾਲੀ ਫੂਲਾ ਸਿੰਘ ਨੂੰ ਜਥੇਦਾਰ ਥਾਪਿਆ ਗਿਆ। ਜਥੇਦਾਰ ਸੰਭਾਲਣ ਤੋਂ ਬਾਅਦ ਬਾਬਾ ਜੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਪਾਵਨ ਸਰੋਵਰ ਦੀ ਸੇਵਾ ਲਈ ਸ੍ਰੀ ਅੰਮ੍ਰਿਤਸਰ ਪੁੱਜੇ। ਇਸ ਤੋਂ ਬਾਅਦ ਬਾਬਾ ਜੀ ਨੇ ਸਥਾਈ ਤੌਰ 'ਤੇ ਅੰਮ੍ਰਿਤਸਰ ਵਿਖੇ ਰਿਹਾਇਸ਼ ਰੱਖਣੀ ਸ਼ੁਰੂ ਕਰ ਦਿੱਤੀ। ਇਸੇ ਰਿਹਾਇਸ਼ ਵਾਲੀ ਜਗ੍ਹਾ ਉੱਤੇ ਹੁਣ ਬੁਰਜ ਅਕਾਲੀ ਫੂਲਾ ਸਿੰਘ (ਛਾਉਣੀ ਨਿਹੰਗ ਸਿੰਘਾਂ) ਜੋ ਮੌਜੂਦਾ ਮੁਖੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਪ੍ਰਬੰਧ ਹੇਠ ਹੈ। ਜਨਵਰੀ 1802 ਈ: ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੇ ਕਬਜ਼ੇ ਲਈ ਭੰਗੀ ਸਰਦਾਰਾਂ ਉੱਤੇ ਹਮਲਾ ਕੀਤਾ ਤਾਂ ਅਕਾਲੀ ਫੂਲਾ ਸਿੰਘ ਨੇ ਦੋਵਾਂ ਧਿਰਾਂ ਵਿੱਚਕਾਰ ਸੁਲਾਹ ਕਰਵਾ ਕੇ ਖ਼ੂਨ-ਖਰਾਬੇ ਤੋਂ ਬਚਾ ਲਿਆ।

ਸਿੱਖ ਰਾਜ ਦੀਆਂ ਸਰਹੱਦਾਂ ਦੇ ਵਾਧੇ ਲਈ ਨੌਸ਼ਹਿਰੇ ਦੀ ਆਖਰੀ ਲੜਾਈ ਵਿੱਚ ਸੂਰਮਗਤੀ ਅਤੇ ਅਦੁੱਤੀ ਬਹਾਦਰੀ ਦੀ ਮਿਸਾਲ ਨੂੰ ਕਾਇਮ ਰੱਖਦਿਆਂ ਹਾਰ ਨੂੰ ਜਿੱਤ ਵਿੱਚ ਬਦਲਦਿਆਂ ਅਕਾਲੀ ਫੂਲਾ ਸਿੰਘ ਨਿਹੰਗ ਸਿੰਘਾਂ ਨੇ 14 ਮਾਰਚ 1823 ਈ: ਨੂੰ ਜਾਮ-ਏ-ਸ਼ਹਾਦਤ ਨੂੰ ਪ੍ਰਾਪਤ ਕੀਤਾ। ਬਾਬਾ ਜੀ ਦਾ ਸ਼ਹੀਦੀ ਅਸਥਾਨ ਨੌਸ਼ਹਿਰਾ ਤੋਂ 6 ਕਿਲੋਮੀਟਰ ਦੂਰ ਲੰਡੇ ਦਰਿਆ (ਕਾਬਲ ਨਦੀ) ਦੇ ਕੰਢੇ ਅਕੋੜਾ ਪਟਕ (ਸਰਹੱਦੀ ਸੂਬਾ) ਪਾਕਿਸਤਾਨ ਵਿੱਚ ਮੌਜੂਦ ਹੈ। ਬਾਬਾ ਜੀ ਦੀ ਯਾਦ ਵਿੱਚ ਪੂਸਾ ਰੋਡ ਦਿੱਲੀ ਵਿਖੇ ਇਕ ਗੁਰੂ-ਘਰ ਅਤੇ ਸਕੂਲ ਚੱਲ ਰਿਹਾ ਹੈ।

ਬਾਬਾ ਜੀ ਦੀ ਸ਼ਹੀਦੀ ਯਾਦ ਹਰ 14 ਮਾਰਚ ਨੂੰ ਬੁਰਜ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਵਿੱਚ ਮਨਾਈ ਜਾਂਦੀ ਹੈ।

# ਪੰਜਾਬੀ ਸਾਹਿਤ ਸਭਾ ਵੱਲੋਂ ਸ਼ਾਇਰ ਕ੍ਰਿਸ਼ਨ ਭਨੋਟ ਦੀ ਮੌਤ 'ਤੇ ਦੁੱਖ ਪ੍ਰਗਟ

ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ)- ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਗ਼ਜ਼ਲ ਉਸਤਾਦ ਕ੍ਰਿਸ਼ਨ ਭਨੋਟ ਜੀ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਗਲਾਸਗੋ ਦੇ ਸ਼ਾਇਰ ਅਮਨਦੀਪ ਸਿੰਘ ਅਮਨ ਨੇ ਉਸਤਾਦ ਕ੍ਰਿਸ਼ਨ ਭਨੋਟ ਜੀ ਨਾਲ ਆਪਣੀ ਸਾਂਝ ਦਾ ਜ਼ਿਕਰ ਬੜੇ ਭਾਵੁਕ ਸ਼ਬਦਾਂ ਨਾਲ ਬਿਆਨ ਕੀਤਾ । ਉਹਨਾਂ ਦੱਸਿਆ ਕਿ ਸ਼ਾਇਰ, ਲੇਖਕ ਹੋਣਾ ਕਦੀ ਵੀ ਕੋਈ ਵੱਡੀ ਗੱਲ ਨਹੀਂ ਹੁੰਦੀ, ਬਲ ਕਿ ਵੱਡੀ ਗੱਲ ਇਹ ਹੁੰਦੀ ਹੈ ਕਿ ਸ਼ਾਇਰ ਆਪਣੀ ਵਿਰਾਸਤ ਵਿੱਚ ਕੀ ਛੱਡ ਕੇ ਗਿਆ ਹੈ। ਉਹਨਾਂ ਨੇ ਭਨੋਟ ਦੀ ਪੰਜਾਬੀ ਸਾਹਿਤ ਨੂੰ ਦੇਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਗ਼ਜ਼ਲ ਵਿਧਾ ਦੇ ਧੁਰ ਅੰਦਰੋਂ ਆਸ਼ਕ ਸਨ। ਉਨ੍ਹਾਂ ਦੀ ਸ਼ਾਇਰੀ ਵਿੱਚ ਲੋਹੜੇ ਦੀ ਸਹਿਜਤਾ, ਸਰਲਤਾ ਅਤੇ ਠਹਿਰਾਉ ਸੀ। ਅਰੂਜ਼ੀ ਬੰਦਿਸ਼ਾਂ 'ਤੇ ਲਿਖੀ ਉਨ੍ਹਾਂ ਦੀ ਪੁਸਤਕ 'ਗ਼ਜ਼ਲ ਦੀ ਬਣਤਰ ਤੇ ਅਰੂਜ਼' ਸ਼ਾਇਰੀ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਸਾਬਤ ਹੋਈ ਜੋ ਕਿ ਗ਼ਜ਼ਲ ਦੇ ਸਿੱਖਿਆਰਥੀਆਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਵਿੱਚ ਬਹੁਤ ਮਕਬੂਲ ਹੈ। ਇਸ ਤੋਂ ਇਲਾਵਾ ਉਨ੍ਹਾਂ 'ਉਮਰ ਦੇ ਵਰਕੇ', 'ਗਹਿਰੇ ਪਾਣੀਆਂ ਵਿੱਚ', 'ਪੌਣਾਂ ਦੇ ਨਕਸ਼', 'ਮਹਿਕ ਦੇ ਹਸਤਾਖਰ', 'ਤਲਖ਼ ਪਲ਼', 'ਜਲ ਤਰੰਗ', 'ਸੋਨੇ ਦੀ ਸਲੀਬ ਤੋਂ' ਅਤੇ 'ਵਿਅੰਗ ਲੀਲਾ' ਸਮੇਤ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਈਆਂ। ਉਸਤਾਦ ਕ੍ਰਿਸ਼ਨ ਭਨੋਟ ਜੀ ਨੇ ਦੁਨੀਆਂ ਭਰ ਵਿੱਚ ਆਪਣੀ ਵਿਰਾਸਤ ਦੇ ਰੂਪ ਵਿੱਚ ਆਪਣੇ ਸ਼ਾਗਿਰਦ ਵੀ ਪੈਦਾ ਕੀਤੇ, ਜਿਹੜੇ ਜਰਮਨੀ, ਬੈਲਜ਼ੀਅਮ, ਇਟਲੀ, ਇੰਗਲੈਂਡ, ਕਨੇਡਾ ਅਤੇ ਪੰਜਾਬ ਵਿੱਚ ਅਨੇਕਾਂ ਸ਼ਾਇਰ 'ਭਨੋਟ' ਘਰਾਣੇ ਦਾ ਮਾਣ ਵਧਾ ਰਹੇ। ਇਸ ਦੇ ਨਾਲ ਹੀ ਸਿੱਖ ਕੌਮ ਦੇ ਢਾਡੀ ਕੁਲਜੀਤ ਸਿੰਘ ਦਿਲਬਰ ਦੇ ਬੇ ਵਕਤੀ ਵਿਛੋੜੇ ਤੇ ਸ਼ੋਕ ਪਰਗਟ ਕੀਤਾ ਗਿਆ। ਸਾਹਿਤ ਸਭਾ ਦੇ ਮੈਂਬਰਾਂ ਦਿਲਬਾਗ ਸੰਧੂ, ਜਗਦੀਸ਼ ਸਿੰਘ, ਤਰਲੋਚਨ ਮੁਠੱਡਾ, ਅਮਨਦੀਪ ਸਿੰਘ ਅਮਨ, ਸਲੀਮ ਰਜ਼ਾ, ਮੁਲਖ ਰਾਜ, ਵੇਦ ਪ੍ਰਕਾਸ਼ ਅਤੇ ਸੰਤੋਖ ਸੋਹਲ ਆਦਿ ਨੇ ਹਿੱਸਾ ਲਿਆ।



ਮਰਹੂਮ ਕ੍ਰਿਸ਼ਨ ਭਨੋਟ

# ਵਿਦਵਾਨ ਲਿਖਾਰੀ ਤੇ ਬੁਲਾਰੇ ਬਨਾਮ ਗਊਆਂ !

ਸੰਨ 96 ਦੇ ਅਖੀਰ ਜਿਹੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਚੁਣੇ ਜਾਣ ਤੋਂ ਦੋ ਢਾਈ ਕੁ ਸਾਲ ਬਾਅਦ ਪੱਕੀ ਤਰੀਕ ਤਾਂ ਮੈਨੂੰ ਯਾਦ ਨਹੀਂ ਪਰ ਇਹ ਗੱਲ ਸੰਨ 99 ਦੇ ਉਨ੍ਹਾਂ ਦਿਨਾਂ ਦੀ ਹੈ ਜਦ ਅੱਜ ਵਾਂਗ ਬਾਦਲ-ਗਰਦੀ ਨੇ ਹੈਂਕੜ ਦਿਖਾਉਂਦਿਆਂ ਭਾਈ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਤੋਂ ਲਾਹ ਦਿੱਤਾ ਸੀ।



ਭਾਈ ਰਣਜੀਤ ਸਿੰਘ ਆਏ ਢਾਹਾਂ-ਕਲੇਰਾਂ ਹਸਪਤਾਲ ਵਿਖੇ ਬਾਬਾ ਬੁੱਧ ਸਿੰਘ ਢਾਹਾਂ ਨੂੰ ਮਿਲਣ ਵਾਸਤੇ! ਪੁਰਾਣੇ ਅਕਾਲੀ ਹੋਣ ਕਾਰਨ ਬਾਬਾ ਢਾਹਾਂ ਜੀ ਮੈਥੋਂ ਬਹੁਤ ਪ੍ਰਭਾਵਤ ਸਨ! ਚਾਹ-ਪਾਣੀ ਛਕਣ ਵੇਲੇ ਬੁੱਧ ਸਿੰਘ ਢਾਹਾਂ ਹੁਣਾ ਭਾਈ ਰਣਜੀਤ ਸਿੰਘ ਨਾਲ ਮੇਰਾ ਤੁਆਰਫ ਕਰਾਉਂਦਿਆਂ ਮੇਰੇ ਬਾਰੇ ਦੱਸਿਆ ਕਿ ਇਹ ਸ਼੍ਰੋਮਣੀ ਕਮੇਟੀ ਦੇ ਵਿਦਵਾਨ ਮੈਂਬਰ ਹਨ ਅਤੇ ਪ੍ਰਭਾਵਸ਼ਾਲੀ ਬੁਲਾਰੇ ਹੋਣ ਦੇ ਨਾਲ ਨਾਲ ਲਿਖਦੇ ਵੀ ਬਹੁਤ ਸੋਹਣਾ ਐਂ... !

ਮੈਂ ਦੇਖ ਰਿਹਾ ਸਾਂ ਕਿ ਬੁੱਧ ਸਿੰਘ ਢਾਹਾਂ ਤੋਂ ਮੇਰੀ ਤਾਰੀਫ ਸੁਣਦਿਆਂ ਭਾਈ ਰਣਜੀਤ ਸਿੰਘ ਦੇ ਚਿਹਰੇ ਉੱਤੇ ਮੇਰੇ ਪ੍ਰਤੀ 'ਨਾਂਹ-ਵਾਚੀ' ਚਿਹਨ ਜਿਹੇ ਬਣ ਰਹੇ ਸਨ।

ਉਹ ਮਾਯੂਸ ਜਿਹੇ ਹੋ ਕੇ ਬੋਲੇ-

"ਹੈ ਗੇ ਤਾਂ ਇਹ ਬਾਦਲ ਦੀ ਗਾਈਂ (ਗਊ) ਹੀ ਹਨ......ਕਿਆ ਕਰਨਾ ਇਨ੍ਹਾਂ ਦੇ 'ਸੋਹਣਾ ਬੋਲਣ ਨੂੰ' ਜਾਂ ਲਿਖਣ ਨੂੰ ! ਇਨ੍ਹਾਂ ਦੀ ਲੈਕਚਰਬਾਜ਼ੀ ਅਤੇ ਸੋਹਣਾ ਲਿਖਣੇ ਦਾ ਕੌਮ ਨੂੰ ਕਿਆ ਭਾਅ ??"

(ਉਸ ਮੌਕੇ ਦੀ ਇਹ ਫੋਟੋ ਮੈਂ ਸਾਂਭ ਕੇ ਰੱਖੀ ਹੋਈ ਹੈ !)



-ਤਰਲੋਚਨ ਸਿੰਘ ਦੁਪਾਲ ਪੁਰ
+9178146-92724

**TAIL PIECE**
Dalip Singh Wasan,
Advocate
Email : dalipsinghwassan@yahoo.co.in

# PUNJAB-HARYANA MAY LOSE ONE-ONE SEAT IN PARLIAMENT UNDER NEW DE-LIMITATION-A NEWS ITEM

The constituencies established decades ago are likely to be revised and there are reports that Punjab and Haryana both shall be losing one-one seats in the Parliament. The total strength of Parliament is already high because the House should not be crowded and at the most 250 members are enough Till date we could not establish sets of qualifications, experience, expertises and age for members and even no duty chart is there. Most of the members just go and sit there and are jut used as number by the ruling and the oppositions.

If we go back and trace history of Punjab, it suffered much in 1947 Partition and even the Punjab established after partition had been broken in pieces. It has lost its capital specially established for it.

And if we have a look on its members in the Parliament, none is noticed to speak against all these break-downs. There had been certain movements and th4ese members of Parliament had the knowledge that people of Punjab are not involved, they remained silent and had been just looking and waiting because they were not actually representatives of Punjab.

The movements initiated here were of semi political and even turned into terrorism. The members present in the Parliament and in the state legislative assembly remained silent. None took responsibility and when Mr. Indira Gandhi, the Prime Minister decided Blue Star Operation even then none could persuade the occupier of Sri Akal Takht to vacate it because they are not in a position to face India Armies Operation and what happened, it is matter of history. The history repeated and Smt. Indira Gandhi was assassinated and then the Sikhs had to face Anti Sikh riots. Thousns of innocent Sikhs had been killed And only silence had been noticed by all members both in the Parliament and in State Legislative Assembly.

So these members actually do not represent the people of the states and if their number is reduced to nil, people would not suffer.



Keeping in view the history update, it is desired that we should reduce number of members in the Parliament and even we can think over the existence of state assemblies. Elections, maintaintenance of these August House has become very costly and therefore, time has come when we should examine the case of strengths and strengths must be reduced to the minimum so that people here could become actual representatives of the people and must work for them. Simply marking presence and supporting their leaders is not real representation.

### CONTESTING GROUPS FIGHT ELECTIONS WITH TWO LEADERS-DESIGNATE

Here in our democracy elections are held as prescdribed and we have noted that two main groups come with large number of candidates with one-one leader designate. The candidates they chose and nominate are elected not because of their own compentency, but just in name of leader designate and we have noted that the leader designate comes in the constituency and requests the voters to elect this man jut to strengthen his hands. At no stage compentencies of the candidates are placed before the people and even the problems of the area are not identified and people are assured that this man has the compentency and shall try to solve these problems through the Parliament or the state legislative assembly. The people of India know what is in mind of the contesting groups and they just vote having no interest in this voting system. We have noted that nuber of voters has started falling down and time is not away when only twenty or thirty per cent people shall be coming forward for voting.

Therefore, the system established must change and let us introduce a system where people must vote not to elect supporter of leaders –designate but on the competency of the cdndidate and must keep in mind that that hey are not just electing supporters of leaders-designate but representatives of the people who shall speak in the House for their welfare and for solving problems of the area,.

We are a leaderless country and people who collect in our August Houses are just Public Servants and must remain public servants, no ruler and no opposition.

We are hoping to turn a developed country and with so many problems still standing, we would not conceal all that and none shall accept us as a developed country. Only representatives of the people would solve all the problems of the people.

### CONTESTING GROUPS FIGHT ELECTIONS WITH TWO LEADERS-DESIGNATE

Here in our democracy elections are held as prescdribed and we have noted that two main groups come with large number of candidates with one-one leader designate. The candidates they chose and nominate are elected not because of their own compentency, but just in name of leader designate and we have noted that the leader designate comes in the constituency and requests the voters to elect this man just to strengthen his hands.

At no stage compentencies of the candidates are placed before the people and even the problems of the area are not identified and people are assured that this man has the compentency and shall try to solve these problems through the Parliament or the state legislative assembly.

The people of India know what is in mind of the contesting groups and they just vote having no interest in this voting system. We have noted that number of voters has started falling down and time is not away when only twenty or thirty per cent people shall be coming forward for voting.

Therefore, the system established must change and let us introduce a system where people must vote not to elect supporter of leaders –designate but on the competency of the candidate and must keep in mind that that hey are not just electing supporters of leaders-designate but representatives of the people who shall speak in the House for their welfare and for solving problems of the area,.

We are a leaderless country and people who collect in our August Houses are just Public Servants and must remain public servants, no ruler and no opposition.

We are hoping to turn a developed country and with so many problems still standing, we would not conceal all that and none shall accept us as a developed country. Only representatives of the people would solve all the problems of the people.

* * * * * * * *


**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

# ਪੰਜਾਬੀ ਸੱਭਿਆਚਾਰ ਦੀ ਹੋਂਦ ਬਚਾਉਣ ਲਈ ਸਰਕਾਰੀ ਤੌਰ 'ਤੇ "ਸੱਭਿਆਚਾਰਕ ਦਿਵਸ" ਮਨਾਏ ਜਾਣ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ ?)





ਸੱਭਿਆਚਾਰ ਦੋ ਲਫਜ਼ਾਂ (ਸੱਭਿਆ + ਅਚਾਰ) ਦੇ ਸੁਮੇਲ ਤੋਂ ਬਣਿਆ ਹੋਇਆ ਕਿੰਨਾ ਖੂਬਸੂਰਤ ਤੇ ਸੋਹਣਾ ਲਫਜ਼ ਹੈ, ਜਿਸ ਦੇ ਅਰਥ ਹਨ, ਸਾਊ, ਸੋਹਣਾ, ਸੁਚੱਜਾ, ਬੀਬਾ, ਵਧੀਆ, ਚੰਗਾ ਅਤੇ ਸੁੰਦਰ ਵਿਵਹਾਰ, ਵਤੀਰਾ, ਸਲੀਕਾ ਜਾਂ ਢੰਗ।

ਸੱਭਿਆਚਾਰ ਦਰਅਸਲ ਕਿਸੇ ਖਿੱਤੇ ਵਿਸ਼ੇਸ਼ ਵਿਚ ਰਹਿਣ ਵਿਚਰਣ ਵਾਲੇ ਲੋਕਾਂ ਦਾ ਸਮੁੱਚਾ ਜੀਵਨ ਢੰਗ ਹੁੰਦਾ ਹੈ ਜਿਸ ਵਿਚ ਉਥੋਂ ਦੇ ਲੋਕਾਂ ਦਾ ਸਮੁੱਚਾ ਰਹਿਣ ਬਹਿਣ, ਸੋਚਣ ਸਲੀਕਾ, ਵਿਸ਼ਵਾਸ਼, ਖਾਣ ਪੀਣ, ਬੋਲੀ, ਪ੍ਰਾਹੁਣਚਾਰੀ ਦਾ ਸਲੀਕਾ, ਨਾਚ ਨਾਟ, ਗੀਤ ਲੋਕ ਗੀਤ, ਪਹਿਨ ਪਹਿਰਾਵਾ, ਰੀਤਾਂ ਰਸਮਾਂ, ਖੇਡਾਂ, ਧਰਮ, ਕਿੱਤੇ, ਮਾਨਤਾਵਾਂ ਅਤੇ ਅਮਾਨਤਾਵਾਂ ਆਦਿ ਸਭ ਕੁੱਝ ਆ ਜਾਂਦਾ ਹੈ ਜਿਹਨਾਂ ਤੋਂ ਸਬੰਧਿਤ ਸੱਭਿਆਚਾਰ ਵਿਸ਼ੇਸ਼ ਦੀ ਅਮੀਰੀ ਜਾਂ ਗਰੀਬੀ, ਅਗਾਂਹ ਵਧੂ ਜਾਂ ਪਿਛੜੇ ਹੋਣ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਸੱਭਿਆਚਾਰ ਦਾ ਪਰਵਾਹ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ, ਪਿਛਲੀ ਪੀੜ੍ਹੀ ਅਗਲੀ ਪੀੜ੍ਹੀ ਨੂੰ ਇਹ ਵਿਰਸਾ ਮੌਖਿਕ ਸੰਸਕਾਰੀ ਰੂਪ ਵਿਚ ਅਗੇ ਦਰ ਅਗੇਰੇ ਸੌਂਪਦੀ ਚਲੀ ਜਾਂਦੀ ਹੈ, ਪਰ ਬਹੁਤ ਚੰਗਾ ਹੁੰਦਾ ਹੈ ਜੇਕਰ ਖਿੱਤੇ ਵਿਸ਼ੇਸ਼ ਦੇ ਲੋਕ ਆਪਣੇ ਸੱਭਿਆਚਾਰ ਨੂੰ ਕਿਸੇ ਨ ਕਿਸੇ ਰੂਪ ਵਿਚ ਪੱਕੇ ਤੌਰ 'ਤੇ ਨਾਲ ਦੀ ਨਾਲ ਸਾਂਭਦੇ ਵੀ ਜਾਣ ਤਾਂ ਕਿ ਸੱਭਿਆਚਾਰ ਦੀ ਹੋਂਦ ਮਜਬੂਤੀ ਨਾਲ ਬਣੀ ਰਹੇ ਕਿਉਂਕਿ ਜੇਕਰ ਇਸ ਨੂੰ ਮੂੰਹ ਜੁਬਾਨੀ ਹੀ ਅੱਗੇ ਤੋਰਿਆ ਜਾਂਦਾ ਹੈ ਤਾਂ ਇਹ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ ਕਿ ਕਿਸੇ ਸੱਭਿਆਚਾਰ ਉਤੇ ਦੂਸਰਿਆ ਸੱਭਿਆਚਾਰਾਂ ਦਾ ਚੰਗਾ ਮੰਦਾ ਅਸਰ ਹਮੇਸ਼ਾ ਪੈਂਦਾ ਰਹੇਗਾ। ਅਸੀਂ ਅਜੋਕੇ ਪੰਜਾਬੀ ਸੱਭਿਆਚਾਰ ਨੂੰ ਹੀ ਦੇਖ ਲਈਏ ਤਾਂ ਕਹਿ ਸਕਦੇ ਹਾਂ ਕਿ ਅੱਜ ਦੇ ਜਮਾਨੇ ਵਿਚ ਸੱਭਿਆਚਾਰ ਨੂੰ ਸਿਰਫ ਨਾਚ ਗਾਣੇ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ ਜਦ ਕਿ ਨਾਚ, ਗਾਣਾ ਅਤੇ ਪੀਣਾ ਸਿਰਫ ਇਸ ਦਾ ਇਕ ਛੋਟਾ ਜਿਹਾ ਹਿੱਸਾ ਹਨ। ਇਸੇ ਤਰਾਂ ਧਰਮ ਦੀ ਗੱਲ ਕੀਤੀ ਜਾ ਸਕਦੀ ਹੈ ਜੋ ਕਿ ਹਰ ਵਿਅਕਤੀ ਦਾ ਨਿੱਜੀ ਵਿਸ਼ਾ ਹੁੰਦਾ ਹੈ ਤੇ ਸੱਭਿਆਚਾਰ ਦਾ ਅਨਿੱਖੜ ਅੰਗ ਹੁੰਦਾ ਹੈ।

ਇੱਕ ਸਮਾਜ ਵਿਚ, ਇੱਕ ਤੋਂ ਬਹੁਤੇ ਸੱਭਿਆਚਾਰ ਹੋ ਸਕਦੇ ਹਨ ਇਸ ਦੀ ਵਧੀਆ ਮਿਸਾਲ ਭਾਰਤ ਦੇ ਰਾਜਾਂ ਦੀ ਦਿੱਤੀ ਜਾ ਸਕਦੀ ਹੈ, ਜਿਹਨਾਂ ਵਿਚ ਰਾਜਾਂ ਮੁਤਾਬਿਕ ਵੱਖੋ ਵੱਖ ਬੋਲੀਆਂ, ਧਰਮ, ਮਾਨਤਾਵਾਂ, ਅਮਾਨਤਾਵਾਂ ਤੇ ਅਚਾਰ ਵਿਵਹਾਰ ਦੇ ਬਹੁਤ ਸਾਰੇ ਜੀਵਨ ਢੰਗ ਹਨ।

ਇਸੇ ਤਰਾਂ ਇਕ ਸੱਭਿਆਚਾਰ ਵਿਚ ਬਹੁਤ ਸਾਰੇ ਧਰਮ ਹੋ ਸਕਦੇ ਹਨ, ਬਹੁਤੇ ਰੰਗਾਂ ਤੇ ਨਸਲਾਂ ਦੇ ਲੋਕ ਹੋ ਸਕਦੇ ਹਨ। ਕਹਿਣ ਦਾ ਭਾਵ ਇਹ ਕਿ ਸੱਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ, ਇਸ ਨੂੰ ਕਦਾਚਿਤ ਵੀ ਸੀਮਤ ਘੇਰੇ ਵਿਚ ਨਾ ਹੀ ਰੱਖਿਆ ਜਾ ਸਕਦਾ ਹੈ ਤੇ ਨਾ ਹੀ ਸੱਭਿਆਚਾਰ ਦੇ ਕਿਸੇ ਇਕ ਹਿੱਸੇ ਨੂੰ ਉਸ ਦਾ ਸਮੁੱਚ ਸਮਝਣ ਦੀ ਗਲਤੀ ਕੀਤੀ ਜਾ ਸਕਦੀ ਹੈ।

ਬਦਲਾਵ ਕੁਦਰਤ ਦਾ ਇਕ ਅਟੱਲ ਨਿਯਮ ਹੈ। ਦੁਨੀਆ ਦੀ ਹਰ ਵਸਤ ਸਮੇਂ ਦੀ ਗਤੀ ਨਾਲ ਬਦਲਦੀ ਹੈ। ਧਰਤੀ ਸੂਰਜ ਦੇ ਇਰਦ ਗਿਰਦ 24 ਘੰਟੇ ਚ ਇਕ ਚੱਕਰ ਲਗਾਉਂਦੀ ਹੈ ਤਾਂ ਦਿਨ ਰਾਤ ਬਣਦੇ ਹਨ ਜਦ ਕਿ ਤਿਰਛੇ ਰੁਖ ਸਾਲ ਚ ਇਕ ਗੇੜਾ ਪੂਰਾ ਕਰਦੀ ਹੋਈ ਵੱਖ ਵੱਖ ਰੁੱਤਾਂ ਦੇ ਰੰਗ ਦਿਖਾਉਂਦੀ ਹੈ। ਫੁੱਲ ਖਿੜਦੇ ਹਨ ਤੇ ਸਮੇਂ ਦੀ ਗਤੀ ਮੁਤਾਬਿਕ ਮੁਰਝਾ ਜਾਂਦੇ ਹਨ, ਦਿਨ ਰਾਤ ਦਾ ਚੱਕਰ ਨਿਰੰਤਰ ਚਲਦਾ ਰਹਿੰਦਾ ਹੈ, ਬਿਲਕੁਲ ਠੀਕ ਇਸੇ ਤਰਾਂ ਸੱਭਿਆਚਾਰੀਕਰਨ ਦਾ ਅਮਲ ਵੀ ਚਲਦਾ ਰਹਿੰਦਾ ਹੈ। ਕਹਿਣ ਦਾ ਭਾਵ ਇਹ ਕਿ ਸੱਭਿਆਚਾਰ ਵਿਚ ਬਦਲਾਵ ਦੀ ਪ੍ਰਕਿਰਿਆ ਵੀ ਨਿਰੰਤਰ ਚਲਦੀ ਰਹਿੰਦੀ ਹੈ, ਕਮਜੋਰ ਸੱਭਿਆਚਾਰ, ਮਜਬੂਤ ਸੱਭਿਆਚਾਰ ਦੀ ਮਾਰ ਹੇਠ ਆ ਕੇ ਆਪਣੀ ਹੋਂਦ ਨੂੰ ਖੋਰਾ ਲਾ ਬਹਿੰਦਾ ਹੈ। ਪੰਜਾਬੀ ਸੱਭਿਆਚਾਰ ਇਕ ਬੜਾ ਅਮੀਰ ਸੱਭਿਆਚਾਰ ਹੈ, ਪਰ ਪਿੱਛਲੀ ਪੌਣੀ ਕੁ ਸਦੀ ਤੋਂ ਇਹ ਸੱਭਿਆਚਾਰ , ਪੱਛਮੀ ਸੱਭਿਆਚਾਰ ਦੀ ਮਾਰ ਹੇਠ ਆ ਕੇ ਨਿਰੰਤਰ ਆਪਣੀ ਦਿੱਖ ਬਦਲਦਾ ਜਾ ਰਿਹਾ ਹੈ। ਜੇਕਰ ਇੰਜ ਕਹਿ ਲਈਏ ਕਿ ਮਾਤ ਬੋਲੀ ਪੰਜਾਬੀ ਸਮੇਤ ਪੂਰਾ ਸੱਭਿਆਚਾਰ ਹੀ ਇਸ ਵਕਤ ਆਪਣੀ ਹੋਂਦ ਹੀ ਖਤਰੇ ਦੀ ਦਲਦਲ ਵਿਚ ਫਸਾ ਚੁੱਕਾ ਹੈ ਤਾਂ ਕਿਸੇ ਤਰਾਂ ਵੀ ਗਲਤ ਨਹੀਂ ਹੋਵੇਗਾ। ਮਹਾਂ ਪੰਜਾਬ ਦਾ ਸੱਭਿਆਚਾਰ ਇੱਕ ਹੁੰਦਾ ਸੀ ਜੋ ਹੁਣ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਦੁਫੇੜ ਪੈ ਜਾਣ ਕਾਰਨ ਦੋਹੀਂ ਪਾਸੀਂ ਕਾਫੀ ਬਦਲਿਆ ਹੋਇਆ ਨਜਰ ਆ ਰਿਹਾ ਹੈ।

ਮੀਡੀਆ 21ਵੀਂ ਸਦੀ ਦੀ ਸਭ ਤੋਂ ਵੱਡੀ ਤਾਕਤ ਹੈ, ਪਰ ਇਸ ਵਿਚ ਵੀ ਸ਼ੋਸ਼ਲ ਮੀਡੀਆ ਡਵਲੋਪਿੰਗ ਇਦਿਓਚ, ਪਰੈੱਸ ਤੇ ਬਿਜਲਈ ਮੀਡੀਏ ਤੋਂ 100 ਗੁਣਾਂ ਵਧੇਰੇ ਸ਼ਕਤੀਸ਼ਾਲੀ ਹੈ। ਜੇਕਰ ਸ਼ੋਸ਼ਲ ਮੀਡੀਏ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਸੱਭਿਆਚਾਰ ਦੀ ਹੋਂਦ ਬਰਕਰਾਰ ਰੱਖਣ ਨੂੰ ਕਾਫੀ ਵੱਡਾ ਹੁਲਾਰਾ ਮਿਲ ਸਕਦਾ ਹੈ, ਪਰੰਤੂ ਜੇਕਰ ਇਸ ਤੋਂ ਉਲਟ ਹੁੰਦਾ ਹੈ ਤਾਂ ਸਮਝ ਲਓ ਕਿ ਸਬੰਧਿਤ ਸੱਭਿਆਚਾਰ ਵਿਸ਼ੇਸ਼ ਦਾ ਖਾਤਮਾ ਤਹਿ ਹੈ। ਸੋ ਇਹ ਹੁਣ ਲੋਕਾਂ ਅਤੇ ਸਰਕਾਰਾਂ 'ਤੇ ਨਿਰਭਰ ਕਰਦਾ ਹੈ ਕਿ ਉਹਨਾਂ ਨੇ ਆਪਣੇ ਸੱਭਿਆਚਾਰ ਦੀ ਹੋਂਦ ਹਸਤੀ ਨੂੰ ਬਚਾਈ ਤੇ ਬਣਾਈ ਰੱਖਣਾ ਹੈ ਜਾਂ ਫਿਰ ਇਸ ਦਾ ਆਪਣੇ ਹੱਥੀਂ ਆਪ ਹੀ ਵਿਨਾਸ਼ ਹੁੰਦਾ ਦੇਖਣਾ ਹੈ।

ਮੇਰੇ ਵਲੋਂ ਇਸ ਲੇਖ ਨੂੰ ਲਿਖਣ ਦਾ ਮੁੱਖ ਮੰਤਵ ਇਹ ਹੈ ਕਿ ਅਸੀਂ ਪੰਜਾਬੀ ਹੋਣ ਦੇ ਨਾਤੇ ਆਪਣੇ ਸੱਭਿਆਚਾਰ ਦੀ ਹੋਂਦ ਬਚਾਉਣ ਅਤੇ ਪੀੜ੍ਹੀ ਦਰ ਪੀੜ੍ਹੀ ਇਸ ਨੂੰ ਬਹਾਲ ਰੱਖਣ ਪ੍ਰਤੀ ਸੁਚੇਤ ਹੋਈਏ, ਬੋਲੀ ਅਤੇ ਸਾਹਿਤਕ ਕਾਨਫਰੰਸਾਂ ਆਯੋਜਿਤ ਕਰਨ ਦੇ ਨਾਲ ਨਾਲ ਸੱਭਿਆਚਾਰਕ ਕਾਨਫਰੰਸਾਂ ਆਯੋਜਿਤ ਕਰਨ ਵੱਲ ਵੀ ਧਿਆਨ ਦੇਈਏ, ਇਹ ਮੁੱਦਾ ਵੀ ਹੁਣ ਬਹੁਤ ਗੰਭੀਰ ਬਣ ਚੁੱਕਾ ਹੈ, ਇਸ ਵਾਸਤੇ ਵੀ ਸਿਰ ਜੋੜ ਕੇ ਬੈਠਣ ਦੀ ਸਖਤ ਜਰੂਰਤ ਹੈ, ਇਸ ਦੇ ਅਰਥਾਂ ਦਾ ਘੇਰਾ ਨੱਚਣ ਟੱਪਣ ਤੇ ਖਾਣ ਪੀਣ ਤੱਕ ਸੀਮਤ ਕਰ ਦਿੱਤਾ ਗਿਆ ਹੈ, ਪੰਜਾਬੀ ਸੱਭਿਆਚਾਰ ਇਕ ਸੱਚਾ ਸੁੱਚਾ, ਬਹੁਤ ਹੀ ਸੋਹਣਾ ਤੇ ਸੁਚੱਜਾ ਸੱਭਿਆਚਾਰ ਹੈ, ਇਸ ਨੂੰ ਕੰਜਰਗਿਰੀ ਤੱਕ ਸੀਮਤ ਕਰਨਾ, ਵੱਖ ਵੱਖ ਰਿਸ਼ਤਿਆਂ ਵਾਸਤੇ ਬਿਨਾ ਸੋਚੇ ਸਮਝੇ ਇਕੋ ਸ਼ਬਦ ਨੂੰ ਚਲਏ - ਅੁਨਟੇ ਵਰਤੀ ਜਾਣਾ, ਭਾਅ ਜੀ ਨੂੰ "ਪਾਅ ਜੀ" ਕਹਿਣਾ , ਭੈਣ ਨੂੰ ਦੀਦੀ, ਪਿਓ ਨੂੰ "ਪਾਪਾ" ਅਤੇ ਮਾਤਾ ਨੂੰ "ਮੰਮਾਂ" ਕਹਿਣਾ ਆਦਿ ਸ਼ਬਦ ਕਿਸੇ ਵੀ ਤਰਾਂ ਸਾਡੇ ਸੱਭਿਆਚਾਰ ਨਾਲ ਮੇਚਵੇਂ ਨਹੀਂ ਹਨ। ਪੰਜਾਬੀ ਮੀਡੀਏ ਵਿਚਲੇ ਪਰੋਗਰਾਮ ਦੇਖੇ ਸੁਣੇ ਜਾ ਸਕਦੇ ਹਨ, ਸ਼ਰੇਆਮ ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਅੱਖਾਂ ਸਾਹਮਣੇ ਘਾਣ ਹੁੰਦਾ ਦੇਖਿਆ ਜਾ ਸਕਦਾ ਹੈ।

ਪੰਜਾਬੀ ਸੱਭਿਆਚਾਰ ਵਿਚ ਬਨਾਵਟ ਵਾਸਤੇ ਬਿਲਕੁਲ ਵੀ ਕੋਈ ਜਗਾ ਨਹੀਂ ਹੈ। ਇਹ ਉਹ ਸੱਭਿਆਚਾਰ ਹੈ ਜੋ ਪੂਰੀ ਵਿਸ਼ਵ ਸੱਭਿਅਤਾ ਦਾ ਪੰਘੂੜਾ ਹੈ। ਅੱਜ ਦੁੱਖ ਹੁੰਦਾ ਹੈ, ਇਹ ਦੇਖਕੇ ਕਿ ਇਸ ਦੇ ਰਸਮਾਂ ਰਿਵਾਜਾਂ ਵਿਚ ਬਨਾਵਟ ਘਸੋੜ ਦਿੱਤੀ ਗਈ ਹੈ , ਮਸਲਨ ਵਿਆਹਾਂ ਚ ਕੇਕ ਕੱਟਣ ਦੀ ਰਸਮ ਅਦਾ ਕਰਨੀ, ਵੱਡੇ ਵੱਡੇ ਮੈਰਿਜ ਪੈਲੇਸ ਬੁੱਕ ਕਰਕੇ ਆਪਣੀ ਹਾਉਮੈਂ ਨੂੰ ਪੱਠੇ ਪਾਉਣ ਦੇ ਅਡੰਬਰ ਰਚਣੇ, ਰਿਸ਼ਤਿਆਂ ਚ ਟੁੱਟ ਭੱਜ, ਮੋਹ ਦੀਆਂ ਤੰਦਾਂ ਦਾ ਉੱਡਣ ਛੂ ਹੋ ਜਾਣਾ ਤੇ ਮਤਲੱਬ ਪ੍ਰਸਤੀ ਦੀ ਪ੍ਰਧਾਨਗੀ ਦੇ ਨਾਲ ਨਾਲ ਨਾਚ ਤੇ ਨਾਟ ਕਲਾਵਾਂ ਵਿਚ ਬਦਲਾਵ ਤੇ ਆਲੋਪਗੀ ਦਾ ਨਿਰੰਤਰ ਵਾਧਾ ਆਦਿ, ਇਹ ਸੱਭ ਮੁੱਦੇ ਹਨ ਜੋ ਇਸ ਵੇਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ।

ਬੇਸ਼ੱਕ ਇਹ ਸਾਡਾ ਸਭਨਾ ਦਾ ਇਕ ਬਹੁਤ ਹੀ ਭਖਵਾਂ ਮਸਲਾ ਹੈ, ਪਰ ਜੇਕਰ ਸਾਡੇ ਵਿੱਦਿਅਕ ਅਦਾਰੇ ਜਰਾ ਜਾਗ੍ਰਿਤ ਹੋ ਕੇ ਆਪਣੀ ਬਣਦੀ ਭੂਮਿਕਾ ਨਿਭਾਉਣ ਤਾਂ ਹਾਲਾਤਾਂ ਨੂੰ ਸੁਖਾਵਾਂ ਰੁਖ ਦਿੱਤਾ ਦਾ ਸਕਦਾ ਹੈ। ਅਜਿਹਾ ਕਰਨ ਵਾਸਤੇ ਸੱਭਿਆਚਾਰਕ ਕਾਨਫਰੰਸਾਂ ਦੇ ਸੰਦਰਭ ਵਿਚ ਇਕ ਨਵੀਂ ਚਰਚਾ ਛੇੜਨੀ, ਇਸ ਵੇਲੇ ਸਮੇਂ ਦੀ ਮੰਗ ਬਣ ਚੁੱਕੀ ਹੈ।

ਖੁਸ਼ੀ ਵਾਲੀ ਗੱਲ ਇਹ ਹੈ ਕਿ ਲਹਿੰਦੇ ਪੰਜਾਬ ਵਲੋਂ ਜਿਥੇ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਲੈ ਕੇ ਨਿਰੰਤਰ ਸਾਹਿਤਕ ਕਾਨਫਰੰਸਾਂ ਕਰਵਾਈਆਂ ਜਾ ਰਹੀਆਂ, ਉਥੇ ਲਹਿੰਦੇ ਪੰਜਾਬ ਦੀ ਸਰਕਾਰ ਨੇ ਹੁਣ ਵੱਖ ਵੱਖ ਪੰਜਾਬੀ ਤਨਜੀਮਾਂ ਅਤੇ ਲੋਕਾਂ ਦੀ ਜੋਰਦਾਰ ਮੰਗ ਨੂੰ ਮੁੱਖ ਰੱਖਦਿਆਂ ਅਤੇ ਇਸ ਮਸਲੇ ਦੀ ਅਹਿਮੀਅਤ ਨੂੰ ਸਮਝਦਿਆ, ਸੱਭਿਆਚਾਰਕ ਕਾਨਫਰੰਸਾਂ ਆਯੋਜਿਤ ਕਰਨ ਦੀ ਸ਼ੁਰੂਆਤ ਕੀਤੀ ਹੈ ਜੋ ਕਿ ਇਕ ਬਹੁਤ ਹੀ ਵਧੀਆ ਉੱਦਮ ਹੈ। ਇਸੇ ਦਿਸ਼ਾ ਚ ਪਹਿਲੀ ਕਾਨਫਰੰਸ ਮਾਰਚ ਦੇ ਅੱਧ ਵਿਚ ਕੀਤੀ ਜਾ ਰਹੀ ਹੈ ਜੋ ਕਿ ਸਰਕਾਰੀ ਹੁਕਮਾਂ ਮੁਤਾਬਿਕ ਪੂਰੇ ਸੂਬੇ ਦੇ ਵੱਖ ਵੱਖ ਵਿੱਦਿਅਕ ਤੇ ਸੱਭਿਆਚਾਰਕ ਅਦਾਰਿਆਂ ਵਿਚ ਆਯੋਜਿਤ ਹੋਵੇਗੀ।

ਸਾਨੂੰ ਇਸ ਨਿੱਗਰ ਉੱਦਮ ਵਾਸਤੇ ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਬੀਬੀ ਮਰੀਅਮ ਨਵਾਜ ਸ਼ਰੀਫ ਦਾ ਹਿਰਦੇ ਦੀ ਗਹਿਰਾਈ ਤੋਂ ਕੋਟਿਨ ਕੋਟਿ ਧੰਨਵਾਦ ਕਰਨਾ ਚਾਹੀਦਾ ਹੈ ਤੇ ਇਸ ਦੇ ਨਾਲ ਹੀ ਚੜ੍ਹਦੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੀ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਵੀ ਇਸ ਦਿਸ਼ਾ ਵਿਚ ਕੋਈ ਸਕਾਰਾਤਮਕ ਕਦਮ ਚੁੱਕੇ।

ਬਹੁਤ ਚੰਗਾ ਹੋਵੇਗਾ ਜੇਕਰ ਪੰਜਾਬ ਸਰਕਾਰ ਹਰ ਸਾਲ ਕੋਈ ਇਕ ਜਾਂ ਦੋ ਦਿਨ ਦਿਨ ਤਹਿ ਕਰਕੇ ਸੂਬੇ ਦੇ ਸਮੂਹ ਵਿੱਦਿਅਕ ਅਦਾਰਿਆਂ ਵਿਚ "ਪੰਜਾਬੀ ਸੱਭਿਆਚਾਰਕ ਦਿਵਸ" ਮਨਾਉਣ ਦੀ ਕਵਾਇਦ ਸ਼ੁਰੂ ਕਰੇ, ਸੱਭਿਆਚਾਰ ਦੀ ਹੋਂਦ ਬਚਾਉਣ ਵਾਸਤੇ ਕੋਈ ਕਾਨੂੰਨ ਬਣਾਵੇ, ਵਿੱਦਿਅਕ ਅਦਾਰਿਆਂ ਵਿਚ ਇਸ ਦੀ ਪੜ੍ਹਾਈ ਵਾਸਤੇ ਕੋਈ ਸਿਲੇਬਸ ਲਾਗੂ ਕਰੇ। ਇਸ ਤਰਾਂ ਕਰਨ ਨਾਲ ਪੰਜਾਬੀ ਸੱਭਿਆਚਾਰ ਅਤੇ ਬੋਲੀ ਦੀ ਹੋਂਦ ਨੂੰ ਬਚਾਈ ਰੱਖਣ ਵਾਸਤੇ ਪੱਕਾ ਬਾਨ੍ਹਣੂ ਵੀ ਬੰਨ੍ਹਿਆ ਜਾ ਸਕਦਾ ਹੈ, ਪੰਜਾਬੀ ਕਲਾਕਾਰਾਂ ਨੂੰ ਸੇਧ ਵੀ ਦਿੱਤੀ ਦਾ ਸਕਦੀ ਹੈ, ਨਵੀਆਂ ਨਸਲਾਂ ਨੂੰ ਵੀ ਸੱਭਿਆਚਾਰ ਨਾਲ ਜੋੜਕੇ ਰੱਖਿਆ ਜਾ ਸਕਦਾ ਹੈ। ਇਹ ਸਿਲਸਿਲਾ ਪੰਜਾਬੀ ਸੱਭਿਆਚਾਰਕ ਹਫਤਾ ਜਾਂ ਪੰਦਰਵਾੜਾ ਆਯੋਜਿਤ ਕਰਕੇ ਵੀ ਸ਼ੁਰੂ ਕੀਤਾ ਦਾ ਸਕਦਾ ਹੈ।

ਆਖਿਰ ਵਿਚ ਏਹੀ ਕਹਾਂਗਾ ਕਿ ਪੰਜਾਬੀ ਸੱਭਿਆਚਾਰ ਬਹੁਤ ਅਮੀਰ ਤੇ ਸੱਚਾ ਤੇ ਸੁੱਚਾ ਸੱਭਿਆਚਾਰ ਹੈ। ਇਸ ਵਿਚ ਜੋ ਅਰਥ ਵਿਗਾੜ ਪੈਦਾ ਕਰਕੇ ਸੱਭਿਆਚਾਰਕ ਪ੍ਰਦੂਸ਼ਣ ਪੈਦਾ ਕੀਤਾ ਜਾ ਰਿਹਾ ਹੈ, ਉਸ ਦੀ ਰੋਕਥਾਮ ਕਰਕੇ ਇਸ ਦੀ ਸੁੱਧਤਾ ਤੇ ਪਾਕੀਜ਼ਗੀ ਨੂੰ ਬਣਾਏ ਰੱਖਣ ਦੀ ਅੱਜ ਬੇਹੱਦ ਲੋੜ ਹੈ। ਆਸ ਹੈ ਕਿ ਲਹਿੰਦੇ ਪੰਜਾਬ ਦੀ ਤਰਾਂ ਚੜ੍ਹਦੇ ਪੰਜਾਬ ਦੀ ਸਰਕਾਰ ਵੀ ਇਸ ਦਿਸ਼ਾ ਵੱਲ ਢੁੱਕਵੇਂ ਕਦਮ ਜਲਦੀ ਹੀ ਚੁੱਕੇਗੀ ਤੇ ਇਸ ਦਿਸ਼ਾ ਵਿਚ ਮੁਹਿੰਮ ਦਾ ਅਗਾਜ਼ ਕਰੇਗੀ।

# ਕਿਉਂ ਹੈ, ਪੰਜਾਬ ਵਿੱਚ ਨਸ਼ਿਆਂ ਦਾ ਵਿਉਪਾਰ ?

ਇਕਬਾਲ ਸਿੰਘ ਲਾਲਪੁਰਾ



ਪੰਜਾਬ ਗੁਰੂਆਂ ਦੀ ਧਰਤੀ ਕਰਕੇ ਜਾਣਿਆ ਜਾਂਦਾ ਹੈ। ਗੁਰਮਿਤ ਨਾਮ ਸਿਮਰਨ ਦਾ ਰਾਹ ਦੱਸਦੀ ਹੈ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਦੀ ਅਰਦਾਸ ਨਾਲ ਇਥੇ, ਦਿਨ ਦੀ ਸ਼ੁਰੂਆਤ ਹੁੰਦੀ ਹੈ। ਗੁਰਬਾਣੀ ॥ ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ ਦਾ ਰਾਹ ਦੱਸਦੀ ਹੈ। ਗੁਰਬਾਣੀ, ਗੁਰੂ ਸਾਹਿਬਾਨ ਦੇ ਰਹਿਤ ਨਾਮੇ ਤੇ ਹੁਕਮਨਾਮੇ ਜੀਵਨ ਵਿੱਚ ਨਸ਼ਿਆਂ ਦੀ ਵਰਤੋਂ ਨਾ ਕਰਨ ਵਾਰੇ ਸਪਸ਼ਟ ਹਦਾਇਤਾਂ ਕਰਦੇ ਹਨ। ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥ (ਪੰਨਾ 553) ਦਾ ਭਗਤੀ ਮਾਰਗ ਵੀ ਦਰਜ ਕੀਤਾ ਹੈ।

ਨਸ਼ਿਆਂ ਦਾ ਚਲਨ ਸੰਸਾਰ ਭਰ ਵਿੱਚ ਹੈ, ਪਰ ਉਥੋਂ ਦੀਆਂ ਸਰਕਾਰਾਂ ਗੈਰ ਕਾਨੂੰਨੀ ਨਸ਼ੇ ਦੇ ਵਿਉਪਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਹਨ, ਸਮਾਜ ਨੂੰ ਜਾਗਰੂਕ ਕਰਦਿਆਂ ਹਨ ਤੇ ਪੀੜਤ ਦਾ ਇਲਾਜ ਤੇ ਦੇਖ ਭਾਲ ਵੀ ਕਰਦੀਆਂ ਹਨ। ਪਰ ਪੰਜਾਬ ਵਿਚ ਪਿਛਲੇ ਅਨੇਕ ਸਾਲਾਂ ਤੋਂ ਨਸ਼ੇ ਇਕ ਗੈਰ ਕਾਨੂੰਨੀ ਵਿਉਪਾਰ ਬਣ ਗਿਆ ਹੈ। ਇਸ ਦੀ ਜੜ ਕਿੱਥੇ ਹੈ ਤੇ ਕੌਣ ਇਸਦੀ ਸਰਪ੍ਰਸਤੀ ਕਰਦੇ ਹਨੈਂ ਵਾਰੇ ਪੜਚੋਲ ਵੀ ਜਰੂਰੀ ਹੈ।

ਅੰਗਰੇਜ਼ ਦੇ ਰਾਜ ਵਿੱਚ ਅਫੀਮ ਸਰਕਾਰ ਰਾਹੀਂ ਬਣਾਏ ਠੇਕਿਆਂ ਤੇ ਵਿਕਦੀ ਸੀ ਤੇ ਬਹੁਤ ਘੱਟ ਲੋਕ ਇਸ ਦਾ ਇਸਤੇਮਾਲ ਕਰਦੇ ਸਨ। ਸ਼ਰਾਬ ਵੀ ਠੇਕਿਆਂ ਤੇ ਵਿਕਦੀ ਸੀ, ਕੁਝ ਲੋਕ ਆਪਣੀ ਵਰਤੋਂ ਲਈ ਨਜਾਇਜ ਢੰਗ ਨਾਲ ਕਸ਼ੀਦ ਕਰ ਲੈਦੇਂ ਸਨ। ਕੁਝ ਲੋਕਾਂ ਲਈ ਨਜਾਇਜ ਸ਼ਰਾਬ ਕਡਣੀ ਤੇ ਵੇਚਣੀ ਧੰਦਾ ਵੀ ਸੀ। ਪਰ ਪੁਲਿਸ ਦਾ ਡਰ ਸੀ ਤੇ ਸਮਾਜ ਵਿੱਚ ਅਜਿਹੇ ਲੋਕਾਂ ਦੀ ਇੱਜ਼ਤ ਵੀ ਨਹੀਂ ਸੀ। ਅਪਰਾਧੀਆਂ ਦੀ ਮਦਦ ਕਰਨ ਵਾਲੇ ਪੁਲਿਸ ਅਧਿਕਾਰੀ ਵੀ ਗਿਣਤੀ ਦੇ ਥੋੜੇ ਸਨ। ਬਹੁਤੇ ਥਾਨੇਦਾਰ ਆਪਣੇ ਇਲਾਕੇ ਵਿੱਚ ਕੋਈ ਅਪਰਾਧ ਨਹੀਂ ਹੋਣ ਦਿੰਦੇ ਸਨ। ਵੱਡੇ ਅਧਿਕਾਰੀ ਤਾਂ ਇਮਾਨਦਾਰ ਜਾਂ ਇਮਾਨਦਾਰੀ ਦੀ ਮਿਸਾਲ ਸਨ।

ਸਰਕਾਰ ਨੇ ਅਫੀਮ ਦੇ ਠੇਕੇ ਬੰਦ ਕਰ ਦਿੱਤੇ। 1878 ਦੇ ਅਫੀਮ ਐਕਟ ਵਿੱਚ ਗੈਰ ਕਾਨੂੰਨੀ ਢੰਗ ਨਾਲ ਅਫੀਮ ਰੱਖਣ ਦੀ ਸਜ਼ਾ ਦੋ ਸਾਲ ਸੀ। ਸਰਕਾਰ ਨੇ ਅਫੀਮ ਦੇ ਆਦੀ ਲੋਕਾਂ ਲਈ ਲਾਇਸੈਂਸ ਜਾਰੀ ਕੀਤੇ ਤਾਂ ਕਿ ਉਨ੍ਹਾਂ ਦੀ ਜਾਨ ਬਚਾਈ ਜਾ ਸਕੇ, ਪਰ ਲਾਇਸੈਂਸੀ ਅਫੀਮ ਨਾਲ ਕੁਝ ਦਾ ਗੁਜ਼ਾਰਾ ਨਹੀਂ ਹੁੰਦਾ ਸੀ ਤੇ ਇੰਨਾਂ ਲਈ ਲੋਕਾਂ ਨੇ ਅਫੀਮ ਦਾ ਗੈਰ ਕਾਨੂੰਨੀ ਧੰਦਾ ਸ਼ੁਰੂ ਕਰ ਲਿਆ। ਅਜੇਹੇ ਗੈਰ ਕਾਨੂੰਨੀ ਧੰਦਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਵੱਡੇ ਸਮੱਗਲਰ ਤਾਂ ਪੰਜਾਬ ਦੇ ਜਿਲਿਆਂ ਵਿੱਚ ਦੋ ਚਾਰ ਤੋਂ ਜਿਆਦਾ ਨਹੀਂ ਹੁੰਦੇ ਸਨ, ਪਰਚੂਨ ਵੇਚਣ ਵਾਲੇ ਵੀ ਕਈ ਪਿੰਡਾਂ ਵਿੱਚ ਇੱਕ ਅੱਧ ਹੀ ਹੁੰਦਾ ਸੀ। ਪੰਜਾਬ ਵਿੱਚ ਅਫੀਮ ਤੇ ਡੋਡੇ ਰਾਜਸਥਾਨ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਲੋਂ ਆਉਂਦੇ ਸਨ।

ਇਸ ਦਾ ਇੱਕ ਪੱਖ ਹੋਰ ਵੀ ਸੀ ਪੰਜਾਬ ਨਾਲ ਪਾਕਿਸਤਾਨ ਦਾ ਬਾਰਡਰ ਕਰੀਬ 550 ਕਿਲੋ ਮੀਟਰ ਲਗਦਾ ਹੈ। ਪਾਕਿਸਤਾਨ ਵਾਲੇ ਬਾਰਡਰ ਦੇ ਨੇੜੇ ਵੱਡੇ ਸ਼ਹਿਰ ਲਾਹੌਰ, ਕਸੂਰ, ਸਿਆਲਕੋਟ ਤੇ ਕਈ ਵੱਡੇ ਕਸਬੇ ਲਗਦੇ ਹਨ ਤੇ ਉੱਥੇ ਚੰਗਾ ਕਾਰੋਬਾਰ ਵੀ ਹੈ, ਦੂਜੇ ਪਾਸੇ ਭਾਰਤ ਦੇ ਬਾਰਡਰ ਨਾਲ ਲਗਦੇ ਸ਼ਹਿਰ ਤੇ ਕਸਬਿਆਂ ਵਿੱਚ ਚਲਦੇ ਕਾਰੋਬਾਰ ਵੀ 1965 ਤੇ 1971 ਦੀ ਲੜਾਈ ਤੋਂ ਬਾਅਦ ਬੰਦ ਹੋ ਚੁਕੇ ਹਨ, ਨਾਂ ਕੋਈ ਨਵਾਂ ਕਾਰਖਾਨਾ ਲਗਿਆ ਨਾ ਕਿਸੇ ਪੁਰਾਣੇ ਕਾਰੋਬਾਰ ਨੂੰ ਸੁਰਜੀਤ ਕਰਨ ਲਈ ਕੋਈ ਉੱਦਮ ਹੋਇਆ ਜਾਂ ਨੀਤੀ ਹੀ ਬਣੀ ਹੈ। 1988 ਤੋਂ ਪਹਿਲਾਂ ਬਾਰਡਰ ਤੇ ਕੋਈ ਰੋਕ ਵੀ ਨਹੀਂ ਸੀ। ਰੋਟੀ ਰੋਜੀ ਲਈ ਲੋਕਾਂ ਨੇ ਪਾਕਿਸਤਾਨ ਵਿੱਚ ਗ਼ੈਰ ਕਾਨੂੰਨੀ ਬਿਉਪਾਰ ਸ਼ੁਰੂ ਕਰ ਦਿੱਤਾ, ਭਾਰਤ ਵਿਚੋਂ ਸ਼ਰਾਬ, ਲਾਚੀਆਂ, ਪਾਨ ਦੇ ਪੱਤੇ, ਮਸਾਲੇ ਤੇ ਡੰਗਰ ਲੋਕ ਪਾਕਿਸਤਾਨ ਲੈ ਜਾਂਦੇ ਸਨ ਤੇ ਉੱਥੇ ਕੱਪੜਾ, ਅਫੀਮ ਤੇ ਹੋਰ ਚੀਜ਼ਾਂ ਲਿਆ ਕੇ ਇਧਰ ਵੇਚ ਦਿੰਦੇ ਸਨ, ਇਹ ਗਰੀਬ ਲੋਕ ਸਨ ਤੇ ਪਾਕਿਸਤਾਨ ਦੇ ਸਮਗਲਰ ਵੀ ਬੇਖੌਫ ਇਨ੍ਹਾਂ ਦੇ ਘਰਾਂ ਵਿੱਚ ਆ ਠਹਿਰਦੇ ਸਨ। ਕੁਝ ਵੱਡੇ ਲੋਕਾਂ ਨੇ ਸੋਨੇ, ਚਾਂਦੀ ਦੀ ਅਤੇ ਭਾਰੀ ਮਾਤਰਾ ਵਿੱਚ ਅਫੀਮ ਤੇ ਨਜਾਇਜ ਹਥਿਆਰਾਂ ਦੀ ਤਸਕਰੀ ਵੀ ਸ਼ੁਰੂ ਕਰ ਦਿੱਤੀ। ਪਾਕਿਸਤਾਨ ਦੀ ਖੁਫੀਆ ਏਜੰਸੀ ਭਾਰਤ ਦੇ ਖੁਫੀਆ ਰਾਜ ਜਾਨਣ ਲਈ ਭਾਰਤੀ ਸਮੱਗਲਰਾਂ ਦੀ ਇਸ ਧੰਦੇ ਵਿੱਚ ਮਦਦ ਕਰਦੀ ਸੀ। ਦਿਨਾਂ ਵਿੱਚ ਹੀ ਇਹ ਵੱਡੇ ਸਮਗਲਰ ਸ਼ਾਹੂਕਾਰ ਬਣ ਗਏ, ਇਨ੍ਹਾਂ ਟਰਾਂਪਰੋਟਾਂ ਬਣਾ ਲਇਆ, ਪਿੰਡ ਦੇ ਸਰਪੰਚ ਬਣ ਮੋਹਤਬਰ ਬਣ ਗਏ। ਰਾਜਨੀਤਿਕ ਆਗੂਆਂ ਦੇ ਚੋਣ ਫੰਡ ਤੇ ਖਰਚੇ ਚੁੱਕਣ ਲੱਗ ਪਏ। ਸਰਕਾਰੀ ਅਧਿਕਾਰੀਆਂ ਪਾਸੋਂ ਬਚਣ ਲਈ ਸਫੇਦ ਪੋਸ਼ ਏਜੰਟ ਕਾਇਮ ਕਰ ਲਏ। ਕੁਝ ਸਰਕਾਰੀ ਅਧਿਕਾਰੀਆਂ ਨਾਲ ਰਿਸ਼ਤੇਦਾਰੀਆਂ ਤੇ ਜਮੀਨ ਜਾਇਦਾਦ ਵਿਚ ਭਾਈਵਾਲੀ ਬਣਾ ਲਈ। 1978 ਵਿੱਚ ਇੱਕ ਅਫਸਰ ਜੋ ਇੱਕ ਜ਼ਿਲ੍ਹੇ ਦਾ ਪੁਲਿਸ ਮੁਖੀ ਸੀ ਨੇ ਮੇਰੇ ਸਮੇਤ ਦੋ ਹੋਰ ਪੁਲਿਸ ਅਫਸਰਾਂ ਨੂੰ ਖਾਣੇ ਲਈ ਆਪਣੇ ਘਰ ਸੱਦਿਆ। ਘਰ ਪੁੱਜਣ ਤੇ ਆਖਿਆ ਕੇ ਇਕ ਸਾਬਕਾ ਪੰਜਾਬ ਦੇ ਮੰਤਰੀ ਦੇ ਘਰ ਖਾਣੇ ਤੇ ਚੱਲਣਾ ਹੈ, ਜਦੋਂ ਉੱਥੇ ਪੁੱਜੇ ਤੇ ਪਤਾ ਚੱਲਿਆ ਕਿ ਮੰਤਰੀ ਜੀ ਇਕ ਸਮਗਲਰ ਦੇ ਕਤਲ ਦੇ ਮੁਕੱਦਮੇ ਵਿਚੋਂ ਬਰੀ ਹੋਣ ਦਾ ਫੰਕਸ਼ਨ ਕਰ ਰਹੇ ਸਨ ਤੇ ਉਸ ਧੜੇ ਦੇ ਸਾਰੇ ਸਮਗਲਰ ਹਾਜ਼ਰ ਸਨ। ਅਸੀਂ ਉੱਥੇ ਖਿਸਕਣ ਵਿਚ ਭਲਾ ਸਮਝਿਆ, ਸਾਹਿਬ ਸਾਨੂੰ ਸਮਗਲਰਾਂ ਨਾਲ ਮਲ਼ਾਉਣ ਲਈ ਲੈ ਕੇ ਆਏ ਸਨ। ਬਾਅਦ ਵਿੱਚ ਉਹ ਆਈ ਜੀ ਪੁਲਿਸ ਵੀ ਬਣ ਗਏ। ਇੱਕ ਐਸ ਐਸ ਪੀ ਇਕ ਦੂਜੇ ਗਰੁੱਪ ਦੀ ਪੁਸ਼ਤ ਪਨਾਹੀ ਕਰਦੇ ਸਨ। ਇੱਕ ਐਸ ਐਸ ਪੀ ਦਾ ਲੜਕਾ ਅਪਾਹਜ ਸੀ, ਸਮਗਲਰ ਨੇ ਆਪਣੀ ਖੂਬਸੂਰਤ ਲੜਕੀ ਦਾ ਰਿਸ਼ਤਾ ਉਸ ਨਾਲ ਕਰ ਦਿੱਤਾ, ਜਿੰਨੀ ਦੇਰ ਉਹ ਐਸ ਐਸ ਪੀ ਜ਼ਿਲ੍ਹਾ ਵਿੱਚ ਰਿਹਾ, ਸਮਗਲਿੰਗ ਚਲਦੀ ਰਹੀ, ਜਦੋਂ ਉਸ ਦੀ ਬਦਲੀ ਹੋ ਗਈ ਰਿਸ਼ਤਾ ਟੁਟ ਗਿਆ। ਅਜੇਹੇ ਸਮੱਗਲਰਾਂ ਨਾਲ ਮਿਲੇ ਅਫਸਰਾਂ ਦੀ ਇਕ ਲੰਬੀ ਸੂਚੀ ਹੈ।

ਅਤਿਵਾਦ ਸਮੇਂ ਇਹ ਸਮਗਲਰ ਪਾਕਿਸਤਾਨ ਤੋਂ ਹਥਿਆਰ ਲਿਆ ਕੇ ਦੇਣ ਲੱਗ ਪਏ ਤੇ ਖਾੜਕੂਆਂ ਦੇ ਪੱਕੇ ਸਾਥੀ ਬਣ ਗਏ। ਸਾਕਾ ਨੀਲਾ ਤਾਰਾ ਸਮੇਂ ਬਹੁਤੇ ਹਥਿਆਰ ਇਨ੍ਹਾਂ ਰਾਹੀਂ ਹੀ ਅੱਤਵਾਦੀਆਂ ਕੋਲ ਪਹੁੰਚੇ ਸਨ। ਹੁਣ ਇਹ ਪੁਲਿਸ ਅਫਸਰਾਂ ਦੀ ਖਾੜਕੂਆਂ ਤੋਂ ਜਾਨ ਬਚਾਉਣ ਵਾਲੇ ਦਲਾਲ ਵੀ ਬਣ ਗਏ। ਇਸ ਸਮੇਂ ਹੀ ਪਾਕਿਸਤਾਨ ਤੋਂ ਹਿਰੋਇਨ ਵੀ ਹਥਿਆਰਾਂ ਨਾਲ ਸਮਗਲ ਹੋ ਕੇ ਭਾਰਤ ਪੁੱਜਣੀ ਸ਼ੁਰੂ ਹੋ ਗਈ। ਸਾਕਾ ਨੀਲਾ ਤਾਰਾ ਤੋਂ ਬਾਅਦ ਸਰਕਾਰੀ ਏਜੰਸੀਆਂ ਦਾ ਜ਼ੋਰ ਪੈਣ ਨਾਲ ਇਹ ਹੀ ਸਮਗਲਰ ਮੁਖ਼ਬਰ ਬਣ ਗਏ ਤੇ ਸਰਕਾਰੀ ਸਰਪ੍ਰਸਤੀ ਨਾਲ ਸਮੱਗਲਿੰਗ ਜਾਰੀ ਰੱਖੀ। ਕਈਆਂ ਦੀ ਭਾਈਵਾਲੀ ਵੀ ਬਣੀ ਫੇਰ ਝਗੜੇ ਵੀ ਹੋਏ ਤੇ ਚਰਚਾ ਅਖਬਾਰਾਂ ਤੱਕ ਪਹੁੰਚੀ ਸੀ। 1985 ਈ ਵਿੱਚ ਸਰਕਾਰ ਨੇ ਨਵਾਂ ਨਸ਼ਾ ਵਿਰੋਧੀ ਐਕਟ ਬਣਾ ਦਿੱਤਾ। ਐਨ, ਡੀ ਪੀ ਸੀ ਐਕਟ ਵਿੱਚ ਸਜਾ ਉਮਰ ਕੈਦ ਤੱਕ ਕਰ ਦਿੱਤੀ, ਪਰ ਅਪਰਾਧੀ ਰਾਹ ਵੀ ਲੱਭ ਲੈਂਦੇ ਹਨ।

ਅੱਜ ਸਮੱਗਲਿੰਗ ਦਾ ਕਾਰੋਬਾਰ ਅੰਤਰਰਾਸ਼ਟਰੀ ਪੱਧਰ ਤੇ ਹੈ ਗੈਰ ਕਾਨੂਨੀ ਧੰਧਾ ਸਰਕਾਰੀ ਤੰਤਰ ਦੀ ਕਮਜ਼ੋਰੀ ਜਾਂ ਮਿਲੀਭੁਗਤ ਵਗੈਰ ਹੋ ਨਹੀਂ ਸਕਦਾ। ਇਸ ਲਈ ਲੋੜ ਸੀ ਰਾਜਸੀ, ਆਗੂਆਂ ਦੀ ਸੱਚ ਇਹ ਵੀ ਹੈ ਕਿ ਇਨਾਂ ਅੰਤਰਰਾਸ਼ਟਰੀ ਸਮੱਗਲਰਾਂ ਦੇ ਘਰਾਂ ਵਿੱਚ, ਰਾਜ ਕਰ ਰਹੀ ਪਾਰਟੀ ਦੇ ਹੁਕਮ ਤੇ ਸਰਕਾਰੀ ਅਧਿਕਾਰੀ ਚੌਣਾ ਵਿੱਚ,ਗੜਬੜ ਕਰਾਉਣ ਲਈ ਮੀਟਿੰਗਾਂ ਕਰਦੇ ਵੀ ਵੇਖੇ ਹਨ।

ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਤੇ ਕਦੇ ਵੀ ਸਮਗਲਿੰਗ ਬੰਦ ਨਹੀਂ ਹੋਈ, ਕੇਵਲ ਤਰੀਕੇ ਹੀ ਬਦਲਦੇ ਹਨ ਜਿਸ ਨੂੰ ਇਹ ਸਕੀਮ ਕਹਿੰਦੇ ਹਨ। ਅੱਜ ਇਹ ਕੰਮ ਡਰੋਨਾਂ ਰਾਹੀਂ ਹੋ ਰਿਹਾ ਹੈ। ਪਿਛਲੇ ਸਮੇਂ ਵਿੱਚ ਤਾਂ ਸਮੱਗਲਰਾਂ ਤੇ ਅਪਰਾਧੀਆਂ ਵਿਰੁੱਧ ਕਾਰਵਾਈ ਕਰਨ ਵਾਲੇ ਅਧਿਕਾਰੀਆਂ ਨੂੰ ਇਨਾਮ ਦੀ ਥਾਂ ਬਦਲੀਆਂ ਦੀ ਸਜ਼ਾ ਹੀ ਮਿਲਦੀ ਰਹੀ ਹੈ, ਐਲਾਨ ਕੀਤੇ ਸਰਕਾਰੀ ਇਨਾਮ ਤਾਂ ਮਰਨ ਤੱਕ ਵੀ ਨਹੀਂ ਮਿਲੇ।

ਨਸ਼ਿਆਂ ਦਾ ਕਾਰੋਬਾਰ ਅੱਜ ਸ਼ੁਰੂ ਨਹੀ ਹੋਇਆ ਬਲਕਿ ਬਹੁਤ ਪੁਰਾਣਾ ਹੈ, ਗੱਲ ਇਹ ਰਹੀ ਹੈ ਕਿ ਇਸ ਵਿਰੁੱਧ ਪੂਰਨ ਰੂਪ ਵਿੱਚ ਸਮਾਪਤ ਕਰ, ਸਮਾਜ ਨੂੰ ਮੁੜ ਨਰੋਆ ਬਣਾਉਣ ਲਈ, ਗੱਲਾਂ ਤਾਂ ਬਹੁਤ ਹੋਈਆਂ ਤੇ ਕਰਦੇ ਵੀ ਹਨ ਪਰ ਲੰਬੀ ਨੀਤੀ ਤੇ ਵਿਓਂਤ ਬੰਦੀ ਅਜੇ ਤੱਕ ਨਹੀਂ ਹੋਈ।

ਇਸ ਨੂੰ ਪੂਰਾ ਕਰਨ ਲਈ ਗੱਲ, ਘਰ, ਸਕੂਲ, ਸਮਾਜ ਤੇ ਧਰਮ ਦੇ ਆਗੂਆ ਦੇ ਪੱਧਰ ਤੱਕ ਲੈ ਜਾਣੀ ਬਣਦੀ ਹੈ। ਮਾਤਾ-ਪਿਤਾ, ਅਧਿਆਪਕ, ਸਮਾਜਿਕ ਤੇ ਧਾਰਮਿਕ ਆਗੂ ਇਕ ਆਦਰਸ਼ ਭੂਮਿਕਾ ਨਿਭਾਉਣ, ਇਹ ਕੰਮ ਸਮਾਜ ਸੇਵੀ ਸੰਸਥਾਵਾਂ ਤੇ ਆਗੂਆਂ ਦਾ ਹੈ। ਸਰਕਾਰੀ ਤੰਤਰ ਇਮਾਨਦਾਰ ਅਤੇ ਦ੍ਰਿੜ ਸੰਕਲਪ ਹੋਵੇ ਇਹ ਇਸ ਤੋਂ ਵੀ ਜਰੂਰੀ ਹੈ।

ਨੌਜਵਾਨ ਨਸ਼ਿਆਂ ਵੱਲ ਕਿਓਂ ਜਾ ਰਿਹਾ ਹੈ ? ਇਸ ਲਈ ਕੀ ਨੀਤੀ ਹੈ ? ਨੌਜਵਾਨ ਦੀ ਸ਼ਕਤੀ ਨੂੰ ਚੰਗੇ ਪਾਸੇ ਲਾਉਣ ਲਈ ਰੋਜ਼ਗਾਰ ਤੇ ਕਾਰੋਬਾਰ ਦਾ ਪ੍ਰਬੰਧ ਕਰਨਾ, ਸਰਕਾਰੀ ਨੌਕਰੀ ਹਰ ਇਕ ਨੂੰ ਨਹੀਂ ਮਿਲ ਸਕਦੀ ਕਿਉਂਕਿ ਕਿਸੇ ਵੀ ਦੇਸ਼ ਜਾਂ ਸੂਬੇ ਵਿੱਚ ਸਰਕਾਰੀ ਕਰਮਚਾਰੀਆਂ ਦੀ ਗਿਣਤੀ ਡੇਢ ਦੋ ਫ਼ੀਸਦੀ ਤੋਂ ਜਿਆਦਾ ਨਹੀਂ ਹੁੰਦੀ, ਰੋਜ਼ਗਾਰ ਦੀ ਲੋੜ ਤਾ ਅਸੀ ਫੀਸਦੀ ਲੋਕਾਂ ਨੂੰ ਹੈ। ਖੇਤੀ, ਸਹਾਇਕ ਧੰਦੇ, ਕਾਰਖਾਨੇ ਤੇ ਕਾਰੋਬਾਰ ਦੇ ਹੋਰ ਸਾਧਨ ਤਾਂ ਸਰਕਾਰ ਨੇ ਪੈਦਾ ਕਰਨੇ ਸਨ। ਸੈਰ ਸਪਾਟਾ ਤੇ ਟੂਰਿਸਟ ਦੁਨੀਆਂ ਦਾ ਸਭ ਤੋਂ ਵੱਡਾ ਕਾਰੋਬਾਰ ਹੈ, ਪੰਜਾਬ, ਵਿੱਚ ਲੋੜੀਂਦੇ ਧਾਰਮਿਕ, ਸੱਭਿਆਚਾਰਕ ਤੇ ਘੁੰਮਣ ਫਿਰਨ ਦੀਆਂ ਸੰਭਾਵਨਾਵਾਂ ਹਨ, ਪਰ ਅਜੇ ਇਸ ਬਾਰੇ ਕਿਸੇ ਸੋਚਿਆ ਨਹੀਂ। ਸ਼ੁਰੂ ਉੱਪਰੋਂ ਕਰੀਏ ਤਾਂ ਕਾਮਯਾਬੀ ਮਿਲੇਗੀ। ਪਹਿਲਾਂ ਤਾਂ ਅਸੀ ਰਾਜਨੀਤਕ ਆਗੂ ਇਹ ਐਲਾਨ ਕਰੀਏ ਕਿ ਉਹ ਸਮਗਲਰਾਂ ਤੋਂ ਚੋਣ ਫੰਡ ਤੇ ਹੋਰ ਮਦਦ ਨਹੀਂ ਲੈਣਗੇ। ਕੋਈ ਰਾਜਨੀਤਕ ਆਗੂ ਸ਼ਰਾਬ ਦੀ ਫੈਕਟਰੀ ਨਹੀਂ ਲਗਾਏਗਾ ਤੇ ਸ਼ਰਾਬ ਦੇ ਕਾਰੋਬਾਰ ਵਿੱਚ ਭਾਈਵਾਲੀ ਨਹੀਂ ਪਾਏਗਾ। ਨਸ਼ੇ ਨਾ ਵਰਤੇਗਾ ਤੇ ਨਾ ਹੀ ਚੋਣਾਂ ਵਿੱਚ ਵੰਡੇਗਾ।

ਨਸ਼ਿਆਂ ਦੇ ਵਿਓਪਾਰੀ ਤੇ ਗੈਰ ਕਾਨੂੰਨੀ ਧੰਦਾ ਕਰਨ ਵਾਲਿਆਂ ਦੇ ਸਾਥੀ ਵੱਡੇ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਹੋਵੈ। ਮਾਨਯੋਗ ਹਾਈਕੋਰਟ ਕੋਰਟ ਅੰਦਿਰ ਬੰਦ ਲਫਾਫੀਆਂ ਵਿੱਚ ਬੰਦ ਜਮੀਨ ਦੇ ਘੁਟਾਲਿਆਂ ਦੀ ਰਿਪੋਰਟ ਹੀ ਬਹੁਤ ਕੁਝ ਸਪੱਸ਼ਟ ਕਰ ਸਕਦੀ ਹੈ, ਪਰ ਬਦਕਿਸਮਤੀ ਨਾਲ ਪੜਤਾਲ ਦਾ ਮੁੱਖੀ ਜੱਜ ਵੀ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ, ਰਿਪੋਰਟ ਕਿਸ ਖੋਲ੍ਹਣੀ ਤੇ ਖੁੱਲਵਾਹੁਣੀ ਹੈ ?

ਨਸ਼ਿਆਂ ਵਾਲੀ ਰਿਪੋਰਟ ਦਾ ਵੀ ਇਹ ਵੀ ਹਾਲ ਰਿਹਾ ਹੈ। ਜੇ ਕਰ ਰਾਜਸੀ ਆਗੂ ਜਾਂ ਸਰਕਾਰੀ ਅਧਿਕਾਰੀ ਕਿਸੇ ਵੀ ਗੈਰ ਕਾਨੂੰਨੀ ਕੰਮ ਵਿੱਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਸ਼ਾਮਲ ਹੁੰਦਾ ਹੋਵੇ ਤਾਂ ਉਹ ਜੁਰਮ ਰੋਕਣ ਦੀ ਆਤਮਿਕ ਸ਼ਕਤੀ ਖੌ ਬੈਠਦਾ ਹੈ। ਅੱਜ ਕੱਲੇ ਨਸ਼ੇ ਹੀ ਨਹੀ ਲੈਂਡ ਮਾਫੀਆ, ਸੈਂਡ ਮਾਫੀਆ, ਲਿਕਰ ਮਾਫੀਆ, ਕੇਵਲ ਮਾਫੀਆ ਆਦਿ ਵਿੱਚ ਭਾਈਵਾਲੀ ਕਰਨ ਵਾਲੇ ਸਭ ਨੂੰ ਪੰਜਾਬੀ ਜਾਣਦੇ ਹਨ।

ਜ਼ੁਰਮ ਕਰਨ ਵਾਲਿਆਂ ਤੇ ਉਨਾ ਦੀ ਮਦਦ ਕਰਨ ਵਾਲਿਆਂ ਦੀ ਗਿਣਤੀ ਸਮਾਜ ਵਿੱਚ ਦੋ ਫੀਸਦੀ ਤੋਂ ਜਿਆਦਾ ਨਹੀਂ ਹੁੰਦੀ, ਜਿਨ੍ਹਾਂ ਵਾਰੇ ਸਰਕਾਰ ਤੇ ਸਰਕਾਰੀ ਤੰਤਰ ਨੂੰ ਜਾਣਕਾਰੀ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ, ਪਰ ਬਦਕਿਸਮਤੀ ਨਾਲ ਇਨ੍ਹਾਂ ਵਿਰੁੱਧ ਮੁਹਿੰਮ ਦੇ ਨਾਂ ਤੇ ਅਠਨਵੇ ਫ਼ੀਸਦੀ ਅਮਨ ਪਸੰਦ, ਸਰਕਾਰੀ ਤੰਤਰ ਦੇ ਡਰ ਤੇ ਬੇਧਿਆਨੀ ਤੋਂ ਪੀੜਤ ਹੁੰਦੇ ਹਨ। ਇਸ ਲਈ ਸਰਕਾਰ ਦੇ ਮਦਦ ਗਾਰ ਤੇ ਦੋਸਤ ਬਨਣ ਦੀ ਥਾਂ ਉਹ ਖਾਮੋਸ਼ ਰਹਿਣਾ ਹੀ ਭਲਾ ਸਮਝਦੇ ਹਨ। ਜਦੋਂ ਪਾਣੀ ਸਿਰੋਂ ਲੰਗ ਜਾਂਦਾ ਹੈ,ਤਾਂ ਸਰਕਾਰੀ ਤੰਤਰ ਆਪਣੀ ਗਲਤੀ ਤੇ ਪਰਦਾ ਪਾਉਣ ਲਈ, ਕਾਨੂੰਨ ਤੇ ਨਿਯਮਾਂ ਦੀ ਉਲੰਘਣਾ ਕਰਦੇ ਸਿੰਘਮ ਬਣ, ਅਪਰਾਧੀਆਂ ਤੇ ਸਖ਼ਤੀ ਕਰਦੇ ਵਾਹ ਵਾਹ ਖੱਟਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਤਰੀਕਾ ਵੀ ਸਮੱਸਿਆ ਦਾ ਸਦੀਵੀ ਹੱਲ ਨਹੀਂ ਕਰ ਸਕਦਾ।

ਕੁਝ ਦਿਨ ਦੀ ਮੁਹਿੰਮ ਚਲਾ ਕੇ ਕਿਸੇ ਵੀ ਸਮੱਸਿਆ ਦਾ, ਸਥਾਈ ਹੱਲ ਨਹੀਂ ਲੱਭਿਆ ਜਾ ਸਕਦਾ। ਇਸ ਬਿਮਾਰੀ ਦੀਆਂ ਜੜ੍ਹਾਂ ਬਹੁਤ ਥੱਲੇ ਪੁੱਜ ਚੁੱਕੀਆਂ ਹਨ। ਮੱਛੀ ਹਮੇਸ਼ਾ ਸਿਰ ਵੱਲੋਂ ਖਰਾਬ ਹੁੰਦੀ ਹੈ ਜੇਕਰ ਕੇਵਲ ਸਰਕਾਰ ਆਪਣੇ ਅੰਦਰੋ ਸਰਕਾਰੀ ਤੇ ਗੈਰ ਸਰਕਾਰੀ ਨਸ਼ੇ ਦੇ ਵੱਡੇ ਵਿਉਪਰੀਆਂ ਨਾਲ ਮਿਲ ਵਰਤਣ ਦੀ ਕੰਮਜੋਰੀ, ਦੂਰ ਕਰ ਦੇਵੇ ਤਾਂ ਦਿਨਾਂ ਵਿੱਚ ਹੀ, ਇਸ ਦਾ ਪੱਕਾ ਹੱਲ ਹੋ ਸਕਦਾ ਹੈ। ਗੁਰੂਆਂ ਦੀ ਧਰਤੀ ਨੂੰ ਮੁੜ ਚੜਦੀ ਕਲਾ ਵਿੱਚ ਲਿਆਉਣ ਲਈ ਵੱਡੀ ਸੋਚ ਤੇ ਸਮਾਜ ਨੂੰ ਨਾਲ ਲੈਣ ਦੀ ਲੋੜ ਹੈ।

ਚੈਅਰਮੈਨ, ਕੌਮੀ ਘੱਟ ਗਿਣਤੀ
ਕਮਿਸ਼ਨ, ਭਾਰਤ ਸਰਕਾਰ।

# ਤ੍ਰੈ-ਭਾਸ਼ਾਈ ਫਾਰਮੂਲਾ ਅਤੇ ਪਰਸੀਮਨ ਯੁੱਧ ਹੈ ਵਿਸਫੋਟਕ ਮੁੱਦਾ

ਗੁਰਮੀਤ ਸਿੰਘ ਪਲਾਹੀ
9815802070



ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਅਤੇ ਸਮਾਨ ਨਾਗਰਿਕ ਸੰਹਿਤਾ (ਯੂ.ਸੀ.ਸੀ.) ਦੇਸ਼ ਵਿਚ ਕਿਸੇ ਲੋੜ ਨੂੰ ਪੂਰਿਆਂ ਕਰਨ ਲਈ ਨਹੀਂ, ਸਗੋਂ ਇਹ ਦੋਨੋਂ ਆਰ. ਐਸ. ਐਸ.- ਭਾਜਪਾ ਨੇ ਹਿੰਦੂ ਅਤੇ ਗ਼ੈਰ-ਹਿੰਦੂ ਫ਼ਿਰਕਿਆਂ ਵਿੱਚ ਮਤਭੇਦ ਪੈਦਾ ਕਰਨ ਲਈ ਲਿਆਂਦੇ ਹਨ ਅਤੇ ਇਹਨਾ ਨੂੰ ਅੱਗੇ ਵੀ ਵਧਾਇਆ ਜਾ ਰਿਹਾ ਹੈ। ਇਹ ਅਸਲ ਵਿੱਚ ਬਿਨ੍ਹਾਂ ਕਿਸੇ ਭੜਕਾਹਟ ਦੇ ਯੁੱਧ ਸ਼ੁਰੂ ਕਰਨ ਵਾਂਗਰ ਹੈ।

ਭਾਜਪਾ ਦੀ ਕੇਂਦਰ ਸਰਕਾਰ ਨੇ ਹੁਣ ਨਵਾਂ ਸ਼ਿਗੂਫਾ ਛੱਡਿਆ ਹੈ, ਭਾਸ਼ਾ ਦਾ ਤ੍ਰੈ-ਭਾਸ਼ਾਈ ਫਾਰਮੂਲਾ (ਟੀ. ਐਲ. ਐਫ)। ਇਸ ਫਾਰਮੂਲੇ ਦੇ ਵਿਰੋਧ ਵਿੱਚ ਦੇਸ਼ ਦੇ ਦੱਖਣੀ ਸੂਬੇ ਇੱਕਜੁੱਟ ਹੋ ਗਏ ਹਨ। ਭਾਸ਼ਾ "ਸਿੱਖਿਆ" ਦੇ ਕਾਰਨ ਨਹੀਂ, ਸਗੋਂ ਸੰਵਿਧਾਨ ਦੀ ਧਾਰਾ 343 ਦੇ ਕਾਰਨ ਵਿਸਫੋਟਕ ਮੁੱਦਾ ਬਣ ਗਈ ਹੈ। ਸੰਵਿਧਾਨ ਵਿੱਚ ਘੋਸ਼ਣਾ ਕੀਤੀ ਗਈ ਕਿ ਹਿੰਦੀ ਭਾਸ਼ਾ ਭਾਰਤੀ ਸੰਘ ਦੀ ਅਧਿਕਾਰਕ ਭਾਸ਼ਾ ਹੋਏਗੀ, ਲੇਕਿਨ ਅੰਗਰੇਜ਼ੀ ਦੀ ਵਰਤੋਂ ਪੰਦਰਾਂ ਸਾਲ ਦੇ ਸਮੇਂ ਲਈ ਜਾਰੀ ਰਹੇਗੀ। ਮੌਜੂਦਾ ਵਿਵਾਦ ਨਵੀਂ ਸਿੱਖਿਆ ਨੀਤੀ (ਐਨ.ਈ.ਪੀ-2020) ਦੇ ਵੱਖੋ-ਵੱਖਰੇ ਪਹਿਲੂਆਂ ਅਤੇ ਵਿਸ਼ੇਸ਼ ਰੂਪ 'ਚ ਟੀ.ਐਲ.ਐਫ (ਤ੍ਰੈ-ਭਾਸ਼ਾਈ ਫਾਰਮੂਲਾ) 'ਤੇ ਹੈ। ਖੇਤਰੀ ਜਾਂ ਰਾਜ ਭਾਸ਼ਾ ਸਕੂਲਾਂ ਵਿਚ ਪਹਿਲੀ ਭਾਸ਼ਾ, ਜਦਕਿ ਅੰਗਰੇਜ਼ੀ ਦੂਜੀ ਭਾਸ਼ਾ ਲੇਕਿਨ ਤੀਜੀ ਭਾਸ਼ਾ ਕਿਹੜੀ ਹੈ? ਇਹ ਮੁੱਦਾ ਵੀ ਬਿਨ੍ਹਾਂ ਉਤੇਜਨਾ, ਬਿਨ੍ਹਾਂ ਭੜਕਾਹਟ ਯੁੱਧ ਸ਼ੁਰੂ ਕਰਨ ਜੇਹਾ ਹੈ।

ਭਾਰਤੀ ਸੰਵਿਧਾਨ ਦੀ ਧਾਰਾ 81 ਅਤੇ 82 ਇਹਨਾ ਦਿਨਾਂ ਵਿਚ ਵੱਡੀ ਚਰਚਾ ਵਿੱਚ ਹੈ। ਭਾਰਤੀ ਸੰਵਿਧਾਨ ਵਿੱਚ 42ਵੀਂ ਸੋਧ ਦੇ ਬਾਅਦ ਪਰਸੀਮਨ ਦੀ ਤਲਵਾਰ, 1977 ਤੋਂ ਹੀ ਸੂਬਿਆਂ ਦੀ ਗਰਦਨ 'ਤੇ ਲਟਕੀ ਹੋਈ ਹੈ। ਇਹ ਪਰਸੀਮਨ ਇਸ ਵੇਲੇ ਯੁੱਧ ਦਾ ਕਾਰਨ ਬਣਦੀ ਜਾ ਰਹੀ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਨੇ ਕੇਰਲ, ਕਰਨਾਟਕ, ਤਿਲੰਗਾਨਾ, ਪੱਛਮੀ ਬੰਗਾਲ, ਪੰਜਾਬ, ਉੜੀਸਾ ਦੇ ਮੁੱਖ ਮੰਤਰੀ ਅਤੇ ਇਥੇ ਰਾਜ ਕਰਦੀਆਂ ਸਿਆਸੀ ਪਾਰਟੀਆਂ ਦੇ ਪ੍ਰਧਾਨਾਂ ਨੂੰ ਖ਼ਤ ਲਿਖਕੇ ਲੋਕ ਸਭਾ ਸੀਟਾਂ ਦੀ ਪਰਸੀਮਨ ਉੱਤੇ ਇੱਕ ਸੰਯੁਕਤ ਕਾਰਵਾਈ ਸੰਮਤੀ ਦਾ ਹਿੱਸਾ ਬਨਣ ਦੀ ਬੇਨਤੀ ਕੀਤੀ ਹੈ, ਕਿਉਂਕਿ ਇਹ ਮਸਲਾ ਬਹੁਤ ਵੱਡਾ ਹੈ।

ਸੰਵਿਧਾਨ ਦੀ ਧਾਰਾ 81 ਅਤੇ 82 ਵਿੱਚ ਸਪਸ਼ਟ ਭਾਸ਼ਾ 'ਚ ਕਿਹਾ ਗਿਆ ਹੈ ਕਿ ਸੰਵਿਧਾਨ 'ਇੱਕ ਨਾਗਰਿਕ- ਇੱਕ ਵੋਟ' ਦੇ ਸਿਧਾਂਤ ਨੂੰ ਪ੍ਰਵਾਨ ਕਰਦਾ ਹੈ। ਸੰਵਿਧਾਨ ਦੀ ਧਾਰਾ 81 ਵਿੱਚ ਲੋਕ ਸਭਾ ਮੈਂਬਰਾਂ ਦੀ ਸੰਖਿਆ ਤਹਿ ਕੀਤੀ ਗਈ ਹੈ, ਜਿਸਦੇ ਅਨੁਸਾਰ ਸੂਬਿਆਂ ਤੋਂ ਚੁਣੇ ਜਾਣ ਵਾਲੇ ਕੁੱਲ 530 ਤੋਂ ਵੱਧ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ 'ਚ ਚੁਣੇ ਜਾਣ ਵਾਲੇ 20 ਤੋਂ ਜ਼ਿਆਦਾ ਮੈਂਬਰ ਨਹੀਂ ਹੋ ਸਕਦੇ। ਵਰਤਮਾਨ ਸੰਖਿਆ ਸੂਬਿਆਂ ਲਈ 530 ਅਤੇ ਕੇਂਦਰ ਸ਼ਾਸ਼ਿਤ ਸੂਬਿਆਂ ਲਈ 13 ਹੈ, ਭਾਵ ਕੁੱਲ 543 ਮੈਂਬਰ ਲੋਕ ਸਭਾ।




ਸੰਵਿਧਾਨ 'ਚ ਦਰਜ਼ ਹੈ ਕਿ ਹਰੇਕ ਸੂਬੇ ਨੂੰ ਲੋਕ ਸਭਾ ਵਿੱਚ ਉਸ ਰਾਜ ਦੀ ਜਨਸੰਖਿਆ ਦੇ ਅਨੁਪਾਤ ਵਿੱਚ ਸੀਟਾਂ ਦਿੱਤੀਆਂ ਜਾਣਗੀਆਂ ਅਤੇ ਜਿੱਥੋਂ ਤੱਕ ਸੰਭਵ ਹੋਵੇਗਾ, ਸਾਰੇ ਰਾਜਾਂ ਲਈ ਨਿਯਮ ਇੱਕੋ ਜਿਹਾ ਹੋਏਗਾ। ਜਨਸੰਖਿਆ ਦਾ ਅਰਥ ਪਿਛਲੀ ਜਨਗਣਨਾ (ਮਰਦਮਸ਼ੁਮਾਰੀ) ਹੈ।

ਆਖ਼ਰੀ ਮਰਦਮਸ਼ੁਮਾਰੀ 2011 ਵਿੱਚ ਹੋਈ। ਅਗਲੀ ਮਰਦਮਸ਼ੁਮਾਰੀ 2021 ਵਿੱਚ ਹੋਣੀ ਸੀ। ਕੋਵਿਡ-19 ਕਾਰਨ ਮਰਦਮਸ਼ੁਮਾਰੀ ਟਾਲ ਦਿੱਤੀ ਗਈ। ਹੁਣ ਜਦੋਂ 2026 ਦੇ ਬਾਅਦ ਜਨਗਣਨਾ ਹੋਣੀ ਹੈ ਤਾਂ ਪਰਸੀਮਨ ਕਰਨਾ ਹੀ ਪਵੇਗਾ। ਕੁਝ ਰਾਜਾਂ ਵਿੱਚ ਜਨਸੰਖਿਆ ਬਹੁਤ ਵਧੀ ਹੈ। ਸਿੱਟੇ ਵਜੋਂ ਕੁਝ ਰਾਜਾਂ ਵਿੱਚ 2-0 ਜਾਂ ਉਸਤੋਂ ਥੋਹੜਾ ਘੱਟ ਸੀਟਾਂ ਵਧਾਉਣੀਆਂ ਪੈਣਗੀਆਂ।

ਜੇਕਰ ਲੋਕ ਸਭਾ ਸੀਟਾਂ ਦੀ ਕੁੱਲ ਸੰਖਿਆ 530+13 ਉਥੇ ਸਥਿਰ ਕਰ ਦਿੱਤੀ ਜਾਂਦੀ ਹੈ ਅਤੇ ਧਾਰਾ 81 ਅਤੇ 82 ਦੇ ਅਨੁਸਾਰ ਪਰਸੀਮਨ ਪੁਨਰ ਨਿਰਧਾਰਤ ਕੀਤਾ ਜਾਂਦਾ ਹੈ ਤਾਂ ਦੱਖਣੀ ਰਾਜਾਂ -ਆਂਧਰਾਂ ਪ੍ਰਦੇਸ਼,ਕਰਨਾਟਕ, ਕੇਰਲਾ, ਤਾਮਿਲਨਾਡੂ ਅਤੇ ਤੇਲੰਗਾਨਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਣਗੇ। ਉਹਨਾ ਦੀ ਸੰਖਿਆ 129 ਤੋਂ ਘੱਟਕੇ 103 ਰਹਿ ਜਾਣ ਦਾ ਅੰਦਾਜ਼ਾ ਹੈ। ਜੇਕਰ ਦੱਖਣੀ ਰਾਜਾਂ ਦਾ ਇਹ ਹਿੱਸਾ 103/543 ਰਹਿ ਜਾਂਦਾ ਹੈ ਤਾਂ ਦੱਖਣੀ ਰਾਜਾਂ ਦੀ ਅਵਾਜ਼ ਹੋਰ ਵੀ ਘੱਟ ਹੋ ਜਾਵੇਗੀ।

ਮੌਜੂਦਾ ਸਰਕਾਰ ਨੇ ਨਵੀਂ ਲੋਕ ਸਭਾ ਇਮਾਰਤ ਬਣਾਕੇ ਉਸ ਵਿੱਚ 888 ਮੈਂਬਰਾਂ ਦੇ ਬੈਠਣ ਦੀ ਥਾਂ ਬਹੁਤ ਹੀ ਚਤੁਰਾਈ ਨਾਲ ਬਣਾ ਦਿੱਤੀ ਹੈ। ਭਾਵੇਂ ਕਿ ਮੌਜੂਦਾ ਸਰਕਾਰ ਲਗਾਤਾਰ ਦੱਖਣੀ ਰਾਜਾਂ ਨੂੰ ਸੀਟਾਂ ਦੀ ਸੰਖਿਆ ਘੱਟ ਨਾ ਕਰਨ ਦਾ ਵਾਇਦਾ ਕਰਦੀ ਹੈ, ਪਰ ਇਹ ਖੋਖਲਾ ਵਾਇਦਾ ਕਰਦੀ ਹੈ। ਇਸੇ ਕੇਂਦਰੀ ਸਰਕਾਰ ਨੇ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀਆਂ ਸੀਟਾਂ ਦੀ ਸੰਖਿਆ 'ਚ ਵਾਧਾ ਨਾ ਕਰਨ ਦੀ ਗੱਲ ਕਦੇ ਵੀ ਨਹੀਂ ਕੀਤੀ।

ਇਹੋ ਜਿਹੇ ਹਾਲਾਤਾਂ ਵਿਚ ਜੇਕਰ ਦੱਖਣੀ ਰਾਜ ਜਨ ਸੰਖਿਆ ਦੇ ਅਧਾਰ 'ਤੇ ਪੁਨਰ ਨਿਰਧਾਰਣ ਦੇ ਆਪਣੇ ਵਿਰੋਧ 'ਤੇ ਖੜੇ ਰਹਿੰਦੇ ਹਨ, ਤਾਂ ਇਹ ਇੱਕ ਵੱਡੇ ਸੰਘਰਸ਼ ਦਾ ਮਾਮਲਾ ਹੋਏਗਾ। ਜੋ ਕਿਸੇ ਵੇਲੇ ਵੀ ਵੱਡੀ ਲੜਾਈ, ਇਥੋਂ ਤੱਕ ਕਿ ਦੇਸ਼ ਤੋਂ ਵੱਖ ਹੋਣ ਦੇ ਸੰਘਰਸ਼ ਤੱਕ ਪੁੱਜ ਸਕਦਾ ਹੈ। ਜਿਵੇਂ ਦੇਸ਼ ਦੇ ਉੱਤਰੀ ਰਾਜਾਂ ਵਿੱਚ ਖ਼ਾਸ ਕਰਕੇ ਸੀ.ਏ.ਏ. ਅਤੇ ਯੂ.ਸੀ.ਸੀ. ਨੇ ਲੋਕਾਂ ਦੇ ਜਨਜੀਵਨ ਨੂੰ ਵਧੇਰੇ ਪ੍ਰਭਾਵਤ ਕੀਤਾ ਹੈ। ਲੋਕਾਂ 'ਚ ਫਿਰਕੂ ਵੰਡੀਆਂ ਪਾਈਆਂ ਅਤੇ ਵਧਾਈਆਂ ਹਨ, ਇਵੇਂ ਦੱਖਣੀ ਰਾਜਾਂ ਦੇ ਲੋਕਾਂ ਵਿਚ ਤਿੰਨ ਭਾਸ਼ਾਈ ਫਾਰਮੂਲੇ ਅਤੇ ਪਰਸੀਮਨ ਨੇ ਬੇਚੈਨੀ ਪੈਦਾ ਕੀਤੀ ਹੋਈ ਹੈ।

ਇਹ ਬੇਚੈਨੀ ਲਗਾਤਾਰ ਵਧਦੀ ਜਾ ਰਹੀ ਹੈ। ਦੱਖਣੀ ਰਾਜ ਹੋਰ ਪ੍ਰਭਾਵਤ ਹੋਣ ਵਾਲੇ ਰਾਜਾਂ ਪੱਛਮੀ ਬੰਗਾਲ ਅਤੇ ਪੰਜਾਬ ਨੂੰ ਆਪਣੇ ਨਾਲ ਲੈ ਕੇ ਦੇਸ਼ ਵਿਆਪੀ ਅੰਦੋਲਨ ਦੇ ਰਾਹ ਪੈ ਸਕਦੇ ਹਨ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ 'ਇੱਕ ਨਾਗਰਿਕ ਇੱਕ ਵੋਟ' ਇੱਕ ਬੁਨਿਆਦੀ ਸਿਧਾਂਤ ਹੈ। ਲੇਕਿਨ ਅਮਰੀਕੀ ਲੋਕਾਂ ਨੇ 1776 ਵਿੱਚ ਮਹਿਸੂਸ ਕੀਤਾ ਕਿ ਇਹ ਸੰਵਿਧਾਨ ਦੇ ਸਿਧਾਂਤ ਦੇ ਉਲਟ ਹੈ। ਉਹਨਾ ਨੇ ਇਸਦਾ ਇੱਕ ਹੱਲ ਕੱਢਿਆ, ਜੋ ਪਿਛਲੇ ਢਾਈ ਸੌ ਸਾਲਾਂ ਵਿੱਚ ਉਹਨਾ ਲਈ ਬਹੁਤ ਲਾਹੇਬੰਦ ਰਿਹਾ। ਉਹਨਾ ਨੇ ਸਮੇਂ-ਸਮੇਂ ਪ੍ਰਤੀਨਿਧ ਸਭਾ ਵਿੱਚ ਪੰਜਾਹ ਰਾਜਾਂ ਵਿੱਚੋਂ ਹਰੇਕ ਨੂੰ ਰਾਜ ਦੀ ਜਨਸੰਖਿਆ ਦੇ ਅਧਾਰ 'ਤੇ ਵੰਡੀਆਂ ਸੀਟਾਂ ਦਾ ਪੁਨਰ ਨਿਰਧਾਰਨ ਕੀਤਾ, ਲੇਕਿਨ ਸੇਨੈਟ ਵਿੱਚ ਹਰ ਰਾਜ ਨੂੰ ਬਰਾਬਰ ਪ੍ਰਤੀਨਿਧਤਾ ਦਿੱਤੀ। ਅਮਰੀਕਾ ਦੀ ਤਰ੍ਹਾਂ ਭਾਰਤ ਵੀ ਇਕ ਲੋਕਤੰਤਰ ਅਤੇ ਸੰਘ ਹੈ।

ਭਾਰਤ ਨੇ 1971 ਦੀ ਜਨਸੰਖਿਆ ਦੇ ਅਨੁਪਾਤ ਦੇ ਅਧਾਰ 'ਤੇ ਪ੍ਰਤੀਨਿਧਤਵ ਦੇ ਨੁਕਸਾਨ ਦੇਖੇ ਸੰਨ, ਲੇਕਿਨ ਉਸਦਾ ਹੱਲ ਲੱਭਣ ਦੀ ਵਿਜਾਏ ਇਸ ਨੂੰ ਸੰਨ 2026 ਤੱਕ ਟਾਲ ਦਿੱਤਾ।

ਆਜ਼ਾਦੀ ਦੇ 78 ਸਾਲ ਬਾਅਦ ਵੀ ਦੇਸ਼ ਵਿੱਚ ਸਮੱਸਿਆਵਾਂ ਵੱਡੀਆਂ ਹਨ। ਬੇਜ਼ੁਬਾਨ ਅਤੇ ਗੁੰਮਨਾਮ ਲੋਕਾਂ ਦੀ ਅਵਾਜ਼ ਦੇਸ਼ ਵਿਚ ਸੁੰਗੜਦੀ ਜਾ ਰਹੀ ਹੈ। ਅਜ਼ਾਦੀ ਤੋਂ ਬਾਅਦ ਪਹਿਲੀ ਪਹਿਲ ਸੁਭਾਵਿਕ ਰੂਪ ਵਿੱਚ ਸਕੂਲਾਂ ਦਾ ਨਿਰਮਾਣ ਅਤੇ ਟੀਚਰਾਂ ਦੀ ਨਿਯੁੱਕਤੀ ਨੂੰ ਦਿਤੀ ਗਈ। ਦੂਜੀ ਪਹਿਲ ਬੱਚਿਆਂ ਨੂੰ ਸਕੂਲਾਂ ਵਿਚ ਭੇਜਣ ਦੀ ਰੱਖੀ ਗਈ। ਅਗਲਾ ਕੰਮ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਸੀ, ਜਿਸ ਵਿੱਚ ਨਾ ਕੇਵਲ ਭਾਸ਼ਾ, ਬਲਕਿ ਗਣਿਤ, ਸਾਇੰਸ, ਇਤਿਹਾਸ, ਭੁਗੋਲ ਜਿਹੇ ਵਿਸ਼ੇ ਵੀ ਸ਼ਾਮਲ ਹਨ। ਪਰ ਮਾਤ ਭਾਸ਼ਾ ਨੂੰ ਛੱਡਕੇ ਘੋਸ਼ਣਾ ਕੀਤੀ ਗਈ ਕਿ ਹਿੰਦੀ, ਭਾਰਤੀ ਸੰਘ ਦੀ ਅਧਿਕਾਰਤ ਭਾਸ਼ਾ ਹੋਏਗੀ। ਜਿਸਦਾ ਦੇਸ਼ ਦੇ ਕੁੱਝ ਹਿੱਸਿਆ ਵਿਚ ਵੱਡਾ ਵਿਰੋਧ ਹੋਇਆ। ਤਾਮਿਲਨਾਡੂ ਵਿਚ ਰਾਜਨੀਤੀ ਨੇ ਕਰਵਟ ਲਈ। ਅਤੇ ਦਰਾਵੜ ਪਾਰਟੀ (ਡੀ.ਐਮ.ਕੇ.) ਸੱਤਾ ਵਿਚ ਆਈ। ਅਤੇ ਦੱਖਣੀ ਰਾਜਾਂ 'ਚ ਖ਼ਾਸ ਕਰਕੇ ਹਿੰਦੀ ਦਾ ਵਿਸ਼ਾਲ ਵਿਰੋਧ ਹੋਇਆ।

ਦੇਸ਼ ਦੀ ਨਵੀਂ ਸਿੱਖਿਆ ਨੀਤੀ 'ਚ ਵਿਵਾਦਤ ਪਹਿਲੂ ਤਿੰਨ-ਭਾਸ਼ਾਈ ਫਾਰਮੂਲਾ, ਜਿਸਨੇ ਦੇਸ਼ ਦੇ ਵੱਡੇ ਹਿੱਸੇ ਨੂੰ ਝੰਜੋੜਿਆ ਹੈ। ਤਿੰਨ ਭਾਸ਼ਾਈ ਫਾਰਮੂਲਾ, ਉੱਤਰਪ੍ਰਦੇਸ਼, ਉਤਰਾਖੰਡ, ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਹਰਿਆਣਾ 'ਚ ਲਾਗੂ ਨਹੀਂ ਕੀਤਾ ਗਿਆ ਲੇਕਿਨ ਗੈਰ-ਹਿੰਦੀ ਭਾਸ਼ਾ ਸੂਬਿਆਂ ਵਿਚ ਇਸ ਨੂੰ ਲਾਗੂ ਕਰਨ ਦੀ ਗੱਲ ਕੀਤੀ ਜਾ ਰਹੀ ਹੈ।

ਯੂਪੀ, ਉਤਰਾਖੰਡ, ਬਿਹਾਰ ਆਦਿ ਉਪਰੋਕਤ ਰਾਜਾਂ 'ਚ ਸਰਕਾਰੀ ਸਕੂਲ ਪ੍ਰਭਾਵੀ ਰੂਪ ਵਿਚ ਕੇਵਲ ਹਿੰਦੀ ਦੀ ਇਕ ਭਾਸ਼ਾ ਨੀਤੀ ਦਾ ਪਾਲਣ ਕਰਦੇ ਹਨ। ਇਥੇ ਹਿੰਦੀ ਤੋਂ ਬਿਨਾਂ ਬੱਚੇ ਕੋਈ ਹੋਰ ਭਾਸ਼ਾ ਨਹੀਂ ਸਿੱਖਦੇ। ਇਥੇ ਅੰਗਰੇਜ਼ੀ ਦੇ ਟੀਚਰ ਬਹੁਤ ਘੱਟ ਹਨ ਅਤੇ ਸ਼ਾਇਦ ਹੀ ਕਿਸੇ ਹੋਰ ਭਾਸ਼ਾ ਦੇ ਅਧਿਆਪਕ ਹੋਣ। ਨਿੱਜੀ ਸਕੂਲ ਵੀ ਹਿੰਦੀ ਪੜ੍ਹਾਕੇ ਖੁਸ਼ ਹਨ, ਕਈ ਸਕੂਲ ਅੰਗਰੇਜ਼ੀ ਪੜ੍ਹਾਉਂਦੇ ਹਨ, ਪਰ ਤੀਜੀ ਭਾਸ਼ਾ, ਉਥੇ ਕੋਈ ਨਹੀਂ ਹੈ ਜਦਕਿ ਪੰਜਾਬ, ਗੁਜਰਾਤ ਅਤੇ ਮਹਾਰਾਸ਼ਟਰ ਜਿਹੇ ਰਾਜਾਂ 'ਚ ਹਿੰਦੀ ਤੀਜੀ ਭਾਸ਼ਾ ਹੈ।

ਤ੍ਰੈ-ਭਾਸ਼ਾਈ ਫਾਰਮੂਲੇ ਅਤੇ ਪਰਸੀਮਨ ਕਾਰਨ ਦੇਸ਼ ਵਿਚ ਸਥਿਤੀ ਵਿਸਫੋਟਕ ਬਣਦੀ ਜਾ ਰਹੀ ਹੈ। ਦੇਸ਼ ਦੀ ਸਰਕਾਰ ਇਹਨਾਂ ਦੋਹਾਂ ਵੱਡੀਆਂ ਸਮੱਸਿਆਵਾਂ ਦਾ ਸਹੀ ਹੱਲ ਲੱਭਣ ਦੀ ਵਿਜਾਏ, ਇਹਨਾ ਮੁੱਦਿਆਂ ਨੂੰ ਲਟਕਵੀਂ ਸਥਿਤੀ ਵਿੱਚ ਰੱਖ ਰਹੀ ਹੈ।

ਇਹ ਵੀ ਸਪਸ਼ਟ ਹੈ ਕਿ ਮੌਜੂਦਾ ਸਰਕਾਰ ਇਹਨਾ ਸਮੱਸਿਆਵਾਂ ਤੋਂ ਸਿਆਸੀ ਲਾਭ ਲੈਣ ਦੇ ਰੌਂਅ 'ਚ ਹੈ। ਉੱਤਰੀ ਰਾਜਾਂ ਦੀ ਆਪਣੀ ਵੱਡੀ ਸਿਆਸੀ ਤਾਕਤ ਨਾਲ ਉਹ ਦੇਸ਼ ਵਿੱਚ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਅਜੰਡੇ ਨੂੰ ਲਾਗੂ ਕਰਨ ਦੇ ਆਹਰ 'ਚ ਹੈ। ਜੋ ਕਿਸੇ ਤਰ੍ਹਾਂ ਵੀ ਦੇਸ਼ ਹਿੱਤ 'ਚ ਨਹੀਂ।

*******

# ਇਟਲੀ ਦੀ ਨਾਗਰਿਕਤਾ ਲੈਣ ਉਪਰੰਤ ਆਖ਼ਿਰ ਕਿਉ ਦੂਜੇ ਮੁਲਕਾਂ ਦਾ ਰੁੱਖ ਕਰਦੇ ਹਨ ਨਾਗਰਿਕ

## ✪ ਕੁਝ ਨਾਗਰਿਕ ਕਹਿੰਦੇ ਹਨ ਇਟਲੀ ਵਿੱਚ ਬੱਚਿਆਂ ਦਾ ਭਵਿੱਖ ਨਹੀ ਪਰ ਫਿਰ ਕਿਉਂ ਕਰਦੇ ਹਨ ਲੰਮਾ ਇੰਤਜ਼ਾਰ

ਗੁਰਸ਼ਰਨ ਸਿੰਘ ਸੋਨੀ
ਪੱਤਰਕਾਰ ਰੋਮ ਇਟਲੀ
+39 3510461833
Gssony4533@gmail.com

ਭਾਰਤ ਸਮੇਤ ਦੂਜੇ ਮੁਲਕਾਂ ਦੇ ਲੋਕ ਖਾਸ ਕਰਕੇ ਨੌਜਵਾਨ ਚੰਗੇ ਭਵਿੱਖ ਲਈ ਵਿਦੇਸ਼ਾਂ ਦਾ ਰੁਖ ਕਰਦੇ ਹਨ ਕਿਉਂਕਿ ਪੜ੍ਹਾਈ ਪੂਰੀ ਕਰਨ ਉਪਰੰਤ ਉਨ੍ਹਾਂ ਨੂੰ ਨੌਕਰੀਆਂ ਨਾ ਮਿਲਣ ਕਰਕੇ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਰਕੇ ਵਿਦੇਸ਼ਾਂ ਵਿੱਚ ਆ ਕੇ ਰੁਜ਼ਗਾਰ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਦੂਜੇ ਪਾਸੇ ਯੂਰਪੀਅਨ ਦੇਸ਼ ਇਟਲੀ ਹਰ ਸਾਲ ਲੱਖਾਂ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਇਮੀਗ੍ਰੇਸ਼ਨਾਂ ਖੋਲ੍ਹ ਕੇ ਮੌਕਾ ਪ੍ਰਦਾਨ ਕਰਦਾ ਹੈ। ਜਿਨ੍ਹਾਂ ਵਿੱਚ ਬਹੁਤ ਸਾਰੇ ਵਿਦੇਸ਼ੀ ਨਾਗਰਿਕ ਕਾਮਯਾਬ ਹੋ ਜਾਂਦੇ ਹਨ ਪਰ ਕੁਝ ਨੱਗ ਏਜੰਟਾ ਦੇ ਅੜਿੱਕੇ ਆ ਕੇ ਲਾਚਾਰ ਤੇ ਬੇਵੱਸ ਹੋ ਜਾਂਦੇ ਹਨ ਤੇ ਕਈ ਕਿਸਮਤ ਦੇ ਚੱਕਰਾਂ ਵਿੱਚ ਆ ਕੇ ਆਪਣੀਆਂ ਕੀਮਤੀ ਜਾਨਾਂ ਗੁਆਉਣ ਲੈਂਦੇ ਹਨ। ਪਰ ਜਿਨ੍ਹਾਂ ਦਾ ਸਾਰਾ ਕੁਝ ਸਿਸਟਮ ਅਨੁਸਾਰ ਠੀਕ ਹੋ ਜਾਂਦਾ ਹੈ ਉਹ ਨਿਵਾਸ ਆਗਿਆ ਲੈ ਕੇ ਪੱਕੇ ਵੀ ਹੋ ਜਾਂਦੇ ਹਨ ਤੇ ਬਾਅਦ ਵਿੱਚ ਆਪੋ ਆਪਣੇ ਮੁਲਕਾਂ ਤੋ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਬੁਲਾ ਲੈਂਦੇ ਹਨ।

ਇਥੋਂ ਤੱਕ ਸਰਕਾਰ ਉਨ੍ਹਾਂ ਦੇ ਬੱਚਿਆਂ ਨੂੰ ਆਰਥਿਕ ਸਹਾਇਤਾ ਦੇ ਰੂਪ ਵਿੱਚ ਪ੍ਰਤੀ ਮਹੀਨਾ ਭੱਤਾ ਵੀ ਦਿੰਦੀ ਆ ਰਹੀ ਹ। ਇਸ ਦੇ ਬਾਵਜੂਦ ਸਰਕਾਰ ਵਲੋ ਹੋਰ ਬਹੁਤ ਸਾਰੀਆਂ ਸਰਕਾਰੀ ਸਕੀਮਾਂ ਵੀ ਪਰਿਵਾਰਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਨਾਲ ਪਰਿਵਾਰ ਦੀ ਆਰਥਿਕ ਸਥਿਤੀ ਸੁਧਾਰਨ ਵਿੱਚ ਮਦਦ ਮਿਲ ਸਕੇ। ਪਰ ਦੂਜੇ ਪਾਸੇ ਇਟਲੀ ਦੇ ਕਾਨੂੰਨ ਅਨੁਸਾਰ ਜੇਕਰ ਤੁਹਾਨੂੰ ਇਟਲੀ ਵਿੱਚ ਰਹਿੰਦਿਆਂ ਨੂੰ 10 ਸਾਲ ਹੋ ਗਏ ਹਨ ਤਾ ਤੁਸੀਂ 11ਵੇਂ ਸਾਲ ਇਟਲੀ ਦੀ ਨਾਗਰਿਕਤਾ ਲਈ ਅਰਜ਼ੀ ਦਾਖਲ ਕਰ ਸਕਦੇ ਹੋ ਕਿਉਂਕਿ ਅਰਜ਼ੀ ਦਾਖਲ ਕਰਨ ਤੋ ਬਾਅਦ ਦੋ ਤਿੰਨ ਸਾਲ ਤੇ ਕਈ ਵਾਰ ਚਾਰ ਤੱਕ ਦਾ ਸਮਾਂ ਹੋ ਜਾਂਦਾ ਹੈ ਕਿ ਤੁਹਾਨੂੰ ਸਰਕਾਰੀ ਦਰਬਾਰੇ ਤੋ ਮਾਨਤਾ ਮਿਲ ਜਾਵੇ ਕਿ ਤੁਸੀਂ ਹੁਣ ਇਟਲੀ ਦੀ ਨਾਗਰਿਕਤਾ ਪ੍ਰਾਪਤ ਕਰ ਸਕਦੇ ਹੋ।

ਜਦੋਂ ਇਟਲੀ ਦੀ ਨਾਗਰਿਕਤਾ ਹਾਸਲ ਹੋ ਜਾਂਦੀ ਹੈ ਤਾ ਬਹੁਤ ਸਾਰੇ ਲੋਕਾਂ ਦੀ ਇਟਲੀ ਪ੍ਰਤੀ ਸੋਚ ਬਦਲ ਜਾਂਦੀ ਹੈ ਕਿਉਂਕਿ ਲਗਭਗ 15 ਤੋ 20 ਸਾਲ ਦੇ ਲੰਮੇ ਸੰਘਰਸ਼ ਮਗਰੋਂ ਬਹੁਤ ਸਾਰੇ ਵਿਦੇਸ਼ੀ ਨਾਗਰਿਕਾਂ ਦੀ ਇਹ ਸੋਚ ਹੈ ਕਿ ਇਟਲੀ ਦੀ ਨਾਗਰਿਕਤਾ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ ਜਾ ਫਿਰ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਜਾਂ ਕੇ ਭਵਿੱਖ ਬਤੀਤ ਕਰੀਏ ਪਰ ਇਹ ਸਵਾਲ ਹਰ ਵਾਰ ਇਟਲੀ ਵਿੱਚ ਕੱਚੇ ਤੌਰ ਤੇ ਵਰਕ ਪਰਮਿਟ ਤੇ ਰਹਿ ਰਹੇ ਦੂਜੇ ਨਾਗਰਿਕਾਂ ਨੂੰ ਸੋਚਣ ਲਈ ਮਜ਼ਬੂਰ ਕਰ ਰਿਹਾ ਹੈ ਕਿ ਆਖ਼ਰਕਾਰ ਕੀ




ਭਾਵੇਂ ਇਟਲੀ ਵਿੱਚ ਇੱਥੋ ਦੀ ਮਾਂ ਬੋਲੀ ਇਟਾਲੀਅਨ ਭਾਸ਼ਾ ਹੈ ਪਰ ਇੱਥੇ ਭਾਰਤੀ ਮੂਲ ਦੇ ਬੱਚਿਆਂ ਵਲੋ ਆਏ ਦਿਨ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਜਾ ਰਹੀਆਂ ਹਨ ਜਿਸ ਨੂੰ ਦੇਖਦੇ ਇਟਾਲੀਅਨ ਲੋਕ ਸਮੇਤ ਦੂਜੇ ਮੁਲਕਾਂ ਦੇ ਲੋਕ ਵੀ ਹੈਰਾਨ ਹਨ। ਕਿ ਭਾਰਤੀ ਬੱਚਿਆਂ ਵਲੋ ਹਰ ਮੈਦਾਨ ਵਿੱਚ ਫ਼ਤਹਿ ਹਾਸਲ ਕੀਤੀ ਜਾ ਰਹੀ ਹੈ ਜੋ ਕਿ ਇਟਲੀ ਵਿੱਚ ਭਾਰਤੀ ਭਾਈਚਾਰੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਪਰ ਇਸ ਦੇ ਬਾਵਜੂਦ ਇਟਲੀ ਨੂੰ ਬੁਰਾ ਭਲਾ ਕਹਿਣਾ ਸਮਝ ਤੋ ਬਾਹਰ ਹੈ। ਸੱਚ ਹੀ ਕਿਹਾ ਸੀ ਕਿਸੇ ਗਾਇਕ ਨੇ "ਜਿਸ ਦੇਸ਼ ਦਾ ਖਾਈਏ ਉਸ ਦਾ ਬੁਰਾ ਨਹੀਂ ਮੰਗੀ ਦਾ"।

ਕਾਰਨ ਹਨ ਕਿ ਖਾਸ ਕਰਕੇ ਭਾਰਤੀ ਲੋਕ ਲੰਮਾ ਸਮਾਂ ਸੰਘਰਸ਼ ਕਰਕੇ ਕੇ ਇਟਲੀ ਦੀ ਨਾਗਰਿਕਤਾ ਲੈਣ ਉਪਰੰਤ ਕਿਉ ਦੂਜੇ ਮੁਲਕਾਂ ਦਾ ਰੁੱਖ ਕਰਦੇ ਹਨ? ਜੋ ਕਿ ਇੱਕ ਸਵਾਲੀਆ ਚਿੰਨ੍ਹ ਹੈ। ਇਨ੍ਹਾਂ ਕਾਰਨਾਂ ਨੂੰ ਜਾਣਨ ਲਈ ਜਦੋ ਇਟਲੀ ਦੀ ਨਾਗਰਿਕਤਾ ਪ੍ਰਾਪਤ ਭਾਰਤੀ ਮੂਲ ਦੇ ਲੋਕਾਂ ਨਾਲ ਗੱਲਬਾਤ ਕੀਤੀ ਤਾ ਉਨ੍ਹਾਂ ਨੇ ਜਵਾਬ ਸਨ ਕਿ ਇਟਲੀ ਵਿੱਚ ਬੱਚਿਆਂ ਦਾ ਭਵਿੱਖ ਨਹੀਂ ਹੈ, ਜਾ ਫਿਰ ਬੱਚੇ ਇਟਲੀ ਵਿੱਚ ਰਹਿਣ ਲਈ ਨਹੀਂ ਮੰਨਦੇ, ਭਾਵੇਂ ਬੱਚਿਆਂ ਦੇ ਮਾਪੇ ਇਟਲੀ ਵਿੱਚ ਚੰਗੇ ਕੰਮਾਂ ਤੇ ਹਨ ਤੇ ਵਧੀਆ ਤਨਖਾਹਾਂ ਪ੍ਰਾਪਤ ਕਰ ਰਹੇ ਹਨ ਤੇ ਬਹੁਤ ਸਾਰਿਆਂ ਨੇ ਆਪਣੇ ਮੁੱਲ ਦੇ ਮਕਾਨ ਵੀ ਖ਼੍ਰੀਦੇ ਹੋਏ ਹਨ।

ਆਪਣੀ ਪੂਰੀ ਜਵਾਨੀ ਇਟਲੀ ਵਿੱਚ ਰੁਜ਼ਗਾਰ ਕਰਕੇ ਬਤੀਤ ਕਰ ਲੈਂਦੇ ਹਨ। ਤੇ ਫਿਰ ਜਦੋ ਬਹੁਤੇ ਪੂਰੀ ਤਰ੍ਹਾਂ ਸਖ਼ਤ ਮਿਹਨਤ ਕਰਨ ਦੇ ਯੋਗ ਨਹੀਂ ਰਹਿੰਦੇ ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਦੂਜੇ ਦੇਸ਼ਾਂ ਵਿੱਚ ਵੀ ਕੰਮ ਕਰਕੇ ਹੀ ਗੁਜ਼ਾਰਾ ਹੋਣਾ ਹੈ ਤੇ ਇਸ ਉਮਰ ਵਿੱਚ ਤੁਹਾਨੂੰ ਕੰਮ ਤੇ ਰੱਖੋ ਕੌਣ? ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਆਖ਼ਰਕਾਰ ਲਗਭਗ 15 ਤੋ 20 ਸਾਲ ਲੰਮਾ ਸਮਾਂ ਸੰਘਰਸ ਕਿਉਂ ਕੀਤਾ ਕਿ ਇਟਲੀ ਨਾਗਰਿਕਤਾ ਮਿਲ ਜਾਵੇ। ਆਖਿਰ ਪਹਿਲਾਂ ਇਟਲੀ ਕਿਉਂ ਵਧੀਆ ਮੁਲਕ ਸੀ ਜਦੋਂ ਪਹਿਲਾਂ ਬਿਨ੍ਹਾਂ ਕਾਗਜ਼ਾਂ ਤੋ ਤੁਹਾਨੂੰ ਰੋਜੀ ਰੋਟੀ ਯੋਗਾ ਕਰ ਦਿੱਤਾ, ਕਿਉਂਕਿ ਇਟਲੀ ਇੱਕ ਅਜਿਹਾ ਦੇਸ਼ ਹੈ ਜਿਸ ਨੇ ਕੱਚੇ ਪ੍ਰਵਾਸੀਆਂ ਨੂੰ ਪੱਕੇ ਹੋਣ ਦੇ ਮੌਕੇ ਪ੍ਰਦਾਨ ਕਰਦਾ ਆ ਰਿਹਾ ਹੈ।

ਜਦੋ ਹੋਲੀ ਹੋਲੀ ਪੱਕੇ ਹੋਣ ਦਾ ਮੌਕਾ ਮਿਲਿਆ ਤੇ ਫਿਰ ਚੰਗੇ ਕਾਰੋਬਾਰ ਮਿਲ ਗਏ, ਫਿਰ ਤੁਹਾਨੂੰ ਆਪਣਾ ਪਰਿਵਾਰ ਭਾਰਤ ਤੋ ਇਟਲੀ ਲੈ ਕੇ ਆਉਣ ਦਾ ਮੌਕਾ ਦਿੱਤਾ, ਬੱਚਿਆਂ ਦੀ ਮੁੱਢਲੀ ਸਿੱਖਿਆ ਤੇ ਸਿਹਤ ਸੇਵਾਵਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਸਨ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਸਰਕਾਰ ਤਾ ਬਹੁਤ ਸਾਰੀਆਂ ਸਿਹਤ ਸੇਵਾਵਾਂ ਮੁਫ਼ਤ ਪ੍ਰਦਾਨ ਕਰ ਰਹੀ ਹੈ ਕਿਉਂਕਿ ਅਸੀ ਇਟਲੀ ਵਿੱਚ ਕੰਮ ਕਰਕੇ ਟੈਕਸ ਅਦਾ ਕਰ ਰਹੇ ਹਾ। ਪਰ ਇੱਥੇ ਸੋਚਣੀ ਗਲਤ ਸਾਬਤ ਹੋ ਰਹੀ ਹੈ ਕਿਉਂਕਿ ਇਟਲੀ ਸਰਕਾਰ ਵਲੋ ਇਟਲੀ ਵਿੱਚ ਹਰ ਇੱਕ ਨਾਗਰਿਕ ਦਾ ਇਲਾਜ ਹਸਪਤਾਲ ਵਿੱਚ ਮੁਫ਼ਤ ਕੀਤਾ ਜਾਂਦਾ ਹੈ ਭਾਵੇ ਉਸ ਨਾਗਰਿਕ ਕੋਲ ਦਸਤਾਵੇਜ਼ ਹੈ ਜਾ ਨਹੀ ਬਿਨ੍ਹਾਂ ਦਸਤਾਵੇਜ਼ ਵਾਲੇ ਵਿਅਕਤੀ ਦਾ ਇਲਾਜ ਉਸ ਦੇ ਪਾਸਪੋਰਟ ਜਾ ਹੋਰ ਪਹਿਚਾਣ ਪੱਤਰ ਤੇ ਵੀ ਹੋ ਜਾਂਦਾ ਹੈ। ਹਾਂ ਕੁਝ ਕਿ ਇਲਾਜ ਹਨ ਜੋ ਬਹੁਤ ਹੀ ਘੱਟ ਰਕਮ ਅਦਾ ਕਰਕੇ ਸਰਕਾਰੀ ਤੌਰ ਤੇ ਹੁੰਦੇ ਹਨ।

ਦੂਜੇ ਪਾਸੇ ਜੇਕਰ ਗੱਲ ਕਰੀਏ ਕਿ ਜਿਹੜੇ ਬੱਚੇ ਇਟਲੀ ਵਿੱਚ ਪੜ੍ਹਾਈ ਕਰ ਕੇ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਉਨ੍ਹਾਂ ਨੂੰ ਉਨ੍ਹਾਂ ਦੀ ਕਾਬਲੀਅਤ ਦੇ ਆਧਾਰ ਤੇ ਸਰਕਾਰੀ ਜਾਂ ਗੈਰ ਸਰਕਾਰੀ ਚੰਗੇ ਅਹੁਦਿਆਂ ਤੇ ਨੌਕਰੀਆਂ ਮਿਲ ਰਹੀਆਂ ਹਨ ਹਰ ਰੋਜ਼ ਭਾਰਤੀ ਮੀਡੀਆ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਦੀਆਂ ਖ਼ਬਰਾਂ ਨਸ਼ਰ ਕਰ ਰਿਹਾ ਹੈ ਤੇ ਉਨ੍ਹਾਂ ਦੀ ਹੌਸਲਾ ਅਫਜਾਈ ਕਰ ਰਿਹਾ ਹੈ। ਜਿਨ੍ਹਾਂ ਨੇ ਉਚੇਰੀ ਸਿੱਖਿਆ ਹਾਸਲ ਕਰਕੇ ਪੁਲਿਸ, ਨਗਰ ਕੌਂਸਲ, ਰੇਲਵੇ ਵਿਭਾਗ, ਸਿਹਤ ਵਿਭਾਗ, ਵਕਾਲਤ ਦੀ ਸਿੱਖਿਆ, ਟਰਾਂਸਪੋਰਟ ਵਿਭਾਗ, ਹਵਾਈ ਵਿਭਾਗ, ਆਰਮੀ, ਆਦਿ ਗੈਰ ਸਰਕਾਰੀ ਅਦਾਰਿਆਂ ਵਿੱਚ ਚੰਗੇ ਅਹੁਦਿਆਂ ਤੇ ਨਿਯੁਕਤੀਆਂ ਹੋ ਰਹੀਆਂ ਹਨ।

ਬਸ ਸ਼ਰਤ ਇਹ ਹੈ ਕਿ ਬੱਚਿਆਂ ਕੋਲ ਇਟਲੀ ਵਿੱਚ ਇੱਥੋ ਦੀ ਭਾਸ਼ਾ ਵਿੱਚ ਉਚੇਰੀ ਸਿੱਖਿਆ ਹਾਸਲ ਕੀਤੀ ਹੋਈ ਦਾ ਪ੍ਰਮਾਣ ਪੱਤਰ ਹੋਵੇ ਪਰ ਜੇਕਰ ਬੱਚਿਆਂ ਕੋਲ ਕੋਈ ਡਿਗਰੀ, ਡਿਪਲੋਮਾ ਜਾਂ ਉਚੇਰੀ ਸਿੱਖਿਆ ਦਾ ਸਰਟੀਫਿਕੇਟ ਨਹੀਂ ਹੈ ਤਾਂ ਬੱਚਿਆਂ ਨੂੰ ਮਜ਼ਦੂਰੀ ਹੀ ਕਰਨੀ ਪਵੇਗੀ।

ਜੇਕਰ ਗੱਲ ਕਰੀਏ ਕੇਨੈਡਾ, ਅਮਰੀਕਾ, ਇੰਗਲੈਂਡ ਤੋਂ ਬਾਅਦ ਇਟਲੀ ਯੂਰਪ ਦਾ ਇੱਕ ਅਜਿਹਾ ਦੇਸ਼ ਹੈ ਜਿੱਥੇ ਭਾਰਤੀ ਭਾਈਚਾਰੇ ਦੇ ਅਧਿਕਾਰਤ ਤੌਰ ਲੱਗ ਭਗ ਦੋ ਲੱਖ ਤੋ ਵੱਧ ਲੋਕ ਰਹਿਣ ਵਸੇਰਾ ਕਰ ਰਿਹਾ ਹੈ ਅਤੇ ਜਿਹੜੇ ਬਿਨ੍ਹਾਂ ਕਾਗਜ਼ੀ ਦਸਤਾਵੇਜ਼ ਤੋ ਰਹਿੰਦੇ ਹਨ ਉਨਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਇਆ ਨਹੀ ਜਾ ਰਿਹਾ, ਇੱਕ ਸਰਵੇਖਣ ਮੁਤਾਬਕ ਇਟਲੀ ਵਿੱਚ ਲਗਭਗ ਕੁੱਲ ਢਾਈ ਲੱਖ ਭਾਰਤੀ ਲੋਕਾਂ ਦੀ ਗਿਣਤੀ ਮੰਨੀ ਜਾ ਰਹੀ ਹੈ। ਇੱਕ ਰਿਪੋਰਟ ਮੁਤਾਬਕ ਇਟਲੀ ਇੱਕ ਅਜਿਹਾ ਦੇਸ਼ ਹੈ ਜਿੱਥੇ ਜੇਕਰ ਕਿਸੇ ਪਰਿਵਾਰ ਦਾ ਇੱਕ ਵਿਅਕਤੀ ਹੀ ਕੰਮ ਕਰਦਾ ਹੈ ਉਹ ਨਾ ਬਹੁਤੀ ਬਚਤ ਕਰਕੇ ਆਪਣੇ ਸਾਰੇ ਪਰਿਵਾਰ ਦਾ ਗੁਜ਼ਾਰਾ ਕਰਵਾ ਸਕਦਾ ਹੈ। ਜੇਕਰ ਗੱਲ ਕਰੀਏ ਬਾਕੀ ਦੇਸ਼ਾਂ ਦੀ ਤਾਂ ਪਰਿਵਾਰ ਦੇ ਹਰ ਮੈਂਬਰ ਨੂੰ ਜੋ ਕਿ ਕੰਮ ਕਰਨ ਦੇ ਯੋਗ ਹੈ ਕੰਮ ਕਰਨਾ ਪੈਂਦਾ ਹੈ ਤੇ ਤਾਂ ਹੀ ਗੁਜ਼ਾਰਾ ਹੁੰਦਾ ਹੈ। ਪਰ ਇਸ ਦੇ ਬਾਵਜੂਦ ਇਟਲੀ ਨੂੰ ਛੱਡ ਕੇ ਜਾਣਾ ਫਿਰ ਦੂਜੇ ਦੇਸ਼ਾਂ ਵਿੱਚ ਰੁਜ਼ਗਾਰ ਦਾ ਸਾਧਨ ਸੈੱਟ ਨਹੀਂ ਹੋਣਾ ਫਿਰ ਇਟਲੀ ਮੁੜ ਵਾਪਸ ਆ ਜਾਣਾ ਇਹ ਵੀ ਇੱਕ ਪਹੇਲੀ ਹੈ। ਕਿਉਂਕਿ ਜੋ ਲੋਕ ਆਪਣੇ ਬੱਚਿਆਂ ਦੇ ਭਵਿੱਖ ਦਾ ਹਵਾਲਾ ਦੇ ਕੇ ਇਟਲੀ ਨੂੰ ਬੁਰਾ ਭਲਾ ਕਹਿ ਕੇ ਚਲੇ ਗਏ ਸਨ ਤੇ ਬਾਅਦ ਵਿੱਚ ਵਾਪਸ ਆ ਗਏ ਉਨ੍ਹਾਂ ਵਿਚ ਕੁਝ ਲੋਕਾਂ ਨਾਲ ਗੱਲਬਾਤ ਕਰਨ ਤੇ ਪਤਾ ਲੱਗਾ ਕਿ ਇਟਲੀ ਵਰਗੀ ਮੌਜ, ਮੌਸਮ, ਮਾਹੌਲ, ਸਿਹਤ ਸੇਵਾਵਾਂ, ਪਰਿਵਾਰਕ ਸਾਝਾਂ ਤੇ ਭਾਈਚਾਰਕ ਸਾਂਝ ਨਹੀ ਮਿਲੀ। ਕਿਉਕਿ ਜਾਣਕਾਰੀ ਅਨੁਸਾਰ ਪਤਾ ਲੱਗਿਆ ਕਿ ਇਟਲੀ ਦੇ ਮੁਕਾਬਲੇ ਦੂਜੇ ਦੇਸ਼ਾਂ ਵਿੱਚ ਲੋਕਾਂ ਦੀ ਜ਼ਿੰਦਗੀ ਜਿਆਦਾ ਵਿਆਸਤ ਦੱਸੀ ਜਾ ਰਹੀ ਹੈ।

ਭਾਵੇਂ ਇਟਲੀ ਵਿੱਚ ਇੱਥੋ ਦੀ ਮਾਂ ਬੋਲੀ ਇਟਾਲੀਅਨ ਭਾਸ਼ਾ ਹੈ ਪਰ ਇੱਥੇ ਭਾਰਤੀ ਮੂਲ ਦੇ ਬੱਚਿਆਂ ਵਲੋ ਆਏ ਦਿਨ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਜਾ ਰਹੀਆਂ ਹਨ ਜਿਸ ਨੂੰ ਦੇਖਦੇ ਇਟਾਲੀਅਨ ਲੋਕ ਸਮੇਤ ਦੂਜੇ ਮੁਲਕਾਂ ਦੇ ਲੋਕ ਵੀ ਹੈਰਾਨ ਹਨ। ਕਿ ਭਾਰਤੀ ਬੱਚਿਆਂ ਵਲੋ ਹਰ ਮੈਦਾਨ ਵਿੱਚ ਫ਼ਤਹਿ ਹਾਸਲ ਕੀਤੀ ਜਾ ਰਹੀ ਹੈ ਜੋ ਕਿ ਇਟਲੀ ਵਿੱਚ ਭਾਰਤੀ ਭਾਈਚਾਰੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਪਰ ਇਸ ਦੇ ਬਾਵਜੂਦ ਇਟਲੀ ਨੂੰ ਬੁਰਾ ਭਲਾ ਕਹਿਣਾ ਸਮਝ ਤੋ ਬਾਹਰ ਹੈ। ਸੱਚ ਹੀ ਕਿਹਾ ਸੀ ਕਿਸੇ ਗਾਇਕ ਨੇ "ਜਿਸ ਦੇਸ਼ ਦਾ ਖਾਈਏ ਉਸ ਦਾ ਬੁਰਾ ਨਹੀਂ ਮੰਗੀ ਦਾ"।

## ਪਾਠਕਾਂ ਦੇ ਪੱਤਰ

**– ਲੇਖਕ–**
**ਸਰਵਜੀਤ ਸਿੰਘ ਸੈਕਰਾਮੈਂਟੋ**

# ਸ. ਭਗਵੰਤ ਸਿੰਘ, ਜਨਰਲ ਮੈਨੇਜਰ ਸ਼੍ਰੀ ਦਰਬਾਰ ਸਾਹਿਬ ਦੇ ਨਾਮ ਤੇ ਪੱਤਰ

## ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਮੁਤਾਬਕ ਕਿਸੇ ਵੀ ਨਵੇ ਸਾਲ (ਚੰਦ ਜਾਂ ਸੂਰਜ) ਦਾ ਆਰੰਭ 14 ਮਾਰਚ ਨੂੰ ਨਹੀਂ ਹੁੰਦਾ

ਸ. ਭਗਵੰਤ ਸਿੰਘ ਜੀ,ਜਨਰਲ ਮੈਨੇਜਰ, ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ।
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।



**ਵਿਸ਼ਾ :-** ਨਵਾਂ ਸਾਲ

ਸਭ ਤੋਂ ਪਹਿਲਾ ਤਾਂ ਸਮੂਹ ਸੰਗਤਾਂ ਨੂੰ ਨਵੇਂ ਸਾਲ, ਸੰਮਤ 557 ਨਾਨਕਸ਼ਾਹੀ ਦੀਆਂ ਲੱਖ- ਲੱਖ ਵਧਾਈਆਂ।

ਸ. ਭਗਵੰਤ ਸਿੰਘ ਜੀ, ਆਪ ਜੀ ਵੱਲੋਂ ਨਵੇਂ ਸਾਲ ਦੀ ਆਮਦ ਨੂੰ ਮੁਖ ਰੱਖਕੇ ਜਾਰੀ ਕੀਤਾ ਗਿਆ ਵੀਡੀਓ ਸੰਦੇਸ਼ ਅਤੇ ਪੋਸਟਰ ਮਿਲੇ, ਜਿਨ੍ਹਾਂ ਰਾਹੀ ਆਪ ਜੀ ਨੇ ਨਵਾਂ ਸਾਲ ਮਨਾਉਣ ਦੇ ਪ੍ਰੋਗਰਾਮ ਦਾ ਵੇਰਵਾ ਦਿੱਤਾ ਹੈ। ਜਿਸ ਮੁਤਾਬਕ 30 ਫੱਗਣ (13 ਮਾਰਚ) ਦਿਨ ਬੁਧਵਾਰ ਦੀ ਸ਼ਾਮ ਨੂੰ ਸਮਾਗਮ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦਾ ਇਹ ਉੱਦਮ ਬਹੁਤ ਹੀ ਸਲਾਹੁਣਯੋਗ ਹੈ। ਆਸ ਕਰਦੇ ਹਾਂ ਕਿ ਦੁਨੀਆਂ ਵਿੱਚ ਬੈਠੇ ਸਿੱਖ ਆਪਣਾ ਨਵਾਂ ਸਾਲ ਉਸੇ ਉਤਸ਼ਾਹ ਨਾਲ ਮਨਾਉਣਗੇ ਜਿਵੇ 31 ਦਸੰਬਰ ਦੀ ਰਾਤ ਨੂੰ ਸਾਂਝੇ ਕੈਲੰਡਰ ਮੁਤਾਬਕ ਨਵਾਂ ਸਾਲ ਮਨਾਇਆ ਜਾਂਦਾ ਹੈ।

ਸ. ਭਗਵੰਤ ਸਿੰਘ ਜੀ, ਆਪ ਜੀ ਵੱਲੋਂ ਦੱਸੇ ਗਏ ਪ੍ਰੋਗਰਾਮ ਮੁਤਾਬਕ 30 ਫੱਗਣ (13 ਮਾਰਚ) ਦਿਨ ਬੁਧਵਾਰ ਦੀ ਸ਼ਾਮ ਬੁਧਵਾਰ ਦੀ ਸ਼ਾਮ ਨੂੰ 7 ਵਜੇ ਤੋਂ ਰਾਤ 12 ਵਜੇ ਤੀਕ ਮੰਜੀ ਸਾਹਿਬ ਦਿਵਾਨ ਹਾਲ ਵਿਖੇ ਵਿਸ਼ੇਸ਼ ਦਿਵਾਨ ਸਜਾਏ ਜਾਣਗੇ। ਇਸ ਦਾ ਭਾਵ ਹੋਇਆ ਕਿ ਨਵੇਂ ਸਾਲ ਦਾ ਆਰੰਭ ਰਾਤ 12 ਵਜੇ ਤੋਂ ਹੋਵੇਗਾ। ਜਿਵੇ ਕਿ ਮੂਲ ਨਾਨਕਸ਼ਾਹੀ ਕੈਲੰਡਰ ਦੇ ਨਵੇ ਦਿਨ ਜਾਂ ਨਵੇ ਸਾਲ ਦਾ ਆਰੰਭ ਰਾਤ ਨੂੰ 12 ਵਜੇ ਹੁੰਦਾ ਹੈ। ਇਸੇ ਤਰ੍ਹਾਂ ਹੀ ਸਾਂਝੇ ਕੈਲੰਡਰ ਦੇ ਨਵੇਂ ਸਾਲ ਦਾ ਆਰੰਭ 31 ਦਸੰਬਰ ਦੀ ਰਾਤ ਨੂੰ 12 ਵਜੇ ਹੁੰਦਾ ਹੈ। ਪਰ;

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 22 ਫਰਵਰੀ 2025 ਈ: ਨੂੰ ਜਾਰੀ ਕੀਤੇ ਗਏ ਕੈਲੰਡਰ ਨੂੰ ਜੇ ਧਿਆਨ ਨਾਲ ਵੇਖੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਇਹ ਕੈਲੰਡਰ ਤਾਂ ਨਾਨਕਸ਼ਾਹੀ ਕੈਲੰਡਰ ਹੈ ਹੀ ਨਹੀਂ। ਇਹ ਤਾਂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਹੈ। ਇਸ ਵਿੱਚ ਚੰਦ ਅਤੇ ਸੂਰਜੀ ਕੈਲੰਡਰ ਇਕੱਠੇ ਚਲਦੇ ਹਨ। ਜਦੋਂ ਇਸ ਦੇ ਸੂਰਜੀ ਮਹੀਨੇ ਦਾ ਆਰੰਭ (ਸੰਗਰਾਂਦ) ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ ਮੁਤਾਬਕ ਸਾਲ ਦੀ ਲੰਬਾਈ ਵੇਖੀਏ ਤਾਂ ਇਹ 365.2563 ਦਿਨ ਬਣਦੀ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਇਹ ਤਾ ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਹੈ। ਯਾਦ ਰਹੇ ਦ੍ਰਿਕਗਿਣਤ ਸਿਧਾਂਤ, ਨਵੰਬਰ 1964 ਈ: ਵਿੱਚ ਹੋਂਦ ਵਿੱਚ ਆਇਆ ਸੀ। ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸੂਰਜੀ ਸਾਲ ਦਾ ਆਰੰਭ 1 ਵੈਸਾਖ ਤੋਂ ਹੁੰਦਾ ਹੈ ਜਦੋਂ ਸੂਰਜ ਮੇਖ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ।

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ਮਾਰਚ-25 | | | ਚੇਤ | | | ਅਪ੍ਰੈਲ-25 |
| | | | | | ੧ 14 ਮਾਰਚ ਫੱਗਣ ਸੁਦੀ ੧੫ | ੨ 15 ਮਾਰਚ ਚੇਤ ਵਦੀ ੧ |
| ੩ 16 ਮਾਰਚ ਚੇਤ ਵਦੀ ੨ | ੪ 17 ਮਾਰਚ ਚੇਤ ਵਦੀ ੩ | ੫ 18 ਮਾਰਚ ਚੇਤ ਵਦੀ ੪ | ੬ 19 ਮਾਰਚ ਚੇਤ ਵਦੀ ੫ | ੭ 20 ਮਾਰਚ ਚੇਤ ਵਦੀ ੬ | ੮ 21 ਮਾਰਚ ਚੇਤ ਵਦੀ ੭ | ੯ 22 ਮਾਰਚ ਚੇਤ ਵਦੀ ੮ |
| ੧੦ 23 ਮਾਰਚ ਚੇਤ ਵਦੀ ੯ | ੧੧ 24 ਮਾਰਚ ਚੇਤ ਵਦੀ ੧੦ | ੧੨ 25 ਮਾਰਚ ਚੇਤ ਵਦੀ ੧੧ | ੧੩ 26 ਮਾਰਚ ਚੇਤ ਵਦੀ ੧੨ | ੧੪ 27 ਮਾਰਚ ਚੇਤ ਵਦੀ ੧੩ | ੧੫ 28 ਮਾਰਚ ਚੇਤ ਵਦੀ ੧੪ | ੧੬ 29 ਮਾਰਚ ਚੇਤ ਵਦੀ ੧੫ |
| ੧੭ 30 ਮਾਰਚ ਚੇਤ ਸੁਦੀ ੧ | ੧੮ 31 ਮਾਰਚ ਚੇਤ ਸੁਦੀ ੨-੩ | ੧੯ 1 ਅਪ੍ਰੈਲ ਚੇਤ ਸੁਦੀ ੪ | ੨੦ 2 ਅਪ੍ਰੈਲ ਚੇਤ ਸੁਦੀ ੫ | ੨੧ 3 ਅਪ੍ਰੈਲ ਚੇਤ ਸੁਦੀ ੬ | ੨੨ 4 ਅਪ੍ਰੈਲ ਚੇਤ ਸੁਦੀ ੭ | ੨੩ 5 ਅਪ੍ਰੈਲ ਚੇਤ ਸੁਦੀ ੮ |
| ੨੪ 6 ਅਪ੍ਰੈਲ ਚੇਤ ਸੁਦੀ ੯ | ੨੫ 7 ਅਪ੍ਰੈਲ ਚੇਤ ਸੁਦੀ ੧੦ | ੨੬ 8 ਅਪ੍ਰੈਲ ਚੇਤ ਸੁਦੀ ੧੧ | ੨੭ 9 ਅਪ੍ਰੈਲ ਚੇਤ ਸੁਦੀ ੧੨ | ੨੮ 10 ਅਪ੍ਰੈਲ ਚੇਤ ਸੁਦੀ ੧੩ | ੨੯ 11 ਅਪ੍ਰੈਲ ਚੇਤ ਸੁਦੀ ੧੪ | ੩੦ 12 ਅਪ੍ਰੈਲ ਚੇਤ ਸੁਦੀ ੧੫ |

ਇਸ ਸਾਲ ਸੂਰਜ ਮੇਖ ਰਾਸ਼ੀ 14 ਤਾਰੀਖ ਸਵੇਰੇ 3:30 ਵਜੇ ਪ੍ਰਵੇਸ਼ ਕਰੇਗਾ। ਪਰ ਸੰਗਰਾਂਦ 13 ਅਪ੍ਰੈਲ ਨੂੰ ਮਨਾਈ ਜਾਵੇਗੀ। ਇਸ ਕੈਲੰਡਰ ਮੁਤਾਬਕ ਚੰਦ ਦੇ ਨਵੇ ਸਾਲ (ਸੰਮਤ 2082 ਬਿ:) ਦਾ ਆਰੰਭ ਚੇਤ ਸੁਦੀ ਏਕਮ, 30 ਮਾਰਚ ਦਿਨ ਐਤਵਾਰ ਨੂੰ ਹੋਵੇਗਾ।

ਪਹਿਲੀ ਬੇਨਤੀ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਮੁਤਾਬਕ ਕਿਸੇ ਵੀ ਨਵੇ ਸਾਲ (ਚੰਦ ਜਾਂ ਸੂਰਜ) ਦਾ ਆਰੰਭ 14 ਮਾਰਚ ਨੂੰ ਨਹੀਂ ਹੁੰਦਾ।

ਦੂਜੀ ਬੇਨਤੀ ਇਹ ਹੈ ਕਿ ਚੰਦਰ-ਸੂਰਜੀ ਬਿਕ੍ਰਮੀ (365.2563 ਦਿਨ, ਦ੍ਰਿਕਗਿਣਤ ਸਿਧਾਂਤ) ਕੈਲੰਡਰ ਮੁਤਾਬਕ ਦਿਨ ਦਾ ਆਰੰਭ ਸਵੇਰ ਨੂੰ ਸੂਰਜ ਚੜਨ ਵੇਲੇ ਤੋਂ ਮੰਨਿਆ ਜਾਂਦਾ ਹੈ। ਨਾ ਕਿ ਰਾਤ ਦੇ 12 ਵਜੇ।

ਆਪ ਜੀ ਦੇ ਵੀਡੀਓ ਸੰਦੇਸ਼ ਮੁਤਾਬਕ, ਸ਼੍ਰੋਮਣੀ ਕਮੇਟੀ ਵੱਲੋਂ 30 ਫੱਗਣ (13 ਮਾਰਚ) ਦਿਨ ਬੁਧਵਾਰ ਸ਼ਾਮ 7:00 ਤੋਂ 12:00 ਵਜੇ ਤੀਕ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮ, ਮੂਲ ਨਾਨਕਸ਼ਾਹੀ ਕੈਲੰਡਰ, ਜਿਹੜਾ ਸ਼੍ਰੋਮਣੀ ਕਮੇਟੀ ਵੱਲੋਂ 2003 ਵਿੱਚ ਜਾਰੀ ਕੀਤਾ ਗਿਆ ਸੀ, ਦੇ ਮੁਤਾਬਕ ਹਨ ਨਾ ਕਿ ਸ਼੍ਰੋਮਣੀ ਕਮੇਟੀ ਵੱਲੋਂ 20 ਫਰਵਰੀ 2025 ਈ: ਨੂੰ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਮੁਤਾਬਕ।

ਸ. ਭਗਵੰਤ ਸਿੰਘ ਜੀ, ਬੇਨਤੀ ਹੈ ਕਿ ਜੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ, ਨਵੇ ਸਾਲ ਦਾ ਪ੍ਰੋਗਰਾਮ 30 ਫੱਗਣ (13 ਮਾਰਚ) ਦੀ ਰਾਤ 12 ਵਜੇ ਤੀਕ ਕਰਨਾ ਹੈ ਤਾਂ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਐਲਾਨ ਕਰੋ। ਜੇ ਸ਼੍ਰੋਮਣੀ ਕਮੇਟੀ ਨੇ 20 ਫਰਵਰੀ ਨੂੰ ਜਾਰੀ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਮੁਤਾਬਕ ਚਲਣਾ ਹੈ ਤਾਂ ਇਸ ਕੈਲੰਡਰ ਦੇ ਨਵੇਂ (ਸੂਰਜੀ) ਸਾਲ ਦਾ ਆਰੰਭ 1 ਵੈਸਾਖ (13 ਅਪ੍ਰੈਲ) ਦਿਨ ਸ਼ਨਿਚਰ ਵਾਰ ਸਵੇਰੇ 6:05 ਵਜੇ ਹੋ ਰਿਹਾ ਹੈ, ਉਸ ਸਮੇਂ ਮਨਾਓ।

ਸ. ਭਗਵੰਤ ਸਿੰਘ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ, ਆਪਣੇ ਅਹੁਦੇ (ਮੁਖ ਪ੍ਰਬੰਧਕ ਸ਼੍ਰੀ ਦਰਬਾਰ ਸਾਹਿਬ) ਦੇ ਮਾਣ-ਸਤਿਕਾਰ ਨੂੰ ਮੁਖ ਰੱਖਦੇ ਹੋਏ, ਉਪ੍ਰੋਕਤ ਤੱਥਾ ਨੂੰ ਵਿਚਾਰ ਕੇ ਸਪੱਸ਼ਟ ਕਰੋ, ਤਾਂ ਜੋ ਸੰਗਤਾਂ ਕਿਸੇ ਗਲਤ ਫੈਮੀ ਵਿੱਚ ਨਾ ਰਹਿਣ। ਸੰਗਤਾਂ ਨੂੰ ਸਹੀ ਜਾਣਕਾਰੀ ਦੇਣੀ ਸ਼੍ਰੋਮਣੀ ਕਮੇਟੀ ਦੀ ਜਿੰਮੇਵਾਰੀ ਹੈ। ਆਸ ਹੈ ਕਿ ਆਪ ਜੀ ਆਪਣੀ ਜਿੰਮੇਵਾਰ ਨਿਭਾਉਣ ਤੋਂ ਆਕੀ ਨਹੀਂ ਹੋਵੋਗੇ।

ਧੰਨਵਾਦ
ਸਤਿਕਾਰ ਸਹਿਤ
ਸਰਵਜੀਤ ਸਿੰਘ ਸੈਕਰਾਮੈਂਟੋ
28 ਫੱਗਣ 556 ਨ: ਸ:
(11 ਮਾਰਚ 2025 ਈ:)


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।

ਫ਼ੋਨ ਨੰਬਰ: 01332 372851



**ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

***1 VACANCY FOR MINISTER OF RELIGION (TIER-2)***

***Job Title : MINISTER OF RELIGION - Full Time***

**Duration:-** Two Year – with the prospect to become a permanent position
**Duties & Responsibilities:-** Officiating marriages, birth and funerals
- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**
**Personnel Specification:** The post holder will need to display the following:
I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**
Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.
**Closing date: 10/04/2025**

Apply/ Contact: via Phone 01384 238936 or Email:sdevsingh56@googlemail.com

**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**

# ਸੀਨੀਅਰ ਪੱਤਰਕਾਰ ਸਰਦਾਰ ਅਵਤਾਰ ਸਿੰਘ ਦੀ ਕਿਤਾਬ "ਸਿੱਖ ਕੌਮਵਾਦ ਦਾ ਸੰਕਲਪ" ਤੇ ਇੱਕ ਪੰਛੀ ਝਾਤ

ਸਿੱਖ ਕੌਮ ਦੇ ਸੰਧਰਭ 'ਚ ਇਸ ਕਿਤਾਬਚੇ ਵਿੱਚ ਬਹੁਤ ਕੁਝ ਹੈ ਜੋ ਖ਼ਾਸ ਕਰਕੇ ਕੌਮ ਦੇ ਵਿਦਵਾਨਾਂ, ਪ੍ਰਚਾਰਕਾਂ, ਪੰਥਕ ਸੋਚ ਵਾਲੇ ਪੱਤਰਕਾਰਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਪੱਛਮੀ ਵਿਦਵਾਨਾਂ ਵੱਲੋਂ ਵੱਡੇ ਪੱਧਰ ਤੇ 'ਕੌਮਵਾਦ' ਤੇ ਕੰਮ ਕੀਤਾ ਗਿਆ, ਇਸ ਕਿਤਾਬ ਵਿੱਚ ਪੱਛਮ ਦੇ ਵਿਦਵਾਨਾਂ ਵੱਲੋਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ (DEFINATIONS) ਪੜ੍ਹ ਕੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਸਿੱਖ ਕੌਮ ਨੂੰ ਸਾਹਮਣੇ ਰੱਖ ਕੇ ਇਹ ਲਿਖੀਆਂ ਗਈਆਂ ਹੋਣ।

ਇਹ ਵੀ ਪਤਾ ਲੱਗਦਾ ਹੈ ਕਿ ਕਿਵੇਂ ਇੱਕ ਸੱਭਿਆਚਾਰਕ ਸਮੂਹ (ETHNICITY) ਕੌਮ ਬਣਦਾ ਹੈ।

ਵਿਦਵਾਨ ਏਡਰੀਅਨ ਹੈਸਟਿੰਗਜ਼ ਦੇ ਅਨੁਸਾਰ "ਸੱਚੇ ਕੌਮਵਾਦੀਆਂ ਲਈ ਸੱਭ ਤੋਂ ਮਹੱਤਵਪੂਰਨ ਉਨ੍ਹਾਂ ਦੀ ਕੌਮੀ ਹੋਂਦ ਅਤੇ ਕੌਮੀ ਰਿਵਾਇਤ ਹੁੰਦੀ ਹੈ, ਜੋ ਹਰ ਹਾਲ ਵਿੱਚ (ਜਿੰਦੜੀਆਂ ਵਾਰ ਕੇ ਵੀ) ਬਚਾਈ ਜਾਣੀ ਚਾਹੀਦੀ ਹੈ।"

ਇਸ ਕਥਨ ਤੋਂ ਸੰਤ ਜਰਨੈਲ ਸਿੰਘ ਦਾ ਸਾਰਾ ਵਰਤਾਰਾ ਸਮਝ ਆਉਂਦਾ ਹੈ, ਸੰਤ ਜੀ ਸਿੱਖਾਂ ਵਿੱਚ ਇਹ ਜਜ਼ਬਾ ਭਰ ਰਹੇ ਸਨ ਕਿ 'ਸਿੱਖ ਇੱਕ ਵੱਖਰੀ ਕੌਮ ਹੈ'।

"ਸੰਤ ਜਰਨੈਲ ਸਿੰਘ ਨੇ ਸਿੱਖ ਲਹਿਰ ਨੂੰ ਜਿਹੜਾ ਇਨਕਲਾਬੀ ਰੰਗ ਗੁਰਬਾਣੀ ਨੂੰ ਸਿੱਖ ਜੀਵਨ ਵਿੱਚ ਢਾਲ ਕੇ ਦਿੱਤਾ, ਉਸ ਨਾਲ ਦਲਿਤ ਵਰਗ ਮੁੜ ਸਿੱਖੀ ਵੱਲ ਪ੍ਰੇਰਿਤ ਹੋਇਆ, ਜਿਸ ਨਾਲ ਜਾਤ-ਪਾਤ ਰਹਿਤ ਸਿੱਖ ਸਮਾਜ ਦਾ ਪ੍ਰਗਟਾਵਾ ਹੋ ਰਿਹਾ ਸੀ, ਪਰ ਰਾਜਸੀ ਸੱਤਾ ਉੱਤੇ ਕਾਬਜ ਰਹਿਣ ਲਈ ਮਨੁੱਖਤਾ ਵਿਚਲੀਆਂ ਵੰਡੀਆਂ ਦਾ ਹੋਣਾ ਜਰੂਰੀ ਸੀ। 'ਸਿੱਖ ਕੌਮ ਦਾ ਏ ਪ੍ਰਗਟਾਵਾ' ਸਥਾਪਤੀ ਦੀ ਰਾਜ ਸੱਤਾ ਨੂੰ ਢਾਹ ਲਾਉਣ ਵਾਲੀ ਮੁਖ ਸ਼ਕਤੀ ਸੀ, ਜਿਸਨੇ ਸਥਾਪਿਤ ਨਿਜ਼ਾਮ ਦੇ ਜਾਤ-ਪਾਤ ਅਧਾਰਿਤ ਪ੍ਰਬੰਧ ਨੂੰ ਚਕਨਾਚੂਰ ਕਰ ਦੇਣਾ ਸੀ। ਇਸ ਲਈ ਜਾਤ-ਪਾਤ ਦੇ ਬੰਧਨਾਂ ਦੀ ਮੁਥਾਜ ਅੰਦਰੂਨੀ ਤੇ ਬਹਿਰੂਨੀ ਮਾਨਸਿਕਤਾ ਨੇ ਸੰਤ ਜਰਨੈਲ ਸਿੰਘ ਨੂੰ ਸ਼ਹੀਦ ਕਰਨ ਦੇ ਰਸਤੇ ਨੂੰ ਆਪਣੀ ਸਥਿਰਤਾ ਦਾ ਮੁੱਖ ਅਧਾਰ ਜਾਣ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ।" ਹਵਾਲਾ: ਪੁਸਤਕ ਸ਼ਹੀਦ ਬਿਲਾਸ ਸੰਤ ਜਰਨੈਲ ਸਿੰਘ, ਪੰਨਾ-152

ਜੂਨ 1984 ਦੇ ਘਲੂਘਾਰੇ ਤੋਂ ਬਾਅਦ ਭਾਰਤ ਅਤੇ ਵਿਦੇਸ਼ਾਂ 'ਚ ਵਸਦੇ ਸਿੱਖਾਂ ਦੇ ਅੰਦਰ ਕੌਮਵਾਦ ਦਾ ਇਹ ਵਰਤਾਰਾ ਪ੍ਰਬਲ ਹੋ ਕੇ ਸਾਹ-ਮਣੇ ਆਇਆ। ਭਾਈ ਸੰਦੀਪ ਸਿੰਘ (ਦੀਪ ਸਿੱਧੂ) ਨੂੰ ਵੀ ਇਹ ਗੱਲ ਸਮਝ ਵਿੱਚ ਆ ਗਈ ਸੀ ਤੇ ਉਸ ਦੇ 'ਹੋਂਦ ਦੀ ਲੜਾਈ' ਦੇ ਨਾਰੇ ਨੂੰ ਵੀ ਅਸੀਂ ਇਸ ਹੀ ਸੰਧਰਭ ਚੋਂ ਦੇਖ ਸਕਦੇ ਹਾਂ। ਵਧੇਰੇ ਜਾਣਕਾਰੀ ਲਈ ਪੜ੍ਹੋ ਪੁਸਤਕ 'ਹੋਂਦ ਦਾ ਨਗਾਰਚੀ ਸੰਦੀਪ ਸਿੰਘ ਦੀਪ ਸਿੱਧੂ'।

ਪੱਛਮੀ ਵਿਦਵਾਨ (ਫ੍ਰੈਡਰਿਕ ਹਰਟਜ਼) ਦੀ ਕੌਮਵਾਦ ਬਾਰੇ ਤਕਰੀਰ ਕੀਲ ਕੇ ਰੱਖ ਦਿੰਦੀ ਹੈ; "ਕੌਮ ਦਾ ਸੰਕਲਪ ਇੱਕ ਸਮੂਹ ਦੇ ਮਾਣਮੱਤੇ ਇਤਿਹਾਸਿਕ ਅਤੀਤ ਨਾਲ ਜੁੜਿਆ ਹੋਇਆ ਹੈ। ਇਹ ਇਤਿਹਾਸਿਕ ਅਤੀਤ ਜਿਸ ਵਿੱਚ ਕੌਮ ਦੇ ਰਹਿਬਰਾਂ ਦੀ ਰੂਹਾਨੀ ਘਾਲਣਾ, ਕੌਮ ਦੇ ਸੂਰਬੀਰਾਂ ਦੇ ਮਾਣਮੱਤੇ ਜੌਹਰ ਅਤੇ ਬੁਲੰਦ ਸ਼ਹਾਦਤਾਂ ਸਮੋਈਆਂ ਹੋਈਆਂ ਹਨ।"

ਇਹ ਸਤਰਾਂ ਪੜ੍ਹਦੇ ਹੀ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਅਤੇ ਉਸ ਤੋਂ ਬਾਅਦ ਹਕੂਮਤ ਨੂੰ 'ਸ੍ਰੀ ਅਕਾਲ ਤਖ਼ਤ' ਸਾਹਿਬ ਦੇ ਰੂਪ ਵਿੱਚ ਦਿੱਤੀ ਹੋਈ ਚੁਣੌਤੀ ਦਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ। ਮੁਗ਼ਲਾਂ ਨਾਲ ਜੰਗਾਂ ਵਿੱਚ ਵਿਖਾਏ ਗਏ ਜੌਹਰ, ਨੌਵੇਂ ਸਤਿਗੁਰਾਂ ਦੀ ਸ਼ਹੀਦੀ (ਮਨੁੱਖੀ ਹੱਕਾਂ ਲਈ), ਦਸਵੇਂ ਪਾਤਸ਼ਾਹ ਵੱਲੋਂ ਚਮਕੌਰ ਦੀ ਬੇਮਿਸਾਲ ਜੰਗ ਅਤੇ 'ਸਿੰਘਾਂ' ਤੇ 'ਪੁੱਤਰਾਂ' ਵਿੱਚ ਕੋਈ ਫ਼ਰਕ ਨਾ ਰੱਖਣਾ। ਇਹ ਸੱਭ ਕੁਝ ਇਕ ਵਾਰ ਤੇ ਲੂੰ-ਕੰਡੇ ਖੜੇ ਕਰ ਦੇਂਦਾ ਹੈ।

ਕਈ ਵਾਰ ਅਸੀਂ ਸੋਚਦੇ ਹਾਂ ਕਿ, ਸਮੇਂ ਦੀ ਹਕੂਮਤ ਭਾਵੇਂ ਉਹ ਮੁਗ਼ਲ ਹੋਣ, ਅੰਗਰੇਜ਼ ਜਾਂ ਫੇਰ ਮੌਜੂਦਾ ਹਾਕਮ, ਸਿੱਖਾਂ ਤੇ ਜ਼ੁਲਮ ਕਿਉਂ ਕਰਦੇ ਹਨ ਇਸ ਗੱਲ ਦਾ ਜਵਾਬ ਵੀ ਇਸ ਕਿਤਾਬਚੇ ਚੋਂ ਮਿਲ ਜਾਂਦਾ ਹੈ।


"ਧਰਮ ਨੂੰ ਪ੍ਰਨਾਈਆਂ ਘੱਟ ਗਿਣਤੀ ਕੌਮਾਂ ਦੀ ਨਸਲਕੁਸ਼ੀ ਦੇ ਯਤਨ ਇਤਿਹਾਸ ਵਿੱਚ ਇਸ ਲਈ ਹੁੰਦੇ ਰਹੇ, ਕਿਉਂਕਿ ਇਨ੍ਹਾ ਧਰਮ ਅਧਾਰਿਤ ਕੌਮਾਂ ਨੂੰ ਪ੍ਰਚਲਿਤ ਰਾਜਨੀਤੀ ਅਤੇ ਸਮਾਜਿਕ ਪ੍ਰਬੰਧ ਲਈ ਵੱਡਾ ਖ਼ਤਰਾ ਸਮਝਿਆ ਗਿਆ। " (ਪੰਨਾ 28 ਸਿੱਖ ਕੌਮਵਾਦ ਦਾ ਸੰਕਲਪ)

ਭਾਸ਼ਾ ਕਿਸੇ ਵੀ ਕੌਮ ਲਈ ਮਹੱਤਵਪੂਰਨ ਤੱਤ ਹੁੰਦੀ ਹੈ, ਤਾਂ ਹੀ ਇਸ ਤੇ ਵੀ ਸਮੇਂ ਸਮੇਂ ਤੇ ਹਮਲੇ ਹੁੰਦੇ ਰਹੇ ਹਨ। ਸਿੱਖਾਂ ਦੀ ਖ਼ੁਸ਼ਕਿਸਮਤੀ ਹੈ ਕਿ ਗੁਰੂ ਸਾਹਿਬਾਨ ਨੇ ਪਹਿਲਾਂ ਹੀ ਸੰਸਕ੍ਰਿਤ ਦਾ ਗ਼ਲਬਾ ਲਾਹ ਕੇ ਸਭ ਤੋਂ ਪੁਰਾਤਨ ਅਤੇ ਆਮ ਲੋਕਾਂ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨੂੰ ਪ੍ਰਫੁਲਿਤ ਕੀਤਾ, ਜਿਹੜੀ ਕਿ ਹਰ ਅਵਾਜ਼ ਨੂੰ ਲਿਖ਼ਤ ਵਿੱਚ ਢਾਲਣ ਦੇ ਸਮਰੱਥ ਹੈ। ਸਮੇਂ ਸਮੇਂ ਤੇ ਪੰਜਾਬੀ ਤੇ ਹਮਲੇ ਵੀ ਇਸੇ ਹੀ ਕੜੀ ਦਾ ਹਿੱਸਾ ਹਨ। ਅੰਗਰੇਜਾਂ ਨੇ ਵੀ ਪੰਜਾਬ ਤੇ ਕਬਜ਼ੇ ਤੋਂ ਬਾਅਦ ਗੁਰਮੁਖੀ ਦੇ ਕੈਦੇ ਘਰਾਂ ਚੋਂ ਕੱਢਣ ਵਾਲਿਆਂ ਨੂੰ ਇਨਾਮ ਵਜੋਂ ਹਥਿਆਰਾਂ ਨਾਲੋਂ ਵੱਧ ਰਾਸ਼ੀ ਦਿੱਤੀ ਸੀ। ਮੌਜੂਦਾ ਸਮੇਂ ਵਿੱਚ ਵੀ ਹਮਲਿਆਂ ਦੇ ਤਰੀਕੇ ਬਦਲ ਦਿੱਤੇ ਗਏ ਨੇ, ਪੰਜਾਬੀ ਭਾਸ਼ਾ ਵਿੱਚ ਬਹੁਤ ਸਾਰੇ ਹਿੰਦੀ ਭਾਸ਼ਾ ਦੇ ਲਫ਼ਜ਼ਾਂ ਵੱਲੋਂ ਘੁਸਪੈਠ ਕਰਵਾਈ ਗਈ । ਉਦਾਹਰਣ ਦੇ ਤੌਰ ਤੇ 'ਦੇਹਾਂਤ' ਲਫ਼ਜ਼ ਸਾਡਾ ਨਹੀਂ ਹੈ, ਸਾਡੇ ਕੋਲ ਆਪਣੇ ਲਫ਼ਜ਼ 'ਅਕਾਲ ਚਲਾਣਾ', 'ਚੜ੍ਹਾਈ ਕਰ ਗਏ', 'ਮੌਤ ਹੋ ਗਈ' ਹਨ, ਪਰ ਤੁਸੀਂ ਤਕਰੀਬਨ ਸਾਰੇ ਪੰਜਾਬੀ ਦੇ ਅਖ਼ਬਾਰਾਂ ਅਤੇ ਵੱਡੇ ਟੀਵੀ ਚੈਨਲਾਂ ਤੇ 'ਦੇਹਾਂਤ ਹੋ ਗਿਆ' ਹੀ ਸੁਣੋਗੇ। ਵਿਰੋਧੀ ਅਤੇ ਦੁਸ਼ਮਣ ਕੌਮਾਂ ਨਾਲੋਂ ਆਪਣੀ ਕੌਮ ਦੀ ਹੱਦਬੰਦੀ ਕਰਨ ਵਿੱਚ ਭਾਸ਼ਾ ਕਾਫ਼ੀ ਮਹੱਤਵਪੂਰਨ ਤੱਤ ਹੈ।

ਦੱਖਣ ਭਾਰਤ ਵਾਲਿਆਂ ਨੇ ਇਹ ਵਾੜ ਕੀਤੀ ਹੋਈ ਹੈ, ਉਨ੍ਹਾਂ ਦੇ ਵੱਡੇ ਵੱਡੇ ਲੀਡਰ, ਫ਼ਿਲਮੀ ਕਲਾਕਾਰ ਹਿਕ ਠੋਕ ਕੇ ਹਿੰਦੀ ਦਾ ਗਲਬਾ ਨਹੀਂ ਪੈਣ ਦੇਂਦੇ ਅਤੇ ਦੂਜੇ ਬੰਨ੍ਹੇਂ ਸਾਡੇ ਕਥਿਤ ਵੱਡੇ ਕਲਾਕਾਰ ਇਸ ਨੂੰ ਮਾਸੀ ਦੱਸਦੇ ਹਨ (ਗੁਰਦ-ਾਸ ਮਾਨ ਦਾ ਵਰਤਾਰਾ), ਵੱਡੀ ਪੱਧਰ ਦੇ ਹਿੰਦੀ ਦੇ ਪ੍ਰੇਮੀ ਬਣ ਚੁੱਕੇ ਹਨ।

ਭਾਸ਼ਾ ਕੋਈ ਵੀ ਮਾੜੀ ਨਹੀਂ ਹੁੰਦੀ, ਸਾਨੂੰ ਵੱਧ ਤੋਂ ਵੱਧ ਭਾਸ਼ਾਵਾਂ ਸਿੱਖਣੀਆਂ ਚਾਹੀਦੀਆਂ ਹਨ, ਪਰ ਜੇ ਕੋਈ ਭਾਸ਼ਾ ਹਮਲਾਵਰ ਹੋ ਕੇ ਦੂਜੀ ਭਾਸ਼ਾ ਨੂੰ ਜਜ਼ਬ ਕਰਨ ਦੀ ਮਨਸ਼ਾ ਨਾਲ ਵਰਤੀ ਜਾਂਦੀ ਹੈ ਤੇ ਲਕੀਰਾਂ ਖਿਚਣੀਆਂ ਸਮੇਂ ਦੀ ਮੰਗ ਹੁੰਦੀ ਹੈ।

ਸਾਨੂੰ ਮੌਜੂਦਾ ਹਲਾਤਾਂ ਵਿੱਚ ਇਸ ਕਿਤਾਬਚੇ ਨੂੰ ਰੱਖ ਕੇ ਪੜ੍ਹਨ ਦੀ ਲੋੜ ਹੈ ਤੇ ਇਸ ਤੋਂ ਕੁਝ




ਸਿੱਖਣ ਦੀ ਵੀ ਲੋੜ ਹੈ। ਸਿੱਖ ਕੌਮ ਲੰਬੇ ਸਮੇਂ ਤੋਂ ਗੁਲਾਮ ਹੋਣ ਕਰਕੇ ਕੁਝ ਤੱਤ ਜੋ ਸਾਡੇ ਪੁਰ-ਾਤਨ ਸਿੱਖਾਂ ਵਿੱਚ ਸਨ, ਉਨ੍ਹਾਂ ਨੂੰ ਗਵਾ ਚੁੱਕੀ ਹੈ।

ਜਿਵੇਂ ਕਿ ਵਿਦਵਾਨ ਅਜ਼ਰ ਗੈਟ (AZAR GAT) ਦੇ ਮੁਤਾਬਕ "ਕੌਮ ਰਾਜਨੀਤਿਕ ਭਾਈਚਾਰਾ ਹੈ ਅਤੇ ਜਿਸਦੀ ਆਪਸ ਵਿੱਚ ਬਹੁਤ ਸਮਰੂਪਤਾ ਹੈ ਅਤੇ ਸਮੂਹ ਦੇ ਮੈਂਬਰਾਂ ਵਿੱਚ ਨੇੜਲੇ ਸੰਬੰਧ ਹੁੰਦੇ ਹਨ। ਸਮੂਹ ਵਿੱਚ ਭਾਈਚਾਰੇ ਦੀ ਭਾਵਨਾ ਹੁੰਦੀ ਹੈ ਅਤੇ ਬਹੁਤ ਤੀਬਰ ਇਕਮੁੱਠਤਾ ਹੁੰਦੀ ਹੈ।"

ਸੋਚਣ ਵਾਲੀ ਗੱਲ ਹੈ ਕਿ, ਕੀ ਸਾਡੇ ਵਿੱਚ ਇਹ ਗੁਣ ਮੌਜੂਦ ਹਨ ਜਾਂ ਅਸੀਂ ਪਦਾਰਥਵਾਦ ਤੋਂ ਗ੍ਰਸਤ ਹੋ ਕੇ ਆਪਣੇ ਹੀ ਭਰਾਵਾਂ ਨਾਲ ਈਰਖਾ ਦਾ ਵਤੀਰਾ ਰੱਖਦੇ ਹਾਂ?

ਧਰਮ ਯੁੱਧ ਮੋਰਚੇ ਵੇਲੇ ਜਦੋਂ ਸਿੱਖਾਂ ਨੇ ਵੱਡੇ ਪੱਧਰ ਤੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਆਪਣੇ ਪਿਤਾ ਦਾ ਨਾਮ 'ਗੁਰੂ ਗੋਬਿੰਦ ਸਿੰਘ' ਵਾਸੀ 'ਅਨੰਦਪੁਰ ਸਾਹਿਬ' ਲਿਖਵਾਇਆ ਜਿਸ ਨਾਲ ਸਾਡੀ ਕੌਮੀਅਤ ਨੂੰ ਵੱਡਾ ਹੁੰਗਾਰਾ ਮਿਲਿਆ ਪਰ ਕੀ ਅੱਜ ਅਸੀਂ ਇਹਨਾ ਗੁਣਾ ਦੇ ਧਾਰਨੀ ਹਾਂ ? ਜੇ ਅੱਜ ਕੋਈ ਇੱਕ ਨੌਜਵਾਨ ਵਿਦੇਸ਼ ਤੋਂ ਆ ਕੇ ਪੰਜਾਬ ਵਿੱਚ ਅੰਮ੍ਰਿਤ ਸੰਚਾਰ ਦੀ ਲਹਿਰ ਚਲਾਉਂਦਾ ਹੈ ਤੇ ਅਸੀਂ ਉਸ ਦੀ ਸ਼ਲਾਘਾ ਕਰਨ ਦੀ ਬਜਾਏ ਉਸ ਵਿੱਚ ਨੁਕਸ ਕੱਢਣ ਲੱਗ ਜਾਨੇ ਹਾਂ, ਸਾਨੂੰ ਇਹ ਲੱਗਦਾ ਹੈ ਕੀ ਸਾਡਾ ਧੜਾ, ਸਾਡੀ ਜਥੇਬੰਦੀ ਕਿਤੇ ਪਿੱਛੇ ਰਹਿ ਗਈ ਹੈ। ਇਸੇ ਹੀ ਈਰਖਾ ਦੇ ਵੱਸ ਹੋ ਕੇ ਆਪ ਹੀ ਹਕੂਮਤ ਦੇ ਕੁਹਾੜੇ ਦਾ ਦਸਤਾ ਬਣ ਕੇ ਆਪਣੀ ਹੀ ਕੌਮ ਦੇ ਪੈਰਾਂ ਵਿੱਚ ਕੁਹਾੜੀ ਦੇ ਮਾਰਦੇ ਹਾਂ। ਅੱਗੇ ਜਾ ਕੇ ਕਿਤਾਬ ਦੇ ਵਿੱਚ ਵੀ 'ਅਸੀਂ ਦੀ ਭਾਵਨਾ' ਦਾ ਜਿਕਰ ਮਿਲਦਾ ਹੈ ਜੋ ਕਿ ਉਪਰ ਵਾਲੇ ਗੁਣਾਂ ਨਾਲ ਮੇਲ ਖਾਂਦਾ ਹੈ। ਸਾਨੂੰ ਇਹ ਭਾਵਨਾ ਆਪਣੇ ਵਿੱਚ ਲਿਆਉਣੀ ਪਵੇਗੀ ਤਾਂ ਹੀ ਅਸੀਂ ਆਪਣੇ ਟੀਚੇ ਤੱਕ ਪਹੁੰਚ ਸਕਾਂਗੇ । "ਕੌਮੀ ਜਜ਼ਬੇ ਨੂੰ ਮਜ਼ਬੂਤ ਕਰਨ ਵਾਲੇ ਮੁੱਖ ਤੱਤਾਂ ਵਿੱਚੋਂ ਇੱਕ ਧਰਮ ਹੈ, ਬਹੁਤ ਸਾਰੇ ਕੌਮੀ ਜਜ਼ਬੇ ਧਰਮ ਦੇ ਆਲੇ ਦੁਆਲੇ ਹੀ ਉਸਰੇ ਹੋਏ ਹਨ । ਕਈ ਵਾਰ ਕੁੱਝ ਭਟਕੇ ਹੋਏ ਰਾਜਨੀਤਿਕ ਧਰਮ ਨੂੰ ਆਪਣੇ ਘਟੀਆ ਸਿਆਸੀ ਨਿਸ਼ਾਨਿਆਂ ਲਈ ਵਰਤਦੇ ਹਨ।" (ਪੰਨਾ: 37 ਸਿੱਖ ਕੌਮਵਾਦ ਦਾ ਸੰਕਲਪ)

ਇਸ ਗੱਲ ਨੂੰ ਅਸੀਂ 1999 ਤੋਂ ਸਿੱਖ ਸੰਸਥਾਵਾਂ ਤੇ ਪਏ ਗ਼ਲਬੇ ਨਾਲ ਜੋੜ ਕੇ ਦੇਖ ਸਕਦੇ ਹਾਂ। ਕਿਵੇਂ ਸਿੱਖ ਸੰਸਥਾਵਾਂ ਨੂੰ ਇੱਕ ਪਰਿਵਾਰ ਅਧੀਨ ਕੀਤਾ ਗਿਆ ਤੇ ਕਿਵੇਂ ਸਾਡੀ ਕੌਮ ਦੇ ਜਥੇਦਾਰਾਂ ਨੂੰ ਜਲੀਲ ਕਰਕੇ ਘਰਾਂ ਨੂੰ ਤੋਰਿਆ ਗਿਆ।

ਇਹ ਸਾਰਾ ਕੁਝ ਸਟੇਟ ਵੱਲੋਂ ਗਿਣ ਮਿਥ ਕੇ ਕੀਤਾ ਗਿਆ, ਅੰਗਰੇਜ਼ੀ ਰਾਜ ਵੇਲੇ ਤੋਂ ਹੀ ਸਿੱਖਾਂ ਦੀਆਂ ਸੰਸਥਾਵਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਇਹ ਕਾਰਾ ਜ਼ੋਰਾਂ ਤੇ ਹੈ। ਸਮੇਂ ਦੀ ਹਕੂਮਤ ਨੂੰ ਪਤਾ ਹੈ ਕਿ ਸਿੱਖਾਂ ਦਾ ਕੌਮੀ ਸੂਰਜ 'ਮੀਰੀ ਪੀਰੀ' ਦੇ ਸਿਧਾਂਤ ਵਿੱਚੋਂ ਹੀ ਨਿਕਲੇਗਾ, ਜੇ ਸਿੱਖ ਸੰਸਥਾਵਾਂ ਅਜ਼ਾਦ ਰਹੀਆਂ, ਸਿੱਖੀ ਪਹਿਚਾਣ ਕਾਇਮ ਰਹੇਗੀ ਤੇ ਸਿੱਖਾਂ ਦੇ ਕੌਮੀ ਜਜ਼ਬੇ ਵਿੱਚ ਉਭਾਰ ਆਵੇਗਾ। ਹੁਣ ਇਹ ਸਿੱਖਾਂ ਨੇ ਸੋਚਣਾ ਹੈ ਕਿ 'ਇੱਕ ਨਿਸ਼ਾਨ' ਥੱਲੇ ਇਕੱਠੇ ਹੋ ਕੌਮੀ ਹਿੱਤਾਂ ਦੀ ਪੂਰਤੀ ਕਰਨੀ ਹੈ ਜਾਂ ਫੇਰ ਇਕੱਲੇ ਇਕੱਲੇ ਹੋ ਕੇ ਸਟੇਟ ਦੇ ਸੰਦ ਬਣ ਕੇ ਗੁਰੂ ਨੂੰ ਪਿੱਠ ਦੇਣੀ ਹੈ।

ਇੱਕ ਹੋਰ ਪੱਛਮੀ ਵਿਦਵਾਨ ਮੈਕਸ ਵੈਬਰ ਜਰਮਨੀ ਵਿੱਚ ਰਹਿ ਰਹੇ 'ਅਲਸਟੇਅਨਜ਼' ਦੀ ਉਦਾਹਰਣ ਦੇਂਦੇ ਹਨ ਤੇ ਲਿਖਦੇ ਹਨ ਕਿ "ਕੋਲ-ਮਾਰ ਅਜਾਇਬ ਘਰ ਦੇ ਕਿਸੇ ਕਰਮਚਾਰੀ ਨੂੰ ਉਸਦੀ ਮਨਪਸੰਦ ਚੀਜ਼ ਬਾਰੇ ਪੁੱਛਣ ਤੇ ਉਹ ਅਖੀਰ ਤੇ ਇੱਕ ਖੂੰਜੇ ਵਿੱਚ ਪਈਆਂ ਫਰਾਂਸੀਸੀ ਯੋਧਿਆਂ ਦੀਆਂ ਨਿਸ਼ਾਨੀਆਂ ਤੇ ਫਰਾਂਸੀਸੀ ਕੌਮ ਦੇ ਝੰਡਿਆਂ ਕੋਲ ਲੈ ਜਾਵੇਗਾ। 'ਅਲਸਟੇਅਨਜ਼' ਭਾਵੇਂ ਸਰੀਰਕ ਤੌਰ ਤੇ ਜਰਮਨੀ ਵਿੱਚ ਰਹਿ ਰਹੇ ਹਨ ਉਨ੍ਹਾਂ ਦੀ ਕੌਮੀ ਰੀਝ ਫਰਾਂਸੀਸੀ ਕੌਮ ਦੇ ਨਿਸ਼ਾਨਾਂ ਵਿੱਚ ਖਿੜਦੀ ਹੈ।"

ਸਿੱਖਾਂ ਨਾਲ ਵੀ ਇਹੋ ਜਿਹਾ ਹੀ ਕੁਝ ਵਾਪਰਦਾ ਹੈ, ਇੰਗਲੈਂਡ ਦੀ ਧਰਤੀ ਤੇ ਜਦੋਂ ਕੋਈ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੇ ਜਾਂਦਾ ਹੈ ਤੇ ਇੱਕ ਵਾਰ ਤੇ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ, ਕੌਮ ਦੇ ਤਖ਼ਤ, ਸਿੱਖ ਸ਼ਸਤਰਾਂ ਅਤੇ ਨਿਸ਼ਾਨਾਂ ਦੇ ਲੰਡਨ ਦੇ ਮਿਊਜ਼ਿਅਮ ਵਿੱਚ ਦਰਸ਼ਨ ਕਰਕੇ ਹਰ ਇੱਕ ਸਿੱਖ ਆਪਣੇ ਆਪ ਨੂੰ ਇਸ ਦਾ ਵਾਰਿਸ ਸਮਝਣ ਲੱਗ ਜਾਂਦਾ ਹੈ।

ਸਮੇਂ ਸਮੇਂ ਤੇ ਕੁਝ ਗੀਤਕਾਰ ਜਿਨ੍ਹਾਂ ਵਿੱਚੋਂ ਬਹੁਤੇ ਭਾਵੇਂ ਬਾਹਰੀ ਤੌਰ ਤੇ ਸਿੱਖੀ ਸਰੂਪ ਵਾਲੇ ਨਹੀਂ ਹਨ ਪਰ ਅੰਦਰੋਂ ਕੌਮੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ, ਇਨ੍ਹਾਂ ਦੇ ਗੀਤਾਂ ਵਿੱਚ ਕੌਮ ਦੇ ਉਸ ਸੁਨਹਿਰੀ ਦੌਰ ਲਈ ਦਰਦ ਝਲਕਦਾ ਹੈ।

ਖੁਸ਼ੀ ਦੀ ਗੱਲ ਇਹ ਹੈ ਕਿ ਕੌਮ ਦੇ ਅੰਦਰ ਉਹ ਸਾਰੇ ਤੱਤ ਮੌਜੂਦ ਹਨ ਜੋ ਭਵਿੱਖ ਵਿੱਚ ਸਾਂਝੇ ਰਾਜਨੀਤਿਕ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਸਰਗਰਮੀ ਕਰ ਸਕਦੇ ਹਨ। ਮੌਜੂਦਾ ਹਲਾਤਾਂ ਵਿੱਚ ਸਾਨੂੰ ਸਾਡੇ ਕੌਮਵਾਦ ਬਾਰੇ ਚੇਤਨ ਹੋਣਾ ਚਾਹੀਦਾ ਹੈ ਅਤੇ ਗਿਆਨ ਦੀ ਖੜਗ ਨਾਲ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਸਾਨੂੰ ਸਾਡੇ ਕੌਮ ਦੇ ਦੁਸ਼ਮਣਾਂ ਅਤੇ ਦੋਸਤਾਂ ਦੀ ਪਹਿਚਾਣ ਹੋਣੀ ਚਾਹੀਦੀ ਹੈ, ਲਕੀਰਾਂ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਭਵਿੱਖ ਵਿੱਚ ਇਨ੍ਹਾਂ ਲਕੀਰਾਂ ਤੇ ਕੌਮ ਦੀਆਂ ਹੱਦਾਂ ਸਿਰਜ ਸਕੀਏ।

ਦਾਸ ਕੋਈ ਲਿਖਾਰੀ ਨਹੀਂ ਹੈ ਬਸ ਕੋਸ਼ਿਸ਼ ਹੈ ਕਿ ਜੋ ਕੁਝ ਸਮਝ ਆਇਆ ਕੌਮ ਦੇ ਨਾਲ ਸਾਂਝਾ ਕੀਤਾ ਜਾ ਸਕੇ।

ਵਾਹਿਗੁਰੂ ਜੀ ਕਾ ਖ਼ਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਸ. ਜਗਜੀਤ ਸਿੰਘ ਯੂ ਕੇ



* * * * * *

# ਨਿਰਣਾ

**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**



## ਜਥੇਦਾਰ ਵਿਦਾਇਗੀ

ਮੋਹਨ ਕਿੰਝ ਬਣਦਾ ਤੂੰ ਸ਼ਾਇਰ ਜੇਕਰ ਮੈਂ ਨਾ ਮਰਦੀ, ਚਰਨਜੀਤ ਬਰਾੜ ਦੀ ਸ਼ਕਤੀ ਬਾਗੀਆਂ ਦੀ ਭਗਤੀ, ਇੱਛਾ ਪੂਰੀ ਕਰਤੀ, ਵਿਦੇਸ਼ੀਆਂ ਦੀ ਬੁਰਕੀ, ਮਤਿਆਂ ਦੀ ਘੁਰਕੀ, ਖਾਲਿਸਤਾਨੀ ਲਹਿਰ ਤੁਰਪੀ, ਚੈਨਲਾਂ ਨੂੰ ਮੁਰਕੀ, ਜਥੇਦਾਰ ਲਾਹੇ ਨਹੀਂ, ਲੁਹਾਏ! ਧਮਕੀਆਂ! ਕੌਣ ਹੈ? ਤੁਸੀਂ ਸਿੰਘ ਸਾਹਬਾਂ ਨੂੰ ਹੂ ਕਹਿਣੇ ਪੱਖ 'ਤੇ ਝਾਤ! ਕੋਈ ਕਾਨੂੰਨੀ ਵਿਧਾਨ ਲਿਖਤੀ ਨਹੀਂ ਇਸ ਨਿਯੁਕਤੀ ਲਈ ਕੇਵਲ ਪੁਰਾਤਣ ਪਰੰਪਰਾ ਤੁਰੀ ਆ ਰਹੀ ਹੈ। ਯਤਨ ਹੋਏ ਕਿ ਇਹਦੀ ਤਰਤੀਬ ਬਣਾਉ, ਅਸਫ਼ਲ ਸਮੇਂ ਦੇ ਗੇੜ ਕਰਕੇ ਇਹ ਤਖ਼ਤ ਨੂੰ ਅਕਾਲ ਤੇ ਦਲ ਨੂੰ ਅਕਾਲੀ ਦਲ ਪ੍ਰਮੰਨਤਾ ਸ਼੍ਰੋਮਣੀ ਕਮੇਟੀ ਕਿਉਂਕਿ ਗੁਰੂ ਘਰਾਂ ਦੀ ਪ੍ਰਬੰਧਕ ਹੈ ਇਸ ਸਮੇਂ ਤਾਂ ਸੂਬੇ ਦੀ ਬਰੈਕਟੀ ਸਰਕਾਰ ਹੈ, ਕੀ ਕੀ ਸੁਭਿਧਾਵਾਂ ਪ੍ਰਦਾਨ ਕਰਦੀ ਹੈ। ਬੱਸ ਤਾਂ ਹੀ ਸ਼ਹਿਦ 'ਤੇ ਮੱਖੀਆਂ ਭੀਂ! ਗ੍ਰੰਥੀਆਂ ਨੂੰ ਮਾਣ ਸਤਿਕਾਰ ਲਈ ਅਕਾਲ ਤਖ਼ਤ ਦੇ ਰੁੱਤਵੇ ਲਈ ਨਾਮਜ਼ਦਗੀਆਂ ਪਰ ਇੱਜ਼ਤ ਭੀ ਕਰਵਾਉਣੀ ਆਵੇ, ਮੱਛਰ ਲੜਨ ਲੱਗ ਜਾਵੇ ਤਾਂ ਛੜਕਾਉ ਕਰਨਾ ਜਰੂਰੀ ਹੁੰਦਾ, ਉਪਰ ਲਿਖ ਆਈ ਹਾਂ ਕਿ ਇਨ੍ਹਾਂ ਕੋਲ ਕੋਈ ਅਧਿਕਾਰ ਤਾਂ ਹਨ ਨਹੀਂ ਬੱਸ ਰੁੱਤਵੇ ਦੀ ਦੁਰਵਰਤੋਂ, ਕਿੰਨੀ ਦੇਰ ਸਹਾਰੀ ਜਾਵੇ! ਇਨ੍ਹਾਂ ਨੇ ਅਤਿ ਚੁੱਕ ਲਈ, ਅਕਾਲੀ ਦਲ ਦੀ ਸਰਕਾਰ ਵੇਲੇ ਦਾ ਲੇਖਾ ਜੋਖਾ ਸਜਾਵਾਂ ਜਾਣਦੇ ਹੋ ਇਹ ਧਾਰਮਿਕ ਸਜ਼ਾ ਲਾ ਸਕਦੇ ਨੇ, ਸਿਆਸਤ ਦਾ ਹੱਕ ਨਹੀਂ, ਉਹ ਭੀ ਸਹਿ ਲਿਆ ਅੰਤ ਔਹਨੂੰ ਕੱਢੋ ਅਕਾਲੀ ਦਲ ਵਿੱਚੋਂ ਸਾਡੇ ਮੂਹਰੇ ਬੋਲਿਆ ਦਲ ਦੀ ਭਰਤੀ ਸਾਡੀ ਹਕੂਮਤ ਸੱਤ ਮੈਂਬਰੀ ਬਣਾ ਧਰੀ, ਬਾਗੀ ਫਿਰਨ ਬਾਗੋ ਬਾਗ ਹੋਏ, ਇਨ੍ਹਾਂ ਨੂੰ ਇਸ ਦਖ਼ਲ ਅੰਦਾਜ਼ੀ ਦਾ ਕੋਈ ਹੱਕ ਹੈ ਹੀ ਨਹੀਂ, ਹੁਣ ਹੋਰ ਖਲਪਾੜਾਂ ਕਰਤੀਆਂ ਜੀ ਪੰਜ ਹੀ ਜਾ ਕੇ ਭਰਤੀ ਅਰੰਭੋ, ਕੀ ਮੁੱਢਲੇ ਤੌਰ ਢੰਗ ਜਾਣਦੇ ਨਹੀਂ ਬਾਗੀ ਕਿ ਇਹ ਸਿਆਸੀ ਪਾਰਟੀ ਰਜਿਸਟਰ ਹੈ, ਤਕੜੀ ਨਿਸ਼ਾਨ ਇਨ੍ਹਾਂ ਕੋਲ ਹੈ, ਹਾਂ ਇਹ ਮਾਨ ਦਲ, ਅਮ੍ਰਿਤਪਾਲੀ ਦਲ ਦੀ ਤਰ੍ਹਾਂ ਹੋਰ ਭੀ ਬੜੇ ਨੇ ਬਣਾਂ ਸਕਦੇ ਹਨ, ਪਰ ਭਰਤੀ ਪ੍ਰਕਿਰਿਆ ਦੇ ਪਹਿਲੂ ਸਵਾਲੀਆ ਤੇ ਘੇਰੇ ਤੋਂ ਬਾਹਰ ਨੇ, ਪਾਣੀ ਵਰੋਲਦੇ ਨੇ ਜਥੇਦਾਰ ਦਾ ਕੰਮ ਵੰਡੀਆਂ ਪਾ ਕੇ ਭੜਦੋਹਲ ਪਉਣਾ ਨਹੀਂ ਸੀ ਕੀਤੀ ਪਾਈ ਹੈ, ਇਹ ਤਾਂ ਗ੍ਰੰਥੀ ਬਨਣ ਦੇ ਯੋਗ ਨਹੀਂ ਭਲਵਾਨ ਸਿੰਘ ਭੀ ਸਵਾਲ੍ਹਾ ਬਣਦਾ ਫਿਰਦਾ ਸੀ, ਤੋਰ ਤਾ! ਅੱਗੋਂ ਨੂੰ ਸਧਾਰ ਕਰੋ, ਸਬਕ ਸਿੱਖੋ।

## ਨਿਰਣਾ

ਵੱਖਰਾ ਪਹਿਲੂਃ- ਪੁਰਾਣਾ ਗੀਤ, ਵਧਾਵਿਆ ਤੂੰ ਸਾਡੇ ਵਿਹੜੇ ਆਈਂ, ਲੋੜੀਦਿਆਂ ਨੂੰ ਜੰਮ ਜੰਮ ਫੇਰੇ ਪਾਈਂ, ਭਾਵੇਂ ਇਹ ਤਾਂ ਭਾਵਨਾ ਆਧਾਰਿਤ ਸੀ ਕਿ ਵਧਾਈਆਂ ਲਿਆਂਦਾ ਰਹੀਂ ਪਰ ਅੱਜ ਸਾਡਾ ਸਿੱਖ ਭਾਈਚਾਰਾ ਪੰਜਾਬ ਜਾਂ ਵਿਦੇਸ਼ ਹੋਵੇ ਹੱਲੇ ਗੁੱਲੇ ਨੂੰ ਆਮਦ ਦੀਆਂ ਮਿੰਨਤਾਂ ਕਰਦੇ ਨੇ, ਪਹਿਲਾਂ ਹੁਣ ਭੱਖਦੇ ਮੁੱਦੇ 'ਤੇ ਝਾਤ ਪਾ ਦੇਵਾਂ ਹਾਲੇ ਗ੍ਰੰਥੀਆਂ ਦਾ ਅਕਾਲ ਤਖ਼ਤ 'ਤੇ ਝੁਰਮਟ ਮੁੱਕਿਆ ਨੀ ਇਨ੍ਹਾਂ ਹੋਰ ਸਿੜੀ ਸਿਆਪਾ ਖੜ੍ਹਾ ਕਰ ਲਿਆ, ਪਹਿਲਾਂ ਸਾਡੀ ਸਿੱਖ-ਸਿਧਾਂਤੀ ਸੱਚ ਅਕਾਲ ਦੀ ਮਿਸਾਲ ਪਲੇਟੀ ਦੇ ਚੈਨਲ ਦੇ ਕਾਰਕੁੰਨ ਨੂੰ ਸਿੱਖ ਸਰਟੀਫਿਕੇਟ ਕਿ ਦੱਸ ਸਾਲ ਤੱਕ ਚੈਰਿਟੀ ਨੇੜੇ ਨਾ ਲੱਗਿਉ, ਹੋਰ ਭੀ ਇਸ ਘੜੀਸ ਵਿੱਚ ਆਉਣਗੇ, ਦੂਜਾ ਚੈਰਿਟੀ ਕਮਿਸ਼ਨ ਨੂੰ 40 ਸਾਲ ਮਗਰੋਂ ਜਾਗ ਆਈ ਕਿ ਖਾਲਿਸਤਾਨੀ ਝੰਡੇ ਗੁਰੂ ਘਰ ਵਿੱਚੋਂ ਹਟਾਉ ਕਿਉਂਕਿ ਇਹ ਚੈਰਿਟੀ ਧਾਰਾ ਦੀ ਉਲੰਘਣਾ ਹੈ, ਬਿਲਕੁੱਲ ਇਹ ਦੇਸ਼ ਦੇ ਕਾਨੂੰਨੀ ਢਾਂਚੇ ਦੇ ਅਨੁਸਾਰ ਹੈ! ਪਰ ਇਹ ਸਿਆਸੀ ਚੈਨਲ ਜੋ ਅਮਰੀਕੀ ਖਾਲਿਸਤਾਨੀ ਜਥੇਬੰਦੀ ਦਾ ਸਮਰਥੱਕ ਹੈ ਬੜਾ ਸ਼ਾਤਰ ਹੈ ਉਹਨੇ ਇਸ ਝੰਡੇ ਪ੍ਰਤੀ ਇਥੋਂ ਤੱਕ ਸਲਾਹ ਦਿੱਤੀ ਕਿ ਬਰਤਾਨਵੀ ਸਰਕਾਰੂ ਚੈਰਿਟੀ ਨੂੰ ਚਿਤਾਵਨੀ ਤੇ ਧਮਕੀ ਦੇਵੋ ਕਿ ਫੇਰ ਚਰਚਾਂ, ਮੰਦਿਰਾਂ, ਮਸੀਤਾਂ ਤੋਂ ਭੀ ਝੰਡੇ ਹਟਾਉਣੇ ਪੈਣਗੇ। ਉਸ ਉਕਸਾਊ ਨੂੰ ਇਹ ਸੂਝ ਹੋਣੀ ਬਣਦੀ ਹੈ ਕਿ ਨੰਬਰ ਇਕ ਤਾਂ ਉਹ ਝੰਡੇ ਦੇਸ਼ ਦੇ ਨਿਸ਼ਾਨ ਹਨ, ਦੂਜਾ ਖਾਲਿਸਤਾਨ ਦੇਸ਼ ਨਹੀਂ ਉਨ੍ਹਾਂ ਦੇ ਤਾਂ ਝੰਡੇ ਯੂ. ਐੱ. ਓ. ਵਿੱਚ ਲੱਗੇ ਵੇ ਨੇ, ਝੰਡਾ ਦੇਸ਼ ਦਾ ਨਹੀਂ ਖਾਲਿਸਤਾਨੀ ਮੰਗ ਦਾ ਹੈ, ਬਗਾਵਤੀ ਤੇ ਸਿਆਸੀ ਮੰਤਵੀ ਹੈ ਚੈਰਿਟੀ ਨਹੀਂ ਮਿਲ ਸਕਦੀ, ਤੁਸੀਂ ਫੇਰ ਚੈਰਿਟੀ ਦਾਖਲਾ ਬੰਦ ਕਰਵਾ ਲਵੋ, ਇਹ ਰੌਲ੍ਹਾ ਚੈਨਲ ਜੋ ਕਿ ਹਰ ਮੁੱਦੇ 'ਤੇ ਫਾਹੀ ਫਾਹੇ ਪਾਉਣ ਵਿੱਚ ਮਾਹਰ ਹੈ, ਟਕਰਾ ਦੇ ਰਾਹ ਪਉਣ ਲਈ ਸਹਾਈ! ਅਤਿ ਦਾ ਰੱਬ ਨਾਲ ਮੱਥਾ ਤਾਂ ਜਾਇਜ਼ ਪਰ ਅਕਾਲ ਤਖ਼ਤੀ ਗਿਆਨੀਆਂ ਦੇ ਆਦੇਸ਼ਾਂ ਜੋ ਕਿ ਕੋਈ ਗੁਰੂ ਹੁਕਮਨਾਮਾ ਨਹੀਂ, ਉਹਦੇ ਨਾਲ ਮੱਥਾ ਪ੍ਰਚਾਰਦੇ ਨੇ ਪ੍ਰਮਾਤਮਾਂ ਨਾਲ ਐਨੀਆਂ ਚਤੁਰਾਈਆਂ ਤੇ ਹਾਲੇ ਅਸੀਂ ਗੁਰੂ ਦੇ ਸਿੱਖ, ਲਿਖਦੀ ਜਾਵਾਂ ਮੇਰੇ ਬੜੇ ਨਜ਼ਦੀਕੀ ਭਰਾ ਪੁਰਾਣੇ ਖਾਲਿਸਤਾਨੀ ਨਾਲ ਵਾਰਤਾ ਹੋਈ ਦੱਸੇ ਕਿ ਗਿਆਨੀ ਰਘਬੀਰ ਸਿੰਘ ਤਾਂ ਮਲਕ ਭਾਗੋ ਦੇ ਘਰ ਸਨਮਾਨ ਲੈਣ ਗਿਆ ਕਿਰਪਾਨ ਘਰੇ ਭੁੱਲ ਗਿਆ, ਮੈਂ ਹੱਸ ਕੇ ਕਿਹਾ ਭੁੱਲ ਕੇ ਨਹੀਂ ਭਰਾ ਜਾਣ ਕੇ ਕਿਉਂਕਿ ਅੱਜ ਕੱਲ ਤਾਂ ਸੋਨੇ ਦੀਆਂ ਕ੍ਰਿਪਾਨਾਂ ਭੇਂਟ ਹੁੰਦੀਆਂ ਨੇ ਅਸੀਂ ਬੜੇ ਹੱਸੇ ਪਰ ਇਹ ਇਸ ਲਾਲਚੀ ਨੂੰ ਤਖ਼ਤ ਦਾ ਅਧਿਕਾਰੀ ਤੇ ਯੋਗ ਮੰਨ ਸ਼ੋਰ ਮਚਾ ਰਹੇ ਨੇ ਸਭ ਮੰਤਵੀ ਹਨ, ਕੀ ਤਪੱਤਵੀ ਨੂੰ ਤੁਅੱਸਵੀ ਹੋਣਾ ਬਣਦਾ ਹੈ, ਰੱਬ ਦੇ ਨੇੜੇ ਹੋ, ਕੇ ਘਸੁੰਨ ਨੇੜੇ ਹੋਣ ਦੇ ਉਪਦੇਸ਼ ਹਰ ਧਰਮ ਵਿੱਚ ਉਸ ਨੂਰ ਦੇ ਗੁਣ ਗਉਣ ਵਾਲੇ ਜਨਮੇ ਨੇ, ਪਰ ਸਭਨਾਂ ਨੇ ਹੀ ਯੁੱਧਾਂ ਦੀ ਭਰਪਾਈ, ਪਤਾ ਨਹੀਂ ਸੱਚ ਹੈ ਜਾਂ ਕੇਵਲ ਪ੍ਰਚਾਰ ਪਰ (ਗੁਰੂ ਨਾਨਕ ਦੇਵ) ਫਲਸਫਾ ਇਹ ਨਹੀਂ ਸਿੱਧ ਕਰਦਾ, ਗੁਰੂ, ਭਗਤ ਰਵਿਦਾਸ, ਦੂਜੇ ਭਗਤ ਇਸ ਵਿਰਤੀ ਵਾਲੇ ਨਹੀਂ ਸਨ, ਦਸਮੇਂ ਗੁਰੂ ਸਾਹਿਬ ਵੇਲੇ ਜ਼ੁਲਮ, ਜਲਾਦ, ਜਹਾਦ ਦਾ ਰਾਜ ਸੀ ਤੇ ਉਸੇ ਵਹਿਣ ਵਿੱਚ ਵਿਚਰਣਾ ਪਿਆ ਪਰ ਕੀ ਅੱਜ ਲੋਕ-ਤੰਤਰ ਵਿੱਚ ਸਾਨੂੰ ਉਸ ਪੰਥ 'ਤੇ ਤੁਰਨ ਦਾ ਤਵਾਰੀਖ ਸੁਣਾ ਕੇ ਜੀਵਨ ਦੁੱਭਰ ਕਰਨਾ ਸਿੱਖੀ ਹੈ ਜਾਂ ਮਨੁੱਖਾ ਜੀਵਨ ਭਾਣੇ ਵਿੱਚ ਬਤੀਤੀ, ਮਨ ਮਿਲੇ ਦਾ ਮੇਲਾ ਨਾ ਕੋ ਗੁਰੂ ਨਾ ਚੇਲਾ ਵੱਖਰਾ ਪੱਖ, ਪਿਛਲੇ ਦਿਨੀਂ ਹਿੰਦੂ ਮੰਦਿਰ ਦੇ ਪ੍ਰਧਾਨ ਰਹਿ ਚੁੱਕੇ ਮਜਿਸਟ੍ਰੇਟ, ਕੌਂਸਲਰ ਤੇ ਮੇਅਰ, ਵੱਡੀ ਭੈਣ-ਭਣੋਈਆ, ਅਧਿਆਪਕ ਕੌਂਸਲਰ, ਮੇਅਰ ਆਦਿ ਸਾਡੇ 30-35 ਸਾਲਾ ਸਬੰਧ, ਘੰਟਿਆ ਬੱਧੀ ਵਿਚਾਰ ਹਰ ਖੁਸ਼ੀ ਗ਼ਮੀ ਵਿੱਚ ਸ਼ਰੀਕ (ਉਮੇਸ਼ ਚੰਦਰ ਸ਼ਰਮਾ) ਦਾ ਦਿਹਾਂਤ ਮਾਤਮੀ ਇਕੱਤਰਤਾ ਵਿੱਚ ਚਲੋ ਬੁਲਾਰੇ ਤਾਂ ਹੁੰਦੇ ਹੀ ਨੇ, ਪੰਡਤ ਜੀ ਜੋ ਬਾਬਾ ਫਰੀਦ ਸਲੋਕ ਐਸੀ ਕਰਨੀ ਕਰ ਚਲੇ ਬੋਲਿਆ ਮੈਂ ਸੋਚਿਆ ਕਿ ਇਨ੍ਹਾਂ ਦੇ ਧਾਰਮਿਕ ਵੇਦਾਂ ਵਿੱਚ ਭੀ ਸਭ ਅੰਕਤ ਹੋਊ ਪਰ ਧਰਮ ਤੇ ਗਿਆਨ ਦਾ ਕੋਈ ਵੈਰ ਨਹੀਂ ਜਿਥੋਂ ਲੱਭੇ ਪੱਲੇ ਬੰਨੀਏ, ਡਰਦੀ ਨੇ ਇਹ ਲਿਖਿਆ ਹੈ ਕਿਧਰੇ ਕੋਈ ਟਿੱਕਾ ਹੀ ਨਾ ਲੱਗ ਜਾਵੇ, ਪਰ ਸਾਂਝ ਪਾਵਾਂ ਕਿ ਤਣਾਅ ਭਰੀ ਜ਼ਿੰਦਗੀ ਨੂੰ ਸੁਖਾਲ੍ਹਾ ਬਣਾ ਆਪਾਂ ਆਰ, ਪਾਰ, ਸਾਕ-ਸਬੰਧੀ, ਘਰੇਲੂ ਮਾਹੌਲ ਭੀ ਸੁਹਾਵਣਾ ਬਣਾ ਸਕਦੇ ਹਾਂ ਭਰੱਪਣ, ਭਾਈਚਾਰਕ ਵਰਤਾਰੇ, ਵਿਹਾਰ ਜਾਤ, ਬਰਾਦਰੀ 'ਤੇ ਨਹੀਂ ਸੁਚੱਜੇ ਵਿਚਾਰਾਂ ਦੀ ਦੇਣ ਹਨ, ਤਣਾਅ ਨਾਲ ਆਪ ਦੁਭੱਰ ਹੋ ਕੇ ਗੋਲਧਾਰੇ ਨੂੰ ਭੀ ਦੁਖੀ ਕਰਦੇ ਹਾਂ ਜੋ ਕਿ ਕਈ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ, ਬਚੋ ਤੇ ਬਚਾਵੋ ਵੱਡਮੁੱਲੀ ਸੇਵਾ ਹੈ ਕ੍ਰੋਧ ਨਾਲ ਦੁਸ਼ਵਾਰੀ, ਵੈਰ ਤੇ ਕਈ ਵਾਰੀ ਗੰਭੀਰ ਸਿੱਟੇ, ਸੋ ਮੇਰੀ ਤਾਂ ਦਲੀਲ ਹੈ ਧਰਮ ਸੰਕਟ ਵਿੱਚ ਪੈਣ ਲਈ ਸਗੋਂ ਕੱਢਣ ਦਾ ਰਾਹ ਹੈ ਪ੍ਰਚਾਰ ਸਾਰਾ ਦਿਨ ਦੁਭਿਧਾ ਵਾਲਾ ਨਾ ਹੋਵੇ ਸੁਭਿਧਾ ਦਾ ਕਰੋ ਭਵਿੱਖ 'ਤੇ ਸਾਡੀਆਂ ਔਲਾਦਾਂ ਭੀ ਸਤਿਕਾਰ ਕਰਨ ਤੇ ਸਭ ਸੁਖੀ ਵੱਸਣ।

**ਪੰਜਾਬ ਦੁਖਾਂਤ**ः ਰੱਬੀ ਨਹੀਂ ਸਬੱਬੀ ਹੈ! ਚਾਰ ਸਾਲ ਤੋਂ ਹੀ ਕਾਂਗਰਸ ਨੇ ਪਹਿਲਾਂ ਕੈਪਟਨ ਸਾਹਬ ਨੇ ਕਿਸਾਨ ਕੇਂਦਰ ਵੱਲ ਘੱਲੇ ਬਾਰਡਰ ਘੇਰੋ। ਹੁਣ ਆਮ, ਪਰ ਚੰਨੀ ਮੁੱਖ ਮੰਤਰੀ ਨੇ ਮੋਦੀ ਭਜਾਉ ਡਰਾਮਾ ਯਾਨੀ ਆਮ ਵਿੱਚ ਭੀ ਕਾਂਗਰਸੀ ਬੰਦੇ ਹੀ ਖੜ੍ਹੇ ਸਨ, ਹੁਣ ਬੱਸ ਭਗਵੰਤ ਮਾਨ ਨੂੰ ਰਾਜ ਨੀ ਆਉਂਦਾ ਹਟਾਉ, ਭਾਈ ਕੀਹਨੂੰ ਲਿਆਉਣਾ ਹੈ? ਉਧਰ ਤਖ਼ਤੀ ਗ੍ਰੰਥੀ ਕੌਮ ਨੂੰ ਇਕਮੁੱਠ ਕਰਨ ਦੀ ਥਾਂ ਕਹਿੰਦੇ ਸਾਡੀ ਥਾਪੀ ਕਮੇਟੀ ਅੱਡ ਅਕਾਲੀ ਭਰਤੀ ਕਰੇ, ਸਵਾਲ ਕਿ ਕੀ ਸ਼੍ਰੋਮਣੀ ਅਕਾਲੀ ਦਲ ਦਾ ਵਿਰੋਧ ਹੈ ਜਾਂ ਨਵੀਂ ਪਾਰਟੀ, ਕੀ ਸ਼੍ਰੋਮਣੀ ਕਮੇਟੀ ਫੇਰ ਜ਼ਿੰਮੇਵਾਰ ਨਹੀਂ ਹੋਵੇਗੀ ਇਸ ਵਿਦਰੋਹ ਦੀ? ਯੂ.ਕੇ. ਵਿੱਚ ਪੰਥਕ ਇਕੱਠ ਜਾਂ ਸੰਸਥ ਇਕੱਠ ਉਹੀ ਬੰਦੇ ਉਹੀ ਬੁਲਾਰੇ, ਉਹੀ ਜਥੇਬੰਦੀਆਂ ਹਰ ਭੈਰਮੀ ਵਿੱਚ, ਜਥੇਦਾਰ ਦਾ ਕਰਤਵ ਭੀ ਦੇਖੋ, ਏਥੇ ਹੋਰ ਸੰਕਟ ਚੈਰਿਟੀ ਕਮਿਸ਼ਨ ਨਾਲ ਨਾਨਕੇ ਛੱਜ ਕੁੱਟਦੇ ਹੁੰਦੇ ਸੀ ਵਿਆਹ ਗੌਣਃ- ਛਡਾਇਓ ਲੋਕੋ ਲਈ ਜਾਂਦਿਆਂ ਨੂੰ ਪਤਾ ਨਹੀਂ ਸਾਨੂੰ ਇਸ ਮਾਇਆ ਨੇ ਹੋਰ ਕੀ ਰੰਗ ਦਿਖਾਉਣੇ ਹਨ, ਇਹ ਲੋਕ ਤਾਂ ਲੋਕਾਂ ਵਿੱਚ ਤਹਿਰਕਾ ਮਚਾ ਕੇ ਬਲੀ ਬਣ ਰਹੇ ਹਨ, ਦੋ-ਤਿੰਨ ਚੈਨਲ ਭਾਗੀ ਮੀਂਹ ਮਗਰੋਂ ਗੰਡੋਲੇ ਸੁਰ੍ਹਲ-ਸੁਰ੍ਹਲ ਰੱਬ ਪਤਾ ਨਹੀਂ ਕਦੋਂ ਬਹੁੜੂ ਲੋਕ ਬੜੇ ਦੁਖੀ ਹਨ, ਭਗਵੰਤ ਮਾਨ ਦੇ ਇੰਨੀ ਦਿਨ ਦ੍ਰਿੜ ਫੈਸਲੇ ਤਸੀਲਦਾਰ ਤੇ ਕਿਸਾਨ ਸ਼ਲਾਘਾ ਯੋਗ ਮੈਂ ਭਾਮੇਂ ਸਮਰਥੱਕ ਨੀ ਪਰ ਲੋਕਾਂ ਲਈ ਸੁੱਖ ਦਾ ਸਾਹ ਹੈ, ਤਸੀਲਦਾਰਾਂ ਨੇ ਅੱਡ ਔਕੜਾਂ ਤੇ ਕਿਸਾਨਾਂ ਨੇ ਧਰਨੇ 'ਤੇ ਧਰਨੇ ਚੰਗਾ ਕੀਤਾ ਖੁੰਭ ਠੱਪ ਤੀ।

## ਨਿਰਣਾ

ਅਸੀਂ ਨੀਅਤ ਨੀ ਕੰਗਾਲਾਂ ਵਾਲੀ ਰੱਖਣੀ ਝੁੱਗੀ 'ਤੇ ਭਾਵੇਂ ਕੱਖ ਨਾ ਰਹੇ! ਇਕ ਛੜਾ ਕਹਿੰਦਾ ਲੈ ਦੂੰ ਪਿੱਪਲ ਪੱਤੀਆਂ, ਦੂਜਾ ਆਖੇ ਰੱਤੀ ਤੀਜਾ ਕਹਿੰਦਾ ਸਾਰੀ ਵੇਚ ਦੂੰ ਮੱਕੀ ਨੀ ਤੇਰੇ ਮਾਪਿਆਂ ਨੇ ਛੜੇ ਲੁੱਟਣ ਨੂੰ ਰੱਖੀ।

ਉਪਰੋਕਤ ਸਤਰਾਂ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਕ੍ਰੀਰ ਸਟ੍ਹਾਮਰ ਕਹਿੰਦਾ ਜ਼ੂਲੈਂਸਕੀ ਨੂੰ 1.08 ਬਿਲੀਅਨ ਪੌਂਡ ਦੇਊਂ ਲਾ ਲਾ ਟਰੰਪ ਨਾਲ ਮੱਥਾ ਆਪਣੀ ਵੱਸੋਂ ਗਰੀਬ ਬਜ਼ੁਰਗ ਪਾ੍ਹਲੇ ਨਾਲ ਠੁਰ ਠੁਰ ਕਰਦੇ ਨੇ ਗਰਮ ਭੱਤਾ ਬੰਦ, ਕੌਂਸਲ ਟੈਕਸ ਵਾਧਾ, ਸੜਕਾਂ 'ਤੇ ਖੱਡੇ, ਘਰੇਲੂ ਸੜਕਾਂ ਯਾਨੀ ਰਿਹਾਇਸ਼ੀ ਫੁੱਟ-ਪਾਥ ਸਲੈਬਾਂ ਟੁੱਟੀਆਂ, ਕੋਈ ਸਫਾਈ ਨਹੀਂ, ਹਦਾਇਤਾਂ ਜੀ ਬੱਸਾਂ 'ਤੇ ਸਫ਼ਰ ਕਰੋ, ਭਾਈ ਬੱਸਾਂ ਤੱਕ ਜਾਣਾ ਤਾਂ ਤੁਰਕੇ ਹੀ ਏ, ਸੋਟੀਆਂ ਵਾਲੇ ਵਿਚਾਰੇ ਕਦੇ ਏਧ੍ਹਰ ਕਦੇ ਉਧਰ ਬਚਣ ਲਈ ਕਦੇ ਕਿਸੇ ਖੜੀ ਕਾਰ ਦਾ ਸਹਾਰਾ ਕਦੇ ਕਿਸੇ ਦੀ ਕੰਧ ਦਾ ਭਾਲਦੇ ਨੇ ਪਰ ਮੋਟਾਪੇ ਤੋਂ ਬਚਣ ਲਈ ਤੁਰੋ ਫਿਰੋ, ਪ੍ਰਬੰਧ ਕੌਣ ਵਧਾਵਾ ਕਰੂ, ਸਾਡੀ ਦੇਸੀ ਮਾਨਸਿਕਤਾ ਹਾਂ, ਹਾਂ, ਸਾਡੇ ਕੌਂਸਲਰ, ਬੋਲੇ ਵਈ ਸਾਡੇ ਐੱਮ. ਪੀ. ਯਾਨੀ ਭਾਈਚਾਰੇ ਦੇ ਸਿੰਗਾਰ, ਕੰਮ-ਕਾਰ ਦੀ ਨਹੀਂ ਸਾਰ ਲੱਗਦਾ ਨੀ ਕੌਂਸਲਰ, ਐੱਮ. ਪੀ. ਤੁਰਦੇ ਭੀ ਹੋਣਗੇ ਦੇਖਣ ਕਿਵੇਂ? ਰਾਣੀ ਅੱਗਾ ਢੱਕ ਤਾਂਹੀ ਬਣੀ ਸੀ, ਨਿੱਕੇ ਨਿਆਣੇ ਟੁੱਕ ਨੂੰ ਤਰਸਣ ਤੇ ਘਰਵਾਲਾ ਦਾਨੀਃ- ਸਮਰਥੱਕ ਭਾਵੇਂ ਚਾਮ੍ਹਲੇ ਫਿਰਨ ਪਰ ਸਾਧਾਰਨ ਵੱਸੋਂ ਆਖ ਰਹੀ ਹੈ ਕਿ ਪ੍ਰਧਾਨ-ਮੰਤਰੀ ਨੇ ਟਰੰਪ ਨੂੰ ਵੰਗਾਰਿਆ ਏ ਕੀ ਲੋੜ ਸੀ ਉਹਨੂੰ ਕਿੰਗ ਚਾਰਲਸ ਨੂੰ ਮਿਲਾਉਣ ਦੀ? ਜੀਲੈਂਸਕੀ ਕਲਾਕਾਰ ਸੀ, ਸਾਰੀ ਦੁਨੀਆਂ ਨੂੰ ਤਰਸਵਾਨ ਬਣਾ ਤਾ ਅੱਗੋਂ ਟਰੰਪ ਭੀ ਪੰਪ ਹੈ ਫੂਲਾ ਤਾ ਭਕਾਨਾ ਲਾਕੇ ਨਾਕੇ ਹੁਣ ਭੱਜੇ ਫਿਰਦੇ ਨੇ ਉਹ ਤਾਂ ਲੜਾਈ ਦੇ ਹੱਕ ਵਿੱਚ ਨਹੀਂ ਪਰ ਸਾਡਾ ਪ੍ਰਧਾਨ-ਮੰਤਰੀ ਕਹਿੰਦਾ ਮੇਰਾ ਭੀ ਕੀ ਆਉਣਾ ਜੇ ਰੰਗ ਨਾ ਦਿਖਾਏ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਮਾਮਲਾ ਕਰੋੜਾਂ ਦੀ ਹੇਰਾਫੇਰੀ ਦਾ, 7 ਕਰੋੜ ਦਾ ਚੈੱਕ ਬਾਊਂਸ

## ✪ ਵਰਿੰਦਰ ਸਹਿਵਾਗ ਦੇ ਭਰਾ ਨੂੰ ਪੁਲਿਸ ਨੇ ਕੀਤਾ ਗ੍ਰਿਫ਼ਤਾਰ



ਚੰਡੀਗੜ੍ਹ-ਬੀਤੇ ਦਿਨੀਂ ਚੈੱਕ ਬਾਊਂਸ ਮਾਮਲੇ 'ਚ ਪੇਸ਼ ਨਾ ਹੋਣ ਕਾਰਨ ਅਦਾਲਤ ਤੋਂ ਭਗੌੜਾ ਐਲਾਨੇ ਗਏ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਸਟਾਰ ਕ੍ਰਿਕਟਰ ਵਰਿੰਦਰ ਸਹਿਵਾਗ ਦੇ ਭਰਾ ਵਿਨੋਦ ਸਹਿਵਾਗ ਨੂੰ ਮਨੀਮਾਜਰਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

ਉਸ ਖ਼ਿਲਾਫ਼ 7 ਕਰੋੜ ਰੁਪਏ ਦਾ ਚੈੱਕ ਬਾਊਂਸ ਦਾ ਮਾਮਲਾ ਚੱਲ ਰਿਹਾ ਹੈ। ਪੁਲਿਸ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਨੈਨਾ ਪਲਾਸਟਿਕ ਕੰਪਨੀ ਦੇ ਵਕੀਲ ਵਿਕਾਸ ਸਾਗਰ ਨੇ ਦੱਸਿਆ ਕਿ ਜਲਤਾ ਕੰਪਨੀ ਨੇ ਉਨ੍ਹਾਂ ਦੀ ਕੰਪਨੀ ਤੋਂ 7 ਕਰੋੜ ਰੁਪਏ ਦਾ ਮਟੀਰੀਅਲ ਲਿਆ ਸੀ। ਇਸ ਦਾ ਭੁਗਤਾਨ ਕਰਨ ਲਈ, 2018 ਵਿੱਚ ਕੰਪਨੀ ਨੂੰ 1-1 ਕਰੋੜ ਰੁਪਏ ਦੇ ਸੱਤ ਚੈੱਕ ਦਿੱਤੇ ਗਏ ਸਨ। ਜਦੋਂ ਕੰਪਨੀ ਨੇ ਇਹ ਚੈੱਕ ਬੈਂਕ ਵਿੱਚ ਜਮ੍ਹਾਂ ਕਰਵਾਏ ਤਾਂ ਖਾਤੇ ਵਿੱਚ ਪੈਸੇ ਨਾ ਹੋਣ ਕਾਰਨ ਉਹ ਬਾਊਂਸ ਹੋ ਗਏ।

ਸ਼ਿਕਾਇਤਕਰਤਾ ਕੰਪਨੀ ਨੇ ਇਸ ਸਬੰਧੀ ਜਲਤਾ ਕੰਪਨੀ ਨੂੰ ਸੂਚਿਤ ਕੀਤਾ ਪਰ ਦੋ ਮਹੀਨੇ ਬੀਤ ਜਾਣ 'ਤੇ ਜਦੋਂ ਚੈਕ ਕਲੀਅਰ ਨਾ ਹੋਇਆ ਤਾਂ ਉਸ ਨੇ ਕੰਪਨੀ ਅਤੇ ਡਾਇਰੈਕਟਰਾਂ ਖ਼ਿਲਾਫ਼ ਕਾਨੂੰਨੀ ਨੋਟਿਸ ਦੇ ਕੇ 15 ਦਿਨਾਂ ਵਿੱਚ ਅਦਾਇਗੀ ਦੀ ਮੰਗ ਕੀਤੀ। ਜਦੋਂ ਕਾਨੂੰਨੀ ਨੋਟਿਸ ਤੋਂ ਬਾਅਦ ਵੀ ਕੰਪਨੀ ਨੇ ਭੁਗਤਾਨ ਨਹੀਂ ਕੀਤਾ ਤਾਂ ਉਸ ਨੇ ਚੈੱਕ ਬਾਊਂਸ ਦਾ ਕੇਸ ਦਰਜ ਕਰਵਾਇਆ।

### ਸਤੰਬਰ 2023 'ਚ ਮਾਮਲਾ ਦਰਜ ਕੀਤਾ

ਕੰਪਨੀ ਵੱਲੋਂ ਦਿੱਤੀ ਗਈ ਸ਼ਿਕਾਇਤ 'ਤੇ 25 ਸਤੰਬਰ 2023 ਨੂੰ ਦਿੱਲੀ ਸਥਿਤ ਜਲਤਾ ਫੂਡ ਐਂਡ ਬੇਵਰੇਜਸ ਅਤੇ ਇਸ ਦੇ ਤਿੰਨ ਡਾਇਰੈਕਟਰਾਂ ਵਿਨੋਦ ਸਹਿਵਾਗ, ਵਿਸ਼ਨੂੰ ਮਿੱਤਲ ਅਤੇ ਸੁਧੀਰ ਮਲਹੋਤਰਾ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਪਿਛਲੇ ਸਾਲ ਹੇਠਲੀ ਅਦਾਲਤ ਨੇ ਵਿਨੋਦ ਸਹਿਵਾਗ ਸਮੇਤ ਤਿੰਨ ਡਾਇਰੈਕਟਰਾਂ ਨੂੰ ਮੁਲਜ਼ਮ ਵਜੋਂ ਅਦਾਲਤ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਸੀ।

ਪਰ ਹੁਣ ਉਸ ਨੇ ਅਦਾਲਤ ਦੇ ਸੰਮਨ ਦੇ ਹੁਕਮਾਂ ਵਿਰੁੱਧ ਸੈਸ਼ਨ ਕੋਰਟ ਵਿੱਚ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ ਹੈ। ਸਹਿਵਾਗ ਦੇ ਭਰਾ ਨੇ ਰਿਵੀਜ਼ਨ ਪਟੀਸ਼ਨ 'ਚ ਕਿਹਾ ਕਿ ਉਨ੍ਹਾਂ ਨੂੰ ਦੋਸ਼ੀ ਬਣਾਉਣ ਦਾ ਫ਼ੈਸਲਾ ਗ਼ਲਤ ਸੀ। ਉਹ ਇਸ ਕੰਪਨੀ ਵਿੱਚ ਨਾ ਤਾਂ ਡਾਇਰੈਕਟਰ ਹੈ ਅਤੇ ਨਾ ਹੀ ਕਰਮਚਾਰੀ ਹੈ।

### ਹਰ ਡੇਟ 'ਤੇ ਪੇਸ਼ ਹੋਣ ਲਈ ਤਿਆਰ

ਵਿਨੋਦ ਸਹਿਵਾਗ ਦੇ ਵਕੀਲ ਨੇ ਜ਼ਮਾਨਤ ਅਰਜ਼ੀ 'ਚ ਕਿਹਾ ਕਿ ਉਹ ਜਲਤਾ ਫੂਡ ਐਂਡ ਬੇਵਰੇਜ ਕੰਪਨੀ 'ਚ ਡਾਇਰੈਕਟਰ ਨਹੀਂ ਹਨ। ਉਸ ਖ਼ਿਲਾਫ਼ ਸੱਤ ਚੈੱਕ ਬਾਊਂਸ ਦੇ ਮਾਮਲੇ ਪੈਂਡਿੰਗ ਹਨ, ਜਿਸ ਦੇ ਖ਼ਿਲਾਫ਼ ਉਨ੍ਹਾਂ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। ਉਹ ਜਾਣਬੁੱਝ ਕੇ ਅਦਾਲਤੀ ਕਾਰਵਾਈ ਤੋਂ ਗੈਰਹਾਜ਼ਰ ਨਹੀਂ ਸੀ।ਉਹ ਆਪਣੇ ਕਾਨੂੰਨੀ ਹੱਕਾਂ ਦੀ ਵਰਤੋਂ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਹੁਣ ਹਰ ਤਰੀਕ 'ਤੇ ਪੇਸ਼ ਹੋਣ ਲਈ ਤਿਆਰ ਹਨ, ਇਸ ਲਈ ਉਨ੍ਹਾਂ ਨੂੰ ਬਕਾਇਦਾ ਜ਼ਮਾਨਤ ਦਿੱਤੀ ਜਾਵੇ। ਇਸ ਮਾਮਲੇ ਦੇ ਦੂਜੇ ਮੁਲਜ਼ਮ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ। ਇਸ ਲਈ ਉਸ ਨੂੰ ਹੋਰ ਦਿਨ ਜੇਲ੍ਹ ਵਿੱਚ ਰੱਖਣਾ ਠੀਕ ਨਹੀਂ ਹੋਵੇਗਾ।

## ਐਚਐਫਡੀਸੀ ਬੈਂਕ ਵਿਚ ਡਾਕਾ ਮਾਰਨ ਵਾਲਾ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਐਚਐਫਡੀਸੀ ਬੈਂਕ ਡਕੈਤੀ ਦੇ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕੱਥੂਨੰਗਲ ਪੁਲਿਸ ਸਟੇਸ਼ਨ ਨੇ ਕਰਨਬੀਰ ਸਿੰਘ ਉਰਫ਼ ਕੰਨੂ ਅਤੇ ਉਸਨੂੰ ਪਨਾਹ ਦੇਣ ਵਾਲੀ ਔਰਤ ਅਨੁਰਾਧਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪਿਛਲੇ ਸਾਲ 18 ਸਤੰਬਰ ਨੂੰ ਐਚਡੀਐਫਸੀ ਬੈਂਕ ਦੀ ਮਝਵਿੰਡ ਸ਼ਾਖਾ ਵਿੱਚ ਇੱਕ ਹਥਿਆਰਬੰਦ ਡਕੈਤੀ ਹੋਈ ਸੀ। ਬਦਮਾਸ਼ਾਂ ਨੇ ਬੰਦੂਕ ਦੀ ਨੋਕ 'ਤੇ 25 ਲੱਖ 70 ਹਜ਼ਾਰ 580 ਰੁਪਏ ਲੁੱਟ ਲਏ ਸਨ। ਪੁਲਿਸ ਇਸ ਮਾਮਲੇ ਵਿੱਚ ਪਹਿਲਾਂ ਹੀ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।



ਮਾਮਲਾ ਟਾਰਗੇਟ ਕਿਲਿੰਗ ਦਾ

## ਕਾਊਂਟਰ ਇੰਟੈਲੀਜੈਂਸ ਵੱਲੋਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਤਿੰਨ ਖਾੜਕੂ ਗ੍ਰਿਫਤਾਰ

ਜਲੰਧਰ-ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੁਆਰਾ ਤਿਆਰ ਕੀਤੇ ਗਏ ਮੌਡਿਊਲ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਜਗਰੂਪ ਸਿੰਘ ਜੱਗਾ, ਸੁਖਜੀਤ ਸਿੰਘ ਸੁੱਖਾ ਅਤੇ ਨਵਪ੍ਰੀਤ ਸਿੰਘ ਨਵ ਵਜੋਂ ਦੱਸੀ ਜਾ ਰਹੀ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ ਚਾਰ ਪਿਸਤੌਲ ਤੇ ਅਸਲਾ ਬਰਾਮਦ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦਸਿਆ ਕਿ ਇਸ ਮਾਮਲੇ ਦੀ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਮੋਡਿਊਲ ਨੂੰ ਅਮਰੀਕਾ ਅਧਾਰਿਤ ਗੈਂਗਸਟਰ ਗੁਰਪ੍ਰੀਤ ਸਿੰਘ ਗੋਪੀ ਨਵਾਂਸ਼ਹਿਰੀਆ, ਪਾਕਿਸਤਾਨ ਸਥਿਤ ਖਾੜਕੂ ਹਰਵਿੰਦਰ ਸਿੰਘ ਰਿੰਦਾ ਦੇ ਕਰੀਬੀ ਸਹਿਯੋਗੀ, ਉਸ ਦੇ ਸਾਥੀ ਲਾਡੀ ਬਕਾਪੁਰੀਆ, ਜੋ ਵਰਤਮਾਨ ਸਮੇਂ ਗ੍ਰੀਸ ਵਿਚ ਰਹਿੰਦਾ ਹੈ, ਦੁਆਰਾ ਹੈਂਡਲ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਚਾਰਾਂ ਮੁਲਜ਼ਮਾਂ ਖ਼ਿਲਾਫ਼ ਅੰਮ੍ਰਿਤਸਰ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੂਰੇ ਨੈਟਵਰਕ ਨੂੰ ਖਤਮ ਕਰਨ ਲਈ, ਪਿਛਲੇ ਅਤੇ ਅੱਗੇ ਲਿੰਕਾਂ ਨੂੰ ਟਰੇਸ ਕਰਨ ਲਈ ਹੋਰ ਜਾਂਚ ਚੱਲ ਰਹੀ ਹੈ।




# ਬ੍ਰਹਮ ਅਤੇ ਵਿਸ਼ਾਲ ਮਹਾਂਕੁੰਭ ਵਿੱਚ ਵੱਡਾ ਹਮਲਾ ਕਰਨ ਦੀ ਯੋਜਨਾ ਦਾ ਪਰਦਾਫਾਸ਼

## ✪ ਖ਼ਾਲਿਸਤਾਨੀ ਦੀ ਜੇਬ ਵਿਚੋਂ ਮਿਲੀ ਪਰਚੀ ਵਿਚ ਐਡਵੋਕੇਟ ਸਮੇਤ ਕਈ ਲੋਕਾਂ ਦੇ ਨਾਂ ਆਏ ਸਾਹਮਣੇ

ਪ੍ਰਯਾਗਰਾਜ-ਬ੍ਰਹਮ ਅਤੇ ਵਿਸ਼ਾਲ ਮਹਾਂਕੁੰਭ ਵਿੱਚ ਵੱਡਾ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਖਾਲਿਸਤਾਨੀ ਲਾਜ਼ਰ ਮਸੀਹ ਇੱਕ ਵਕੀਲ ਸਮੇਤ ਕਈ ਲੋਕਾਂ ਦੇ ਸੰਪਰਕ ਵਿੱਚ ਸੀ। ਗ੍ਰਿਫ਼ਤਾਰੀ ਦੌਰਾਨ ਸਪੈਸ਼ਲ ਟਾਸਕ ਫੋਰਸ ਐਸਟੀਐਫ ਦੀ ਟੀਮ ਨੇ ਉਸ ਦੀ ਜੇਬ ਵਿੱਚੋਂ ਇੱਕ ਪਰਚੀ ਬਰਾਮਦ ਕੀਤੀ। ਅੰਗਰੇਜ਼ੀ ਵਿੱਚ ਪਰਚੀ ਵਿੱਚ ਐਡਵੋਕੇਟ ਕੁਸ਼ਲ ਬਹੂਥਾ, ਪ੍ਰੀਤ ਯੂਰਪ, ਕਾਕਾ ਅਤੇ ਪ੍ਰੀਤ ਵਾਂ ਦੇ ਨਾਂ ਅਤੇ ਮੋਬਾਈਲ ਫੋਨ ਦਰਜ ਸਨ।



ਇਸ ਤੋਂ ਇਲਾਵਾ ਖਾੜਕੂ ਕੋਲੋਂ ਪਾਪੂਲਰ ਟਰੈਵਲਜ਼ ਦੀ ਬੱਸ ਟਿਕਟ, ਹੋਟਲ ਹੋਸਟ ਲਖਨਊ ਦਾ ਕਾਰਡ, ਨਿਜ਼ਾਮ ਟੂਰ ਅਤੇ ਟਰੈਵਲਜ਼ ਚੌਧਰੀ ਚਰਨ ਸਿੰਘ ਏਅਰਪੋਰਟ ਕਾਨਪੁਰ ਰੋਡ ਦਾ ਕਾਰਡ ਵੀ ਮਿਲਿਆ ਹੈ। ਇਸ ਆਧਾਰ 'ਤੇ ਐਸਟੀਐਫ ਅਧਿਕਾਰੀਆਂ ਦਾ ਮੰਨਣਾ ਹੈ ਕਿ ਲਾਜ਼ਰ ਐਡਵੋਕੇਟ ਸਮੇਤ ਕਈ ਲੋਕਾਂ ਦੇ ਸੰਪਰਕ 'ਚ ਸੀ। ਪਰਚੀ ਵਿੱਚ ਜਿਨ੍ਹਾਂ ਦੇ ਨਾਮ ਅਤੇ ਮੋਬਾਈਲ ਨੰਬਰ ਦਰਜ ਹਨ, ਉਨ੍ਹਾਂ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ।

### ਕਈ ਦਿਨ ਲਖਨਊ ਦੇ ਹੋਟਲ ਵਿੱਚ ਰਿਹਾ

ਐਸਟੀਐਫ ਦੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਗ੍ਰਿਫ਼ਤਾਰ ਕੀਤੇ ਗਏ ਲਾਜ਼ਰ ਤੋਂ ਕੋਖਰਾਜ ਥਾਣੇ ਵਿੱਚ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਪਹਿਲਾਂ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਉਹ ਕਿਸੇ ਵੀ ਸਵਾਲ ਦਾ ਸਿੱਧਾ ਜਵਾਬ ਨਾ ਦੇ ਕੇ ਟਾਲ ਦਿੰਦਾ ਸੀ। ਪਰ ਸਖ਼ਤੀ ਨਾਲ ਪੁੱਛਗਿੱਛ ਦੌਰਾਨ ਉਸ ਨੇ ਲਖਨਊ ਦੇ ਇੱਕ ਹੋਟਲ ਵਿੱਚ ਰੁਕਣ ਅਤੇ ਕੁਝ ਸਥਾਨਕ ਸਹਾਇਕਾਂ ਨਾਲ ਸੰਪਰਕ ਕਰਨ ਦੀ ਗੱਲ ਕਬੂਲੀ।

### ਰਾਡਾਰ 'ਤੇ ਲਾਜ਼ਰ ਦੇ ਸੰਪਰਕ ਵਿੱਚ ਵਿਅਕਤੀ


ਸ਼ੁਰੂਆਤੀ ਜਾਂਚ ਵਿਚ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਦਿੱਲੀ, ਲਖਨਊ, ਕਾਨਪੁਰ, ਗਾਜ਼ੀਆਬਾਦ ਸਮੇਤ ਕਈ ਹੋਰ ਸ਼ਹਿਰਾਂ 'ਚ ਰਹਿਣ ਵਾਲੇ ਕੁਝ ਲੋਕ ਇਸ ਦੇ ਸੰਪਰਕ ਵਿਚ ਸਨ। ਉਹ ਵੱਖ-ਵੱਖ ਬਹਾਨਾਂ ਹੇਠ ਗੱਲਾਂ ਕਰਦਾ ਸੀ ਅਤੇ ਲੋੜੀਂਦੀ ਮਦਦ ਮੰਗਦਾ ਸੀ। ਫਿਲਹਾਲ ਏਟੀਐੱਫ ਦੇ ਨਾਲ ਸੁਰੱਖਿਆ ਏਜੰਸੀਆਂ ਦੀ ਟੀਮ ਲਾਜ਼ਰ ਦੇ ਸਥਾਨਕ ਮਦਦਗਾਰਾਂ ਅਤੇ ਉਸ ਦੇ ਨੈੱਟਵਰਕ 'ਚ ਸ਼ਾਮਲ ਹੋਰ ਲੋਕਾਂ ਦੀ ਜਾਂਚ ਕਰ ਰਹੀ ਹੈ।

### ਨਜ਼ਦੀਕੀ ਸਾਥੀਆਂ ਅਤੇ ਸਹਿਯੋਗੀਆਂ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ

ਮੋਬਾਈਲ ਫੋਨਾਂ ਅਤੇ ਸਲਿੱਪਾਂ 'ਚ ਮਿਲੇ ਨੰਬਰਾਂ ਦੀ ਕਾਲ ਡਿਟੇਲ ਰਿਪੋਰਟ (ਸੀਡੀਆਰ) ਵੀ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਮਹਾਂਕੁੰਭ 'ਤੇ ਹਮਲੇ ਦੀ ਸਾਜ਼ਿਸ਼ 'ਚ ਹੋਰ ਕਿੰਨੇ ਲੋਕ ਸ਼ਾਮਲ ਹੋ ਸਕਦੇ ਹਨ। ਸੀ.ਡੀ.ਆਰ ਦੇ ਆਉਣ ਤੋਂ ਬਾਅਦ ਖਾੜਕੂਆਂ ਦੇ ਨੈੱਟਵਰਕ ਦੇ ਕਰੀਬੀਆਂ ਅਤੇ ਸਹਿਯੋਗੀਆਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

# ਭਾਰਤ ਦਾ ਇਕ ਧਾਰਮਿਕ ਫਿਰਕਾ ਪਾਰਸੀ, ਜਿਸ ਵਿਚ ਕੋਈ ਵੀ ਅਨਪੜ੍ਹ ਜਾਂ ਗ਼ਰੀਬ ਨਹੀਂ

**ਬਲਰਾਜ ਸਿੰਘ ਸਿਧੂ**
95011-00062





ਪਾਰਸੀ ਇਕ ਛੋਟਾ ਜਿਹਾ ਧਾਰਮਿਕ ਫਿਰਕਾ ਹੈ ਜਿਸ ਦੇ ਪੈਰੋਕਾਰਾਂ ਦੀ ਅਬਾਦੀ ਭਾਰਤ ਵਿਚ 100000 ਅਤੇ ਪਾਕਿਸਤਾਨ ਵਿਚ 2500 ਦੇ ਕਰੀਬ ਹੈ। ਪਾਰਸੀ 6ਵੀਂ ਸਦੀ ਈਸਾ ਪੂਰਵ ਵਿਚ ਪੈਗ਼ੰਬਰ ਜ਼ੋਰੋਸਤਰ ਦੁਆਰਾ ਸ਼ੁਰੂ ਕੀਤੇ ਗਏ ਜ਼ੋਰੋਸਤਰੀਆ ਧਰਮ ਨੂੰ ਮੰਨਦੇ ਹਨ ਤੇ ਜ਼ੇਂਦ ਅਵਸਤਾ ਇਨ੍ਹਾਂ ਦਾ ਧਰਮ ਗ੍ਰੰਥ ਹੈ। ਜ਼ੋਰੋਸਤਰੀਆ ਇਕ ਈਸ਼ਵਰਵਾਦ ਨੂੰ ਮੰਨਣ ਵਾਲਾ ਸੰਸਾਰ ਦਾ ਪਹਿਲਾ ਧਰਮ ਹੈ ਜੋ 7ਵੀਂ ਸਦੀ ਈਸਾ ਪੂਰਵ ਤੋਂ ਸੰਨ 654 ਈਸਵੀ ਵਿਚ ਮੁਸਲਮਾਨਾਂ ਦੇ ਕਬਜ਼ੇ ਤੱਕ ਤਕਰੀਬਨ 1100 ਸਾਲ ਈਰਾਨ ਦਾ ਰਾਜ ਧਰਮ ਰਿਹਾ ਸੀ। ਜਦੋਂ ਅਰਬਾਂ ਨੇ ਈਰਾਨ ਦਾ ਇਸਲਾਮੀਕਰਨ ਸ਼ੁਰੂ ਕੀਤਾ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਪਾਰਸੀ ਭਾਰਤ ਵੱਲ ਪ੍ਰਵਾਸ ਕਰ ਗਏ ਤੇ ਸਭ ਤੋਂ ਪਹਿਲਾਂ ਇਨ੍ਹਾਂ ਨੇ ਸੂਰਤ ਸ਼ਹਿਰ (ਗੁਜਰਾਤ) ਨੂੰ ਆਪਣਾ ਟਿਕਾਣਾ ਬਣਾਇਆ।ਈਰਾਨ ਦਾ ਇਕ ਨਾਮ ਫਾਰਸ (ਇੰਗਲਿਸ਼ ਵਿਚ ਪਰਸ਼ੀਆ) ਹੈ ਜਿਸ ਕਾਰਨ ਈਰਾਨ ਤੋਂ ਆਏ ਇਨ੍ਹਾਂ ਲੋਕਾਂ ਨੂੰ ਪਹਿਲਾਂ ਫਾਰਸੀ ਕਿਹਾ ਜਾਂਦਾ ਸੀ ਜੋ ਹੌਲੀ ਹੌਲੀ ਵਿਗੜ ਕੇ ਪਾਰਸੀ ਬਣ ਗਿਆ।

ਸਦੀਆਂ ਤੋਂ ਪਾਰਸੀ ਭਾਰਤੀ ਸਮਾਜ ਵਿਚ ਸੁੱਖ ਸ਼ਾਂਤੀ ਨਾਲ ਰਹਿ ਰਹੇ ਹਨ ਪਰ ਇਨ੍ਹਾਂ ਨੇ ਆਪਣੇ ਧਾਰਮਿਕ ਅਤੇ ਸਮਾਜਿਕ ਰੀਤੀ ਰਿਵਾਜਾਂ 'ਤੇ ਸਖ਼ਤੀ ਨਾਲ ਪਹਿਰਾ ਦਿੱਤਾ ਹੈ। ਪਾਰਸੀਆਂ ਵਿਚ ਦੋ ਫਿਰਕੇ ਪਾਏ ਜਾਂਦੇ ਹਨ ਪਹਿਲੇ ਉਹ, ਜਿਨ੍ਹਾਂ ਦੇ ਪੂਰਵਜ਼ ਈਰਾਨ ਤੋਂ ਆਏ ਸਨ ਤੇ ਦੂਸਰੇ ਉਹ ਜੋ ਕਿਸੇ ਹੋਰ ਫਿਰਕੇ ਦੇ ਹਨ ਤੇ ਨਾਵਜੋਤੇ ਧਾਰਮਿਕ ਵਿਧੀ ਨਾਲ ਧਰਮ ਪਰਿਵਰਤਨ ਕਰ ਕੇ ਪਾਰਸੀ ਬਣੇ ਹਨ। ਅਜਿਹੇ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਭੇਦ ਭਾਵ ਨਹੀਂ ਕੀਤਾ ਜਾਂਦਾ। ਕੁਝ ਕੱਟੜ ਪਾਰਸੀਆਂ ਦਾ ਵਿਚਾਰ ਹੈ ਕਿ ਪਾਰਸੀ ਹੋਣ ਲਈ ਬੱਚੇ ਦੇ ਪਿਤਾ ਦਾ ਪਾਰਸੀ ਹੋਣਾ ਜ਼ਰੂਰੀ ਹੈ ਪਰ ਨਰਮ ਪੰਥੀਆਂ ਦਾ ਵਿਚਾਰ ਹੈ ਕਿ ਇਸ ਸ਼ਰਤ ਨਾਲ ਪੈਗ਼ੰਬਰ ਜ਼ੋਰੋਸਤਰ ਦੇ ਔਰਤ ਤੇ ਮਰਦ ਦੀ ਬਰਾਬਰੀ ਦੇ ਸਿਧਾਂਤ ਦੀ ਉਲੰਘਣਾ ਹੁੰਦੀ ਹੈ। ਇਸ ਲਈ ਬੱਚੇ ਦੇ ਪਾਰਸੀ ਹੋਣ ਲਈ ਮਾਂ ਜਾਂ ਬਾਪ ਵਿਚੋਂ ਕੋਈ ਵੀ ਪਾਰਸੀ ਹੋ ਸਕਦਾ ਹੈ। ਇਹ ਭਾਰਤ ਦਾ ਇਕੋ ਇਕ ਧਾਰਮਿਕ ਫ਼ਿਰਕਾ ਹੈ ਜਿਸ ਦੀ ਅਬਾਦੀ ਚਿੰਤਾਜਨਕ ਹੱਦ ਤੱਕ ਘਟ ਰਹੀ ਹੈ। 1911 ਦੀ ਜਨਗਣਨਾ ਮੁਤਾਬਕ ਭਾਰਤ ਵਿਚ ਪਾਰਸੀਆਂ ਦੀ ਅਬਾਦੀ 100096 ਸੀ ਜੋ 2011 ਦੀ ਜਨਗਣਨਾ ਮੁਤਾਬਕ ਘਟ ਕੇ ਸਿਰਫ 57264 ਰਹਿ ਗਈ ਹੈ। ਇਸ ਦਾ ਮੁੱਖ ਕਾਰਨ ਇੰਗਲੈਂਡ, ਆਸਟਰੇਲੀਆ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਵੱਲ ਪ੍ਰਵਾਸ ਅਤੇ ਨੌਜਵਾਨਾਂ ਵਿਚ ਬੱਚੇ ਪੈਦਾ ਨਾ ਕਰਨ ਦਾ ਰੁਝਾਨ ਹੈ। 2026 ਵਿਚ ਇਨ੍ਹਾਂ ਦੀ ਅਬਾਦੀ ਘਟ ਕੇ 23000 ਹੋ ਜਾਣ ਦਾ ਖ਼ਤਰਾ ਹੈ।

ਇਸ ਵੇਲੇ ਪਾਰਸੀਆਂ ਦੀ 47 ਫ਼ੀਸਦੀ ਅਬਾਦੀ 60 ਸਾਲ ਤੋਂ ਵੱਧ ਉਮਰ ਦੀ ਹੈ। ਇਨ੍ਹਾਂ ਦੀ ਜਨਮ ਦਰ ਵੀ ਬਹੁਤ ਘੱਟ ਹੈ, 1000 ਵਿਅਕਤੀਆਂ ਪਿੱਛੇ ਸਿਰਫ 7 ਜਨਮ ਸਾਲਾਨਾ। ਇਸ ਤੋਂ ਇਲਾਵਾ ਔਰਤ ਅਤੇ ਮਰਦ ਦਾ ਅਨੁਪਾਤ ਵੀ ਬਹੁਤ ਘੱਟ ਹੈ। 1050 ਔਰਤਾਂ ਦੇ ਮੁਕਾਬਲੇ ਸਿਰਫ 876 ਮਰਦ ਹਨ। ਭਾਰਤ ਵਿਚ ਬ੍ਰਿਟਿਸ਼ ਰਾਜ ਤੋਂ ਪਹਿਲਾਂ ਪਾਰਸੀ ਖੇਤੀਬਾੜੀ ਅਤੇ ਹੋਰ ਛੋਟੇ-ਮੋਟੇ ਕੰਮ ਧੰਦੇ ਕਰਦੇ ਸਨ ਤੇ ਜ਼ਿਆਦਾਤਰ ਅਨਪੜ੍ਹ ਸਨ। ਇਹ ਸਮਝਿਆ ਜਾਂਦਾ ਸੀ ਕਿ ਲਿਖਾਈ ਪੜ੍ਹਾਈ ਸਿਰਫ ਉਨ੍ਹਾਂ ਲੋਕਾਂ ਲਈ ਜ਼ਰੂਰੀ ਹੈ ਜੋ ਪੁਜਾਰੀ ਬਣਨਾ ਚਾਹੁੰਦੇ ਸਨ। ਬ੍ਰਿਟਿਸ਼ ਰਾਜ ਵਿਚ ਪਾਰਸੀਆਂ ਨੇ ਹੈਰਾਨੀਜਨਕ ਤਰੱਕੀ ਕੀਤੀ ਤੇ ਇੰਗਲਿਸ਼ ਸਕੂਲਾਂ ਵਿਚ ਵਿੱਦਿਆ ਹਾਸਲ ਕਰ ਕੇ ਚੋਟੀਆਂ ਦੀਆਂ ਸਰਕਾਰੀ ਨੌਕਰੀਆਂ ਹਾਸਲ ਕਰ ਲਈਆਂ। ਪਾਰਸੀ ਪਿੰਡਾਂ ਨੂੰ ਛੱਡ ਕੇ ਮੁੰਬਈ ਵਰਗੇ ਵੱਡੇ ਸ਼ਹਿਰਾਂ ਵਿਚ ਵਸ ਗਏ ਤੇ ਆਪਣੇ ਇਮਾਨਦਾਰ ਸੁਭਾਅ ਅਤੇ ਸਖਤ ਮਿਹਨਤ ਕਾਰਨ ਅੰਗਰੇਜ਼ਾਂ ਦੇ ਵਿਸ਼ਵਾਸਪਾਤਰ ਬਣ ਗਏ। ਉਨ੍ਹਾਂ ਦੀ ਛਤਰਛਾਇਆ ਹੇਠ ਸਭ ਤੋਂ ਪਹਿਲਾ ਲੱਖਪਤੀ ਬਣਨ ਵਾਲਾ ਵਿਅਕਤੀ ਸੇਠ ਰੁਸਤਮ ਮਾਣਕ ਸੀ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ ਮੁੰਬਈ ਵਿਖੇ ਆਪਣਾ ਵਪਾਰਕ ਏਜੰਟ ਨਿਯੁਕਤ ਕੀਤਾ ਸੀ। 18ਵੀਂ ਸਦੀ ਦੇ ਖਤਮ ਹੁੰਦੇ ਹੁੰਦੇ ਮੁੰਬਈ ਅਤੇ ਸੂਰਤ ਵਿਖੇ ਈਸਟ ਇੰਡੀਆ ਕੰਪਨੀ ਦਾ ਸਾਰਾ ਵਪਾਰ ਪਾਰਸੀ ਏਜੰਟਾਂ ਰਾਹੀਂ ਹੋਣ ਲੱਗ ਪਿਆ ਸੀ। ਉਨ੍ਹਾਂ ਵਿਚੋਂ ਕਈ ਤਾਂ ਸਮੁੰਦਰੀ ਜਹਾਜ਼ ਕੰਪਨੀਆਂ ਦੇ ਮਾਲਕ ਬਣ ਗਏ ਤੇ ਭਾਰਤ ਅਤੇ ਚੀਨ ਦਰਮਿਆਨ ਹੋਣ ਵਾਲੇ ਰੇਸ਼ਮ, ਕਪਾਹ, ਲੱਕੜੀ ਅਤੇ ਅਫੀਮ ਦੇ ਵਪਾਰ ਤੋਂ ਕਰੋੜਾਂ ਰੁਪਏ ਦਾ ਮੁਨਾਫ਼ਾ ਕਮਾਇਆ।

ਪਾਰਸੀ ਆਪਣੇ ਸਹਿ-ਧਰਮੀਆਂ ਦਾ ਬਹੁਤ ਖਿਆਲ ਰੱਖਦੇ ਹਨ। ਪੁਰਾਣੇ ਸਮੇਂ ਵਿਚ ਜੇ ਕੋਈ ਪਾਰਸੀ ਗ਼ਰੀਬ ਹੋ ਜਾਂਦਾ ਸੀ ਤਾਂ ਹਰੇਕ ਪਾਰਸੀ ਉਸ ਨੂੰ ਇਕ ਰੁਪਿਆ ਤੇ ਇਕ ਇੱਟ ਮਦਦ ਵਜੋਂ ਦੇਂਦੇ ਸਨ ਤਾਂ ਜੋ ਇੱਟਾਂ ਨਾਲ ਉਹ ਆਪਣਾ ਘਰ ਉਸਾਰ ਲਵੇ ਤੇ ਪੈਸੇ ਨਾਲ ਮੁੜ ਆਪਣੇ ਪੈਰਾਂ ਸਿਰ ਹੋ ਜਾਵੇ। ਹੌਲੀ ਹੌਲੀ ਵਪਾਰ ਤੋਂ ਕਮਾਏ ਪੈਸੇ ਨਾਲ ਕਈ ਵਪਾਰਿਕ ਘਰਾਣੇ ਜਿਵੇਂ ਸੋਰਾਬਜੀ, ਮੋਦੀ, ਕਾਮਾ, ਵਾਡੀਆ, ਜੀਜਾਭਾਈ, ਪਟੇਲ, ਮਹਿਤਾ ਅਤੇ ਟਾਟਾ ਆਦਿ ਭਾਰਤ ਭਰ ਵਿਚ ਪ੍ਰਸਿੱਧ ਹੋ ਗਏ। ਇਨ੍ਹਾਂ ਸੇਠਾਂ ਨੇ ਆਪਣੀ ਕਮਿਊਨਿਟੀ ਦੀ ਭਲਾਈ ਲਈ ਸੈਂਕੜੇ ਸਕੂਲ, ਕਾਲਜ, ਹਸਪਤਾਲ ਅਤੇ ਸਹਾਇਤਾ ਫੰਡ ਕਾਇਮ ਕੀਤੇ ਤਾਂ ਜੋ ਕੋਈ ਵੀ ਪਾਰਸੀ ਅਨਪੜ੍ਹ ਜਾਂ ਗ਼ਰੀਬ ਨਾ ਰਹਿ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਪਾਰਸੀਆਂ ਨੂੰ ਆਪਣੀਆਂ ਫੈਕਟਰੀਆਂ ਅਤੇ ਦਫਤਰਾਂ ਆਦਿ ਵਿਚ ਨੌਕਰੀ ਦੇਣ ਵਿਚ ਪਹਿਲ ਦਿੱਤੀ ਜਿਸ ਕਾਰਨ ਇਸ ਵੇਲੇ ਕੋਈ ਵੀ ਪਾਰਸੀ ਐਨਾ ਗ਼ਰੀਬ ਨਹੀਂ ਹੈ ਕਿ ਦੋ ਵਕਤ ਦੀ ਰੋਟੀ ਵੀ ਨਾ ਕਮਾ ਸਕੇ।

ਪਾਰਸੀਆਂ ਵਿਚ ਮਿਰਤਕਾਂ ਦਾ ਅੰਤਿਮ ਸੰਸਕਾਰ ਦੁਨੀਆ ਦੇ ਸਭ ਧਰਮਾਂ ਨਾਲੋਂ ਅਲੱਗ ਅਤੇ ਅਜੀਬ ਹੈ। ਦੁਨੀਆ ਭਰ ਵਿਚ ਮਿਰਤਕਾਂ ਨੂੰ ਜਾਂ ਤਾਂ ਜਲਾਇਆ ਜਾਂਦਾ ਹੈ ਤੇ ਜਾਂ ਕਬਰ ਵਿਚ ਦਫਨਾਇਆ ਜਾਂਦਾ ਹੈ। ਪਰ ਪਾਰਸੀ ਹਵਾ, ਧਰਤੀ, ਅੱਗ ਅਤੇ ਪਾਣੀ ਨੂੰ ਪਵਿੱਤਰ ਮੰਨਦੇ ਹਨ ਤੇ ਇਹ ਨਹੀਂ ਚਾਹੁੰਦੇ ਕਿ ਮਿਰਤਕ ਦੇ ਅੰਤਿਮ ਸੰਸਕਾਰ ਕਾਰਨ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਹਾਨੀ ਪਹੁੰਚੇ। ਇਸ ਲਈ ਧਾਰਮਿਕ ਕਿਰਿਆਵਾਂ ਕਰਨ ਤੋਂ ਬਾਅਦ ਲਾਸ਼ ਨੂੰ ਸ਼ਾਂਤੀ ਦੇ ਮੰਦਰ ਦੀ ਛੱਤ 'ਤੇ ਰੱਖ ਦਿੱਤਾ ਜਾਂਦਾ ਹੈ ਜਿੱਥੇ ਗਿਰਝਾਂ ਤੇ ਹੋਰ ਮਾਸਖੋਰੇ ਪੰਛੀ ਉਸ ਨੂੰ ਖਾ ਜਾਂਦੇ ਹਨ। ਜਦੋਂ ਹੱਡੀਆਂ ਬਿਲਕੁਲ ਸਾਫ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਮੰਦਰ ਵਿਚ ਸਥਿੱਤ ਇਕ ਡੂੰਘੇ ਖੱਡੇ ਵਿਚ ਧਕੇਲ ਦਿੱਤਾ ਜਾਂਦਾ ਹੈ। ਕਿਉਂਕਿ ਹੁਣ ਭਾਰਤ ਵਿਚ ਗਿਰਝਾਂ ਦੀ ਅਬਾਦੀ ਬਹੁਤ ਘਟ ਗਈ ਹੈ, ਇਸ ਲਈ ਪਾਰਸੀ ਵੀ ਆਪਣੇ ਮੁਰਦਿਆਂ ਨੂੰ ਦਫਨਾਉਣ ਲੱਗ ਪਏ ਹਨ।

ਪਾਰਸੀਆਂ ਵਿਚ ਜਗਤ ਪ੍ਰਸਿੱਧ ਵਿਅਕਤੀ ਪੈਦਾ ਹੋਏ ਹਨ। ਸੁਤੰਤਰਤਾ ਸੰਗਰਾਮ ਵਿਚ ਭਾਗ ਲੈਣ ਵਾਲੇ ਪ੍ਰਮੁੱਖ ਪਾਰਸੀ ਫਿਰੋਜ਼ਸ਼ਾਹ ਮਹਿਤਾ, ਭੀਖਾਜੀ ਕਾਮਾ ਅਤੇ ਦਾਦਾਭਾਈ ਨਾਰੋਜੀ ਸਨ। ਦਾਦਾਭਾਈ ਨਾਰੋਜੀ ਬ੍ਰਿਮਸ਼ ਪਾਰਲੀਮੈਂਟ ਵਿਚ ਮੈਂਬਰ ਬਣਨ ਵਾਲਾ ਪਹਿਲਾ ਏਸ਼ੀਅਨ ਸੀ। ਵਿਗਿਆਨ ਵਿਚ ਨਾਮ ਰੌਸ਼ਨ ਕਰਨ ਵਾਲੇ ਹੋਮੀ ਜੇ ਭਾਬਾ ਅਤੇ ਪ੍ਰਮਾਣੂ ਵਿਗਿਆਨੀ ਟਮੀ ਹੋਮੀ ਐਨ ਸੇਠਨਾ ਸਨ। ਕਾਰੋਬਾਰੀਆਂ ਵਿਚ ਜਮਸ਼ੇਦਜੀ ਟਾਟਾ ਅਤੇ ਜੇ ਆਰ ਡੀ ਟਾਟਾ (ਇਨ੍ਹਾਂ ਨੂੰ ਭਾਰਤੀ ਉਦਯੋਗੀਕਰਨ ਦਾ ਪਿਤਾਮਾ ਕਿਹਾ ਜਾਂਦਾ ਹੈ), ਰਤਨ ਟਾਟਾ, ਸਾਈਰਸ ਮਿਸਤਰੀ, ਦਿਨਸ਼ਾਅ ਮਾਨੇਕਜੀ, ਸਾਈਰਸ ਪੂਨਾਵਾਲਾ ਤੇ ਉਸ ਦਾ ਬੇਟਾ ਅਦਾਰ ਪੂਨਾਵਾਲਾ (ਕੋਵਿਡ ਦੀ ਵੈਕਸੀਨ ਦੀ ਕਾਢ ਕੱਢਣ ਵਾਲਾ), ਨੈੱਸ ਵਾਡੀਆ, ਨੁਸਲੀ ਵਾਡੀਆ, ਜੇਹ ਵਾਡੀਆ ਆਦਿ ਵਿਸ਼ਵ ਪ੍ਰਸਿੱਧ ਹਸਤੀਆਂ ਹਨ। ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਦੀ ਬੇਟੀ ਇਕ ਪਾਰਸੀ ਨੈੱਸ ਵਾਡੀਆ (ਬੰਬੇ ਡਾਇੰਗ ਕੱਪੜਾ ਉਦਯੋਗ ਦਾ ਮਾਲਕ) ਨਾਲ ਵਿਆਹੀ ਹੋਈ ਸੀ। ਇੰਦਰਾ ਗਾਂਧੀ ਦਾ ਪਤੀ ਫਿਰੋਜ਼ ਗਾਂਧੀ ਵੀ ਪਾਰਸੀ ਸੀ। ਸੁਰੱਖਿਆ ਦਸਤਿਆਂ ਵਿਚ ਫੀਲਡ ਮਾਰਸ਼ਲ ਸੈਮ ਮਾਨਕਸ਼ਾਅ (1971 ਜੰਗ ਦਾ ਹੀਰੋ), ਐਡਮਿਰਲ ਜਲ ਕੁਰਸੇਤਜੀ (ਜਲ ਸੈਨਾ ਦਾ ਮੁਖੀਆ ਬਣਨ ਵਾਲਾ ਪਹਿਲਾ ਪਾਰਸੀ) ਏਅਰ ਚੀਫ ਮਾਰਸ਼ਲ਼ ਆਸਪੀ ਇੰਜੀਨੀਅਰ, ਏਅਰ ਚੀਫ ਮਾਰਸ਼ਲ ਫਾਲੀ ਹੋਮੀਮੇਜਰ, ਵਾਈਸ ਐਡਮਿਰਲ ਆਰ ਐਫ ਕਾਂਟਰੈਕਟਰ (ਇੰਡੀਅਨ ਕੋਸਟ ਗਾਰਡ ਦਾ ਪਹਿਲਾ ਪਾਰਸੀ ਚੀਫ), ਸ਼ਹੀਦ ਲੈਫਟੀਨੈਂਟ ਕਰਨਲ ਅਰਦੇਸ਼ੀਰ ਤਾਰਾਪੋਰ (ਪਰਮਵੀਰ ਚੱਕਰ 1965 ਦੀ ਭਾਰਤ ਪਾਕਿ ਜੰਗ) ਆਦਿ। ਖੇਡਾਂ ਵਿਚ ਵੀ ਪਾਰਸੀਆਂ ਨੇ ਆਪਣੀ ਧਾਂਕ ਜਮਾ ਕੇ ਰੱਖੀ ਹੈ, ਜਿਵੇਂ ਪ੍ਰਸਿੱਧ ਕ੍ਰਿਕਟਰ ਨਾਰੀ ਕਾਂਟਰੈਕਟਰ, ਰੂਸੀ ਮੋਦੀ, ਫਾਰੂਖ ਇੰਜੀਨੀਅਰ ਅਤੇ ਪੌਲੀ ਉਮਰੀਗਰ। ਸੰਗੀਤ ਅਤੇ ਫ਼ਿਲਮ ਜਗਤ ਵਿਚ ਰੌਕ ਸਟਾਰ ਫਰੈਡੀ ਮਰਕਰੀ, ਕੈਖੁਸਰੋ ਸ਼ਾਪੂਰਜੀ, ਜ਼ੁਬਿਨ ਮਹਿਤਾ, ਬੋਮਨ ਈਰਾਨੀ, ਨੀਨਾ ਵਾਡੀਆ ਅਤੇ ਪਰਸਿਸ ਖੰਬਾਟਾ ਨੂੰ ਕੌਣ ਨਹੀਂ ਜਾਣਦਾ। ਇਸ ਤੋਂ ਇਲਾਵਾ ਫਾਲੀ ਐਸ ਨਰੀਮਨ, ਨਾਨੀ ਅਰਦੀਸ਼ਵਰ ਪਾਲਕੀਵਾਲਾ ਅਤੇ ਸੋਲੀ ਸੋਰਾਬਜੀ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਹਨ। ਆਪਣੀ ਘੱਟ ਗਿਣਤੀ ਦੇ ਬਾਵਜੂਦ ਇਹ ਫਿਰਕਾ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਤੇ ਦੁਨੀਆ ਵਾਸਤੇ ਕਿਸੇ ਚਾਨਣ ਮੁਨਾਰੇ ਤੋਂ ਘੱਟ ਨਹੀਂ ਹੈ।



-ਏ.ਆਈ.ਜੀ. (ਰਿਟਾ), ਪੰਡੋਰੀ ਸਿੱਧਵਾਂ

# ਕਾਵਿ-ਕਿਆਰੀ

## ਹੋਲਾ ਮਹੱਲਾ

ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਸਰਰ ਸਰਰ ਤੇਗ਼ ਚੱਲੇ, ਕਮਾਨਾਂ ਵਿਚੋਂ ਤੀਰ ਚੱਲੇ
ਸਿਖਾਉਂਦਾ ਪੈਂਤੜੇ ਗੁਬਿੰਦ, ਮਾਰੋ ਮਾਰ ਹੱਲੇ ਹੱਲੇ
ਸਭ ਦੇ ਦੁਮਾਲੇ ਸਿਰੀਂ, ਗਲ਼ੀਂ ਨੀਲਾ ਪੀਲ਼ਾ ਚੋਲਾ ਏ
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਆਉ ਨਿੱਤਰੋ ਭੁਜੰਗ, ਜੀਹਨੇ ਕਰਨੀਂ ਏਂ ਜੰਗ
ਸਿੱਖਣੇ ਚਲਾਉਣੇ ਜੀਹਨੇ, ਤੀਰ ਤੇ ਤੁਫੰਗ
ਫ਼ਤਿਹ ਦੇ ਜੈਕਾਰੇ, ਸਾਡਾ ਮਾਹੀਆ ਅਤੇ ਢੋਲਾ ਏ
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਨਗਾਰੇ ਡੰਮ ਡੰਮ ਬਾਜੇਂ, ਜੈਕਾਰੇ ਗਜ ਗਜ ਗਾਜੇਂ
ਹਾਥੀ ਮਾਰਤੇ ਚਿੰਘਾੜੇਂ, ਘੋੜੇ ਸਰਪੱਟ ਭਾਜੇਂ
ਦਿਲ ਵੈਰੀਉਂ ਕਾ ਅਬ, ਪਾਰੇ ਵਾਂਗ ਡੋਲਾ ਹੈ।
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਘੋੜਾ ਕਿਵੇਂ ਹੈ ਭਜਾਉਣਾ, ਕਿੰਜ ਹਾਥੀਆਂ ਨੂੰ ਢਾਹੁਣਾ
ਵਾਰ ਰੋਕਣਾ ਹੈ ਕਿਵੇਂ, ਤੇ ਕਿੰਜ ਖੰਡੇ ਨੂੰ ਹੈ ਵਾਹੁਣਾ
ਜੰਗ ਜਿੱਤਦਾ ਹੈ ਉਹੀਓ, ਜਿਹੜਾ ਵਗ ਜਾਂਦਾ ਛੁਹਲਾ ਏ
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਵੈਰੀ ਚੁਣ ਚੁਣ ਮਾਰੇਂ, ਸਭੇ ਦੁਸ਼ਟਨ ਸੰਘਾਰੇਂ
ਰੱਬ ਕੇ ਪਿਆਰੇ ਜੋ, ਉਨ੍ਹੇ ਸਦਾ ਹੀ ਉਬਾਰੇਂ
ਇਹੋ ਸਾਡੀ ਖੇਡ, ਅਤੇ ਇਹੋ ਹੀ ਕਲੋਲਾ ਏ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਜੱਟ ਬੂਟ ਤੇ ਝਿਊਰ ਨਾਈ, ਸੋਢੀ ਬੇਦੀ ਤੇ ਕਸਾਈ
ਇਕੱਠੇ ਕਰ ਏਕ ਜਗ੍ਹਾ, ਹੈਨ ਫੌਜੇਂ ਖਾਲਸ ਬਣਾਈ
ਪੈਰੋਂ ਤਲੇ ਖ਼ਾਲਸੇ ਨੇ ਜਾਤੀ ਅਭਿਮਾਨ ਸਾਰਾ ਰੋਲਾ ਹੈ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਜੀਹਨੇ ਆਨੰਦਪੁਰ ਆਉਣੈ, ਸੀਸ ਤਲੀ 'ਤੇ ਟਿਕਾਵੇ
ਕੱਲਾ ਲੱਖਾਂ ਨਾਲ਼ ਜੂਝੇ, ਮਸਤ ਹਾਥੀਆਂ ਨੂੰ ਢਾਹਵੇ
ਨਾਨਕ ਦਾ ਦਰ ਏਥੇ ਨਹੀਂ ਰੱਖਦਾ ਕੋਈ ਓਹਲਾ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਜੀਣਾ ਸ਼ਾਨ ਸੇ ਸਿਖਾਵੇ, ਸੁੱਤੀ ਅਣਖ ਜਗਾਵੇ
ਜਾਨ ਮੁਰਦੋਂ ਮੇਂ ਪਾਵੇ, ਭੈਅ ਕੋ ਦੂਰ ਸੇ ਭਗਾਵੇ
ਸਕੂਲ ਐਸਾ ਗੁਬਿੰਦ ਰਾਇ ਅਨੰਦਪੁਰ ਖੋਲ੍ਹਾ ਹੈ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਰਾਜ ਜ਼ੁਲਮੀਂ ਨੂੰ ਹੋਰ ਹੁਣ, ਰਹਿਣ ਨਹੀਉਂ ਦੇਣਾ
ਰਹਿਣ ਜ਼ਾਲਮਾਂ ਨੂੰ ਏਥੇ, ਹੁਣ ਮੂਲ਼ ਨਹੀਉਂ ਦੇਣਾ
ਰਾਜਾ ਹੈ ਪਹਾੜੀ ਕੋਈ, ਭਾਵੇਂ ਕੋਈ ਮੰਗੋਲਾ ਹੈ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਨਿਰਮਲ ਸਿੰਘ ਕੰਧਾਲਵੀ



## ਹਾਏ ! ਹਰਬੰਸ ਸਿੰਘ ਜੰਡੂ ਲਿੱਤਰਾਂਵਾਲਾ



1943 ਨੂੰ ਪੰਜਾਬ ਲਿੱਤਰਾਂ ਪਿੰਡ ਜੰਮਿਆ ਜਾਇਆ !
1966 ਤੋਂ ਯੂ ਕੇ ਵੁਲਵਰਹੈਂਪਟਨ ਵਸਦਾ
8 ਮਾਰਚ 2025 ਸ਼ਨਿਚਰਵਾਰ ਨੂੰ ਜਾ ਸੁਵਰਗ ਸਿਧਾਇਆ !!
"ਗਿੱਧਿਆਂ ਦੀ ਰਾਣੀਏ" ਨੀਂ ਕਿੱਥੇ ਗਿੱਧਾ ਫੱਬਣਾ !
ਏ ਐਸ ਕੰਗ ਵੀ ਆਖਦਾ ਹੁਣ ਨਹੀਂ ਜੰਡੂ ਲੱਭਣਾ !!
ਉੱਚ ਕੋਟੀ ਦਾ ਕਵੀ ਕਵੀਸ਼ਰ ਪੰਜਾਬੀ ਮਾਂ ਬੋਲੀ ਦਾ ਗੀਤਕਾਰ !
ਐਨਾ ਨਾਮ ਕਮਾ ਗਿਆ ਜੱਗ ਤੇ ਅਮਰ ਰਹੂਗਾ ਵਿੱਚ ਸੰਸਾਰ !!
ਮੌਤ ਕੁਲੈਣੀ ਕਰ ਗਈ ਕਾਰਾ, ਇਹ ਕੀ ਮਾਰਿਆ ਲੋਹੜਾ !
ਘਰ ਪਰਿਵਾਰ ਨੂੰ ਛੱਡ ਗਿਆ, ਸਭ ਨੂੰ ਸਹਿਣਾ ਪਊ ਵਿਛੋੜਾ !
ਰੱਬਾ ਤੂੰ ਚੰਗਾ ਨਈਂ ਕੀਤਾ, ਕਰ ਗਿਓਂ ਘਾਲ੍ਹਾ ਮਾਲਾ !
"ਚੰਨ ਜੰਡਿਆਲਵੀ" ਕਿੱਥੋਂ ਲੱਭੂ "ਜੰਡੂ ਲਿੱਤਰਾਂਵਾਲਾ !!"

## ਹਾਏ ਓਏ ਮੇਰੇ ਡਾਢਿਆ ਰੱਬਾ ਸਰਦਾਰ ਸਰੂਪ ਸਿੰਘ ਜੀ



ਸਾਹਿਤਕ ਰੰਗਾਂ ਦੇ ਵਣਜਾਰੇ
ਚਿਤਰਕਲਾ ਦੇ ਬਾਦਸ਼ਾਹ
ਅਦਭੁੱਤ ਚਿੱਤਰ ਸਿਰਜਣਹਾਰੇ !
8 ਮਾਰਚ 2025 ਖਬਰ ਫੈਲ ਗਈ
ਲੈਸਟਰ ਮਚੀ ਦੁਹਾਈ
ਸਾਡੇ ਸਰੂਪ ਸਿੰਘ ਜੀ-ਛੱਡਕੇ ਫਾਨੀ ਦੁਨੀਆਂ
ਹਾਏ ਓ ਜਾ ਸੁਵਰਗ ਸਿਧਾਰੇ !!
ਸਾਹਿਤਕ ਰੰਗਾਂ ਦੇ ਵਣਜਾਰੇ -
ਅਦਭੁੱਤ ਚਿੱਤਰ ਸਿਰਜਣਹਾਰੇ !!



-ਤਰਲੋਚਨ ਸਿੰਘ ਚੰਨ ਜੰਡਿਆਲਵੀ

## ਟੱਪੇ

ਦੋ ਬੋਲ ਪਿਆਰ ਦੇ ਬੋਲ ਗਿਆ,
ਚਿਰਾਂ ਤੋਂ ਬੰਦ ਦਿਲ ਦਾ ਬੂਹਾ
ਦੋ ਪਲਾਂ ਵਿੱਚ ਖੋਲ੍ਹ ਗਿਆ।
ਬੇੜੀ ਦੂਜੇ ਪਾਸੇ ਜਾਂਦੀ ਦਿੱਸਦੀ ਨਹੀਂ,
ਜ਼ਿੰਦਗੀ ਵਿੱਚ ਇਕ, ਅੱਧੀ ਵਾਰ
ਹਾਰ ਹੁੰਦੀ ਕਿਸ ਦੀ ਨਹੀਂ।
ਸਦਾ ਕੋਲ ਨਾ ਬੈਠੇ ਰਹਿਣਾ ਏਂ,
ਇਕ ਨਾ ਇਕ ਦਿਨ ਮਿੱਤਰਾ
ਹਿਜਰ ਗਲ਼ ਲਾਣਾ ਪੈਣਾ ਏਂ।
ਅੱਖਾਂ ਨਮ ਨਾ ਕਰਿਆ ਕਰ,
ਹਿੰਮਤੀ ਤੇ ਸਿਦਕੀ ਬੰਦਿਆਂ ਵਾਂਗ
ਘੁੱਟ ਸਬਰ
ਾਂ ਦੇ ਭਰਿਆ ਕਰ।
ਹਵਾ ਤੇਜ਼ ਚੱਲ ਪਈ ਏ,
ਕਿਸਾਨਾਂ ਦੀਆਂ ਫਸਲਾਂ ਪੱਕੀਆਂ ਨੇ
ਉਨ੍ਹਾਂ ਦੇ ਭਾਅ ਦੀ ਬਣ ਗਈ ਏ।
ਮਾੜਿਆਂ ਨਾਲ ਵਾਹ ਪੈ ਗਿਆ ਏ,
ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ
ਦਿਲ ਕਮਲਾ ਹੋ ਗਿਆ ਏ।
ਉਨ੍ਹਾਂ ਦੇ ਨੌਕਰ ਰੁਲ ਗਏ ਨੇ,
ਉਹ ਪੈਸੇ ਨਾਲ ਪਾਗਲ ਹੋ ਕੇ
ਰੱਬ ਨੂੰ ਵੀ ਭੁੱਲ ਗਏ ਨੇ।

ਮਹਿੰਦਰ ਸਿੰਘ ਮਾਨ
ਫੋਨ -9915803554
** ****



## ਮੁੱਕਾ ਲਾਤ

ਮਿੰਟਾਂ ਵਿੱਚ ਮੁਲਾਕਾਤ ਦੁਵੱਲੀ,
ਮੁੱਕਾ ਲਾਤ ਵਿੱਚ ਵਟ ਗਈ,
ਜਦੋਂ ਹਰ ਧਿਰ ਝਗੜਣ ਦੇ ਲਈ,
ਮੋਰਚਿਆਂ ਉੱਤੇ ਡਟ ਗਈ।

ਸੁੰਦਰ ਸੁੰਦਰ ਚਿਹਰਿਆਂ ਦੇ,
ਰੂਪ ਫਿਰ ਦਿਸੇ ਘਿਨਾਉਣੇ,
ਘੁਰ ਘੁਰ ਕਰਕੇ ਕੁੱਤਿਆਂ ਵਾਂਗੂੰ,
ਜਦੋਂ ਨਿੱਕਲੇ ਦੰਦ ਡਰਾਉਣੇ।

ਬੇਗਾਨੀ ਗਲੀ 'ਚ ਫਸਿਆ ਕੁੱਤਾ,
ਲੱਗਿਆ ਇਵੇਂ ਘਬਰਾਇਆ,
ਦੋਂਹ ਬੁਲੀਆਂ ਦੇ ਵਿੱਚ ਸੀ ਘਿਰਿਆ,
ਜ਼ੈਲੰਸਕੀ ਭੀਤਾ ਭਰਾਇਆ।

ਆਪਣੀ ਗਲੀ ਵਿੱਚ ਕੁੱਤੇ ਵੀ ਨੇ,
ਸ਼ੇਰ ਖੁਦ ਸਦਾ ਕਹਾਉਂਦੇ।
ਬੇਗਾਨੇ ਕੁੱਤੇ 'ਤੇ ਝਪਟਾਂ ਮਾਰ ਕੇ,
ਤਰਲੇ ਖੂਬ ਕਢਵਾਉਂਦੇ।

ਚੱਲਣ ਨਾ ਦਿੱਤੀ ਇੱਕ ਵੀ ਉਸਦੀ,
ਜਦੋਂ ਵਾਰ ਵਾਰ ਦੋ ਭੌਂਕੇ,
ਚਮੜੀ ਉਧੇੜਨ ਲਈ ਤਿਆਰ ਸਨ,
ਮਾਰ ਉਹ ਚੁੰਝਾਂ ਪੌਂਚੇ।

ਕੋਠੇ ਚਾੜ੍ਹ ਕੇ ਪੌੜੀ ਚੁੱਕ ਗਏ,
ਦੋਸਤ ਬੜੇ ਪੁਰਾਣੇ,
ਮਤਲਬ ਪ੍ਰਸਤੀ ਰੰਗ ਲਿਆਈ,
ਗਰੀਬ ਮਾਰਿਆ ਗਿਆ ਧਿੰਗਾਣੇ।

ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ,
ਹੁੰਦਾ ਸੰਸਾਰ ਨੇ ਤੱਕਿਆ,
ਆਪਣੀ ਮਾਇਆ ਖਰੀ ਕਰਨ ਤੋਂ,
ਕੋਈ ਸ਼ਾਹ ਕਦੀ ਨਹੀਂ ਉੱਕਿਆ।

ਮਾੜੀ ਧਿਰ ਨੂੰ ਲੁੱਟਣ ਦੇ ਲਈ,
ਦੁਸ਼ਮਣ ਦੋਸਤ ਬਣ ਗਏ,
ਲੁੱਟ ਦਾ ਮਾਲ ਮਾਪਣ ਦੇ ਲਈ,
ਡਾਂਗਾਂ ਦੇ ਗਜ਼ ਤਣ ਗਏ।

ਮੁਰਦਾ ਲਾਸ਼ ਨੂੰ ਖਾਵਣ ਦੇ ਲਈ,
ਹੁਣ ਰਲ ਕੇ ਪਾਉਣਗੇ ਵੰਡੀਆਂ,
ਹੈਰਾਨ ਨਾ ਹੋਇਓ ਇਸ ਕੰਮ 'ਤੇ,
ਜੇ ਮੁੱਕੇ ਲੱਤਾਂ ਫੇਰ ਚੱਲੀਆਂ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

### ਕਾਵਿ-ਵਿਅੰਗ

## ਪੰਥ ਕਚੀਚੀਆਂ ਵੱਟਦਾ !




ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਜਿਹੜਾ ਹਉਮੈਂ ਹੰਕਾਰ ਦੇ ਰਾਹ ਪੈ ਜਏ
ਸਮਝੋ ਕਬਰ ਉਹ ਆਪਣੀ ਪੱਟਦਾ ਏ।
ਘਾਣ ਹੋ ਰਿਹਾ 'ਵਿਰਸੇ ਵਿਰਾਸਤਾਂ' ਦਾ
ਸੁਣ ਸੁਣ ਸਿੱਖਾਂ ਦਾ ਕਾਲ਼ਜਾ ਫੱਟਦਾ ਏ।
ਅੱਖਾਂ ਪੱਕੀਆਂ 'ਅੰਤ' ਨੂੰ ਦੇਖਣੇ ਲਈ
'ਮੱਥਾ ਲਾਉਣ ਤੋਂ' ਕਦੋਂ ਕੁ ਹੱਟਦਾ ਏ।
ਚਮਚੇ ਕੜਛੀਆਂ ਕੁਝ ਕੁ ਨਾਲ ਰਹਿੰਦੇ
ਕਰਦੇ 'ਕੰਮ' ਜੋ ਮੋਹਰੇ ਹੋ 'ਭੱਟ' ਦਾ ਏ।
ਸੋਸ਼ਲ ਮੀਡ੍ਰੀਆ ਗੁੱਸੇ ਦੇ ਨਾਲ਼ ਭਰਿਆ
ਨਿੱਤ ਲੱਖਾਂ ਹੀ 'ਲਾਹਣਤਾਂ' ਖੱਟਦਾ ਏ।
ਚੰਮ ਦੀਆਂ ਚਲਾਉਂਦਾ 'ਭਰਦਾਨ' ਦੇਖੋ
ਰੋਹ ਵਿਚ ਪੰਥ 'ਕਚੀਚੀਆਂ' ਵੱਟਦਾ ਏ।
* * * * * *

# ਭਾਰਤੀ ਖੁਫੀਆ ਤੰਤਰ ਵੱਲੋਂ ਸਿੰਘਾਂ ਨੂੰ ਆਪਸ ਵਿੱਚ ਉਲ਼ਝਾਉਣ ਦੀ ਇੱਕ ਹੋਰ ਕੋਝੀ ਹਰਕਤ – ਅਜੈਬ ਸਿੰਘ ਬਾਗੜੀ

ਜਥੇਦਾਰ ਐਜੈਬ ਸਿੰਘ ਬਾਗੜੀ ਕੈਨੇਡਾ ਵਾਲਿਆ ਮੀਡੀਆ ਨੂੰ ਸੰਬੋਧਿਤ ਹੋਇਆ ਆਖਿਆ ਪਿਛਲੇ ਦਿਨੀ ਏਜੰਸੀਆਂ ਵਲੋਂ ਚਲਾਏ ਚੱਕਰਵਿਯੂ ਵਿੱਚ ਫਸਕੇ ਸ਼ਹੀਦ ਕੌਮੀ ਯੋਧਿਆਂ ਦਾ ਇਤਿਹਾਸ ਕਲਮਬੱਧ ਕਰਨ ਵਾਲੇ ਸਿੰਘ ਇੱਕ ਦੂਜੇ ਤੇ ਘਟੀਆ ਦਰਜੇ ਦੀ ਦੂਸ਼ਣ ਬਾਜ਼ੀ ਕਰਨ ਤੇ ਉੱਤਰ ਆਏ। ਰਣਜੀਤ ਸਿੰਘ ਹੋਰਾਂ ਨੇ ਇਹ ਵੀ ਨਹੀਂ ਸੋਚਿਆ ਕਿ ਜਿਹੜਾ ਸਿੰਘ ਖੁਦ ਰਣਜੀਤ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਪੈਸੇ ਦੇ ਕੇ ਸਿੰਘਾ ਦੀਆਂ ਜੀਵਨੀਆਂ ਇਕੱਤਰ ਕਰਨ ਲਈ ਭੇਜਦਾ ਹੈ ਜੋ ਕਿ ਤਵਾਰੀਖ ਬੱਬਰ ਖਾਲਸਾ ਵਿੱਚ ਦਰਜ ਹੁੰਦੀਆਂ ਹਨ। ਕੀ ਉਹ ਸਿੰਘ ਰਣਜੀਤ ਸਿੰਘ ਦੇ ਆਪਣੇ ਤੌਰ ਤੇ ਸਿੱਖ ਯੋਧਿਆਂ ਦੀਆਂ ਗਥਾਵਾਂ ਜਾਂ ੧੯੭੮ ਤੋਂ ਬਾਅਦ ਦੇ ਸਿੱਖ ਇਤਿਹਾਸ ਨੂੰ ਕਲਮਬੱਧ ਕਰਕੇ ਕਿਤਾਬਾਂ ਛਪਵਾਉਣ ਦੀ ਸ਼ਿਕਾਇਤ ਭਾਰਤ ਦੇ ਗ੍ਰਹਿ ਮੰਤਰੀ ਕੋਲ ਕਰੇਗਾ ? ਚਿੱਠੀ ਦੀ ਸ਼ੁਰੂਆਤ ਵੀ ਇਸ ਤਰ੍ਹਾਂ ਕੀਤੀ ਗਈ ਹੈ ਜਿਵੇਂ ਕੰਵਰਜੀਤ ਸਿੰਘ ਯੂ ਐਸ ਏ ਦਾ ਗ੍ਰਹਿ ਮੰਤਰੀ ਹੁੰਦਾ ਹੈ ਅਤੇ ਭਾਰਤ ਦੇ ਗ੍ਰਹਿ ਮੰਤਰੀ ਨੂੰ ਸੰਬੋਧਨ ਹੋ ਕੇ ਲਿਖ ਰਿਹਾ ਹੈ, ਹੈਲੋ ਮਿਸ਼ਟਰ ਸ਼ਾਹ। ਉਸ ਉਤੇ ਤੁਰੰਤ ਅਮਲ ਕਰਦਿਆਂ ਐਕਸ਼ਨ ਵੀ ਹੋ ਜਾਂਦਾ ਹੈ। ਜਿਸ ਚਿੱਠੀ ਤੇ ਕਿਸੇ ਦੇ ਦਸਤਖ਼ਤ ਵੀ ਨਹੀਂ ਹਨ ਅਤੇ ਇਹ ਵੀ ਨਹੀ ਪਤਾ ਕਿ ਇਹ ਯੂ ਐਸ ਏ ਜਾਂ ਕਿਸੇ ਹੋਰ ਦੇਸ਼ ਤੋਂ ਆਈ ਹੈ।

ਐਸ ਜੀ ਪੀ ਸੀ ਅਤੇ ਹੋਰ ਪੰਥਕ ਆਗੂਆਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਜੇਲ੍ਹ ਬਦਲੀ ਲਈ ਲਿਖੀਆਂ ਗ੍ਰਹਿ ਮੰਤਰੀ ਨੂੰ ਚਿੱਠੀਆਂ ਦਾ ਤਾਂ ਅੱਜ ਤੱਕ ਕੋਈ ਐਕਸ਼ਨ ਹੋਇਆ ਨਹੀ ।ਫਿਰ ਬੱਬਰ ਖਾਲਸਾ ਜਥੇਬੰਦੀ ਨੂੰ ਵੀ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਰਣਜੀਤ ਸਿੰਘ ਇੱਕ ਵਾਰ ਕਹਿ ਰਿਹਾ ਹੈ ਕਿ ਕੰਵਰਜੀਤ ਸਿੰਘ ਜਥੇਦਾਰ ਰੇਸ਼ਮ ਸਿੰਘ ਬੱਬਰ ਦਾ ਬੰਦਾ ਹੈ। ਚਿੱਠੀ ਵਿੱਚ ਕਿਹਾ ਗਿਆ ਹੈ ਕੇ ਰਣਜੀਤ ਸਿੰਘ ਜਥੇਦਾਰ ਰੇਸ਼ਮ ਸਿੰਘ ਬੱਬਰ ਦਾ ਬੰਦਾ ਹੈ। ਪੰਥਕ ਸਿੰਘਾਂ ਦੇ ਸਮਝਾਉਣ ਤੇ ਵੀ ਰਣਜੀਤ ਸਿੰਘ ਆਪਣੀਆਂ ਬਚਕਾਨਾ




ਹਰਕਤਾਂ ਕਾਰਨ ਸਮਝ ਨਹੀਂ ਸਕਿਆ। ਕੰਵਰਜੀਤ ਸਿੰਘ ਕੋਈ ਬੱਬਰ ਖਾਲਸਾ ਦਾ ਮੈਂਬਰ ਨਹੀਂ ਹੈ। ਉਹ ਭਾਈ ਕਰਮਜੀਤ ਸਿੰਘ ਸਿੱਖਾਂ ਵਾਲਾ ਦੀ ਉਸ ਟੀਮ ਦਾ ਹਿੱਸਾ ਹੈ ਜੋ ਤਵਾਰੀਖ ਬੱਬਰ ਖਾਲਸਾ ਲਿਖਣ ਲਈ ਉਸ ਨੂੰ ਸਹਿਯੋਗ ਦੇ ਰਹੀ ਹੈ। ਇਸ ਕਾਰਜ ਵਿੱਚ ਖੱਲਲ੍ਹ ਪਾਉਣ ਲਈ ਹੀ ਕੰਵਰਜੀਤ ਸਿੰਘ ਨੂੰ ਬਦਨਾਮ ਕਰਕੇ ਆਪਸ ਵਿੱਚ ਲੜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਰਿਆਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਅੰਤ ਵਿੱਚ ਸਾਰੇ ਸੂਝਵਾਨ ਅਤੇ ਸੁਹਿਰਦਤਾ ਨਾਲ ਇਤਿਹਾਸ ਅਤੇ ਯੋਧਿਆਂ ਦੀਆਂ ਗਥਾਵਾਂ ਲਿਖਣ ਵਾਲੇ ਵੀਰਾਂ ਨੂੰ ਬੇਨਤੀ ਹੈ ਕਿ ਆਪਣੀਆਂ ਕਲਮਾਂ ਦੇ ਮੂੰਹ ਦੁਸ਼ਮਣ ਵੱਲ ਰੱਖੋ ਨਾ ਕਿ ਆਪਣਿਆਂ ਵੱਲ, ਆਪਸੀ ਪ੍ਰੇਮ ਪਿਆਰ ਨਾਲ ਰਹੋ, ਅਗਰ ਕਿਸੇ ਨੂੰ ਕਿਸੇ ਤੇ ਗਿਲਾ ਸ਼ਿਕਵਾ ਹੈ ਤਾਂ ਸੋਸ਼ਲ ਮੀਡੀਏ ਤੇ ਜਾਣ ਦੀ ਬਜਾਏ ਪਹਿਲਾਂ ਪੰਥਕ ਸਿੰਘਾਂ ਨਾਲ ਰਾਬਤਾ ਕਰੋ ਹਰੇਕ ਮਸਲੇ ਦਾ ਹੱਲ ਜਰੂਰ ਹੁੰਦਾ ਹੈ। ਜਥੇਦਾਰ ਅਜੈਬ ਸਿੰਘ ਬਾਗੜੀ ਹੋਣਾ ਵਿਦੇਸ਼ੀ ਸੰਘਰਸ਼ੀ ਸਿੰਘਾਂ ਨਾਲ ਸਲਾਹ ਮਸ਼ਵਰਾ ਕਰਕੇ ਸਹਿਮਤੀ ਨਾਲ ਮੀਡੀਆ ਨੂੰ ਮੁਖ਼ਾਤਿਬ ਹੋਏ।

ਨੋਟ:- ਉਸ ਚਿੱਠੀ ਦੀ ਕਾਪੀ ਨਾਲ ਭੇਜ ਰਹੇ ਹਾਂ ।

# ਵਿਰੋਧੀ ਧਿਰ ਦੇ ਸਾਂਸਦ ਬੌਬ ਬਲੈਕਮੈਨ ਨੇ ਐਸ ਜੈਸ਼ੰਕਰ ਦੇ ਨਾਲ ਵਾਪਰੀ ਘਟਨਾ ਦਾ ਮਾਮਲਾ ਬ੍ਰਿਟਿਸ਼ ਸੰਸਦ ਵਿੱਚ ਉਠਾਇਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਸਾਂਸਦ ਬੌਬ ਬਲਾਕਮੈਨ ਨੇ ਲੰਢਨ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੇ ਕਾਫਲੇ ਦੇ ਸਾਹਮਣੇ ਖਾਲਿਸਤਾਨੀ ਸਮਰਥਕਾਂ ਵੱਲੋਂ ਕੀਤੇ ਪ੍ਰਦਰਸ਼ਨ ਦਾ ਮਾਮਲਾ 'ਹਾਊਸ ਆਫ ਕਾਮਨਜ਼' ਵਿੱਚ ਉਠਾਇਆ ਹੈ।**


ਬੌਬ ਬਲੈਕਮੈਨ

ਬੁੱਧਵਾਰ ਸ਼ਾਮ ਨੂੰ ਸਦਨ ਵਿੱਚ ਬੈਕਬੈਂਚ ਬਿਜ਼ਨਸ ਕਮੇਟੀ ਦੇ ਚੇਅਰਮੈਨ ਨੇ ਐਸ ਜੈਸ਼ੰਕਰ ਦੀ ਸੁਰੱਖਿਆ ਵਿੱਚ ਹੋਈ ਉਲੰਘਣਾ ਨੂੰ ਲੋਕਤੰਤਰ ਦਾ ਅਪਮਾਨ ਦੱਸਿਆ ਅਤੇ ਗ੍ਰਹਿ ਮੰਤਰੀ ਯਵੇਟ ਕੂਪਰ ਨੂੰ ਬਰਤਾਨੀਆਂ ਵਿੱਚ ਭਾਰਤੀ ਸੈਲਾਨੀਆਂ ਦੀ ਸੁਰੱਖਿਆ ਦੇ ਮੁੱਦੇ 'ਤੇ ਸੰਸਦ ਵਿੱਚ ਬਿਆਨ ਦੇਣ ਲਈ ਕਿਹਾ।

ਇਸ ਤੋਂ ਪਹਿਲਾਂ, ਯੂ ਕੇ ਦੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (ਐਫ ਸੀ ਡੀ ਓ) ਨੇ ਇੱਕ ਬਿਆਨ ਜਾਰੀ ਕਰਕੇ ਕੇਂਦਰੀ ਲੰਡਨ ਵਿੱਚ ਚੈਥਮ ਹਾਊਸ ਦੇ ਬਾਹਰ ਵਾਪਰੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਬਲੈਕਮੈਨ ਨੇ ਕਿਹਾ, "ਕੱਲ੍ਹ, ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜੈਸ਼ੰਕਰ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਇੱਕ ਜਨਤਕ ਸਮਾਗਮ ਤੋਂ ਬਾਹਰ ਜਾ ਰਹੇ ਸਨ।" ਉਹ ਉੱਥੇ ਇਸ ਦੇਸ਼ ਵਿੱਚ ਭਾਰਤੀ ਲੋਕਾਂ ਨੂੰ ਸੰਬੋਧਨ ਕਰਨ ਲਈ ਗਏ ਸਨ।"

ਬਰਤਾਨਵੀ ਸੰਸਦ ਮੈਂਬਰ ਨੇ ਕਿਹਾ, "ਉਨ੍ਹਾਂ 'ਤੇ ਖਾਲਿਸਤਾਨੀ ਤੱਤਾਂ ਨੇ ਹਮਲਾ ਕੀਤਾ ਸੀ। ਇਹ ਜੇਨੇਵਾ ਕਨਵੈਨਸ਼ਨ ਦੇ ਵਿਰੁੱਧ ਹੈ ਅਤੇ ਅਜਿਹਾ ਲਗਦਾ ਹੈ ਕਿ ਪੁਲਿਸ ਅਤੇ ਸੁਰੱਖਿਆ ਬਲ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਵਿੱਚ ਅਸਫਲ ਰਹੇ। ਇਹ ਲੋਕਤੰਤਰ ਦਾ ਅਪਮਾਨ ਹੈ ਅਤੇ ਭਾਰਤ ਵਿੱਚ ਸਾਡੇ ਦੋਸਤਾਂ ਅਤੇ ਸਹਿਯੋਗੀਆਂ ਦਾ ਅਪਮਾਨ ਹੈ।" ਉਹਨਾਂ ਕਿਹਾ ਕਿ "ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਇਹ ਦੁਬਾਰਾ ਨਾ ਹੋਵੇ,"।

# ਇੰਗਲੈਂਡ ਵਿੱਚ ਨਾਬਾਲਗਾਂ ਨਾਲ ਜਬਰ-ਜਨਾਹ ਦੇ ਦੋਸ਼ 'ਚ ਭਾਰਤੀ ਨੂੰ 9 ਸਾਲ ਕੈਦ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾ) ਦੋ ਕੁੜੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਮੈਟਰੋਪੋਲੀਟਨ ਪੁਲਿਸ ਦੇ ਮਾਹਰ ਜਾਸੂਸਾਂ ਦੁਆਰਾ ਕੀਤੀ ਗਈ ਜਾਂਚ ਤੋਂ ਬਾਅਦ, ਸਨੈਪਚੈਟ 'ਤੇ ਦੋ ਨਾਬਾਲਗ ਕੁੜੀਆਂ ਨਾਲ ਬਲਾਤਕਾਰ ਕਰਨ ਵਾਲੇ ਭਾਰਤੀ ਮੂਲ ਦੇ ਹਿਮਾਂਸ਼ੂ ਮਕਵਾਨਾਂ ਨਾਲ ਦੇ ਆਦਮੀ ਨੂੰ ਨੌਂ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।*



ਵੀਰਵਾਰ, 6 ਮਾਰਚ, 2025 ਨੂੰ, ਸ਼ਰਲਬੀ ਰੋਡ, ਵੈਂਬਲੀ ਦੇ ਰਹਿਣ ਵਾਲੇ 42 ਸਾਲਾ ਹਿਮਾਂਸ਼ੂ ਮਕਵਾਨਾ, ਨੂੰ ਬਲਾਤਕਾਰ ਦੇ ਦੋ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਹੈਰੋ ਕਰਾਊਨ ਕੋਰਟ ਨੇ ਜੇਲ੍ਹ ਭੇਜ ਦਿੱਤਾ ਹੈ। ਉਹ ਵਧੇ ਹੋਏ ਲਾਇਸੈਂਸ 'ਤੇ ਚਾਰ ਸਾਲ ਦੀ ਵਾਧੂ ਸਜ਼ਾ ਕੱਟੇਗਾ, ਅਤੇ ਉਸਨੂੰ ਉਮਰ ਭਰ ਲਈ ਜਿਨਸੀ ਅਪਰਾਧੀ ਵਜੋਂ ਰਜਿਸਟਰ ਕਰਨ ਲਈ ਵੀ ਹੁਕਮ ਦਿੱਤੇ ਹਨ। ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਦੋਵੇਂ ਅਪਰਾਧਾਂ ਲਈ ਦੋਸ਼ੀ ਨੇ ਇੱਕੋ ਤਰੀਕਾ ਅਪਨਾਇਆ। ਉਸ ਨੇ ਸਨੈਪਚਾਟ ਰਾਹੀਂ ਪੀੜਤਾਂ ਨੂੰ ਭਰਮਾਇਆ ਅਤੇ ਫਿਰ ਉਹਨਾਂ ਨਾਲ ਜਬਰ-ਜਨਾਹ ਕੀਤਾ।


ਜਾਂਚ ਦੀ ਅਗਵਾਈ ਕਰਨ ਵਾਲੇ ਡਿਟੈਕਟਿਵ ਕਾਂਸਟੇਬਲ ਲੇਵਿਸ ਜੈਲੀ ਨੇ ਕਿਹਾ ਕਿ ਮਕਵਾਨਾ ਨੇ 2019 ਵਿੱਚ ਇੱਕ 18 ਸਾਲਾ ਲੜਕੀ ਨਾਲ ਸਨੈਪਚੈਟ ਰਾਹੀਂ ਦੋਸਤੀ ਕਰਕੇ ਜਬਰਜਨਾਹ ਕੀਤਾ, ਲੇਕਨ ਉਸ ਸਮੇਂ ਸ਼ੱਕੀ ਦੀ ਪਹਿਚਾਣ ਨਹੀਂ ਹੋ ਸਕੀ। ਲੇਕਨ ਅਪ੍ਰੈਲ 2023 ਵਿੱਚ ਮਕਵਾਨਾ ਨੇ ਦੁਬਾਰਾ ਸਨੈਪਚੈਟ 'ਤੇ ਇੱਕ 19 ਸਾਲਾ ਵਿਅਕਤੀ ਦੇ ਰੂਪ ਵਿੱਚ ਪੇਸ਼ ਕਰਕੇ ਇੱਕ 16 ਸਾਲਾ ਸਕੂਲੀ ਲੜਕੀ ਨੂੰ ਆਪਣੇ ਜਾਲ ਵਿੱਚ ਫਸਾਇਆ ਅਤੇ ਉਸ ਨਾਲ ਵੀ ਜਬਰ-ਜਨਾਹ ਕੀਤਾ। ਘਟਨਾ ਤੋਂ ਉਪਰੰਤ ਮਕਵਾਨਾ ਨੂੰ 27 ਨਵੰਬਰ, 2023 ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਇੱਕ ਗਵਾਹ ਦੁਆਰਾ ਲਈ ਗਈ ਇੱਕ ਤਸਵੀਰ ਜਿਸ ਵਿੱਚ ਅਪਰਾਧ ਮੌਕੇ ਵਰਤੀ ਗਈ ਕਾਰ ਕਾਰਨ ਅਪਰਾਧੀ ਤੱਕ ਪਹੁੰਚ ਹੋ ਸਕੀ ਸੀ। ਮਕਵਾਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਲਏ ਗਏ ਡੀ ਐਨ ਏ ਨਮੂਨੇ ਕਾਰਨ ਹੀ 2019 ਵਾਲੇ ਅਪਰਾਧ ਵਿੱਚ ਉਸ ਦੀ ਪਹਿਚਾਣ ਸੰਭਵ ਹੋਈ। ਦੋਵਾਂ ਮਾਮਲਿਆਂ ਵਿੱਚ ਅਦਾਲਤ ਨੇ ਦੋਸ਼ੀ ਠਹਿਰਾਉਂਦਿਆਂ ਹਿਮਾਂਸ਼ੂ ਮਕਵਾਨਾ ਨੂੰ 9 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

# ਉੱਘੇ ਗੀਤਕਾਰ ਜੰਡੂ ਲਿੱਤਰਾਂ ਵਾਲੇ ਦਾ ਇੰਗਲੈਂਡ ਵਿੱਚ ਦਿਹਾਂਤ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਦੇ ਉੱਘੇ ਗੀਤਕਾਰ ਹਰਬੰਸ ਸਿੰਘ ਜੰਡੂ ਲਿੱਤਰਾਂ ਵਾਲੇ ਦਾ ਬੀਤੇ ਕੱਲ ਦਿਹਾਂਤ ਹੋ ਗਿਆ। ਉਹਨਾਂ ਨਿਊ ਕਰਾਸ ਹਸਪਤਾਲ ਵੁਲਵਰਹੈਂਪਟਨ ਵਿਖੇ ਆਖ਼ਰੀ ਸਾਹ ਲਏ। ਉਹ 82 ਵਰ੍ਹਿਆਂ ਦੇ ਸਨ। ਜਲੰਧਰ ਜ਼ਿਲ੍ਹੇ ਦੇ ਪਿੰਡ ਲਿੱਤਰਾਂ ਦੇ ਜੰਮਪਲ ਹਰਬੰਸ ਸਿੰਘ ਆਮ ਪੰਜਾਬੀਆਂ ਵਾਂਗ ਰੋਜ਼ੀ ਰੋਟੀ ਕਮਾਉਣ ਲਈ 1966 ਵਿੱਚ ਯੂ ਕੇ ਆਏ। ਜਿੱਥੇ ਉਹਨਾਂ ਆਪਣੇ ਗੀਤਾਂ ਰਾਹੀਂ ਵਿਸ਼ਵ ਭਰ ਦੇ ਪੰਜਾਬੀਆਂ ਦੇ ਦਿਲਾਂ ਵਿੱਚ ਗੀਤਕਾਰ ਵਜੋਂ ਆਪਣੀ ਥਾਂ ਬਣਾਈ। ਭੁਪਿੰਦਰ ਸਿੰਘ ਸੱਗੂ ਨੇ ਦੱਸਿਆ ਕਿ ਜੰਡੂ ਲਿੱਤਰਾਂ ਵਾਲੇ ਨਾਲ ਆਪਣੀ ਪਹਿਚਾਣ ਬਣਾਉਣ ਵਾਲੇ ਹਰਬੰਸ ਸਿੰਘ ਨੇ ਅਣਗਿਣਤ ਗੀਤ ਲਿਖੇ। ਏ ਐਸ ਕੰਗ ਦੀ ਅਵਾਜ਼ ਵਿੱਚ 'ਗਿੱਧਿਆਂ ਦੀ ਰਾਣੀਏ', ਜੈਜ਼ੀ ਬੈਂਸ ਦੀ ਅਵਾਜ਼ ਵਿੱਚ "ਕਿਹੜਾ ਜੰਮ ਪਿਆ ਸੂਰਮਾ'' ਸਮੇਤ ਅਨੇਕਾਂ ਹਿੱਟ ਗੀਤ ਪੰਜਾਬੀ ਸੰਗੀਤ ਜਗਤ ਨੂੰ ਦਿੱਤੇ ਹਨ। ਇਸ ਤੋਂ ਇਲਾਵਾ ਕਮਲਜੀਤ ਨੀਰੂ, ਏ.ਐਸ. ਕੰਗ, ਕੁਲਦੀਪ ਮਾਣਕ, ਸੁਰਿੰਦਰ ਸ਼ਿੰਦਾ, ਜੈਜ਼ੀ ਬੀ, ਭਿੰਦਾ ਜੱਟ, ਬਲਵਿੰਦਰ ਸਫਰੀ, ਸੁਖਸ਼ਿੰਦਰ ਸ਼ਿੰਦਾ, ਐਚ-ਧਾਮੀ, ਅਮਰਿੰਦਰ ਗਿੱਲ ਆਦਿ ਨੇ ਉਨ੍ਹਾਂ ਦੇ ਗੀਤਾਂ ਨੂੰ ਅਵਾਜ਼ ਦਿੱਤੀ। ਜੰਡੂ ਲਿੱਤਰਾਂ ਵਾਲੇ ਨੂੰ ਸਰਵੋਤਮ ਗੀਤਕਾਰ ਵਜੋਂ ਹੁਣ ਤੱਕ ਦਰਜਨਾਂ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।**



# ਸਿਹਤ ਤੇ ਸੁੰਦਰਤਾ



## ਰੋਜ਼ਾਨਾ ਇੱਕ ਆਂਵਲਾ ਖਾਣ ਨਾਲ ਕੀ ਹੋਵੇਗਾ ?



ਆਂਵਲੇ ਵਿੱਚ ਵਿਟਾਮਿਨ ਸੀ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਜੇਕਰ ਤੁਸੀਂ ਰੋਜ਼ਾਨਾ ਇਕ ਆਂਵਲਾ ਖਾਓਗੇ ਤਾਂ ਤੁਸੀਂ ਕਈ ਬਿਮਾਰੀਆਂ ਨੂੰ ਆਪਣੇ ਆਲੇ-ਦੁਆਲੇ ਆਉਣ ਤੋਂ ਰੋਕ ਸਕੋਗੇ। ਆਂਵਲਾ ਸਰੀਰ ਲਈ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਦਾ ਕੰਮ ਕਰਦਾ ਹੈ। ਇਹ ਜਿੱਥੇ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ, ਉੱਥੇ ਹੀ ਇਹ ਚਮੜੀ ਅਤੇ ਵਾਲਾਂ ਦਾ ਵੀ ਖਾਸ ਧਿਆਨ ਰੱਖਦਾ ਹੈ। ਇੱਕ ਆਂਵਲੇ ਵਿੱਚ ਲਗਪਗ 700 ਮਿਲੀਗ੍ਰਾਮ ਵਿਟਾਮਿਨ ਸੀ ਹੁੰਦਾ ਹੈ। ਅਸੀਂ ਤੁਹਾਨੂੰ ਰੋਜ਼ਾਨਾ ਇੱਕ ਆਂਵਲਾ ਖਾਣ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਵਿਸਥਾਰ ਨਾਲ-

ਪਾਚਨ ਵਿੱਚ ਸੁਧਾਰ-ਤੁਹਾਨੂੰ ਦੱਸ ਦੇਈਏ ਕਿ ਆਂਵਲਾ ਖਾਣ ਨਾਲ ਪਾਚਨ ਤੰਤਰ ਠੀਕ ਹੁੰਦਾ ਹੈ। ਇਸ ਵਿੱਚ ਫਾਈਬਰ ਪਾਇਆ ਜਾਂਦਾ ਹੈ। ਇਸ ਨਾਲ ਕਬਜ਼ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ। ਇਹ ਗੈਸਟ੍ਰਿਕ ਜੂਸ ਰਿਲੀਜ਼ ਵਿਚ ਮਦਦ ਕਰਦਾ ਹੈ, ਜਿਸ ਕਾਰਨ ਭੋਜਨ ਆਸਾਨੀ ਨਾਲ ਪਚ ਜਾਂਦਾ ਹੈ।

ਦਿਲ ਦੀ ਸਿਹਤ ਦਾ ਧਿਆਨ ਰੱਖਦਾ ਹੈ-ਦਿਲ ਨੂੰ ਸਿਹਤਮੰਦ ਰੱਖਣ ਲਈ ਆਂਵਲਾ ਵਧੀਆ ਆਪਸ਼ਨ ਹੋ ਸਕਦਾ ਹੈ। ਅਸਲ 'ਚ ਆਂਵਲੇ 'ਚ ਫਾਈਬਰ ਅਤੇ ਪੋਟਾਸ਼ੀਅਮ ਦੀ ਚੰਗੀ ਮਾਤਰਾ ਹੁੰਦੀ ਹੈ। ਇਸ ਨਾਲ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ। ਇਸ ਤੋਂ ਇਲਾਵਾ ਇਹ ਕੋਲੈਸਟ੍ਰੋਲ ਦੇ ਪੱਧਰ ਨੂੰ ਵੀ ਘੱਟ ਕਰਦਾ ਹੈ।

ਇਮਿਊਨਿਟੀ ਨੂੰ ਮਜ਼ਬੂਤ ਬਣਾਉਂਦਾ ਹੈ-ਆਂਵਲੇ ਵਿੱਚ ਵਿਟਾਮਿਨ ਸੀ ਅਤੇ ਐਂਟੀ-ਇੰਫਲੇਮੇਟਰੀ ਗੁਣ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਇਸ ਕਾਰਨ ਇਹ ਇਮਿਊਨ ਸਿਸਟਮ ਨੂੰ ਵੀ ਮਜ਼ਬੂਤ ਕਰਦਾ ਹੈ। ਇਸ 'ਚ ਐਂਟੀ-ਆਕਸੀਡੈਂਟ ਵੀ ਪਾਏ ਜਾਂਦੇ ਹਨ, ਜੋ ਆਕਸੀਡੇਟਿਵ ਡੈਮੇਜ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਜੇਕਰ ਤੁਸੀਂ ਰੋਜ਼ਾਨਾ ਇੱਕ ਆਂਵਲਾ ਖਾਓਗੇ ਤਾਂ ਤੁਹਾਨੂੰ ਕਈ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਮਿਲੇਗੀ।

ਸਕਿਨ 'ਤੇ ਚਮਕ ਲਿਆਉਂਦਾ ਹੈ-ਆਂਵਲੇ ਵਿੱਚ ਚੰਗੀ ਮਾਤਰਾ ਵਿੱਚ ਐਂਟੀ-ਆਕਸੀਡੈਂਟ ਅਤੇ ਵਿਟਾਮਿਨ ਸੀ ਪਾਇਆ ਜਾਂਦਾ ਹੈ। ਇਹ ਸਕਿਨ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਇਹ ਸਕਿਨ 'ਤੇ ਕਾਲੇ ਧੱਬੇ ਘੱਟ ਕਰਦੇ ਹਨ ਅਤੇ ਸਕਿਨ ਨੂੰ ਚਮਕਦਾਰ ਬਣਾਉਂਦੇ ਹਨ। ਇਸ ਤੋਂ ਇਲਾਵਾ ਇਹ ਵਾਲਾਂ ਨੂੰ ਮਜ਼ਬੂਤ, ਸੰਘਣੇ ਅਤੇ ਕਾਲੇ ਵੀ ਬਣਾਉਂਦਾ।

## ਸਿਟਿੰਗ ਜਾਬ ਵਾਲੇ ਧਿਆਨ ਦੇਣ ਨਹੀਂ ਤਾਂ ਘੇਰ ਸਕਦੀਆਂ ਹਨ ਇਹ ਗੰਭੀਰ ਬਿਮਾਰੀਆਂ



ਅੱਜਕੱਲ੍ਹ ਜ਼ਿਆਦਾਤਰ ਲੋਕ ਸਿਰਫ਼ 9 ਘੰਟੇ ਬੈਠ ਕੇ ਕੰਮ ਕਰਦੇ ਹਨ। ਲੋਕਾਂ ਨੂੰ ਬੈਠਣ ਵਾਲੀਆਂ ਨੌਕਰੀਆਂ ਕਾਫ਼ੀ ਆਰਾਮਦਾਇਕ ਲੱਗਦੀਆਂ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਆਰਾਮਦਾਇਕ ਨੌਕਰੀ ਤੁਹਾਡੇ ਲਈ ਸਮੱਸਿਆ ਬਣ ਸਕਦੀ ਹੈ। ਹਾਂ... ਲਗਾਤਾਰ ਕਈ ਘੰਟੇ ਬੈਠਣਾ ਅਤੇ ਕੰਮ ਕਰਨਾ ਸਰੀਰ ਲਈ ਨੁਕਸਾਨਦੇਹ ਹੋ ਸਕਦਾ ਹੈ। ਜੇਕਰ ਤੁਸੀਂ ਵੀ ਅਜਿਹਾ ਹੀ ਕੰਮ ਕਰਦੇ ਹੋ ਜਿੱਥੇ ਤੁਹਾਨੂੰ ਘੰਟਿਆਂ ਬੱਧੀ ਇੱਕ ਥਾਂ 'ਤੇ ਬੈਠਣਾ ਪੈਂਦਾ ਹੈ, ਤਾਂ ਤੁਹਾਨੂੰ ਸੁਚੇਤ ਰਹਿਣ ਦੀ ਲੋੜ ਹੈ। ਇਸ ਲੇਖ ਵਿੱਚ, ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਲੰਬੇ ਸਮੇਂ ਤੱਕ ਬੈਠਣ ਨਾਲ ਕਿਹੜੀਆਂ ਬਿਮਾਰੀਆਂ ਹੋ ਸਕਦੀਆਂ ਹਨ। ਜਦੋਂ ਤੁਸੀਂ ਸਾਰਾ ਦਿਨ ਇੱਕ ਥਾਂ 'ਤੇ ਬੈਠਦੇ ਹੋ ਤਾਂ ਸਰੀਰਕ ਗਤੀਵਿਧੀ ਕਾਫ਼ੀ ਘੱਟ ਜਾਂਦੀ ਹੈ। ਇਹ ਤੁਹਾਡੇ ਮੈਟਾਬੋਲਿਜ਼ਮ ਨੂੰ ਹੌਲੀ ਕਰ ਸਕਦਾ ਹੈ। ਹੌਲੀ-ਹੌਲੀ ਸਰੀਰ ਵਿੱਚ ਚਰਬੀ ਜਮ੍ਹਾਂ ਹੋਣ ਲੱਗਦੀ ਹੈ। ਖਾਸ ਕਰਕੇ ਪੇਟ ਦੀ ਚਰਬੀ ਵਧਣ ਲੱਗਦੀ ਹੈ। ਬੈਠ ਕੇ ਕੰਮ ਕਰਨ ਕਾਰਨ ਤੁਹਾਨੂੰ ਸਰਵਾਈਕਲ ਸਮੱਸਿਆਵਾਂ ਹੋ ਸਕਦੀਆਂ ਹਨ। ਹਰ ਰੋਜ਼ 8 ਤੋਂ 10 ਘੰਟੇ ਕੰਪਿਊਟਰ ਸਕਰੀਨ ਦੇ ਸਾਹਮਣੇ ਬੈਠਣ ਨਾਲ ਗਰਦਨ ਅਤੇ ਰੀੜ੍ਹ ਦੀ ਹੱਡੀ 'ਤੇ ਦਬਾਅ ਪੈਂਦਾ ਹੈ। ਇੱਕ ਥਾਂ 'ਤੇ ਬੈਠਣ ਨਾਲ ਮਾਸਪੇਸ਼ੀਆਂ ਵਿੱਚ ਅਕੜਾਅ ਆ ਜਾਂਦਾ ਹੈ। ਘੰਟਿਆਂ ਬੱਧੀ ਇੱਕ ਥਾਂ 'ਤੇ ਲਗਾਤਾਰ ਬੈਠਣ ਨਾਲ ਖੂਨ ਦਾ ਸੰਚਾਰ ਹੌਲੀ ਹੋ ਜਾਂਦਾ ਹੈ, ਇਸ ਤੋਂ ਇਲਾਵਾ ਚਰਬੀ ਜਮ੍ਹਾਂ ਹੋਣ ਕਾਰਨ ਕੋਲੈਸਟ੍ਰੋਲ ਵਧਦਾ ਹੈ। ਇਸ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵਧ ਸਕਦਾ ਹੈ। ਇਹ ਤੁਹਾਡੇ ਦਿਮਾਗ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸ ਕਾਰਨ ਤਣਾਅ, ਚਿੰਤਾ ਅਤੇ ਡਿਪਰੈਸ਼ਨ ਦਾ ਖ਼ਤਰਾ ਵੱਧ ਜਾਂਦਾ ਹੈ। ਸਰੀਰਕ ਗਤੀਵਿਧੀ ਦੀ ਘਾਟ ਮੂਡ ਸਵਿੰਗ, ਥਕਾਵਟ ਅਤੇ ਚਿੜਚਿੜੇਪਨ ਦਾ ਕਾਰਨ ਬਣ ਸਕਦੀ ਹੈ।

### ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਕਰੀਏ ?

ਦੁਪਹਿਰ ਦੇ ਖਾਣੇ ਦੌਰਾਨ ਸੈਰ ਜ਼ਰੂਰ ਕਰੋ। ਵਿਚਕਾਰ ਥੋੜ੍ਹਾ ਜਿਹਾ ਬ੍ਰੇਕ ਲਓ ਅਤੇ ਸੈਰ ਕਰੋ। ਆਪਣੀ ਸੀਟ ਤੋਂ ਉੱਠੋ ਅਤੇ ਹਰ ਅੱਧੇ ਘੰਟੇ ਬਾਅਦ ਖਿੱਚੋ। ਫਾਈਬਰ ਨਾਲ ਭਰਪੂਰ ਖੁਰਾਕ ਖਾਓ। ਘਰ ਜਾਣ ਤੋਂ ਬਾਅਦ, ਕੁਝ ਸਮੇਂ ਲਈ ਕਸਰਤ ਕਰੋ। ਚੰਗੀ ਨੀਂਦ ਲਓ।

## * ਚੂੰਢੀਆਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਸੇਬੀ ਦੀ ਸਾਬਕਾ ਮੁਖੀ ਮਾਧਵੀ ਬੁੱਚ ਵਿਰੁੱਧ ਐਫ. ਆਈ. ਆਰ. ਦਰਜ ਕਰਨ 'ਤੇ ਰੋਕ- ਇਕ ਖ਼ਬਰ**

-ਤੈਨੂੰ ਜ਼ੁਲਫ਼ਾਂ ਦੀ ਛਾਂ 'ਚ ਬਿਠਾ ਕੇ, ਚੂਰੀਆਂ ਖਵਾਵਾਂ ਮਿੱਤਰਾ।

***ਬਾਦਲ ਦਲ ਦੇ ਹਾਸ਼ੀਏ 'ਤੇ ਜਾਣ ਦੇ ਕੀ ਕਾਰਨ ਹਨ?- ਇਕ ਸਵਾਲ**

-ਇਹ ਗੱਲ ਤਾਂ ਹੁਣ ਬੱਚਾ ਬੱਚਾ ਜਾਣਦੈ ਭਾਈ, ਕੋਈ ਹੋਰ ਸਵਾਲ ਪੁੱਛੋ।



***ਬਸਪਾ ਸੁਪਰੀਮੋ ਮਾਇਆਵਤੀ ਨੇ ਆਪਣੇ ਭਤੀਜੇ ਆਕਾਸ਼ ਆਨੰਦ ਨੂੰ ਪਾਰਟੀ 'ਚੋਂ ਕੱਢਿਆ- ਇਕ ਖ਼ਬਰ**

-ਲੈ ਗਈ ਕੁੰਜੀਆਂ ਚੁਬਾਰਿਆਂ ਵਾਲ਼ੀ, ਹੋ ਗਏ ਮਲੰਗ ਮੁੜ ਕੇ।

***ਨਸ਼ਾ ਮਾਫ਼ੀਏ ਦਾ ਲੱਕ ਤਾਂ ਹੀ ਟੁੱਟੇਗਾ ਜੇ ਵੱਡੀਆਂ ਮੱਛੀਆਂ ਫੜੀਆਂ ਜਾਣ- ਖਾਲੜਾ ਮਿਸ਼ਨ**

-ਕਈ ਬੱਕਰੇ ਜੰਗਲੀਂ ਫਿਰਨ ਚਰਦੇ, ਕਦ ਫ਼ਸਣਗੇ ਹੱਥ ਕਸਾਈ ਯਾਰਾ?




***ਬੁਲਡੋਜ਼ਰ ਕਾਰਵਾਈ 'ਤੇ ਸੁਪਰੀਮ ਕੋਰਟ ਨੇ ਯੋਗੀ ਸਰਕਾਰ ਨੂੰ ਦੱਸਿਆ ਜ਼ਾਲਮ- ਇਕ ਖ਼ਬਰ**

-ਲੋਕੋ ਜਾਗਦੇ ਰਹਿਣਾ, ਗੱਡੀ ਜ਼ਾਲਮਾਂ ਦੀ ਆਈ।

***ਕੈਨੇਡਾ 'ਚ ਸ਼ਰਾਬ ਚੋਰੀ ਦੇ ਇਲਜ਼ਾਮ 'ਚ ਪੰਜ ਪੰਜਾਬੀ ਨੌਜਵਾਨ ਗ੍ਰਿਫ਼ਤਾਰ- ਇਕ ਖ਼ਬਰ**

-ਬਦਨਾਮ ਭੀ ਹੋਂਗੇ ਤੋ ਕਿਆ ਨਾਮ ਨਾ ਹੋਗਾ।



***ਅਮਰੀਕਾ 'ਚ ਵਿਰੋਧ ਪ੍ਰਦਰਸ਼ਨ ਕੀਤਾ ਤਾਂ ਦੇਸ਼ 'ਤੋਂ ਕੱਢ ਦੇਵਾਂਗੇ, ਟਰੰਪ ਦੀ ਵਿਦਿਆਰਥੀਆਂ ਨੂੰ ਧਮਕੀ- ਇਕ ਖ਼ਬਰ**

-ਮੂੰਹ ਉਂਗਲਾਂ ਘੱਤ ਕੇ ਕਹਿਣ ਸਭੇ, ਕਾਰੇ ਕਰਨ ਥੀਂ ਇਹ ਨਾ ਸੰਗਦਾ ਏ।



***ਟਰੰਪ ਨਾਲ ਉਲਝਣ ਦਾ ਟਰੂਡੋ ਦੀ ਲਿਬਰਲ ਪਾਰਟੀ ਨੂੰ ਮਿਲਿਆ ਫ਼ਾਇਦਾ- ਇਕ ਖ਼ਬਰ**

-ਕੁੱਬੇ ਦੇ ਲੱਤ ਮਾਰੀ, ਕੁੱਬੇ ਦੇ ਗੁਣ ਆਈ।



***ਮੇਰੀ ਨਰਮਾਈ ਦਾ ਇਹ ਮਤਲਬ ਨਹੀਂ ਕਿ ਮੈਂ ਐਕਸ਼ਨ ਨਹੀਂ ਲੈ ਸਕਦਾ- ਭਗਵੰਤ ਮਾਨ**

-ਮੈਨੂੰ ਨਰਮ ਕੁੜੀ ਨਾ ਜਾਣੀ, ਲੜਜੂੰ ਭ੍ਰਿੰਡ ਬਣ ਕੇ।



***ਟਰੰਪ ਵਲੋਂ ਵਾਰ ਵਾਰ ਭਾਰਤ ਦਾ ਅਪਮਾਨ ਕੀਤੇ ਜਾਣ 'ਤੇ ਪ੍ਰਧਾਨ ਮੰਤਰੀ ਚੁੱਪ ਕਿਉਂ?- ਕਾਂਗਰਸ**

-ਮੂੰਹ ਖਾਵੇ, ਅੱਖ ਸ਼ਰਮਾਵੇ।

***ਏਕਤਾ ਲਈ ਕਿਸਾਨ ਮੋਰਚਿਆਂ ਦੀ 6 ਘੰਟੇ ਚੱਲੀ ਮੀਟਿੰਗ ਰਹੀ ਬੇਸਿੱਟਾ- ਇਕ ਖ਼ਬਰ**

-ਹੱਥ ਪੁਰਾਣੇ ਖੌਂਸੜੇ, ਬਸੰਤੇ ਹੋਰੀਂ ਆਏ।



***ਕੇਜਰੀਵਾਲ ਚਾਹੁਣ ਤਾਂ ਅੱਜ ਹੀ ਰਾਜ ਸਭਾ ਤੋਂ ਅਸਤੀਫ਼ਾ ਦੇ ਦਿਆਂਗਾ- ਸੰਜੀਵ ਅਰੋੜਾ**

-ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ਼ ਵੀ ਵਿੰਗਾ ਨਾ ਹੋਵੇ।



***ਕਿਸੇ ਵੀ ਹਾਲਤ ਵਿਚ ਮੈਂ ਅਸਤੀਫ਼ਾ ਵਾਪਸ ਨਹੀਂ ਲਵਾਂਗਾ- ਹਰਜਿੰਦਰ ਸਿੰਘ ਧਾਮੀ**

-ਵਾਰਸਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।



***ਭਾਰਤ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਨੂੰ ਪੰਜਾਬ ਸਰਕਾਰ ਰੱਦ ਕਰੇ- ਪਰਗਟ ਸਿੰਘ**

-ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਖਾਵੇ।



***ਮਜੀਠੀਆ ਨੇ ਅਕਾਲੀ ਦਲ ਦੀ ਪਿੱਠ ਵਿਚ ਛੁਰਾ ਮਾਰਿਆ- ਭੂੰਦੜ**

-ਤੇ ਤੁਹਾਡੇ ਟੋਲੇ ਨੇ ਸ੍ਰੀ ਅਕਾਲ ਤਖ਼ਤ ਦੇ ਸਿਧਾਂਤ ਨੂੰ ਲਹੂ-ਲੁਹਾਨ ਕੀਤੈ।



***ਦਿੱਲੀ ਦੀਆਂ ਔਰਤਾਂ ਨੂੰ ਢਾਈ - ਢਾਈ ਹਜ਼ਾਰ ਦੇਣ ਦੀ 'ਮੋਦੀ ਦੀ ਗਾਰੰਟੀ' ਝੂਠ ਸਾਬਤ ਹੋਈ- ਆਤਿਸ਼ੀ**

-ਮੋਦੀ ਦੇ ਲਾਰੇ, ਮੁੰਡੇ ਰਹਿਣ ਕੁਆਰੇ।

# ਭਾਰਤੀ ਟੀਵੀ ਹੋਸਟ ਨੇ ਯੂਕੇ ਵਿੱਚ ਸਿੱਖਾਂ ਨੂੰ ਮਾਰਨ ਲਈ ਅੰਡਰਵਰਲਡ ਗੈਂਗਾਂ ਨੂੰ ਕਿਰਾਏ 'ਤੇ ਲੈਣ ਦੀ ਕੀਤੀ ਮੰਗ: ਦਬਿੰਦਰਜੀਤ ਸਿੰਘ

ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਮੇਜਰ ਗੌਰਵ ਆਰੀਆ ਇੱਕ ਵਿਵਾਦਪੂਰਨ ਭਾਰਤੀ ਟੀਵੀ ਹੋਸਟ ਅਤੇ ਹਿੰਦੂ ਰਾਸ਼ਟਰਵਾਦੀ ਟਿੱਪਣੀਕਾਰ ਨੇ ਇੱਕ ਟੈਲੀਵਿਜ਼ਨ ਪ੍ਰਸਾਰਣ ਵਿੱਚ ਬ੍ਰਿਟੇਨ ਵਿੱਚ ਭਾਰਤ ਪੱਖੀ ਲੋਕਾਂ ਨੂੰ ਖਾਲਿਸਤਾਨ ਲਈ ਪ੍ਰਚਾਰ ਕਰ ਰਹੇ ਯੂਕੇ ਵਿੱਚ ਸਿੱਖਾਂ ਨੂੰ ਮਾਰਨ ਲਈ ਅੰਡਰਵਰਲਡ ਗੈਂਗਾਂ ਨੂੰ ਨਿਯੁਕਤ ਕਰਨ ਲਈ ਕਿਹਾ ਹੈ। ਇਹ ਪਿਛਲੇ ਹਫ਼ਤੇ ਲੰਡਨ ਵਿੱਚ ਭਾਰਤੀ ਵਿਦੇਸ਼ ਮੰਤਰੀ ਦੀ ਕਾਰ ਦੇ ਸਾਹਮਣੇ ਭਾਰਤੀ ਝੰਡੇ ਨੂੰ ਪਾੜਨ ਦੇ ਇੱਕ ਪ੍ਰਮੁੱਖ ਸਿੱਖ ਪ੍ਰਦਰਸ਼ਨਕਾਰੀ ਤੋਂ ਬਾਅਦ ਹੋਇਆ ਹੈ। ਪਿਛਲੇ ਹਫ਼ਤੇ ਸੰਸਦ ਵਿੱਚ ਬੌਬ ਬਲੈਕਮੈਨ ਨੇ ਸਿੱਖ ਪ੍ਰਦਰਸ਼ਨਕਾਰੀਆਂ ਦੀ ਆਲੋਚਨਾ ਕੀਤੀ ਜਿਸ ਨੇ ਕੋਈ ਕਾਨੂੰਨ ਨਹੀਂ ਤੋੜਿਆ ਅਤੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਬਲੈਕਮੈਨ ਨੇ ਪ੍ਰਦਰਸ਼ਨਕਾਰੀ ਨੂੰ ਗਲਤ ਦੱਸਿਆ, ਜਿਸ ਨੂੰ ਉਹ ਖਾਲਿਸਤਾਨੀ ਠੱਗ ਕਹਿੰਦਾ ਸੀ, ਨੇ ਭਾਰਤੀ ਵਿਦੇਸ਼ ਮੰਤਰੀ 'ਤੇ ਹਮਲਾ ਕੀਤਾ। ਸ਼ਾਂਤਮਈ ਪ੍ਰਦਰਸ਼ਨਕਾਰੀ ਨੇ ਅਜਿਹਾ ਕੋਈ ਕੰਮ ਨਹੀਂ ਕੀਤਾ, ਭਾਰਤੀ ਵਿਦੇਸ਼ ਮੰਤਰੀ ਦੇ ਨੇੜੇ ਜਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਇੱਕ ਸਧਾਰਨ ਵਿਰੋਧ ਦਰਜ ਕਰਵਾਉਣ ਲਈ ਓਸਦੀ ਕਾਰ ਨੂੰ ਕੁਝ ਸਕਿੰਟਾਂ ਲਈ ਰੋਕ ਦਿੱਤਾ।

ਬੌਬ ਬਲੈਕਮੈਨ ਨੇ ਇੱਕ ਵਾਰ ਫਿਰ ਸੰਸਦ ਵਿੱਚ ਘਟਨਾ ਨੂੰ ਗੈਰ-ਜ਼ਿੰਮੇਵਾਰਾਨਾ ਅਤੇ ਘੋਰ ਵਧਾ-ਚੜ੍ਹਾ ਕੇ ਪੇਸ਼ ਕਰਕੇ ਆਪਣੇ ਸੰਸਦੀ ਵਿਸ਼ੇਸ਼ ਅਧਿਕਾਰ ਅਤੇ ਬੈਕਬੈਂਚ ਕਮੇਟੀ ਦੇ ਚੇਅਰ ਵਜੋਂ ਆਪਣੀ ਭੂਮਿਕਾ ਦੀ ਦੁਰਵਰਤੋਂ ਕੀਤੀ। ਸੋਸ਼ਲ ਮੀਡੀਆ 'ਤੇ ਬਲੈਕਮੈਨ ਦਾ ਮਜ਼ਾਕ ਉਡਾਇਆ ਗਿਆ ਸੀ ਕਿਉਂਕਿ ਉਹ ਭਾਰਤੀ ਵਿਦੇਸ਼ ਮੰਤਰੀ ਦਾ ਨਾਮ ਉਚਾਰਣ ਵਿੱਚ




ਅਸਮਰੱਥ ਸੀ ਅਤੇ ਸੰਸਦ ਵਿੱਚ ਜਿਨੀਵਾ ਕਨਵੈਨਸ਼ਨ (ਜੰਗ ਵਿੱਚ ਮਨੁੱਖਤਾਵਾਦੀ ਇਲਾਜ ਬਾਰੇ) ਦਾ ਹਵਾਲਾ ਦਿੰਦਾ ਸੀ ਜਦੋਂ ਉਹ ਸ਼ਾਇਦ ਡਿਪਲੋਮੈਟਿਕ ਰਿਲੇਸ਼ਨਜ਼ 'ਤੇ ਵਿਏਨਾ ਕਨਵੈਨਸ਼ਨ ਦਾ ਹਵਾਲਾ ਦੇਣਾ ਚਾਹੁੰਦਾ ਸੀ। 2017 ਵਿੱਚ ਬੌਬ ਬਲੈਕਮੈਨ ਨੇ ਮੇਜਰ ਗੌਰਵ ਆਰੀਆ ਨੂੰ ਸੱਦਾ ਦਿੱਤਾ ਅਤੇ ਸਨਮਾਨਿਤ ਕੀਤਾ, ਜੋ ਸੱਤਾਧਾਰੀ ਸੱਜੇ-ਪੱਖੀ ਭਾਜਪਾ ਭਾਰਤੀ ਸਰਕਾਰ ਨਾਲ ਸਬੰਧਤ ਹੈ। ਬੌਬ ਬਲੈਕਮੈਨ ਨੂੰ ਬ੍ਰਿਟੇਨ ਵਿੱਚ ਸਿੱਖਾਂ ਨੂੰ ਮਾਰਨ ਲਈ ਅੰਡਰਵਰਲਡ ਗੈਂਗਾਂ ਨੂੰ ਨਿਯੁਕਤ ਕਰਨ ਲਈ ਇੱਕ ਭਾਰਤੀ ਟੈਲੀਵਿਜ਼ਨ ਪ੍ਰਸਾਰਣ ਵਿੱਚ ਹੈਰਾਨ ਕਰਨ ਵਾਲੇ ਸੱਦੇ ਲਈ ਸੰਸਦ ਵਿੱਚ ਮੇਜਰ ਗੌਰਵ ਆਰੀਆ ਦੀ ਨਿੰਦਾ ਕਰਨ ਲਈ ਕਿਹਾ ਗਿਆ ਹੈ। ਮੇਜਰ ਗੌਰਵ ਆਰੀਆ ਦਾ ਸਨਮਾਨ ਕਰਦੇ ਹੋਏ ਕੰਜ਼ਰਵੇਟਿਵ ਪੀਅਰ ਰਾਮੀ ਰੇਂਜਰ ਅਤੇ ਸਾਬਕਾ ਕੈਬਨਿਟ ਮੰਤਰੀ ਸਾਜਿਦ ਜਾਵਿਦ ਦੀ ਉਨ੍ਹਾਂ ਨਾਲ ਮੁਲਾਕਾਤ ਦੀ ਤਸਵੀਰ ਵੀ ਪ੍ਰਸਾਰਿਤ ਕੀਤੀ ਜਾ ਰਹੀ ਹੈ। ਉਨ੍ਹਾਂ ਅਤੇ ਕੰਜ਼ਰਵੇਟਿਵ ਪਾਰਟੀ ਨੂੰ ਮੇਜਰ ਗੌਰਵ ਆਰੀਆ ਦੀ ਨਿੰਦਾ ਕਰਨ ਅਤੇ ਉਨ੍ਹਾਂ ਅਤੇ ਉਨ੍ਹਾਂ ਦੀਆਂ ਭੜਕਾਊ ਟਿੱਪਣੀਆਂ ਤੋਂ ਦੂਰੀ ਬਣਾਉਣ ਲਈ ਕਿਹਾ ਗਿਆ ਹੈ। ਮਾਮਲੇ ਬਾਰੇ ਗੱਲਬਾਤ ਕਰਦਿਆਂ ਦਬਿੰਦਰਜੀਤ ਸਿੰਘ ਓਬੀਈ, ਸਿੱਖ ਫੈਡਰੇਸ਼ਨ ਦੇ ਰਾਜਨੀਤਿਕ ਰੁਝੇਵਿਆਂ ਲਈ ਲੀਡ ਕਾਰਜਕਾਰੀ ਨੇ ਕਿਹਾ ਅਸੀਂ ਗ੍ਰਹਿ ਸਕੱਤਰ ਅਤੇ ਵਿਦੇਸ਼ ਸਕੱਤਰ ਨੂੰ ਪੱਤਰ ਲਿਖਿਆ ਹੈ ਕਿਉਂਕਿ ਇਹ ਭਾਰਤ ਸਰਕਾਰ ਦੁਆਰਾ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਤਰ-ਰਾਸ਼ਟਰੀ ਜਬਰ ਦੀ ਇੱਕ ਹੋਰ ਉਦਾਹਰਣ ਹੈ ਜੋ ਪਿਛਲੇ ਦੋ ਸਾਲਾਂ ਤੋਂ ਫਾਈਵ ਆਈਜ਼ ਦੇਸ਼ਾਂ ਦੇ ਰਾਡਾਰ ਵਿੱਚ ਹਨ। ਇਹ ਬੌਬ ਬਲੈਕਮੈਨ ਦੁਆਰਾ ਸੰਸਦ ਵਿੱਚ ਝੂਠੇ ਬਿਆਨ ਦੇਣ ਅਤੇ ਵਧਾ-ਚੜ੍ਹਾ ਕੇ ਪੇਸ਼ ਕਰਨ ਦੇ ਵੱਡੇ ਜੋਖਮ ਨੂੰ ਵੀ ਉਜਾਗਰ ਕਰਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸੰਸਦ ਵਿੱਚ ਉਨ੍ਹਾਂ ਦੀਆਂ ਟਿੱਪਣੀਆਂ ਨੇ ਮੇਜਰ ਗੌਰਵ ਆਰੀਆ ਨੂੰ ਸੁਝਾਅ ਨਹੀਂ ਦਿੱਤਾ ਕਿ ਯੂਕੇ ਵਿੱਚ ਸਿੱਖਾਂ ਨੂੰ ਮਾਰਨ ਲਈ ਗੈਂਗ ਰੱਖੇ ਗਏ ਹਨ। ਅਸੀਂ ਗ੍ਰਹਿ ਸਕੱਤਰ ਅਤੇ ਵਿਦੇਸ਼ ਸਕੱਤਰ ਨੂੰ ਕਿਹਾ ਹੈ ਕਿ ਇਸ ਨੂੰ ਖਾਲੀ ਧਮਕੀ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ ਅਤੇ ਗੁਪਤ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਯੂਕੇ ਸਰਕਾਰ ਇਸ ਦੇਸ਼ ਵਿੱਚ ਸਿੱਖਾਂ ਨੂੰ ਦਰਪੇਸ਼ ਖਤਰੇ ਬਾਰੇ ਜਾਣਬੁੱਝ ਕੇ ਪਾਰਦਰਸ਼ੀ ਨਹੀਂ ਰਹੀ ਹੈ ਅਤੇ ਅੱਤਵਾਦ ਵਿਰੋਧੀ ਪੁਲਿਸ ਨੇ ਜਾਨ ਨੂੰ ਖਤਰੇ ਦੀ ਚੇਤਾਵਨੀ ਅਤੇ ਇੱਕ ਪ੍ਰਮੁੱਖ ਸਿੱਖ ਦੇ ਘਰ ਦੇ ਬਾਹਰ ਇੱਕ ਵਿਅਕਤੀ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕਰਨ ਬਾਰੇ ਜਾਣਕਾਰੀ ਨੂੰ ਦਬਾ ਦਿੱਤਾ ਹੈ।

ਅਸੀਂ ਇਹ ਮਾਮਲੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਦਫਤਰ ਦੇ ਮੰਤਰੀਆਂ ਕੋਲ ਉਠਾਏ ਹਨ, ਪਰ ਉਹ ਭਾਰਤ ਸਰਕਾਰ ਨਾਲ ਸਬੰਧਾਂ ਦੇ ਕਾਫ਼ੀ ਵਿਗੜਨ ਦੇ ਡਰੋਂ ਕਿਸੇ ਖਾਸ ਖਤਰੇ ਨੂੰ ਸ਼ਾਮਲ ਨਹੀਂ ਕਰਨਾ ਚਾਹੁੰਦੇ ਅਤੇ ਜਨਤਕ ਤੌਰ 'ਤੇ ਸਵੀਕਾਰ ਨਹੀਂ ਕਰਨਾ ਚਾਹੁੰਦੇ। ਹਾਲਾਂਕਿ, ਇਸ ਹੈਰਾਨ ਕਰਨ ਵਾਲੇ ਪ੍ਰਸਾਰਣ ਲਈ ਯੂਕੇ ਸਰਕਾਰ ਨੂੰ ਮੇਜਰ ਗੌਰਵ ਆਰੀਆ ਦੀ ਜਨਤਕ ਤੌਰ 'ਤੇ ਨਿੰਦਾ ਕਰਨ ਅਤੇ ਯੂਕੇ ਵਿੱਚ ਸਿੱਖਾਂ ਨੂੰ ਮਾਰਨ ਲਈ ਗਰੋਹ ਨੂੰ ਨਿਯੁਕਤ ਕਰਨ ਲਈ ਅਜਿਹੇ ਭੜਕਾਊ ਬਿਆਨਾਂ ਦੀ ਇਜਾਜ਼ਤ ਦੇਣ ਲਈ ਭਾਰਤੀ ਅਧਿਕਾਰੀਆਂ ਨੂੰ ਝਿੜਕਣ ਦੀ ਲੋੜ ਹੈ। ਅਸੀਂ ਗੌਰਵ ਆਰੀਆ ਨੂੰ ਯਾਦ ਕਰਾਇਆ ਹੈ, ਕਿ ਅਵਤਾਰ ਸਿੰਘ ਖੰਡਾ ਨੂੰ 18 ਅਪ੍ਰੈਲ 2023 ਨੂੰ ਆਪਣੇ ਯੂਟਿਊਬ ਚੈਨਲ 'ਤੇ ਅਪਲੋਡ ਕੀਤੀ ਇੱਕ ਵੀਡੀਓ ਵਿੱਚ ਸਿੱਧੀ ਧਮਕੀ ਦਿੱਤੀ ਸੀ, ਜਿੱਥੇ ਉਸਨੇ ਕਿਹਾ ਸੀ ਖੰਡਾ, ਪੁੱਤਰ, ਤੁਸੀਂ ਖਤਮ ਹੋ ਗਏ ਹੋ... ਰਾਸ਼ਟਰੀ ਜਾਂਚ ਏਜੰਸੀ ਉਸਨੂੰ ਖਤਮ ਕਰ ਦੇਵੇਗੀ।"

ਇੱਕ ਮਹੀਨੇ ਬਾਅਦ ਭਾਰਤ ਤੋਂ ਐਨਆਈਏ ਦੀ ਇੱਕ ਟੀਮ ਅਵਤਾਰ ਸਿੰਘ ਖੰਡਾ ਦੀ ਜਾਂਚ ਲਈ ਲੰਡਨ ਆਈ, ਮੈਟਰੋਪੋਲੀਟਨ ਪੁਲਿਸ ਨੇ ਪੁਸ਼ਟੀ ਕੀਤੀ ਕਿ ਐਨਆਈਏ "ਦਮਨਕਾਰੀ ਗਤੀਵਿਧੀਆਂ" ਵਿੱਚ ਸ਼ਾਮਲ ਸੀ ਅਤੇ ਉਨ੍ਹਾਂ ਨੇ ਇਸ ਬਾਰੇ ਕੰਜ਼ਰਵੇਟਿਵ ਗ੍ਰਹਿ ਦਫਤਰ ਦੇ ਮੰਤਰੀਆਂ ਨੂੰ ਦੱਸਿਆ ਸੀ। ਅਤੇ ਕੁਝ ਹਫ਼ਤਿਆਂ ਬਾਅਦ 35 ਸਾਲਾ ਅਵਤਾਰ ਸਿੰਘ ਖੰਡਾ ਦੀ ਅਚਾਨਕ ਅਤੇ ਰਹੱਸਮਈ ਢੰਗ ਨਾਲ ਮੌਤ ਹੋ ਗਈ।

# ਕੇਂਦਰ ਵਲੋਂ ਪ੍ਰਵਾਸ ਅਤੇ ਵਿਦੇਸ਼ੀ ਬਿੱਲ 2025 ਲੋਕ ਸਭਾ ਵਿਚ ਪੇਸ਼

## ✪ ਗੈਰ-ਕਾਨੂੰਨੀ ਪ੍ਰਵਾਸ ਰੋਕਣ ਲਈ 7 ਸਾਲ ਕੈਦ ਅਤੇ 10 ਲੱਖ ਜੁਰਮਾਨਾ

ਨਵੀਂ ਦਿੱਲੀ-ਭਾਰਤ 'ਚ ਘੁਸਪੈਠ ਅਤੇ ਗੈਰ-ਕਾਨੂੰਨੀ ਪ੍ਰਵਾਸ ਰੋਕਣ ਲਈ ਕੇਂਦਰ ਵਲੋਂ ਬੀਤੇ ਦਿਨੀਂ ਪ੍ਰਵਾਸ ਅਤੇ ਵਿਦੇਸ਼ੀ ਬਿੱਲ 2025 ਪੇਸ਼ ਕੀਤਾ ਗਿਆ। ਗ੍ਰਹਿ ਰਾਜ ਮੰਤਰੀ ਨਿੱਤਿਆਨੰਦ ਰਾਏ ਨੇ ਬਿੱਲ ਪੇਸ਼ ਕਰਦਿਆਂ ਕਿਹਾ ਕਿ ਬਿੱਲ ਦਾ ਮਕਸਦ ਇਹ ਹੈ ਕਿ ਜੋ ਵੀ ਵਿਦੇਸ਼ੀ ਭਾਰਤ ਆਵੇ ਉਹ ਇਥੋਂ ਦੇ ਨੇਮਾਂ ਦਾ ਪਾਲਣ ਕਰ ਕੇ ਹੀ ਆਵੇ। ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾੜੀ ਅਤੇ ਤ੍ਰਿਣਮੂਲ ਕਾਂਗਰਸ ਦੇ ਸੌਗਤ ਰਾਏ ਨੇ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਬਿੱਲ ਸੰਵਿਧਾਨ ਦੇ ਮੁਤਾਬਿਕ ਨਹੀਂ ਹੈ ਅਤੇ ਇਸ ਨਾਲ ਸੰਬੰਧਿਤ ਪਹਿਲਾਂ ਹੀ 4 ਕਾਨੂੰਨ ਮੌਜੂਦ ਹਨ।

### ਚਾਰ ਪੁਰਾਣੇ ਕਾਨੂੰਨਾਂ ਦੀ ਥਾਂ ਲਵੇਗਾ

ਗ੍ਰਹਿ ਰਾਜ ਮੰਤਰੀ ਨਿੱਤਿਆਨੰਦ ਰਾਏ ਨੇ ਬਿੱਲ ਪੇਸ਼ ਕਰਦਿਆਂ ਕਿਹਾ ਕਿ ਇਹ ਬਿੱਲ ਚਾਰ ਪੁਰਾਣੇ ਕਾਨੂੰਨਾਂ ਦੀ ਥਾਂ ਲਵੇਗਾ। ਜਿਨ੍ਹਾਂ ਵਿਚ ਵਿਦੇਸ਼ੀ ਕਾਨੂੰਨ 1966, ਪਾਸਪੋਰਟ (ਭਾਰਤ ਦੇ ਦਾਖਲੇ) ਬਾਰੇ ਕਾਨੂੰਨ 1920, ਵਿਦੇਸ਼ੀਆਂ ਦੀ ਰਜਿਸਟ੍ਰੇਸ਼ਨ ਬਾਰੇ ਕਾਨੂੰਨ 1939 ਅਤੇ ਅਪ੍ਰਵਾਸ ਕਾਨੂੰਨ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਉਕਤ ਕਾਨੂੰਨਾਂ 'ਚੋਂ ਦੋ ਕਾਨੂੰਨ ਪਹਿਲੀ ਵਿਸ਼ਵ ਜੰਗ ਦੇ ਸਮੇਂ ਦੇ ਅਤੇ ਇਕ ਕਾਨੂੰਨ ਗੁਲਾਮੀ ਦੇ ਵੇਲੇ ਦਾ ਹੈ। ਇਨ੍ਹਾਂ ਪੁਰਾਣੇ ਕਾਨੂੰਨਾਂ ਨੂੰ ਰੱਦ ਕਰ ਕੇ ਇਕ ਵਿਆਪਕ ਕਾਨੂੰਨ ਲਿਆਂਦਾ ਗਿਆ ਹੈ ਜਿਸ ਵਿਚ ਚਾਰੋਂ ਕਾਨੂੰਨਾਂ ਦੀਆਂ ਲੋੜੀਦੀਆਂ ਧਾਰਾਵਾਂ ਨੂੰ ਸ਼ਾਮਿਲ ਕੀਤਾ ਜਾਵੇਗਾ।

### ਸਰਕਾਰ ਕੋਲ ਅਧਿਕਾਰ

ਇਸ ਨਵੇਂ ਕਾਨੂੰਨ ਤਹਿਤ ਸਰਕਾਰ ਕੋਲ ਵਧੇਰੇ ਅਧਿਕਾਰ ਆ ਜਾਣਗੇ ਜਿਸ 'ਚ ਭਾਰਤ 'ਚ ਦਾਖਲੇ ਨੂੰ ਰੋਕਣ, ਬਾਹਰ ਜਾਣ ਨੂੰ ਰੋਕਣ ਅਤੇ ਵਿਸ਼ੇਸ਼ ਖੇਤਰਾਂ ਵਿਚ ਜਾਣ 'ਤੇ ਪਾਬੰਦੀ ਲਗਾਉਣਾ ਸ਼ਾਮਿਲ ਹੈ। ਵਿਦੇਸ਼ੀ ਨਾਗਰਿਕਾਂ ਨੂੰ ਆਪਣੇ ਖਰਚੇ 'ਤੇ ਭਾਰਤ ਤੋਂ ਭਾਰਤ ਨਿਕਲਣਾ ਪਵੇਗਾ ਅਤੇ ਪਛਾਣ ਦੇ ਉਦੇਸ਼ ਨਾਲ ਬਾਇਓਮੈਟ੍ਰਿਕ ਅੰਕੜੇ ਦੇਣੇ ਪੈਣਗੇ।

### ਸਖ਼ਤ ਸਜ਼ਾ ਦੀ ਵਿਵਸਥਾ

ਪ੍ਰਸਤਾਵਿਤ ਕਾਨੂੰਨ ਵਿਚ ਪ੍ਰਵਾਸ ਸੰਬੰਧੀ ਨੇਮਾਂ ਦੀ ਉਲੰਘਣਾ ਲਈ ਸਖ਼ਤ ਸਜ਼ਾ ਦਾ ਵੀ ਪ੍ਰਬੰਧ ਹੈ। ਬਿਨ੍ਹਾਂ ਉਚਿਤ ਪਾਸਪੋਰਟ ਜਾਂ ਵੀਜ਼ਾ ਦੇ ਭਾਰਤ 'ਚ ਦਾਖਲ ਹੋਣ 'ਤੇ 5 ਲੱਖ ਰੁਪਏ ਤੱਕ ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ ਹੋ ਸਕਦੀ ਹੈ। ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕਰ ਕੇ ਦਾਖਲ ਹੋਣ ਵਾਲਿਆਂ ਨੂੰ ਦੋ ਤੋਂ ਸੱਤ ਸਾਲ ਤੱਕ ਜੇਲ੍ਹ ਅਤੇ ਇਕ ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਨਿਰਧਾਰਿਤ ਸਮੇਂ ਤੋਂ ਵੱਧ ਰਹਿਣ, ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਨ ਜਾਂ ਪਾਬੰਦੀਸ਼ੁਦਾ ਖੇਤਰਾਂ 'ਚ ਦਾਖਲ ਹੋਣ ਜਿਹੇ ਜੁਰਮਾਂ ਲਈ 3 ਸਾਲ ਤੱਕ ਦੀ ਕੈਦ, 3 ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

### ਕਾਂਗਰਸ ਤੇ ਟੀ.ਐਮ.ਸੀ. ਨੇ ਬਿੱਲ 'ਤੇ ਉਠਾਏ ਸਵਾਲ


ਕਾਂਗਰਸ ਅਤੇ ਟੀ.ਐਮ.ਸੀ. ਨੇ ਬਿੱਲ 'ਤੇ ਸਵਾਲ ਉਠਾਉਂਦਿਆਂ ਇਸ ਦਾ ਵਿਰੋਧ ਕੀਤਾ। ਮਨੀਸ਼ ਤਿਵਾੜੀ ਨੇ ਕਿਹਾ ਕਿ ਇਹ ਬੁਨਿਆਦੀ ਹੱਕਾਂ ਦਾ ਘਾਣ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਸੰਵਿਧਾਨ ਦੇ ਮੁਤਾਬਿਕ ਨਹੀਂ ਹੈ ਅਤੇ ਇਸ 'ਚ ਵਿਦੇਸ਼ੀ ਨਾਗਰਿਕਾਂ ਦੇ ਹਸਪਤਾਲ 'ਚ ਦਾਖਲ ਹੋਣ ਤੱਕ ਦਾ ਬਿਓਰਾ ਮੰਗਿਆ ਗਿਆ ਹੈ, ਜੋ ਮੈਡੀਕਲ ਨੈਤਿਕਤਾ ਦੇ ਵੀ ਖ਼ਿਲਾਫ਼ ਹੈ। ਸੌਗਤ ਰਾਏ ਨੇ ਪਹਿਲਾਂ ਤੋਂ ਮੌਜੂਦ 4 ਕਾਨੂੰਨਾਂ ਦੀ ਥਾਂ 'ਤੇ ਨਵਾਂ ਕਾਨੂੰਨ ਲਿਆਉਣ ਸੰਬੰਧੀ ਸਵਾਲ ਉਠਾਇਆ।



ਤਿਵਾੜੀ ਨੇ ਮੰਗ ਕੀਤੀ ਕਿ ਬਿੱਲ ਨੂੰ ਵਾਪਸ ਲਿਆ ਜਾਵੇ ਜਾਂ ਜੇ.ਪੀ.ਸੀ. ਕੋਲ ਭੇਜਿਆ ਜਾਵੇ।


### ਸੰਵਿਧਾਨ ਦੇ ਮੁਤਾਬਿਕ ਹੈ ਬਿੱਲ

ਗ੍ਰਹਿ ਰਾਜ ਮੰਤਰੀ ਨੇ ਵਿਰੋਧੀ ਧਿਰਾਂ ਦੇ ਇਤਰਾਜ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਬਿੱਲ ਪੂਰੀ ਤਰ੍ਹਾਂ ਸੰਵਿਧਾਨ ਦੇ ਮੁਤਾਬਿਕ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧ 'ਚ ਕਾਨੂੰਨ ਬਣਾਉਣ ਦਾ ਹੱਕ ਕੇਂਦਰ ਕੋਲ ਹੈ ਅਤੇ ਇਹ ਸੱਤਵੀਂ ਅਨੁਸੂਚੀ ਤਹਿਤ ਆਉਂਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਹਰ ਦੇਸ਼ ਕੋਲ ਵਿਦੇਸ਼ੀਆਂ ਦੇ ਪ੍ਰਵਾਸ ਸੰਬੰਧੀ ਕਾਨੂੰਨ ਹੁੰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੌਜੂਦਾ ਸਮੇਂ 'ਚ ਹੀ ਯੂਨੀਵਰਸਿਟੀਆਂ ਅਤੇ ਹਸਪਤਾਲਾਂ 'ਚ ਵਿਦੇਸ਼ੀਆਂ ਦੇ ਦਾਖਲ ਹੋਣ ਦੀ ਜਾਣਕਾਰੀ ਸਰਕਾਰ ਨੂੰ ਦੇਣੀ ਹੁੰਦੀ ਹੈ। ਇਹ ਵਿਵਸਥਾ ਆਦੇਸ਼ ਵਜੋਂ ਲਾਗੂ ਹੈ ਜਿਸ ਨੂੰ ਹੁਣ ਕਾਨੂੰਨ ਹੇਠ ਲਿਆਂਦਾ ਜਾ ਰਿਹਾ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**

## ਨਵੇਂ ਜਥੇਦਾਰ ਨੇ ਕਿਹਾ ਕਿ ਜੇਕਰ ਪੰਥ ਨੂੰ ਨਹੀਂ ਹੋਇਆ ਪ੍ਰਵਾਨ ਤਾਂ ਛੱਡ ਦਿਆਂਗਾ ਸੇਵਾ



ਅੰਮ੍ਰਿਤਸਰ-ਜੇਕਰ ਕਦੇ ਸਿੱਖ ਪੰਥ ਨੇ ਸਮਝਿਆ ਕਿ ਮੇਰੀ ਵਿੱਚ ਕੋਈ ਕਮੀ ਹੈ ਜਾਂ ਮੈਨੂੰ ਜਥੇਦਾਰ ਬਣ ਕੇ ਸਿੱਖ ਕੌਮ ਦੀ ਸੇਵਾ ਨਹੀਂ ਕਰਨੀ ਚਾਹੀਦੀ ਤਾਂ ਹੱਥ ਜੋੜ ਕੇ ਇਹ ਸੇਵਾ ਛੱਡ ਦਿਆਂਗਾ ਅਤੇ ਨਵੇਂ ਆਉਣ ਵਾਲੇ ਜਥੇਦਾਰ ਨੂੰ ਖੁਦ ਦਸਤਾਰ ਦੇ ਕੇ ਆਵਾਂਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਅੱਜ ਕੁਝ ਅਹਿਮ ਗੱਲਾਂ ਕਹੀਆਂ ਗਈਆਂ ਹਨ। ਹੋਲੇ ਮੁਹੱਲੇ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਹੋਲਾ ਮੁਹੱਲਾ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਅਤੇ ਹਰ ਸਿੱਖ ਨੂੰ ਉੱਥੇ ਬਿਨਾਂ ਕਿਸੇ ਡਰ ਤੋਂ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਸਿੱਖੀ ਨੂੰ ਬਚਾਉਣ ਦੇ ਲਈ ਸਾਰਿਆਂ ਨੂੰ ਹੰਭਲਾ ਮਾਰਨਾ ਜਰੂਰੀ ਹੈ।

ਪੰਜਾਬੀਆਂ ਦੇ ਵਿਦੇਸ਼ਾਂ ਵਿੱਚ ਜਾਣ ਦੇ ਮੁੱਦੇ ਨੂੰ ਚੁੱਕਦਿਆਂ ਉਨ੍ਹਾਂ ਨੇ ਕਿਹਾ ਕਿ ਅੱਜ ਪੰਜਾਬ ਦੇ ਪਿੰਡ ਖਾਲੀ ਹੋ ਰਹੇ ਹਨ ਅਤੇ ਇਸ ਕਾਰਨ ਅੱਜ ਗੁਰੂ ਦੇ ਸਿੰਘਾਂ ਨੂੰ ਪਿੰਡ-ਪਿੰਡ ਜਾ ਕੇ ਧਰਮ ਪ੍ਰਚਾਰ ਕਰਨ ਦੀ ਲੋੜ ਹੈ। ਉਨ੍ਹਾਂ ਨੇ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਨੂੰ ਕਿਹਾ ਕਿ ਸਾਡੀ ਪਹਿਲ ਪੰਜਾਬ ਨੂੰ ਆਉਣਾ ਹੋਣੀ ਚਾਹੀਦੀ ਹੈ ਤਾਂ ਜੋ ਮੁੜ ਤੋਂ ਪਿੰਡਾਂ ਵਿੱਚ ਖੁਸ਼ੀਆਂ ਪਰਤਣ।

ਸਾਬਕਾ ਜਥੇਦਾਰ ਨੂੰ ਹਟਾਉਣ ਦੇ ਫ਼ੈਸਲੇ 'ਤੇ ਸਿਆਸੀ ਅਤੇ ਧਾਰਮਿਕ ਆਗੂਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਦੇ ਸਵਾਲ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮੈਂ ਇਸ 'ਤੇ ਕੁਝ ਨਹੀਂ ਕਹਿਣਾ ਚਾਹਾਂਗਾ। ਇਹ ਜਥੇਦਾਰ ਸਾਹਿਬ ਦਾ ਮਸਲਾ ਨਹੀਂ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਾਉਣ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਸਭ ਤੋਂ ਉੱਪਰ ਸੀ ਅਤੇ ਉਸਨੇ ਉੱਥੇ ਹੀ ਰਹਿਣਾ ਹੈ। ਉਹਨਾਂ ਕਿਹਾ ਕਿ ਜੇਕਰ ਮੇਰੇ ਬਾਕੀਆਂ ਕੋਲ ਜਾ ਕੇ ਬੇਨਤੀ ਕਰਨ ਨਾਲ ਸਾਰਾ ਪੰਥ ਇਕੱਠਾ ਹੁੰਦਾ ਹੈ ਤਾਂ ਮੈਂ ਇਹਨਾਂ ਕੋਲ ਨੰਗੇ ਪੈਰੀਂ ਜਾਣ ਨੂੰ ਤਿਆਰ ਹਾਂ।

### -ਮਾਮਲਾ ਅਕਾਲ ਤਖਤ ਤੇ ਪੰਥਕ ਸੰਕਟ ਦਾ-

## ਦਮਦਮੀ ਟਕਸਾਲ ਆਨੰਦਪੁਰ ਸਾਹਿਬ ਵਿਖੇ 14 ਮਾਰਚ ਨੂੰ ਕਰੇਗੀ ਵੱਡਾ ਇਕੱਠ



ਅੰਮ੍ਰਿਤਸਰ-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਨੇ ਕਿਹਾ ਕਿ ਸਿੱਖ ਸਿਧਾਂਤਾ ਅਤੇ ਤਖਤ ਸਹਿਬਾਨ ਦੇ ਹੋਏ ਅਪਮਾਨ ਅਤੇ ਪੰਥਕ ਮਰਿਆਦਾ ਦੇ ਹੋਏ ਨਿਰਾਦਰ ਨੂੰ ਵੇਖਦੇ ਹੋਏ 14 ਮਾਰਚ ਨੂੰ ਪੰਜ ਪਿਆਰਾ ਪਾਰਕ ਦੇ ਸਾਹਮਣੇ ਦਮਦਮੀ ਟਕਸਾਲ ਦੇ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਪੰਥਕ ਇਕੱਠ ਕੀਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਸੰਸਥਾਵਾਂ ਅਤੇ ਸਮੁੱਚੇ ਪੰਥ ਨੂੰ ਬੇਨਤੀ ਕੀਤੀ ਕਿ ਇਸ ਪੰਥਕ ਇਕੱਠ ਵਿੱਚ ਜ਼ਰੂਰ ਪਹੁੰਚਣ।

## ਪਿਟਸਬਰਗ ਯੂਨੀਵਰਸਿਟੀ ਵਿਚ ਪੜਦੀ ਭਾਰਤੀ ਵਿਦਿਆਰਥਣ ਦੇ ਸਮੁੰਦਰ ਦੀਆਂ ਲਹਿਰਾਂ ਵਿਚ ਫੱਸ ਕੇ ਡੁੱਬ ਜਾਣ ਦੀ ਖਦਸ਼ਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਅਮਰੀਕਾ ਦੀ ਪਿਟਸਬਰਗ ਯੁਨੀਵਰਸਿਟੀ ਵਿਚ ਪੜਦੀ 20 ਸਾਲਾ ਭਾਰਤੀ ਵਿਦਿਆਰਥਣ ਸੁਦੀਕਸ਼ਾ ਕੋਨਾਨਕੀ ਦੀ ਡੋਮਿਨੀਕਨ ਰਿਪਬਲਿਕ ਵਿਚ ਸਮੁੰਦਰ ਦੀਆਂ ਲਹਿਰਾਂ ਵਿੱਚ ਫੱਸ ਕੇ ਡੁੱਬ ਜਾਣ ਕਾਰਨ ਮੌਤ ਹੋ ਗਈ ਹੈ। ਕੋਨਾਨਕੀ ਜੋ ਆਪਣੀਆਂ 5 ਸਹੇਲੀਆਂ ਨਾਲ ਡੋਮਿਨੀਕਨ ਰਿਪਬਲਿਕ ਵਿਚ ਛੁੱਟੀਆਂ ਮਨਾਉਣ ਗਈ ਸੀ, ਨੂੰ ਆਖਰੀ ਵਾਰ ਪੁੰਟਾ ਕਾਨਾ ਵਿਚ ਰਿਊ ਰਿਪਬਲਿਕਾ ਰਿਜ਼ਾਰਟ ਨੇੜੇ ਬੀਚ ਉਪਰ 6 ਮਾਰਚ ਨੂੰ ਸਵੇਰੇ 4.50 ਵਜੇ ਵੇਖਿਆ ਗਿਆ ਸੀ। ਨਿਊਯਾਰਕ ਪੋਸਟ ਵਿਚ ਡੋਮਿਨੀਕਨ ਅਧਿਕਾਰੀਆਂ ਦੇ ਹਵਾਲੇ ਨਾਲ ਛੱਪੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਕ ਜੋਰਦਾਰ ਲਹਿਰ ਕੋਨਾਨਕੀ ਨੂੰ ਆਪਣੇ ਨਾਲ ਵਹਾ ਕੇ ਲੈ ਗਈ ਹੈ। ਜਾਂਚਕਾਰਾਂ ਨੇ ਉਸ ਦੇ ਕਪੜੇ ਬੀਚ ਉਪਰੋਂ ਬਰਾਮਦ ਕਰ ਲਏ ਹਨ। ਰਿਪੋਰਟ ਅਨੁਸਾਰ ਉੱਤਰੀ ਵਰਜੀਨੀਆ ਵਾਸੀ ਸੁਦੀਕਸ਼ਾ ਜੋ ਕਾਨੂੰਨੀ ਤੌਰ 'ਤੇ ਅਮਰੀਕਾ ਦੀ ਸਥਾਈ ਵਸਨੀਕ ਹੈ, ਸਮੁੰਦਰ ਵਿਚ ਤੈਰ ਰਹੀ ਸੀ ਜਦੋਂ ਇਕ ਜੋਰਦਾਰ ਲਹਿਰ ਉਸ ਨੂੰ ਵਹਾ ਕੇ ਲੈ ਗਈ ਤੇ ਉਸ ਤੋਂ ਬਾਅਦ ਉਸ ਦੀ ਕੋਈ ਉੱਗ ਸੁੱਗ ਨਹੀਂ ਲੱਗੀ ਹੈ। ਉਸ ਨੂੰ ਲੱਭਣ ਲਈ ਵੱਡੀ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਜਿਨਾਂ ਵਿਚ ਹੈਲੀਕਾਪਟਰਾਂ ਤੇ ਡਰੋਨਾਂ ਦੀ ਵਰਤੋਂ ਕੀਤੀ ਗਈ ਹੈ ਪਰੰਤੂ ਅਜੇ ਤੱਕ ਬਚਾਅ ਟੀਮਾਂ ਉਸ ਨੂੰ ਲੱਭਣ ਵਿਚ ਅਸਫਲ ਰਹੀਆਂ ਹਨ। ਡੋਮਿਨੀਕਨ ਰਿਪਬਲਿਕ ਵਿਚਲਾ ਭਾਰਤੀ ਦੂਤਘਰ, ਵਿਦੇਸ਼ ਵਿਭਾਗ ਤੇ ਸਥਾਨਕ ਅਧਿਕਾਰੀ ਮਾਮਲੇ ਨੂੰ ਸੁਲਝਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ। ਯੁਨੀਵਰਸਿਟੀ ਆਫ ਪਿਟਸਬਰਗ ਕੋਨਾਨਕੀ ਦੇ ਪਰਿਵਾਰ ਨਾਲ ਸੰਪਰਕ ਵਿਚ ਹੈ।

## ਸਾਬਕਾ ਸੈਂਟਰਲ ਬੈਂਕਰ ਮਾਰਕ ਕਾਰਨੇ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ



ਟੋਰਾਂਟੋ- ਸਾਬਕਾ ਸੈਂਟਰਲ ਬੈਂਕਰ ਮਾਰਕ ਕਾਰਨੇ (Mark Carney) ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਲਿਬਰਲ ਪਾਰਟੀ ਨੇ ਕਾਰਨੇ ਨੂੰ ਸਰਬਸੰਮਤੀ ਨਾਲ ਆਪਣਾ ਆਗੂ ਚੁਣ ਲਿਆ ਹੈ। ਕਾਰਨੇ ਦੇ ਹੱਥ ਕਮਾਨ ਅਜਿਹੇ ਮੌਕੇ ਆਈ ਹੈ ਜਦੋਂ ਕੈਨੇਡਾ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਛੇੜੀ ਟੈਰਿਫ (ਟੈਕਸ) ਜੰਗ ਤੇ ਕੈਨੇਡਾ ਨੂੰ 51ਵੇਂ ਰਾਜ ਵੱਲੋਂ ਆਪਣੇ ਵਿਚ ਸ਼ਾਮਲ ਕਰਨ ਦੀ ਧਮਕੀ ਜਿਹੀਆਂ ਚੁਣੌਤੀਆਂ ਦਰਪੇਸ਼ ਹਨ।ਕਾਰਨੇ (59) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਥਾਂ ਲੈਣਗੇ, ਜਿਨ੍ਹਾਂ ਇਸ ਸਾਲ ਜਨਵਰੀ ਵਿਚ ਅਸਤੀਫਾ ਦੇ ਦਿੱਤਾ ਸੀ। ਟਰੂਡੋ ਨੇ ਉਦੋਂ ਆਪਣੇ ਅਸਤੀਫ਼ੇ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਆਪਣੇ ਜਾਨਸ਼ੀਨ ਵੱਲੋਂ ਸਹੁੰ ਚੁੱਕੇ ਜਾਣ ਤੱਕ ਇਸ ਅਹੁਦੇ ਤੇ ਬਣੇ ਰਹਿਣਗੇ। ਕਾਰਨੇ ਨੇ ਬੈਂਕ ਆਫ਼ ਕੈਨੇਡਾ ਦੇ ਮੁਖੀ ਵਜੋਂ ਜ਼ਿੰਮੇਵਾਰੀ ਨਿਭਾਉਂਦਿਆਂ ਸੰਕਟਾਂ ਦਾ ਸਾਹਮਣਾ ਕੀਤਾ ਸੀ। ਉਹ 2013 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਚਲਾਉਣ ਵਾਲੇ ਪਹਿਲੇ ਗੈਰ-ਨਾਗਰਿਕ ਬਣੇ ਸਨ।

## CHANGE OF NAME

I, KARMJEET KAUR D/O MR KARTAR SINGH WHOSE PERMANENT ADDRESS IN INDIA IS H.NO. 19878, ST. NO. 20, AJIT ROAD, BATHINDA, PIN: 151001, PUNJAB AND NOW LIVING AT 62 BALMORAL DRIVE, HAYES, MIDDLESEX, UB4 0BY, UK HEREBY GIVE NOTICE OF MY INTENTION TO CHANGE MY NAME TO KARMJEET KAUR MANGAT. (U/I)

I, DARBARA SINGH S/O MR DALVIR SINGH WHOSE PERMANENT ADDRESS IN INDIA IS VILL: SIMBRO, P.O. ALLOWAL, TEH: NABHA, PATIALA, PIN: 147001, PUNJAB AND NOW LIVING AT 62 BALMORAL DRIVE, HAYES, MIDDLESEX, UB4 0BY, UK HEREBY GIVE NOTICE OF MY INTENTION TO CHANGE MY NAME TO DARBARA SINGH MANGAT. (U/I)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85

## ਸ: ਸਵਰਨਜੀਤ ਸਿੰਘ ਖਾਲਸਾ ਨੂੰ ਕਨੈਕਟੀਕਟ ਸਿਟੀ ਕੌਂਸਲ ਦੇ ਪਹਿਲੇ ਸਿੱਖ ਮੇਅਰ ਬਣਨ ਲਈ ਸਾਥ ਦਿਓ




## ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
Tel: 07966 388 388

**ਆਓ ਦੂਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



# ਮਨਮਾੜ ਨੇੜੇ ਇੱਕ ਪਰਿਵਾਰ ਦੇ ਕੋਲ ਪੁਰਾਤਨ ਗੁਟਕਾ ਸਾਹਿਬ ਦੇ ਦਰਸ਼ਨ


ਵਿਸ਼ਨੂੰ ਕੈਂਥ ਰਾਓ ਪਟਿਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰ ਕੋਲ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿੱਤਾ ਗਿਆ ਇੱਕ ਛੋਟੇ ਅਕਾਰ ਦਾ ਪੁਰਾਤਨ ਗੁਟਕਾ ਸਾਹਿਬ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਗੱਲ 1700 ਈ: ਦੇ ਲੱਗਭੱਗ ਦੀ ਹੈ। ਰਾਜਾ ਰੁਸਤਮ ਰਾਵ ਜੀ ਅਤੇ ਬਾਲਾ ਰਾਵ ਜੀ ਦੋ ਭਰਾ ਸਨ। ਉਹਨਾਂ ਦੇ ਪਿਤਾ ਦਾ ਨਾਂ ਸੰਤਾ ਜੀ ਪਾਂਦਰੇ ਸੀ। ਉਹ ਇਕ ਯੋਧਾ ਸੀ ਤੇ ਸ਼ਿਵਾ ਜੀ ਦੇ ਗੂੜ੍ਹੇ ਮਿੱਤਰ ਸਨ। ਅੱਜ ਉਹਨਾਂ ਦੇ ਨਾਂ ਤੇ ਸੰਤਾ ਪੁਰ ਨਾਂ ਦਾ ਪਿੰਡ ਵਸਿਆ ਹੋਇਆ ਹੈ। ਉਹਨਾਂ ਦੇ ਅਧੀਨ 1500 ਕਿਲ੍ਹੇ ਸਨ। ਪਰ ਉਹਨਾਂ ਨੂੰ ਕੈਦ ਕਰਕੇ ਸਿਤਾਰਾ ਕਿਲ੍ਹੇ ਵਿੱਚ ਰੱਖਿਆ ਹੋਇਆ ਸੀ। ਉਹਨਾਂ ਬਾਬਤ ਕਿਹਾ ਜਾਂਦਾ ਹੈ ਕਿ ਰੁਸਤਮ ਰਾਓ ਜੀ ਬਾਲਾਰਾਓ ਜੀ ਦਾ ਫਤਹਿ ਸਿੰਘ ਭੋਸਲੇ ਦੇ ਖਿਲਾਫ਼ ਸ਼ਾਹੂ ਮਹਾਰਾਜ ਦੇ ਨਾਲ ਵਿਵਾਦ ਹੋ ਗਿਆ ਤੇ ਉਹਨਾਂ ਨੂੰ ਬੰਦੀ ਬਣਾ ਲਿਆ ਗਿਆ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਮਾਤਾ ਭਾਗ ਕੌਰ ਦੀ ਵੀ ਮਦਦ ਕੀਤੀ ਸੀ। ਜਿਸ ਕਰਕੇ ਔਰੰਗਜ਼ੇਬ ਨੇ ਉਹਨਾਂ ਨੂੰ ਕੈਦ ਕਰ ਦਿੱਤਾ ਸੀ। ਇਹ ਦੱਸਿਆ ਜਾਂਦਾ ਹੈ ਕਿ ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਦੇ ਸੁਪਨੇ ਵਿੱਚ ਆਏ ਤੇ ਕਿਹਾ ਕਿ ਤੁਸੀਂ ਤਿਆਰ ਰਹਿਣਾ, ਮੈਂ ਤੁਹਾਨੂੰ ਰਿਹਾਅ ਕਰਵਾਉਣ ਲਈ ਆ ਰਿਹਾ ਹਾਂ। ਅਗਲੇ ਦਿਨ ਅਚਾਨਕ ਅਸਮਾਨ ਵਿੱਚ ਬਹੁਤ ਗੂੜ੍ਹੇ ਬੱਦਲ ਛਾ ਗਏ, ਬਿਜਲੀ ਚਮਕਣ ਲੱਗੀ ਅਤੇ ਨਾਲ ਹੀ ਗੁਰੂ ਜੀ ਪਰਗਟ ਹੋਏ ਤੇ ਉਹਨਾਂ ਆਪਣੇ ਕੋਲ ਰੱਖਿਆ ਗੁਟਕਾ ਸਾਹਿਬ ਉਹਨਾਂ ਨੂੰ ਦਿੰਦੇ ਹੋਏ ਕਿਹਾ ਕਿ ਤੁਹਾਨੂੰ ਪੂਜਾ ਪਾਠ ਕਰਨ ਲਈ ਇਹ ਸ਼ਕਤੀ ਦੇ ਰਿਹਾ ਹਾਂ, ਇਸ ਵਿੱਚ ਰੂਹਾਨੀ ਤਾਕਤ ਹੈ। ਮੈਂ ਤੁਹਾਡੀ ਰੱਖਿਆ ਖੁਦ ਕਰੂੰਗਾ। ਗਰੀਬਾਂ ਦੀ ਭੁੱਖ ਮਿਟਾਉਂਗਾ ਅਤੇ ਲੋਕਾਂ ਨੂੰ ਮੁਗਲ ਰਾਜਿਆਂ ਦੇ ਜ਼ੁਲਮਾਂ ਤੋਂ ਬਚਾਊਂਗਾ। ਵਿਸ਼ਨੂੰ ਪਟੇਲ ਦਾ ਕਹਿਣਾ ਹੈ ਕਿ ਉਹਨਾਂ ਦੇ ਵੱਡਿਆਂ ਬਜ਼ੁਰਗਾਂ ਨੇ ਗੁਰੂ ਜੀ ਦਾ ਹੁਕਮ ਮੰਨਿਆ ਤੇ ਗੁਟਕੇ ਤੋਂ ਪਾਠ ਪੂਜਾ ਕਰਦੇ ਰਹੇ।

ਪਰਿਵਾਰ ਨੇ ਇਸ ਦੌਰਾਨ ਬਹੁਤ ਸਾਰੀਆਂ ਸੇਵਾਵਾਂ ਕਰਵਾਈਆਂ। ਮਾਤਾ ਭਾਗ ਕੌਰ ਦੀ ਯਾਦ ਵਿੱਚ ਗੁਰਦੁਆਰਾ ਬਣਵਾਇਆ। ਆਪਣੇ ਵੱਡਿਆਂ ਦੇ ਨਾਂ ਤੇ ਮਨਮਾੜ ਵਿਖੇ ਗੁਰਦੁਆਰਾ ਬਣਾਇਆ।

ਇਹ ਸਥਾਨ ਹੈਦਰਾਬਾਦ ਨੇੜੇ ਜ਼ਿਲ੍ਹਾ ਸੰਗਾਰੇਡੀ ਅਤੇ ਪਿੰਡ ਤੜਕਾਲ ਵਿੱਚ ਹੈ।

ਇਸ ਪਰਿਵਾਰ ਦੀ ਇੱਛਾ ਹੈ ਕਿ ਸਿੱਖ ਸੰਗਤਾਂ ਦੱਖਣ ਦੀ ਯਾਤਰਾ ਸਮੇਂ ਉਹਨਾਂ ਦੇ ਸਥਾਨ 'ਤੇ ਜਾਣ, ਇਸ ਗੁਟਕਾ ਸਾਹਿਬ ਦੇ ਦਰਸ਼ਨ ਕਰਨ ਅਤੇ ਉਹ ਇਸ ਸਥਾਨ ਤੇ ਗੁਰਦੁਆਰਾ ਬਣਾਉਣਾ ਚਾਹੁੰਦੇ ਹਨ। ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਹੋ ਸਕਦਾ ਹੈ।

ਸੰਪਰਕ ਨੰਬਰ: 91+9000994765
Pandrevishnupatil@gmail.com




ਉਪਰ 1,2,3) ਪੁਰਾਤਨ ਗੁਟਕਾ ਸਾਹਿਬ, 4) ਗੁਰੂ ਗੋਬਿੰਦ ਸਿੰਘ ਜੀ ਮਨਮਾੜ ਦੇ ਰਾਜੇ ਨੂੰ ਅਜ਼ਾਦ ਕਰਵਾਉਂਦੇ ਹੋਏ 5) ਬਾਜੀ ਰਾਓ ਪਰਿਵਾਰ ਦਾ ਪੁਰਾਣਾ ਕਿਲ੍ਹਾ 6) ਪਰਿਵਾਰ ਦੇ ਮੈਂਬਰ ਸਵਰਗੀ ਰੁਸਤਮ ਰਾਓ ਪਾਟਿਲ, ਉਹਨਾਂ ਦੀ ਪਤਨੀ ਰੇਖਾ ਬਾਈ ਪਾਟਿਲ, ਪੁੱਤਰ ਗੋਪਾਲ ਰਾਓ ਅਤੇ ਕੈਂਥ ਰਾਓ ਪਾਟਿਲ


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ।। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ।।

## ਸਾਡੇ ਸਤਿਕਾਰਯੋਗ ਬੀਬੀ ਗੁਰਮੀਤ ਕੌਰ ਜੀ ਨਹੀਂ ਰਹੇ

## ਅੰਤਿਮ ਸੰਸਕਾਰ 21 ਮਾਰਚ 2025 ਦਿਨ ਸ਼ੁੱਕਰਵਾਰ ਨੂੰ ਹੋਵੇਗਾ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਇਹ ਖ਼ਬਰ ਦਿੱਤੀ ਜਾਂਦੀ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਬੀਬੀ ਗੁਰ-ਮੀਤ ਕੌਰ ਜੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਤੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਨਾਲ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ 21 ਮਾਰਚ ਨੂੰ ਕੀਤਾ ਜਾਵੇਗਾ।

ਸਵੇਰੇ 10:15 ਤੋਂ 11:00 ਵਜੇ ਤੱਕ ਉਹਨਾਂ ਦੀ ਦੇਹ ਅੰਤਿਮ ਦਰਸ਼ਨਾਂ ਅਤੇ ਅਰਦਾਸ ਲਈ ਗੁਰਦੁਆਰਾ ਸਿੰਘ ਸਭਾ 2-8 ਪਾਰਕ ਐਵੇਨਿਊ ਸਾਊਥਾਲ ਵਿਖੇ ਲਿਆਂਦੀ ਜਾਵੇਗੀ।

12:15 ਵਜੇ ਚਿਲਟਰਨਸ ਸ਼ਮਸ਼ਾਨਘਾਟ ਵੀਲਡਨ ਲੇਨ ਐਮਰਸ਼ਾਮ ਵਿਖੇ ਅੰਤਿਮ ਸੰਸਕਾਰ ਹੋਵੇਗਾ।

With heavy hearts, we ask that you please join us as we commemorate her life and pay our final respects.

FUNERAL SERVICE ON 21 MARCH 2025

10:15AM - 11:00AM - ANTAM DARSHAN & ARDAAS
GURDWARA SRI GURU SINGH SABHA
2-8 PARK AVENUE SOUTHALL UB1 3AG

12:15PM - ANTAM SANSKAR
CHILTERNS CREMATORIUM
WHIELDEN LANE AMERSHAM HP7 0ND

1:30PM SEHAJ PAATH BHOG & LANGAR
GURDWARA SRI GURU SINGH SABHA
2-8 PARK AVENUE SOUTHALL UB1 3AG

WATCH LIVE ON HTTPS://WATCH2.OBITUS.COM
USERNAME: RUBO0946 PASSWORD: 040569



ਸਵਰਗੀ ਬੀਬੀ ਗੁਰਮੀਤ ਕੌਰ ਜੀ

ਬਾਅਦ ਦੁਪਹਿਰ 1:30 ਵਜੇ ਗੁਰਦੁਆਰਾ ਸਿੰਘ ਸਭਾ ਪਾਰਕ ਐਵੇਨਿਊ ਸਾਊਥਾਲ ਵਿਖੇ ਸਹਿਜ ਪਾਠ ਦਾ ਭੋਗ ਪਵੇਗਾ। ਜਿਸ ਦੌਰਾਨ ਆਪ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ ਅਤੇ ਗੁਰੂ ਕਾ ਅਟੁੱਟ ਲੰਗਰ ਵਰਤੇਗਾ।

For more Information: Malkit Hear phone: 07792 887 251 - Makhtar Hear phone: 07903 700 000


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ ਪਤਾ:
GURDWARA SRI GURU SINGH SABHA SOUTHALL,
2-8 PARK AVENUE, SOUTHALL UB1 3AG

ਅੰਤਿਮ ਸੰਸਕਾਰ ਲਈ ਸ਼ਮਸ਼ਾਨਘਾਟ ਦਾ ਪਤਾ:
CHILTERNS CREMATORIUM
WHIELDEN LANE, AMERSHAM HP7 0ND


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਵਿਸ਼ਵ ਦੇ ਮਹਾਨ ਖਿਡਾਰੀ
# ਏਸ਼ੀਆ ਦਾ ਉਡਣਾ ਦੌੜਾਕ ਅਬਦੁੱਲ ਖ਼ਾਲਿਕ

ਪ੍ਰਿੰ. ਸਰਵਣ ਸਿੰਘ



ਅਬਦੁੱਲ ਖ਼ਾਲਿਕ ਪਾਕਿਸਤਾਨ ਦਾ ਮਿਲਖਾ ਸਿੰਘ ਸੀ। ਦੋਹਾਂ ਦਾ ਜਨਮ ਅਣਵੰਡੇ ਪੰਜਾਬ ਵਿਚ ਹੋਇਆ ਸੀ। ਮਿਲਖਾ ਸਿੰਘ ਦਾ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਤੇ ਅਬਦੁੱਲ ਖ਼ਾਲਿਕ ਦਾ ਜ਼ਿਲ੍ਹਾ ਚਕਵਾਲ 'ਚ। 1947 ਵਿਚ ਦੇਸ਼ ਦੀ ਵੰਡ ਵੇਲੇ ਅਬਦੁੱਲ ਖ਼ਾਲਿਕ ਪਾਕਿਸਤਾਨ ਵਿਚ ਰਹਿ ਗਿਆ ਜਦਕਿ ਮਿਲਖਾ ਸਿੰਘ ਨੂੰ ਉੱਜੜ ਪੁੱਜੜ ਕੇ ਭਾਰਤ ਆਉਣਾ ਪਿਆ। ਜੁਆਨ ਹੋ ਕੇ ਦੋਵੇਂ ਭਾਰਤ-ਪਾਕਿ ਫੌਜਾਂ ਵਿਚ ਭਰਤੀ ਹੋਏ ਤੇ ਏਸ਼ੀਆ ਦੇ ਸਭ ਤੋਂ ਤੇਜ਼ਤਰਾਰ ਦੌੜਾਕ ਬਣੇ। ਦੋਹਾਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਤੇ ਦੋਹੇਂ ਏਸ਼ੀਆ ਦੇ ਬੈੱਸਟ ਅਥਲੀਟ ਰਹੇ। ਅਬਦੁੱਲ ਖ਼ਾਲਿਕ ਦਿੱਲੀ 'ਚ ਦੌੜਿਆ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਸ ਨੂੰ 'ਫਲਾਈਂਗ ਬਰਡ ਆਫ਼ ਏਸ਼ੀਆ' ਕਹਿ ਕੇ ਵਡਿਆਇਆ। ਮਿਲਖਾ ਸਿੰਘ ਲਾਹੌਰ 'ਚ ਦੌੜਿਆ ਤਾਂ ਪਾਕਿ-ਸਤਾਨ ਦੇ ਸਦਰ ਅਯੂਬ ਖਾਂ ਨੇ ਉਸ ਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ।

ਅਬਦੁੱਲ ਖ਼ਾਲਿਕ ਪਾਕਿਸਤਾਨ ਦਾ ਪਹਿਲਾ ਅਥਲੀਟ ਸੀ ਜਿਸ ਨੇ ਪਾਕਿਸਤਾਨ ਦਾ ਨਾਂ ਏਸ਼ਿਆਈ ਖੇਡਾਂ 'ਚ ਚਮਕਾਇਆ। ਉਸ ਨੇ 1954 ਤੇ 1958 ਦੀਆਂ ਏਸ਼ਿਆਈ ਖੇਡਾਂ 'ਚੋਂ ਪੰਜ ਮੈਡਲ ਜਿੱਤੇ। 2 ਸੋਨੇ ਦੇ, 2 ਚਾਂਦੀ ਦੇ ਤੇ 1 ਕਾਂਸੀ ਦਾ। ਉਸ ਦੀ ਪ੍ਰਮੁੱਖ ਦੌੜ 100 ਮੀਟਰ ਸਪਾਟ ਦੌੜ ਸੀ। ਉਂਜ ਉਹ 200 ਮੀਟਰ ਦੌੜ ਦਾ ਵੀ ਨਾਮੀ ਦੌੜਾਕ ਸੀ। 1958 ਵਿਚ ਟੋਕੀਓ ਦੀਆਂ ਏਸ਼ਿਆਈ ਖੇਡਾਂ ਸਮੇਂ ਅਬਦੁੱਲ ਖ਼ਾਲਿਕ ਤੇ ਮਿਲਖਾ ਸਿੰਘ ਵਿਚਕਾਰ 200 ਮੀਟਰ ਦੀ ਦੌੜ ਬੇਹੱਦ ਚਰਚਾ ਦਾ ਵਿਸ਼ਾ ਬਣੀ ਸੀ। ਕੋਈ ਕਹਿੰਦਾ ਸੀ ਅਬਦੁੱਲ ਖ਼ਾਲਿਕ ਜਿੱਤੇਗਾ, ਕੋਈ ਮਿਲਖਾ ਸਿੰਘ। ਦਰਸ਼ਕਾਂ ਦੀਆਂ ਆਪਸ ਵਿਚ ਸ਼ਰਤਾਂ ਲੱਗ ਗਈਆਂ ਸਨ। 200 ਮੀਟਰ ਦੌੜ ਦੇ ਮੁਕਾਬਲੇ ਤੋਂ ਪਹਿਲਾਂ ਅਬਦੁੱਲ ਖ਼ਾਲਿਕ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਤੇ ਮਿਲਖਾ ਸਿੰਘ 400 ਮੀਟਰ ਦੀ। ਉਨ੍ਹਾਂ 'ਚੋਂ ਜਿਹੜਾ ਵੀ 200 ਮੀਟਰ ਦੀ ਦੌੜ ਜਿੱਤਦਾ ਉਸੇ ਨੇ ਏਸ਼ੀਆਈ ਖੇਡਾਂ ਦਾ ਬੈੱਸਟ ਅਥਲੀਟ ਬਣਨਾ ਸੀ।

ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਬਦੁੱਲ ਖ਼ਾਲਿਕ ਤੇ ਮਿਲਖਾ ਸਿੰਘ ਮੀਡੀਏ ਦੇ ਫੋਕਸ ਵਿਚ ਸਨ। ਜਦੋਂ ਉਹ ਟੋਕੀਓ ਖੇਡ ਪਿੰਡ 'ਚ ਪਹੁੰਚੇ ਤਾਂ ਵਧੇਰੇ ਕੈਮਰੇ ਉਨ੍ਹਾਂ ਦੋਹਾਂ ਦੁਆਲੇ ਸਨ। ਅਬਦੁੱਲ ਖਾਲਿਕ ਤਜਰਬੇ ਪੱਖੋਂ ਪ੍ਰੌਢ ਸੀ। ਉਸ ਨੂੰ 100 ਮੀਟਰ ਦੌੜ ਜਿੱਤ ਲੈਣ ਪਿੱਛੋਂ 200 ਮੀਟਰ ਦੌੜ ਜਿੱਤ ਲੈਣ ਦਾ ਪੂਰਾ ਭਰੋਸਾ ਸੀ। ਉਸ ਨੇ ਖੇਡ ਪੱਤਰਕਾਰਾਂ ਨੂੰ ਇਥੋਂ ਤਕ ਕਹਿ ਦਿੱਤਾ ਸੀ ਕਿ ਇਸ ਬਚੂੰਗੜੇ ਨੇ ਮੇਰਾ ਮੁਕਾਬਲਾ ਕੀ ਕਰਨਾ? ਉਥੇ ਹੀ ਇਕ ਲੜਕੀ ਨੇ ਮਿਲਖਾ ਸਿੰਘ ਨੂੰ ਕਿਹਾ ਸੀ, "ਜੇ ਅੱਜ ਅਬਦੁੱਲ ਖਾਲਿਕ ਨੂੰ ਹਰਾ ਦੇਵੇਂ ਤਾਂ ਜੋ ਮੰਗੇਗਾਂ ਸੋ ਮਿਲੇਗਾ।"

ਮਿਲਖਾ ਸਿੰਘ ਦੇ ਦੱਸਣ ਮੁਜਬ ਟੋਕੀਓ 'ਚ ਖ਼ਾਲਿਕ ਕੋਲ ਥੱਲਵੀਂ ਲੇਨ ਸੀ ਤੇ ਮੇਰੇ ਕੋਲ ਉਤਲੀ। ਕਰਵ 'ਤੇ ਪਤਾ ਨਹੀਂ ਸੀ ਲੱਗਦਾ ਕਿਹੜਾ ਅੱਗੇ ਸੀ ਤੇ ਕਿਹੜਾ ਪਿੱਛੇ। ਸਟਰੇਟ 'ਤੇ ਅਸੀਂ ਬਰਾਬਰ ਹੋ ਗਏ। ਸਟੇਡੀਅਮ 'ਚ ਹੱਲਾਸ਼ੇਰੀ ਗੂੰਜ ਰਹੀ ਸੀ। ਫਿਨਿਸ਼ ਲਾਈਨ ਤੋਂ ਤਿੰਨ ਚਾਰ ਗਜ਼ ਪਿੱਛੇ ਮੇਰੀ ਸੱਜੀ ਲੱਤ ਦਾ ਮਸਲ ਖਿੱਚਿਆ ਗਿਆ ਜਿਸ ਨਾਲ ਮੇਰੀ ਸੱਜੀ ਲੱਤ ਖੱਬੀ 'ਚ ਫਸ ਗਈ ਤੇ ਮੈਂ ਭੁੜਕ ਕੇ ਫਿਨਿਸ਼ ਲਾਈਨ ਉੱਤੇ ਜਾ ਡਿੱਗਾ। ਅਬਦੁੱਲ ਖ਼ਾਲਿਕ ਵੀ ਉਸੇ ਵਕਤ ਟੇਪ ਨੂੰ ਛੋਹਿਆ। ਨੰਗੀ ਅੱਖ ਨੂੰ ਪਤਾ ਨਹੀਂ ਸੀ ਲੱਗਾ ਕਿ ਦੌੜ 'ਚ ਫਸਟ ਕੌਣ ਤੇ ਸੈਕੰਡ ਕੌਣ? ਖ਼ਾਲਿਕ ਜੇਤੂ ਅੰਦਾਜ਼ 'ਚ ਛਾਲਾਂ ਮਾਰਦਾ ਫਿਰਦਾ ਸੀ ਜਿਵੇਂ ਉਹ ਅੱਵਲ ਆਇਆ ਹੋਵੇ। ਪਰ ਕੈਮਰਿਆਂ ਦੇ ਫੋਟੋ ਪਰਖ ਕੇ ਅੱਧੇ ਘੰਟੇ ਪਿੱਛੋਂ ਐਲਾਨ ਹੋਇਆ ਕਿ ਮਿਲਖਾ ਸਿੰਘ ਅੱਵਲ ਆਇਆ ਤੇ ਅਬਦੁੱਲ ਖ਼ਾਲਿਕ ਦੋਮ। ਐਲਾਨ ਸੁਣਨ ਸਾਰ ਖ਼ਾਲਿਕ ਦੀਆਂ ਅੱਖਾਂ 'ਚ ਹੰਝੂ ਭਰ ਆਏ। ਉਸ ਨੂੰ ਉੱਕਾ ਉਮੀਦ ਨਹੀਂ ਸੀ ਕਿ ਉਹ ਮੈਥੋਂ ਹਾਰ ਜਾਵੇਗਾ। ਮੈਂ ਸੋਨੇ ਦਾ ਦੂਜਾ ਤਗ਼ਮਾ ਜਿੱਤ ਨਾਲ ਏਸ਼ੀਆ ਦਾ ਬੈੱਸਟ ਅਥਲੀਟ ਬਣ ਗਿਆ।




ਅਬਦੁੱਲ ਖ਼ਾਲਿਕ ਦਾ ਜਨਮ 23 ਮਾਰਚ 1933 ਨੂੰ ਪਿੰਡ ਜੰਡ ਅਵਾਨ ਜ਼ਿਲ੍ਹਾ ਚਕਵਾਲ 'ਚ ਸਜਾਵਲ ਖਾਂ ਦੇ ਘਰ ਹੋਇਆ ਤੇ ਮ੍ਰਿਤੂ 10 ਮਾਰਚ 1988 ਨੂੰ ਰਾਵਲਪਿੰਡੀ ਵਿਚ ਹੋਈ। ਖ਼ਾਲਿਕ ਛੋਟਾ ਹੁੰਦਾ ਹੀ ਪਿੰਡਾਂ ਦੀ ਖੇਡ ਕਬੱਡੀ ਖੇਡਣ ਲੱਗ ਪਿਆ ਸੀ। ਉਹ ਧਾਵੇ ਵੀ ਬੋਲਦਾ ਤੇ ਜੱਫੇ ਵੀ ਲਾਉਂਦਾ। ਉਹ ਪੰਦਰਾਂ ਕੁ ਸਾਲਾਂ ਦਾ ਸੀ ਜਦੋਂ ਪਿੰਡ ਪੰਜਾਲ ਨੇੜੇ ਕਬੱਡੀ ਟੂਰਨਾਮੈਂਟ 'ਚ ਖੇਡਦਾ ਪਾਕਿਸਤਾਨ ਦੀ ਫੌਜ ਦੇ ਬਰਗੇਡੀਅਰ ਸੀ.ਐੱਚ.ਐੱਮ. ਰੋਡ੍ਹਮ ਦੀ ਨਜ਼ਰੇ ਚੜ੍ਹ ਗਿਆ। ਉਹ ਪਾਕਿਸਤਾਨ ਆਰਮੀ ਸਪੋਰਟਸ ਕੰਟਰੋਲ ਬੋਰਡ ਦਾ ਮੁਖੀ ਸੀ। ਉਸ ਨੇ ਅਬਦੁੱਲ ਖ਼ਾਲਿਕ ਨੂੰ 1948 ਵਿਚ ਬੱਚਾ ਕੰਪਨੀ 'ਚ ਭਰਤੀ ਕਰ ਲਿਆ। ਫੌਜ ਵਿਚ ਭਰਤੀ ਹੋ ਕੇ ਉਹ ਦੌੜਾਂ ਦੀ ਕੋਚਿੰਗ ਲੈਣ ਲੱਗ ਪਿਆ। ਭਾਰਤ ਵਿਚ ਮਿਲਖਾ ਸਿੰਘ ਵੀ ਫੌਜ ਵਿਚ ਭਰਤੀ ਹੋ ਕੇ ਦੌੜਾਕ ਬਣਿਆ ਸੀ। ਉਦੋਂ ਮਿਲਖਾ ਸਿੰਘ ਨੂੰ ਪਤਾ ਵੀ ਨਹੀਂ ਸੀ ਕਿ 400 ਮੀਟਰ ਦੌੜ ਟ੍ਰੈਕ ਦੇ ਕਿੰਨੇ ਚੱਕਰ ਹੁੰਦੀ ਹੈ! ਜਦੋਂ ਉਸ ਨੂੰ ਦੱਸਿਆ ਗਿਆ ਕਿ 400 ਮੀਟਰ ਦੌੜ ਟ੍ਰੈਕ ਦਾ ਇਕੋ ਚੱਕਰ ਹੁੰਦੀ ਹੈ ਤਾਂ ਉਸ ਨੇ ਕਿਹਾ ਸੀ ਕਿ ਮੈਂ ਤਾਂ ਇਕ ਚੱਕਰ ਦੀ ਥਾਂ ਦਸ ਚੱਕਰ ਦੌੜ ਸਕਦਾਂ। ਉਹਦੇ ਉਸਤਾਦ ਨੇ ਸਮਝਾਇਆ ਸੀ ਕਿ ਦਸਾਂ ਚੱਕਰਾਂ ਜਿੰਨਾ ਜ਼ੋਰ ਇਕੋ ਚੱਕਰ 'ਚ ਲਾਉਣਾ ਹੁੰਦਾ। ਖ਼ਾਲਿਕ ਵੀ ਕੁਝ ਇਸੇ ਤਰ੍ਹਾਂ ਦੌੜਾਕ ਬਣਿਆ ਸੀ। ਦੌੜਾਂ ਦਾ ਉਸ ਨੂੰ ਵੀ ਕੋਈ ਗਿਆਨ ਨਹੀਂ ਸੀ। ਜਿਵੇਂ ਮਿਲਖਾ ਸਿੰਘ ਨੇ 82 ਦੌੜਾਂ ਵਿਚੋਂ 79 ਮੈਡਲ ਜਿੱਤੇ ਉਵੇਂ ਅਬਦੁੱਲ ਖ਼ਾਲਿਕ ਨੇ ਅੰਤਰਰਾਸ਼ਟਰੀ ਪੱਧਰ ਦੇ 36 ਗੋਲਡ, 15 ਸਿਲਵਰ ਤੇ 12 ਕਾਂਸੀ ਦੇ ਮੈਡਲ ਜੋੜ ਕੇ 63 ਮੈਡਲ ਜਿੱਤੇ।

ਅਬਦੁੱਲ ਖ਼ਾਲਿਕ ਨੇ ਆਪਣੀ ਪੜ੍ਹਾਈ ਲਾਗਲੇ ਪਿੰਡ ਹੰਸੋਲਾ ਦੇ ਮਿਡਲ ਸਕੂਲ ਤੋਂ ਕੀਤੀ। ਉਹ ਤਿੰਨ ਮੀਲ ਦੂਰ ਦੌੜ ਕੇ ਪੜ੍ਹਨ ਜਾਂਦਾ ਤੇ ਦੌੜਦਾ ਹੀ ਮੁੜਦਾ। ਉਸ ਦਾ ਦਮ ਪੱਕ ਗਿਆ ਸੀ। ਬਾਕੀ ਦਾ ਰੰਗਰੂਟੀ ਨੇ ਪਕਾਅ ਦਿੱਤਾ ਸੀ। ਬੱਚਾ ਕੰਪਨੀ ਦੇ ਮੁਕਾਬਲੇ ਜਿੱਤਦਾ-ਜਿੱਤਦਾ ਉਹ ਦੇਸ਼ ਦੀ ਫੌਜ ਦੇ ਮੁਕਾਬਲੇ ਜਿੱਤਣ ਲੱਗਾ। ਨੈਸ਼ਨਲ ਖੇਡਾਂ 'ਚ ਉਹ ਫੌਜ ਵੱਲੋਂ ਜਾਂਦਾ ਤੇ ਅੰਤਰਰਾਸ਼ਟਰੀ ਖੇਡਾਂ 'ਚ ਪਾਕਿਸਤਾਨ ਦੀ ਨੁਮਾਇੰਦਗੀ ਕਰਦਾ। 1954 ਦੀਆਂ ਦੂਜੀਆਂ ਏਸ਼ਿਆਈ ਖੇਡਾਂ ਇੰਡੋਨੇਸ਼ੀਆ ਦੇ ਸ਼ਹਿਰ ਮਨੀਲਾ ਵਿਚ ਹੋਣੀਆਂ ਸਨ। ਖ਼ਾਲਕ ਪਹਿਲੀ ਵਾਰ ਪਾਕਿਸਤਾਨ ਵੱਲੋਂ ਭਾਗ ਲੈਣ ਗਿਆ। ਉਸ ਨੇ 100 ਮੀਟਰ ਦੌੜ 10.6 ਸੈਕੰਡ 'ਚ ਲਾ ਕੇ ਏਸ਼ੀਆ ਦਾ ਨਵਾਂ ਰਿਕਾਰਡ ਸਥਾਪਿਤ ਕੀਤਾ। 1951 ਦੀਆਂ ਪਹਿਲੀਆਂ ਏਸ਼ਿਆਈ ਖੇਡਾਂ 'ਚ ਭਾਰਤ ਦਾ ਲੇਵੀ ਪਿੰਟੋ 100 ਮੀਟਰ ਦੌੜ 10.8 ਸੈਕੰਡ 'ਚ ਲਾ ਕੇ ਜਿੱਤਿਆ ਸੀ। ਮਨੀਲਾ ਤੋਂ ਅਬਦੁੱਲ ਖ਼ਾਲਿਕ 1 ਗੋਲਡ ਮੈਡਲ ਜਿੱਤਿਆ ਤੇ 4+100 ਮੀਟਰ ਰਿਲੇਅ ਦੌੜ 'ਚ 1 ਸਿਲਵਰ ਮੈਡਲ ਹਾਸਲ ਕੀਤਾ। ਉਥੇ ਭਗਤੇ ਦੇ ਪ੍ਰਦੁੱਮਣ ਸਿੰਘ ਦੀਆਂ ਚੜ੍ਹ ਮੱਚੀਆਂ ਜਿਸ ਨੇ ਗੋਲਾ ਤੇ ਡਿਸਕਸ ਸੁੱਟਣ 'ਚ 2 ਗੋਲਡ ਮੈਡਲ ਜਿੱਤੇ।

1954 ਵਿਚ ਹੀ ਖ਼ਾਲਿਕ ਨੇ ਕਾਮਨਵੈਲਥ ਤੇ ਬ੍ਰਿਟਿਸ਼ ਅੰਪਾਇਰ ਖੇਡਾਂ 'ਚ ਭਾਗ ਲਿਆ। ਉਥੇ ਉਹ 100 ਗਜ਼ ਸਪਾਟ ਦੌੜ ਦੇ ਸੈਮੀ ਫਾਈਨਲ ਅਤੇ 4+110 ਗਜ਼ ਦੌੜ ਦੇ ਫਾਈਨਲ ਵਿਚ ਪੁੱਜਾ। 1955 'ਚ ਉਸ ਨੇ ਏਥਨਜ਼ ਵਿਖੇ ਹੋਈਆਂ ਵਰਲਡ ਮਿਲਟਰੀ ਗੇਮਜ਼ ਵਿਚ ਭਾਗ ਲਿਆ। 1956 'ਚ ਵਰਲਡ ਮਿਲਟਰੀ ਗੇਮਜ਼ ਬਰਲਿਨ ਵਿਖੇ ਉਸ ਨੇ 100 ਮੀਟਰ 10.4 ਸੈਕੰਡ ਵਿਚ ਲਾ ਕੇ ਕਾਂਸੀ ਦਾ ਮੈਡਲ ਜਿੱਤਿਆ। ਉਸ ਨੇ 200 ਮੀਟਰ ਸਪਾਟ ਤੇ 4+100 ਮੀਟਰ ਰਿਲੇਅ ਦੌੜਾਂ 'ਚ ਵੀ ਕਾਂਸੀ ਦੇ ਤਗ਼ਮੇ ਜਿੱਤੇ। 1956 'ਚ ਉਹ ਆਸਟ੍ਰੇਲੀਆ ਦੇ ਸ਼ਹਿਰ ਮੈਲਬਰਨ ਦੀਆਂ ਓਲੰਪਿਕ ਖੇਡਾਂ ਲਈ ਪਾਕਿ-ਸਤਾਨ ਦੀ ਟੀਮ 'ਚ ਚੁਣਿਆ ਗਿਆ। ਉਥੇ ਉਸ ਨੇ ਕੋਈ ਮੈਡਲ ਤਾਂ ਨਾ ਜਿੱਤਿਆ ਪਰ ਓਲੰਪਿਕ ਖੇਡਾਂ ਦਾ ਚੰਗਾ ਤਜਰਬਾ ਹਾਸਲ ਕੀਤਾ।

ਉਸ ਨੂੰ ਪਾਕਿਸਤਾਨ ਅਥਲੈਟਿਕਸ ਟ੍ਰੇਨਿੰਗ ਪ੍ਰੋਗਰਾਮ ਅਧੀਨ ਇੰਗਲੈਂਡ ਭੇਜਿਆ ਗਿਆ ਜਿਥੇ ਉਹ ਯੂਰਪੀਨ ਦੌੜਾਕਾਂ ਨਾਲ ਦੌੜਿਆ। ਉਸ ਨੇ 15 ਮੁਲਕਾਂ ਦੇ ਸਪਰਿੰਟਰਾਂ ਵਿਰੁੱਧ ਦੌੜਾਂ ਲਾਈਆਂ ਜਿਸ ਨਾਲ ਚੋਖਾ ਤਜਰਬਾ ਹਾਸਲ ਕੀਤਾ। ਓਲੰਪਿਕ ਪਾਰਕ ਵਿਚ 100 ਮੀਟਰ ਦੌੜ ਫਿਰ 10.4 ਸੈਕੰਡ 'ਚ ਲਾਈ ਜੋ ਓਲੰਪਿਕ ਚੈਂਪੀਅਨ ਬੌਬੀ ਮਾਰੋ ਦੇ 10.3 ਸੈਕੰਡ ਦੇ ਨੇੜ ਸੀ। ਪਾਕਿਸਤਾਨੀਆਂ ਨੂੰ ਜਾਪਣ ਲੱਗ ਪਿਆ ਕਿ ਓਲੰਪਿਕ ਖੇਡਾਂ 'ਚ ਉਹ ਕੋਈ ਮੈਡਲ ਜਿੱਤ ਸਕਦਾ ਹੈ। 1956 ਦੀਆਂ ਓਲੰਪਿਕ ਖੇਡਾਂ 'ਚ ਉਹ 100 ਮੀਟਰ ਤੇ 200 ਮੀਟਰ ਦੌੜਾਂ ਦੇ ਸੈਮੀ ਫਾਈਨਲ 'ਚ ਪੁੱਜ ਗਿਆ। ਉਸ ਦਾ ਟਾਈਮ ਵਿਸ਼ਵ 'ਚ ਸੱਤਵੇਂ ਥਾਂ ਗਿਣਿਆ ਗਿਆ। 1956 'ਚ ਦਿੱਲੀ ਦੇ ਨੈਸ਼ਨਲ ਸਟੇਡੀਆਂ ਵਿਚ ਪਹਿਲੀ ਇੰਡੋ/ਪਾਕਿ ਮੀਟ ਹੋਈ। ਉਸ ਨੇ 100 ਤੇ 200 ਮੀਟਰ ਦੌੜਾਂ ਦੇ ਨਵੇਂ ਏਸ਼ਿਆਈ ਰਿਕਾਰਡ ਰੱਖੇ। 100 ਮੀਟਰ ਦਾ 10.4 ਸੈਕੰਡ ਤੇ 200 ਮੀਟਰ ਦਾ 21.4 ਸੈਕੰਡ। ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅਬਦੁੱਲ ਖ਼ਾਲਿਕ ਨੂੰ 'ਫਲਾਈਗ ਬਰਡ ਆਫ਼ ਏਸ਼ੀਆ' ਦਾ ਖ਼ਿਤਾਬ ਦਿੱਤਾ। 1957 ਵਿਚ ਖ਼ਾਲਿਕ ਨੇ ਇੰਗਲੈਂਡ, ਇਰਾਨ, ਯੂਨਾਨ ਤੇ ਸਕਾਟਲੈਂਡ ਦੀਆਂ ਅਥਲੈਟਿਕਸ ਮੀਟਾਂ 'ਚੋਂ 1 ਸਿਲਵਰ ਤੇ 11 ਗੋਲਡ ਮੈਡਲ ਜਿੱਤੇ। 1958 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 100 ਮੀਟਰ ਦੌੜ ਦਾ ਗੋਲਡ, 200 ਮੀਟਰ ਦੌੜ ਦਾ ਸਿਲਵਰ ਤੇ 4+100 ਮੀਟਰ ਰਿਲੇਅ ਦੌੜ ਦਾ ਬਰਾਂਜ਼ ਮੈਡਲ ਜਿੱਤ ਕੇ ਧੰਨ ਧੰਨ ਕਰਾਈ। ਉਸ ਦੀਆਂ ਜਿੱਤਾਂ ਸਦਕਾ ਏਸ਼ਿਆਈ ਖੇਡ ਦੀ ਤਗਮਾ ਸੂਚੀ 'ਚ ਪਾਕਿਸਤਾਨ ਛੇਵੇਂ ਥਾਂ ਆਇਆ। 1958 'ਚ ਹੀ ਖ਼ਾਲਿਕ ਨੇ ਜਪਾਨ, ਚੀਨ ਤੇ ਸਕਾਟਲੈਂਡ 'ਚ ਦੌੜਦਿਆਂ 3 ਹੋਰ ਮੈਡਲ ਜਿੱਤੇ। 1958 ਵਿਚ ਕਾਰਡਿਫ ਦੀਆਂ ਕਾਮਨਵੈਲਥ ਖੇਡਾਂ ਦੇ ਸੈਮੀ ਫਾਈਨਲ 'ਚ ਉਸ ਨੇ 100 ਗਜ਼ ਦੀ ਦੌੜ 9.8 ਸੈਕੰਡ 'ਚ ਲਾਈ। 1959 'ਚ ਯੂਕੇ, ਸਵੀਡਨ ਤੇ ਆਇਰਲੈਂਡ ਦੀਆਂ ਇੰਟਰਨੈਸ਼ਨਲ ਮੀਟਾਂ 'ਚੋਂ ਉਸ ਨੇ 9 ਗੋਲਡ, 7 ਸਿਲਵਰ ਤੇ 4 ਬਰਾਂਜ਼ ਮੈਡਲ ਜਿੱਤੇ।

1960 'ਚ ਹੋਈਆਂ ਰੋਮ ਦੀਆਂ ਓਲੰਪਿਕ ਸਮੇਂ ਮਿਲਖਾ ਸਿੰਘ ਪੂਰੀ ਤਿਆਰੀ ਵਿਚ ਸੀ ਜਦਕਿ ਅਬਦੁੱਲ ਖ਼ਾਲਿਕ ਓਨਾ ਆਸਵੰਦ ਨਹੀਂ ਸੀ। ਮਿਲਖਾ ਸਿੰਘ 400 ਮੀਟਰ ਦੌੜ 'ਚ ਚੌਥੇ ਸਥਾਨ 'ਤੇ ਆ ਗਿਆ ਪਰ ਖ਼ਾਲਿਕ ਨਾ 100 ਮੀਟਰ ਦੀ ਦੌੜ ਵਿਚ ਤੇ ਨਾ 4+100 ਮੀਟਰ ਦੀ ਰਿਲੇਅ ਰੇਸ 'ਚ ਕੋਈ ਜਲਵਾ ਵਿਖਾ ਸਕਿਆ। 1960 'ਚ ਲਾਹੌਰ ਵਿਖੇ ਪਾਕਿਸਤਾਨ, ਭਾਰਤ ਤੇ ਇਰਾਨ ਦੀ ਅਥਲੈਟਿਕਸ ਮੀਟ ਹੋਈ। ਮਿਲਖਾ ਸਿੰਘ ਅਨਮੰਨੇ ਮਨ ਨਾਲ ਪਾਕਿਸਤਾਨ ਗਿਆ ਕਿਉਂਕਿ 1947 'ਚ ਮਾਰੇ ਗਏ ਉਹਦੇ ਮਾਂ ਬਾਪ ਤੇ ਘਰ ਜੀਅ ਯਾਦ ਆ ਰਹੇ ਸਨ। ਪਰ ਭਾਰਤ ਦੇ ਪ੍ਰਧਾਨ ਮੰਤਰੀ ਦੀ ਇੱਛਾ ਮੁਤਾਬਿਕ ਉਸ ਨੂੰ ਲਾਹੌਰ ਜਾਣਾ ਪਿਆ। ਉਹ ਸਟੇਡੀਅਮ 'ਚ ਦਾਖਲ ਹੋਇਆ ਤਾਂ ਔਰਤਾਂ ਨੇ ਬੁਰਕੇ ਹਟਾ ਕੇ ਮਿਲਖਾ ਸਿੰਘ ਦੇ ਦਰਸ਼ਨ ਕੀਤੇ। ਉਥੇ ਵੀ ਟੋਕੀਓ ਵਾਲੇ ਹੀ ਨਤੀਜੇ ਨਿਕਲੇ। 100 ਮੀਟਰ ਦੀ ਦੌੜ ਅਬਦੁੱਲ ਖ਼ਾਲਿਕ ਨੇ ਜਿੱਤੀ ਤੇ 400 ਮੀਟਰ ਦੀ ਦੌੜ ਮਿਲਖਾ ਸਿੰਘ ਨੇ। 200 ਮੀਟਰ ਦੌੜ ਦਾ ਮੁਕਾਬਲਾ ਦੋਹਾਂ ਦੌੜਾਕਾਂ ਤੇ ਦੋਹਾਂ ਦੇਸ਼ਾਂ ਵਿਚਕਾਰ ਮੁੱਛ ਦਾ ਸਵਾਲ ਸੀ।


ਮਿਲਖਾ ਸਿੰਘ ਉਸ ਦੌੜ ਨੂੰ ਆਪਣੀ ਸਿਰੇ ਦੀ ਦੌੜ ਮੰਨਦਾ ਸੀ ਜੋ 'ਭਾਗ ਮਿਲਖਾ ਭਾਗ' ਫਿਲਮ ਵਿਚ ਫਿਲਮਾਈ ਗਈ। ਅਬਦੁੱਲ ਖ਼ਾਲਿਕ ਆਪਣੇ ਦੇਸ਼ ਵਿਚ ਲੱਗ ਰਹੀ ਇਸ ਦੌੜ ਨੂੰ ਹਰ ਹੀਲੇ ਜਿੱਤਣਾ ਚਾਹੁੰਦਾ ਸੀ। ਪਰ ਮਿਲਖਾ ਸਿੰਘ ਨੇ ਇਹ ਦੌੜ ਏਨੇ ਜੋਸ਼ ਨਾਲ ਲਾਈ ਕਿ ਅਬਦੁੱਲ ਖ਼ਾਲਿਕ ਨੂੰ ਦਸ ਮੀਟਰ ਪਿੱਛੇ ਛੱਡ ਗਿਆ। ਅਨਾਊਂਸਰ ਨੇ ਕਿ ਕਿਹਾ ਕਿ ਇਹ ਦੌੜ ਮਿਲਖਾ ਸਿੰਘ ਦੌੜ ਕੇ ਨਹੀਂ ਉੱਡ ਕੇ ਲਾਈ ਹੈ। ਪਾਕਿ-ਸਤਾਨ ਦਾ ਸਦਰ ਜਨਰਲ ਅਯੂਬ ਖਾਂ ਵੀ ਉਸ ਵੇਲੇ ਸਟੇਡੀਅਮ 'ਚ ਹਾਜ਼ਰ ਸੀ। ਉਸ ਨੇ ਮਿਲਖਾ ਸਿੰਘ ਨੂੰ ਮੈਡਲ ਪਹਿਨਾਉਂਦਿਆਂ ਉਸ ਨੂੰ 'ਫਲਾਈਂਗ ਸਿੱਖ' ਕਿਹਾ ਜੋ ਹਮੇਸ਼ਾਂ ਲਈ ਮਿਲਖਾ ਸਿੰਘ ਦੇ ਨਾਂ ਨਾਲ ਜੁੜ ਗਿਆ।

ਅਬਦੁੱਲ ਖ਼ਾਲਿਕ ਨੇ 1948 ਤੋਂ 78 ਤਕ ਪਾਕਿਸਤਾਨ ਦੀ ਫੌਜ 'ਚ ਨੌਕਰੀ ਕੀਤੀ ਤੇ ਸੂਬੇਦਾਰ ਬਣ ਕੇ ਰਿਟਾਇਰ ਹੋਇਆ। ਉਹ 1965-68 ਤੇ 70-71 ਦੌਰਾਨ ਪਾਕਿਸਤਾਨ ਦੀ ਫੌਜ ਅਤੇ ਪੰਜਾਬ ਦੇ ਖੇਡ ਮਹਿਕਮੇ ਵਿਚ ਕੋਚਿੰਗ ਦਿੰਦਾ ਰਿਹਾ। 1974 ਤੋਂ 78 ਤਕ ਉਹ ਨੈਸ਼ਨਲ ਕੋਚ ਰਿਹਾ। ਉਸ ਨੇ ਪਾਕਿਸਤਾਨ ਦੀ ਫੌਜ ਵੱਲੋਂ 1965 ਤੇ 71 ਦੀਆਂ ਜੰਗਾਂ ਲੜੀਆਂ।

**ਬਾਕੀ ਹਿਸਾ ਸਫਾ 54 ਤੇ ਪੜ੍ਹੋ** →

# ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਹੋਣਗੇ-ਮਾਰਕ ਕਾਰਨੇ

## "ਵਿੱਤੀ ਜਿੰਮੇਵਾਰੀ, ਸਮਾਜਿਕ ਜਸਟਿਸ ਅਤੇ ਅੰਤਰਰਾਸ਼ਟਰੀ ਲੀਡਰਸ਼ਿਪ ਮੇਰੇ ਮਾਰਗਦਰਸ਼ਕ ਸਿਧਾਂਤ ਹੋਣਗੇ"-ਮਾਰਕ ਕਾਰਨੇ



ਕੈਨੇਡਾ (ਡਾ. ਅਨਿਲ ਧੀਰ. ਕਾਲਮਨਿਸਟ)-ਜਸਟਿਨ ਟਰੂਡੋ ਗਏ ਅਤੇ ਕੈਨੇਡਾ ਦੇ ਨਵੇਂ ਪ੍ਰਧਾਨਮੰਤਰੀ ਮਾਰਕ ਕਾਰਨੇ ਆਏ। ਕੈਨੇਡੀਅਨ ਸੈਂਟਰਲ ਬੈਂਕ ਆਫ ਇੰਗਲੈਂਡ ਦੇ ਸਾਬਕਾ ਗਵਰਨਰ ਮਾਰਕ ਕਾਰਨੀ ਨੇ ਲਿਬਰਲ ਪਾਰਟੀ ਦੀ ਲੀਡਰਸ਼ਿਪ ਵਿਚ ਤਿੰਨ ਵਿਰੋਧੀਆਂ ਨੂੰ ਭਾਰੀ ਜਿੱਤ ਨਾਲ ਹਰਾਉਣ ਤੋਂ ਬਾਅਦ ਲਿਬਰਲ ਪਾਰਟੀ ਆਫ ਕੈਨੇਡਾ ਦੇ ਨਵੇਂ ਆਗੂ ਵੱਜੋਂ ਚੁਣਿਆ ਗਿਆ ਹੈ। ਅੱਜ ਯਾਨਿ ਐਤਵਾਰ ਨੂੰ ਓਟਾਵਾ ਵਿਚ ਲਾਲ ਅਤੇ ਚਿੱਟੇ ਰੰਗ ਦੇ ਲੋਕਾਂ ਨੇ ਛੋਟੇ ਕੈਨੇਡੀਅਨ ਝੰਡੇ ਲਹਿਰਾਉਂਦੇ ਹੋਏ ਇੱਕ ਸੰਮੇਲਨ ਵਿਚ ਮਾਰਕ ਕਾਰਨੀ ਨੂੰ ਜੇਤੂ ਘੋਸ਼ਿਤ ਕੀਤਾ ਗਿਆ ਅਤੇ ਸ਼ਪਥ ਚੁੱਕਣ ਤੋਂ ਬਾਅਦ ਪੂਰਵ ਪ੍ਰਧਾਨ ਮੰਤਰੀ ਟਰੂਡੋ ਦੀ ਥਾਂ ਲੈਣ ਲਈ ਤਿਆਰ ਹੋਏ।

ਕਾਰਨੀ ਨੇ ਕਿਹਾ : ਇਸ ਮੌਕੇ 'ਤੇ ਕਾਰਨੀ ਨੇ ਟਰੂਡੋ ਨੂੰ ਕਿਹਾ ਕਿ "ਤੁਸੀਂ ਲੋਕਾਂ ਨੂੰ ਕੁੱਝ ਸੱਭ ਤੋਂ ਔਖੀਆਂ ਚੁਣੋਤੀਆਂ ਵਿੱਚੋਂ ਲੰਘਾਇਆ ਹੈ ਜਿਨਾਂ ਦਾ ਇਸ ਦੇਸ਼ ਦੇ ਲੋਕਾਂ ਨੇ ਸਾਹਮਣਾ ਵੀ ਕੀਤਾ ਹੈ"।

ਕੌਣ ਮੇਰੇ ਨਾਲ ਕੈਨੇਡਾ ਲਈ ਖੜਾ ਹੋਣ ਲਈ ਤਿਆਰ ਹੈ? ਅਸਲ ਵਿਚ ਹੁਣ ਸਾਰਿਆ ਦੀਆਂ ਨਜ਼ਰਾਂ ਇਸ ਗੱਲ ਤੇ ਹੋਣਗੀਆਂ ਕਿ ਉਹ ਸੰਘੀ ਚੌਣ ਕਦੋਂ ਸ਼ੁਰੂ ਕਰਨਗੇ, ਜਿਸ ਵਿਚ ਹਾਊਸ ਆਫ ਕਾਮਨਜ਼ 24 ਮਾਰਚ ਨੂੰ ਵਾਪਸ ਆਉਣ ਵਾਲਾ ਹੈ ਅਤੇ ਕੈਨੇਡਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸਨੂੰ ਟਰੂਡੋ ਨੇ ਕਨਵੈਨਸ਼ਨ ਵਿਚ ਇੱਕ ਭਾਸ਼ਣ ਵਿਚ ਅਮਰੀਕੀ ਵਪਾਰ ਯੁੱਧ ਸੰਕਟ ਯਾਨਿ ਮੁਸੀਬਤ ਵੱਜੋਂ ਦਰਸਾਇਅ ਗਿਆ ਹੈ।

ਆਪਣੇ ਭਾਸ਼ਣ ਵਿਚ ਏਕਤਾ ਦੀ ਵਕਾਲਤ ਕਰਦੇ ਹੋਏ ਕਿਹਾ-ਅਸੀਂ ਉਦੋਂ ਹੀ ਮਜਬੂਤ ਹੋਵਾਂਗੇ ਜਦੋਂ ਸਾਡੀ ਅਰਥਵਿਵਸਥਾ ਮਜਬੂਤ ਹੋਵੇਗੀ। ਅੱਜ ਕੈਨੇਡੀਅਨ ਕਦਰਾਂ-ਕੀਮਤਾਂ 'ਤੇ ਕਾਫੀ ਬਦਲਾਅ ਦੀ ਲੋੜ ਹੈ। ਅੱਜ ਦੇ ਹਾਲਾਤਾਂ ਵਿਚ ਸਾਨੂੰ ਕਦੇ ਵੀ ਸਬਕ ਨਹੀਂ ਭੁਲਣੇ ਚਾਹੀਦੇ। ਆਪਣੇ 'ਤੇ ਇੱਕ ਦੂਜੇ ਦਾ ਖਿਆਲ ਰੱਖਣਾ ਪਵੇਗਾ। ਅੱਗੇ ਆਉਣ ਵਾਲੇ ਔਖੇ ਦਿਨਾਂ ਵਿਚ ਇੱਕਠੇ ਚੱਲਣ ਦੀ ਲੋੜ ਹੈ। ਬਾਕੀ ਮਾਰਕ ਕਾਰਨੀ ਦੇ ਰਾਜਨੀਤੀ ਵਿਚ ਆਉਣ ਦੀਆਂ ਅਫਵਾਹਾਂ ਕਾਫੀ ਸਮੇਂ ਤੋਂ ਹੀ ਚੱਲ ਰਹੀਆਂ ਸਨ।

ਆਉਣ ਵਾਲੇ ਦਿਨਾਂ ਬਾਰੇ ਗੱਲ ਕਰਦੇ ਹੋਏ, ਕਾਰਨੀ ਨੇ ਕਿਹਾ ਕਿ ਉਹ "ਇੱਕ ਮਜ਼ਬੂਤ ਅਰਥਵਿਵਸਥਾ ਬਣਾਉਣ,



ਭਰੋਸੇਯੋਗ ਵਪਾਰਕ ਭਾਈਵਾਲਾਂ ਨਾਲ ਨਵੇਂ ਵਪਾਰਕ ਸੰਬੰਧ ਬਣਾਉਣ ਅਤੇ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀ ਯੋਜਨਾ ਨੂੰ ਅਮਲ ਵਿਚ ਲਿਆਂਦਾ ਜਾਵੇਗਾ।"

ਕਾਰਨੀ ਨੇ ਕਿਹਾ ਕਿ ਮੈਂ ਸੱਭ ਤੋਂ ਪਹਿਲਾਂ ਇੱਕ ਵਿਹਾਰਵਾਦੀ ਹਾਂ। ਇਸ ਲਈ ਜਦੋਂ ਮੈਂ ਦੇਖਦਾ ਹਾਂ ਕਿ ਕੁੱਝ ਕੰਮ ਨਹੀਂ ਹੋ ਰਿਹਾ ਹੈ, ਤਾਂ ਮੈਂ ਇਸਨੂੰ ਬਦਲ ਦਿਆਂਗਾ। ਮੇਰੀ ਸਰਕਾਰ ਖਪਤਕਾਰਾਂ 'ਤੇ ਵੰਡਣ ਵਾਲੇ ਕਾਰਬਨ ਟੈਕਸ ਨੂੰ ਤੁਰੰਤ ਖਤਮ ਕਰ ਦੇਵੇਗੀ ਅਤੇ ਪੂੰਜੀ ਲਾਭ ਟੈਕਸ ਵਿਚ ਵਾਧੇ ਨੂੰ ਰੋਕ ਦੇਵੇਗੀ। ਟਰੂਡੋ ਸਰਕਾਰ ਦੀਆਂ ਮੁੱਖ ਵਿੱਤੀ ਨੀਤੀਆਂ ਨੂੰ ਵਾਪਸ ਲੈ ਲੈਣਗੇ।

ਅੱਗੇ ਕਿਹਾ ਕਿ ਉਹ ਅਮਰੀਕਾ ਦੇ ਖਿਲਾਫ ਕੈਨੇਡਾ ਦੇ ਜਵਾਬੀ ਟੈਰਿਫਾਂ ਨੂੰ ਜਾਰੀ ਰੱਖੇਗਾ ਅਤੇ ਉਹਨਾਂ ਟੈਰਿਫਾਂ ਤੋਂ ਹੋਣ ਵਾਲੀ ਕਿਸੇ ਵੀ ਕਮਾਈ ਦੀ ਵਰਤੋਂ ਕੈਨੇਡੀਅਨ ਕਾਮਿਆਂ ਦੀ ਮਦਦ ਲਈ ਕੀਤੀ ਜਾਵੇਗੀ।

ਕਾਰਨੀ ਨੇ ਕਿਹਾ ਕਿ ਡੋਨਾਲਡ ਟਰੰਪ ਕੈਨੇਡਾ ਦੀ ਆਰਥਿਕਤਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੇਰੀ ਸਰਕਾਰ ਸਾਡੇ ਟੈਰਿਫਾਂ ਨੂੰ ਉਦੋਂ ਤੱਕ ਜਾਰੀ ਰੱਖੇਗੀ ਜਦੋਂ ਤੱਕ ਅਮਰੀਕੀ ਸਾਡਾ ਸਤਿਕਾਰ ਨਹੀਂ ਕਰਦੇ। ਕੋਈ ਵੀ ਸਾਨੂੰ ਕਮਜ਼ੋਰ ਨਹੀਂ ਕਰ ਸਕਦਾ। ਕੈਨੇਡਾ ਸੱਭ ਤੋਂ ਵੱਧੀਆ ਮੁਲਕ ਹੈ ਅਤੇ ਅੱਗੇ ਵੀ ਰਹੇਗਾ। ਕੈਨੇਡਾ ਜ਼ਿੰਦਾਬਾਦ !

ਮਾਰਕ ਕਾਰਨੀ ਪਾਈਪਲਾਈਨਾਂ ਵਰਗੇ ਵੱਡੇ ਊਰਜਾ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਦਾ ਵਾਅਦਾ ਕਰ ਰਹੇ ਹਨ। ਜਿਨਾਂ ਨੂੰ ਹਾਲ ਹੀ ਦੇ ਸਾਲਾਂ ਵਿਚ ਰਾਜਨੀਤਿਕ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਹੈ। ਕੈਨੇਡਾ ਅੰਦਰ ਵਪਾਰ ਨੂੰ ਉਦਾਰ ਬਣਾਉਣ 'ਤੇ ਵੀ ਜੋਰ ਦਿੱਤਾ ਹੈ। ਜੋ ਪਿਛਲੇ ਸਾਲਾਂ ਦੌਰਾਣ ਸਰਕਾਰ ਦੀਆਂ ਗਲਤ ਨੀਤਿਆਂ ਕਾਰਨ ਰੋਜ਼ਗਾਰ ਅਤੇ ਵਪਾਰ ਘਟੇ ਹਨ, ਅੱਜ ਹਰ ਕੈਨੇਡੀਅਨ ਸੁਧਾਰ ਅਤੇ ਤਰੱਕੀ ਦੀ ਉਮੀਦ ਕਰਦਾ ਹੈ।

# ਇਟਲੀ ਵਿੱਚ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਭਾਈ ਜਗਦੇਵ ਸਿੰਘ ਨਿਭਾ ਰਹੇ ਨੇ ਨਿਸ਼ਕਾਮ ਸੇਵਾ

## * ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਪੈਂਤੀ ਅੱਖਰੀ ਲਿਖੇ ਸਕੂਲੀ ਬੈਗ ਵੰਡੇ *

ਰੋਮ ਇਟਲੀ–(ਗੁਰਸ਼ਰਨ ਸਿੰਘ ਸੋਨੀ) ਬੇਸ਼ੱਕ ਅਸੀ ਪਰਿਵਾਰਾਂ ਸਮੇਤ ਵਿਦੇਸ਼ਾਂ ਵਿੱਚ ਰਹਿਣ ਵਸੇਰਾਂ ਕਰ ਰਹੇ ਹਾਂ ਪਰ ਸਾਨੂੰ ਆਪਣੇ ਬੱਚਿਆਂ ਨੂੰ ਦੇਸ਼ ਦੀ ਮਾਂ ਬੋਲੀ ਦੇ ਨਾਲ ਨਾਲ ਪੰਜਾਬੀ ਮਾਂ ਬੋਲੀ ਨਾਲ ਜੋੜ ਕੇ ਵੀ ਰੱਖਣਾ ਬਹੁਤ ਜ਼ਰੂਰੀ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਈ ਜਗਦੇਵ ਸਿੰਘ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ, ਪਿਛਲੇ ਲੰਮੇ ਸਮੇ ਤੋ ਇਟਲੀ ਵਿੱਚ ਗੁਰਦੁਆਰਾ ਸਾਹਿਬ ਤੇ ਨਗਰ ਕੀਰਤਨ ਵਿੱਚ ਜਾ ਕੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਭਾਈ ਜਗਦੇਵ ਸਿੰਘ ਵਲੋ ਨਿਸ਼ਕਾਮ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ ਬੀਤੇ ਦਿਨੀ ਭਾਈ ਜਗਦੇਵ ਸਿੰਘ ਲਾਸੀਓ ਸੂਬੇ ਦੇ ਦੋ ਵੱਖ ਵੱਖ ਗੁਰਦੁਆਰਿਆਂ ਵਿੱਚ ਜਿਨ੍ਹਾਂ ਵਿੱਚ ਗੁਰਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ (ਰੋਮ) ਤੇ ਗੁਰਦੁਆਰਾ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਿਖੇ ਵਿਸ਼ੇਸ਼ ਤੌਰ ਪਹੁੰਚੇ ਤੇ ਉਨ੍ਹਾਂ ਵੱਲੋਂ ਹਫ਼ਤਾਵਾਰੀ ਸਮਾਗਮ ਦੀ ਸਮਾਪਤੀ ਮੌਕੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਜਾਂਦੇ ਪੈਂਤੀ ਅੱਖਰੀ ਸਕੂਲੀ ਬੈਗ, ਤੇ ਸਟੇਸ਼ਨਰੀ ਦਾ ਸਮਾਨ ਭੇਟ ਕੀਤਾ ਗਿਆ । ਇਸ ਮੌਕੇ ਉਨ੍ਹਾਂ ਵਲੋ ਵਿਸ਼ੇਸ ਤੌਰ ਤਿਆਰ ਕਰਵਾਏ ਪੈਂਤੀ ਅੱਖਰ ਪੰਜਾਬੀ ਭਾਸ਼ਾ ਵਿੱਚ ਬੋਰਡ ਵੀ ਵੰਡੇ ਗਏ। ਉਨ੍ਹਾਂ ਆਖਿਆ ਭਾਵੇਂ ਵਿਦੇਸ਼ੀ ਬੋਲੀ ਬੱਚਿਆਂ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਸਾਡੇ ਬੱਚੇ ਵਿਦੇਸ਼ਾਂ ਵਿੱਚ ਜੰਮੇ ਤੇ ਪਲੇ ਹਨ ਪਰ ਇਸ ਦੇ ਨਾਲ ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ, ਗੁਰਮੁਖੀ, ਗੁਰਬਾਣੀ





ਸ਼ਬਦਾਂ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ। ਕਿਉਂਕਿ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜ ਨਾਂ ਸਕੇ ਤਾਂ ਸਾਡੇ ਬੱਚਿਆਂ ਨੂੰ ਸਾਡੇ ਪੰਜਾਬੀ ਵਿਰਸੇ ਵਿੱਚ ਕੋਈ ਵੀ ਦਿਲਚਸਪੀ ਨਹੀਂ ਰਹੇਗੀ । ਉਨ੍ਹਾਂ ਦੱਸਿਆ ਕਿ ਇਟਲੀ ਵਿੱਚ ਭਾਵੇ ਅਸੀ ਵੱਡੇ ਗੁਰਦੁਆਰੇ ਬਣਾ ਰਹੇ ਹਾਂ, ਹਰ ਸਾਲ ਵੱਡੇ ਪੱਧਰ ਤੇ ਨਗਰ ਕੀਰਤਨ ਕਰਵਾਏ ਜਾ ਰਹੇ ਹਨ। ਪਰ ਅਫਸੋਸ ਸਾਡੇ ਬੱਚਿਆਂ ਨੂੰ ਪੈਂਤੀ ਅੱਖਰ ਤੇ ਪੰਜਾਬੀ ਮਾਂ ਬੋਲੀ ਵਾਰੇ ਗਿਆਨ ਹੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਿਸੇਸ਼ ਤੌਰ ਤੇ ਹਰ ਗੁਰਦੁਆਰਾ ਸਾਹਿਬ ਵਿੱਚ ਵਿੱਦਿਆ, ਗੁਰਬਾਣੀ ਤੇ ਕੀਰਤਨ ਨਾਲ ਜੋੜਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਤਾਂ ਹੀ ਪੰਜਾਬੀ ਬੱਚਿਆਂ ਨੂੰ ਪੰਜਾਬ ਤੇ ਪੰਜਾਬੀਅਤ ਨਾਲ ਜੋੜ ਕੇ ਰੱਖਿਆ ਜਾਂ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਚਿਰ ਵਾਹਿਗੁਰੂ ਮੇਰੇ ਕੋਲੋਂ ਇਹ ਸੇਵਾ ਲੈਣਗੇ ਮੈ ਤੇ ਸਾਡੀ ਟੀਮ ਇਹ ਨਿਸ਼ਕਾਮ ਸੇਵਾ ਕਰਦੀ ਰਹੇਗੀ । ਇਸ ਮੌਕੇ ਦੋਵਾ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਵਲੋ ਭਾਈ ਜਗਦੇਵ ਸਿੰਘ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਸਨਮਾਨ ਚਿੰਨ੍ਹ ਦੇ ਸਨਮਾਨਿਤ ਵੀ ਕੀਤਾ ਗਿਆ । ਜਿਕਰਯੋਗ ਹੈ ਕਿ ਭਾਈ ਜਗਦੇਵ ਸਿੰਘ ਵਲੋਂ ਹੁਣ ਤੱਕ 800/900 ਬੈਗ,ਕੈਦੇ ਤੇ ਸਟੇਸ਼ਨਰੀ ਦਾ ਸਮਾਨ ਇਟਲੀ ਵਿੱਚ ਬੱਚਿਆਂ ਨੂੰ ਵੰਡ ਚੁੱਕੇ ਹਨ ਤੇ ਹੁਣ ਪੰਜਾਬੀ ਭਾਸ਼ਾ ਵਿੱਚ ੳ ਅ ੲ ਸ ਹ ਵਾਲੇ ਬੋਰਡ ਵੀ ਬਣਾ ਕੇ ਵੰਡ ਰਹੇ ਹਨ। ਅਤੇ ਊੜੇ ਤੇ ਜੂੜੇ ਨਾਲ ਜੁੜਨ ਹੌਕਾ ਦਿੱਤਾ ਜਾ ਰਿਹਾ ਹੈ।

53 ਸਫ਼ੇ ਦੀ ਬਾਕੀ

ਬੰਗਲਾ ਦੇਸ਼ ਦੀ ਲੜਾਈ ਵਿਚ ਉਹ ਭਾਰਤ ਦਾ ਜੰਗੀ ਕੈਦੀ ਬਣਿਆ। ਪਹਿਲਾਂ ਗਵਾਲੀਅਰ ਦੀ ਜੇਲ੍ਹ 'ਚ ਰਿਹਾ, ਫਿਰ ਮੇਰਠ ਦੀ ਜੇਲ੍ਹ ਵਿਚ। ਭਾਰਤ ਸਰਕਾਰ ਨੇ ਉਸ ਦੀਆਂ ਖੇਡ ਪ੍ਰਾਪਤੀਆਂ ਕਰਕੇ ਰਿਹਾਅ ਕਰਨਾ ਚਾਹਿਆ ਪਰ ਅਬਦੁੱਲ ਖ਼ਾਲਿਕ ਨੇ ਕਿਹਾ ਕਿ ਉਹ ਬਾਕੀ ਕੈਦੀਆਂ ਨਾਲ ਹੀ ਰਿਹਾ ਹੋਵੇਗਾ। ਉਸ ਨੇ ਮਿਲਖਾ ਸਿੰਘ, ਪ੍ਰਦੁੱਮਣ ਸਿੰਘ ਤੇ ਗੁਰਬਚਨ ਸਿੰਘ ਨੂੰ ਮਿਲਣ ਦੀ ਇੱਛਾ ਪਰਗਟ ਕੀਤੀ। ਮਿਲਖਾ ਸਿੰਘ ਤੇ ਗੁਰਬਚਨ ਸਿੰਘ ਤਾਂ ਮਿਲ ਗਏ ਪਰ ਪ੍ਰਦੁੱਮਣ ਸਿੰਘ ਫੌਜ ਵਿਚ ਹੋਣ ਕਾਰਨ ਖ਼ਾਲਿਕ ਨੂੰ ਮਿਲ ਨਾ ਸਕਿਆ ਜਿਸ ਦਾ ਉਸ ਨੂੰ ਮਰਦੇ ਦਮ ਤਕ ਮਲਾਲ ਰਿਹਾ।

ਅਬਦੁੱਲ ਖ਼ਾਲਿਕ ਦਾ ਛੋਟਾ ਭਰਾ ਅਬਦੁੱਲ ਮਲਿਕ ਵੀ ਨਾਮੀ ਅਥਲੀਟ ਰਿਹਾ। ਖ਼ਾਲਿਕ ਦੇ ਚਾਰ ਪੁੱਤਰ ਹੋਏ। ਵੱਡਾ ਗੁਲਾਮ ਅੱਬਾਸ ਤੇ ਉਸ ਤੋਂ ਛੋਟਾ ਮੁਹੰਮਦ ਅਸ਼ਫਾਕ ਪਾਕਿਸਤਾਨ ਦੀ ਫੌਜ 'ਚ ਨੌਕਰੀ ਕਰਦੇ ਰਹੇ। ਤੀਜਾ ਪੁੱਤਰ ਮੁਹੰਮਦ ਏਜਾਜ਼ ਪਾਕਿਸਤਾਨ ਸਪੋਰਟਸ ਬੋਰਡ ਵਿਚ ਕੋਚ ਰਿਹਾ ਤੇ ਸਭ ਤੋਂ ਛੋਟਾ ਪਿੰਡ ਦੇ ਸਕੂਲ ਵਿਚ ਪੀਟੀ ਮਾਸਟਰ ਰਿਹਾ। ਅਬਦੁੱਲ ਖ਼ਾਲਿਕ 10 ਮਾਰਚ 1988 ਨੂੰ ਰਾਵਲਪਿੰਡੀ ਵਿਚ ਫੌਤ ਹੋਇਆ। ਪਾਕਿਸਤਾਨ ਦੇ ਇਸ ਮਹਾਨ ਅਥਲੀਟ ਨੂੰ 'ਪ੍ਰਾਈਡ ਆਫ਼ ਪਾਕਿਸਤਾਨ' ਦੇ ਖ਼ਿਤਾਬ ਨਾਲ ਸਨਮਾਨਿਆ ਗਿਆ ਅਤੇ ਉਸ ਦਾ ਸਟੈਚੂ ਰਾਵਲਪਿੰਡੀ ਦੇ ਅਯੂਬ ਪਾਰਕ ਵਿਚ ਸਥਾਪਿਤ ਕੀਤਾ ਗਿਆ।–principalsarwansingh@gmail.com

# ਯੂਪੀ ਵਿਚ ਤਿੰਨ ਮੁਸਲਮ ਗੁੰਡਿਆਂ ਵਲੋਂ ਨਾਬਾਲਗ ਲੜਕੀ ਨਾਲ ਦੋ ਮਹੀਨੇ ਤੱਕ ਸਮੂਹਿਕ ਬਲਾਤਕਾਰ

## ✪ ਤੇਜ਼ਾਬ ਨਾਲ ਮਿਟਾਇਆ ਧਾਰਮਿਕ ਚਿੰਨ੍ਹ, ਗਊ ਮਾਸ ਖੁਆਇਆ;

ਮੁਰਾਦਾਬਾਦ-ਭਗਤਪੁਰ ਇਲਾਕੇ ਵਿੱਚ ਇੱਕ ਕਿਸ਼ੋਰ ਕੁੜੀ ਨੂੰ ਅਗਵਾ ਕਰ ਲਿਆ ਗਿਆ ਅਤੇ ਦੋ ਮਹੀਨਿਆਂ ਤੱਕ ਬੰਧਕ ਬਣਾ ਕੇ ਰੱਖਿਆ ਗਿਆ। ਚਾਰ ਮੁਲਜ਼ਮਾਂ ਨੇ ਇੱਕ ਕਿਸ਼ੋਰ ਕੁੜੀ ਨੂੰ ਨਸ਼ੀਲਾ ਪਦਾਰਥ ਦੇਣ ਤੋਂ ਬਾਅਦ ਦੋ ਮਹੀਨਿਆਂ ਤੱਕ ਸਮੂਹਿਕ ਜਬਰ ਜਨਾਹ ਕੀਤਾ। ਇਹ ਦਲੇਰੀ ਇੱਥੇ ਹੀ ਨਹੀਂ ਰੁਕੀ, ਉਸਨੂੰ ਜ਼ਬਰਦਸਤੀ ਗਊ ਮਾਸ ਖੁਆਇਆ ਗਿਆ। ਹੱਥ 'ਤੇ ਬਣਿਆ ਓਮ ਟੈਟੂ ਤੇਜ਼ਾਬ ਪਾ ਕੇ ਮਿਟਾ ਦਿੱਤਾ ਗਿਆ। ਦੋ ਮਹੀਨਿਆਂ ਬਾਅਦ, ਕੁੜੀ ਕਿਸੇ ਤਰ੍ਹਾਂ ਪਰੇਸ਼ਾਨ ਹਾਲਤ ਵਿੱਚ ਘਰ ਪਹੁੰਚੀ। ਫਿਰ ਪਰਿਵਾਰਕ ਮੈਂਬਰਾਂ ਨੇ ਚਾਰਾਂ ਮੁਲਜ਼ਮਾਂ ਖ਼ਿਲਾਫ਼ ਐਫਆਈਆਰ ਦਰਜ ਕਰਵਾਈ। ਹੁਣ ਤੱਕ ਸਿਰਫ਼ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

### ਨਾਬਾਲਗ ਨੂੰ ਦੋ ਮਹੀਨਿਆਂ ਤੱਕ ਬੰਧਕ ਬਣਾ ਕੇ ਰੱਖਿਆ

ਇਲਾਕੇ ਦੇ ਇੱਕ ਪਿੰਡ ਦੀ ਰਹਿਣ ਵਾਲੀ ਲੜਕੀ ਦੀ ਚਾਚੀ ਅਨੁਸਾਰ, ਲੜਕੀ 2 ਜਨਵਰੀ ਨੂੰ ਆਪਣੇ ਕੱਪੜੇ ਸਿਲਾਈ ਕਰਵਾਉਣ ਲਈ ਇੱਕ ਦਰਜ਼ੀ ਦੀ ਦੁਕਾਨ 'ਤੇ ਗਈ ਸੀ। ਰਸਤੇ ਵਿੱਚ, ਪਿੰਡ ਦੇ ਮੁਸਲਿਮ ਭਾਈਚਾਰੇ ਦੇ ਚਾਰ ਨੌਜਵਾਨਾਂ ਨੇ ਉਸਨੂੰ ਇੱਕ ਕਾਰ ਵਿੱਚ ਅਗਵਾ ਕਰ ਲਿਆ। ਉਹ ਉਸਨੂੰ ਕਿਸੇ ਅਣਜਾਣ ਜਗ੍ਹਾ 'ਤੇ ਲੈ ਗਏ, ਉਸਨੂੰ ਨਸ਼ੀਲਾ ਪਦਾਰਥ ਪਿਲਾਇਆ ਅਤੇ ਫਿਰ ਚਾਰਾਂ ਨੇ ਉਸ ਨਾਲ ਸਮੂਹਿਕ ਜਬਰ ਜਨਾਹ ਕੀਤਾ।



### ਲੜਕੀ ਨੂੰ ਕਈ ਦਿਨਾਂ ਤੱਕ ਰੱਖਿਆ ਗਿਆ ਭੁੱਖਾ

ਇਸ ਤੋਂ ਬਾਅਦ, ਕੁੜੀ ਦੇ ਹੱਥ 'ਤੇ ਬਣਿਆ ਓਮ ਟੈਟੂ ਤੇਜ਼ਾਬ ਪਾ ਕੇ ਮਿਟਾ ਦਿੱਤਾ ਗਿਆ। ਭਤੀਜੀ ਕਈ ਦਿਨਾਂ ਤੱਕ ਭੁੱਖੀ ਰਹੀ। ਜਦੋਂ ਉਸਨੇ ਖਾਣਾ ਮੰਗਿਆ ਤਾਂ ਉਸਨੂੰ ਗਊ ਦਾ ਮਾਸ ਦਿੱਤਾ ਗਿਆ। ਜਦੋਂ ਕੁੜੀ ਨੇ ਬੀਫ ਖਾਣ ਤੋਂ ਇਨਕਾਰ ਕਰ ਦਿੱਤਾ, ਤਾਂ ਇਸਨੂੰ ਜ਼ਬਰਦਸਤੀ ਉਸਦੇ ਮੂੰਹ ਵਿੱਚ ਪਾ ਦਿੱਤਾ ਗਿਆ। ਭਤੀਜੀ ਨੂੰ ਦੋ ਮਹੀਨਿਆਂ ਤੱਕ ਚਾਰ ਵਹਿਸ਼ੀ ਦਰਿੰਦਿਆਂ ਦੀ ਬੇਰਹਿਮੀ ਸਹਿਣੀ ਪਈ।

2 ਮਾਰਚ ਨੂੰ, ਚਾਰੇ ਦੋਸ਼ੀ ਉਸਨੂੰ ਕਿਸੇ ਹੋਰ ਜਗ੍ਹਾ ਲੈ ਜਾਣ ਲਈ ਨਿਕਲੇ। ਫਿਰ ਭਤੀਜੀ ਉੱਥੋਂ ਭੱਜ ਕੇ ਘਰ ਪਹੁੰਚ ਗਈ। ਉਸ ਸਮੇਂ ਵੀ ਉਹ ਪਰੇਸ਼ਾਨ ਹਾਲਤ ਵਿੱਚ ਸੀ। ਉਸ ਨੇ ਪੂਰੇ ਮਾਮਲੇ ਬਾਰੇ ਜਾਣਕਾਰੀ ਦਿੱਤੀ। ਕੁੜੀ ਦੀ ਚਾਚੀ ਦੀ ਸ਼ਿਕਾਇਤ ਪੱਤਰ ਦੇ ਆਧਾਰ 'ਤੇ, ਪੁਲਿਸ ਨੇ ਉਸੇ ਪਿੰਡ ਦੇ ਸਲਮਾਨ, ਜ਼ੁਬੈਰ, ਰਾਸ਼ਿਦ ਅਤੇ ਆਰੀਫ਼ ਖ਼ਿਲਾਫ਼ ਐਫਆਈਆਰ ਦਰਜ ਕੀਤੀ ਅਤੇ ਸਲਮਾਨ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ।

### ਮੁਲਜ਼ਮਾਂ ਨੇ ਕੁੜੀ ਦੀ ਚਾਚੀ ਨੂੰ ਅਗਵਾ ਕਰਨ ਦੀ ਧਮਕੀ ਵੀ ਦਿੱਤੀ

ਜਦੋਂ ਚਾਰੇ ਮੁਲਜ਼ਮ ਲੜਕੀ ਨੂੰ ਅਗਵਾ ਕਰਕੇ ਕਿਸੇ ਅਣਜਾਣ ਥਾਂ 'ਤੇ ਲੈ ਗਏ, ਤਾਂ ਉਨ੍ਹਾਂ ਨੇ ਉਸਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਇਹ ਗੱਲ ਘਰ ਵਿੱਚ ਕਿਸੇ ਨੂੰ ਦੱਸੀ ਤਾਂ ਉਹ ਉਸਦੀ ਚਾਚੀ ਨੂੰ ਵੀ ਅਗਵਾ ਕਰ ਲੈਣਗੇ। ਲੜਕੀ ਦੇ ਭਰਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਜਦੋਂ ਮੈਨੂੰ ਯਾਦ ਆਉਂਦਾ ਹੈ ਕਿ ਉਸ ਕੁੜੀ ਨੇ ਉਹ ਦੋ ਮਹੀਨੇ ਕਿਵੇਂ ਬਿਤਾਏ, ਤਾਂ ਮੇਰੀਆਂ ਅੱਖਾਂ ਵਿੱਚੋਂ ਹੰਝੂ ਵਹਿ ਰਹੇ ਹਨ।

ਐਸਪੀ ਦਿਹਾਤੀ ਕੁੰਵਰ ਆਕਾਸ਼ ਸਿੰਘ ਨੇ ਕਿਹਾ ਕਿ ਚਾਰਾਂ ਮੁਲਜ਼ਮਾਂ ਖ਼ਿਲਾਫ਼ ਐਫਆਈਆਰ ਦਰਜ ਕਰ ਲਈ ਗਈ ਹੈ ਅਤੇ ਇੱਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹੋਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਸਾਰਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਨਸ਼ਾ ਤਸਕਰੀ ਦੇ ਦੋਸ਼ ਵਿਚ ਕੇਂਦਰੀ ਜੇਲ੍ਹ ਦਾ ਸੁਪਰਡੈਂਟ ਮੁਅੱਤਲ

ਹੁਸ਼ਿਆਰਪੁਰ-ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਤੇਜ਼ ਕਰ ਦਿੱਤੀ ਹੈ। ਇਸ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਪੰਜਾਬ ਸਰਕਾਰ ਦੇ ਹੁਕਮਾਂ ਉੱਤੇ ਕੇਂਦਰੀ ਜੇਲ ਹੁਸ਼ਿਆਰਪੁਰ ਦੇ ਸੁਪਰਡੈਂਟ ਬਲਜੀਤ ਸਿੰਘ ਘੁੰਮਣ ਨੂੰ ਮੁਅੱਤਲ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਜੇਲ ਵਿਭਾਗ ਦੇ ਖੁਫੀਆ ਵਿੰਗ ਦੀ ਰਿਪੋਰਟ ਵਿਚ ਜੇਲ੍ਹ ਵਿਚ ਡਰੱਗ ਰੈਕਟ ਚੱਲਣ ਦੀ ਪੁਸ਼ਟੀ ਹੋਈ ਸੀ ਤੇ ਨਸ਼ੇ ਕਰਕੇ ਹੀ 25 ਫਰਵਰੀ ਨੂੰ ਕੇਂਦਰੀ ਜੇਲ੍ਹ ਵਿਚ ਬੰਦੀਆਂ ਦੀ ਲੜਾਈ ਵੀ ਹੋਈ ਸੀ। ਇਸ ਤੋਂ ਬਾਅਦ ਜਦੋਂ ਸਰਕਾਰ ਨੇ ਇਸ ਸਾਰੀ ਘਟਨਾ ਦੀ ਜਾਂਚ ਕਰਵਾਈ ਤਾਂ ਸਾਹਮਣੇ ਆਇਆ ਕਿ ਜੇਲ੍ਹ ਵਿਚ ਡਰੱਗ ਰੈਕਟ ਪੂਰੇ ਜ਼ੋਰ ਨਾਲ ਚੱਲ ਰਿਹਾ ਹੈ ਤੇ ਇਨ੍ਹਾਂ ਸਾਰੀਆਂ ਗਤੀਵਿਧੀਆਂ ਵਿਚ ਜੇਲ੍ਹ ਸੁਪਰਡੈਂਟ ਦੀ ਸ਼ਮੂਲੀਅਤ ਵੀ ਪਾਈ ਗਈ, ਜਿਸ ਤੋਂ ਬਾਅਦ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਮਾਮਲੇ 'ਚ ਵੱਖਰੇ ਤੌਰ 'ਤੇ ਮੁਕੱਦਮਾ ਦਰਜ ਕਰਨ ਅਤੇ ਜਾਂਚ ਕਰਨ ਲਈ ਪੁਲਿਸ ਵਿਭਾਗ ਨੂੰ ਲਿਖ ਦਿੱਤਾ ਗਿਆ ਹੈ।

# ਵਿਦੇਸ਼ੀ ਸਹਾਇਤਾ ਲਈ ਅਮਰੀਕਾ ਨੇ ਰੋਕੀ ਫੰਡਿੰਗ

## ✪ ਸੰਯੁਕਤ ਰਾਸ਼ਟਰ ਏਜੰਸੀਆਂ ਦੀ ਆਰਥਿਕਤਾ ਵਿਗੜੀ, ਕਰਮਚਾਰੀਆਂ ਦੀ ਹੋਈ ਛਾਂਟੀ ✪ ਵਿਸ਼ਵ ਸਿਹਤ ਸੰਗਠਨ ਅਨੁਸਾਰ ਗਲੋਬਲ ਖਸਰਾ ਅਤੇ ਰੁਬੇਲਾ ਪ੍ਰਯੋਗਸ਼ਾਲਾ ਨੈੱਟਵਰਕ ਢਹਿ ਜਾਣ ਦਾ ਖ਼ਤਰਾ

ਜੇਨੇਵਾ-ਵਿਦੇਸ਼ੀ ਸਹਾਇਤਾ ਲਈ ਅਮਰੀਕੀ ਫੰਡਿੰਗ 'ਤੇ ਰੋਕ ਨੇ ਸੰਯੁਕਤ ਰਾਸ਼ਟਰ ਦੀਆਂ ਬਹੁਤ ਸਾਰੀਆਂ ਏਜੰਸੀਆਂ ਨੂੰ ਅਫਗਾਨਿਸਤਾਨ, ਸੁਡਾਨ, ਯੂਕਰੇਨ ਅਤੇ ਹੋਰ ਥਾਵਾਂ 'ਤੇ ਸਟਾਫ, ਬਜਟ ਅਤੇ ਸੇਵਾਵਾਂ ਵਿੱਚ ਕਟੌਤੀ ਕਰਨ ਲਈ ਮਜਬੂਰ ਕੀਤਾ ਹੈ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ 90 ਲੱਖ ਤੋਂ ਵੱਧ ਲੋਕ ਸਿਹਤ ਅਤੇ ਸੁਰੱਖਿਆ ਸੇਵਾਵਾਂ ਤੋਂ ਵਾਂਝੇ ਰਹਿ ਜਾਣਗੇ। ਪਿਛਲੇ ਸਾਲ ਯੂਕਰੇਨ ਵਿੱਚ 10 ਲੱਖ ਲੋਕਾਂ ਦੀ ਮਦਦ ਕਰਨ ਵਾਲੇ ਨਕਦ ਵੰਡ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜਿਨ੍ਹਾਂ ਏਜੰਸੀਆਂ ਦੇ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਉਨ੍ਹਾਂ ਵਿੱਚ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ, ਵਿਸ਼ਵ ਸਿਹਤ ਸੰਗਠਨ, ਮਨੁੱਖੀ ਮਾਮਲਿਆਂ ਦੇ ਤਾਲਮੇਲ ਲਈ ਸੰਯੁਕਤ ਰਾਸ਼ਟਰ ਦਫ਼ਤਰ, ਆਦਿ ਸ਼ਾਮਲ ਹਨ। ਪਿਛਲੇ ਸਾਲ, ਯੂਐਨਐਚਸੀਆਰ ਨੂੰ ਆਪਣੇ 5 ਬਿਲੀਅਨ ਡਾਲਰ ਦੇ ਬਜਟ ਦਾ 40 ਪ੍ਰਤੀਸ਼ਤ ਤੋਂ ਵੱਧ ਹਿੱਸਾ ਸੰਯੁਕਤ ਰਾਜ ਅਮਰੀਕਾ ਤੋਂ ਮਿਲਿਆ ਸੀ।

ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ ਨੂੰ 2023 ਵਿੱਚ ਆਪਣੇ 3.4 ਬਿਲੀਅਨ ਡਾਲਰ ਦੇ ਬਜਟ ਦਾ 40 ਪ੍ਰਤੀਸ਼ਤ ਤੋਂ ਵੱਧ ਹਿੱਸਾ ਸੰਯੁਕਤ ਰਾਜ ਅਮਰੀਕਾ ਤੋਂ ਪ੍ਰਾਪਤ ਹੋਵੇਗਾ। ਟਰੰਪ ਪ੍ਰਸ਼ਾਸਨ ਵਿਸ਼ਵ ਸਿਹਤ ਸੰਗਠਨ ਪ੍ਰਤੀ ਖਾਸ ਤੌਰ 'ਤੇ ਸਖ਼ਤ ਰਿਹਾ ਹੈ। ਉਨ੍ਹਾਂ ਦੇ ਸ਼ੁਰੂਆਤੀ ਕਾਰਜਕਾਰੀ ਆਦੇਸ਼ਾਂ ਵਿੱਚੋਂ ਇੱਕ ਨੇ ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਤੋਂ ਅਮਰੀਕਾ ਦੇ ਪਿੱਛੇ ਹਟਣ ਦਾ ਐਲਾਨ ਕੀਤਾ।

ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਗਲੋਬਲ ਖਸਰਾ ਅਤੇ ਰੁਬੇਲਾ ਪ੍ਰਯੋਗਸ਼ਾਲਾ ਨੈੱਟਵਰਕ ਢਹਿ ਜਾਣ ਦਾ ਖ਼ਤਰਾ ਹੈ ਕਿਉਂਕਿ ਇਸਦੀ ਲਗਭਗ 8 ਮਿਲੀਅਨ ਡਾਲਰ ਪ੍ਰਤੀ ਸਾਲ ਦੀ ਸਹਾਇਤਾ ਪੂਰੀ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਦੁਆਰਾ ਫੰਡ ਕੀਤੀ ਜਾਂਦੀ ਹੈ।

### ਖਰਚ ਲਈ ਵਿਭਾਗ ਤੋਂ ਪ੍ਰਵਾਨਗੀ ਜ਼ਰੂਰੀ

ਵਾਤਾਵਰਣ ਸੁਰੱਖਿਆ ਏਜੰਸੀ ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ 50,000 ਡਾਲਰ ਤੋਂ ਵੱਧ ਦੇ ਖਰਚਿਆਂ ਲਈ ਹੁਣ ਐਲੋਨ ਮਸਕ ਦੇ ਸਰਕਾਰੀ ਕੁਸ਼ਲਤਾ ਵਿਭਾਗ ਤੋਂ ਪ੍ਰਵਾਨਗੀ ਦੀ ਲੋੜ ਹੋਵੇਗੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਬਲਿਕ ਸਰਵਿਸ ਲੋਨ ਮਾਫ਼ੀ ਪ੍ਰੋਗਰਾਮ ਵਿੱਚ ਬਦਲਾਅ ਦੇ ਆਦੇਸ਼ ਵੀ ਦਿੱਤੇ ਹਨ। ਇਸ ਦੇ ਤਹਿਤ, ਗਲਤ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਗੈਰ-ਮੁਨਾਫ਼ਾ ਸਮੂਹਾਂ ਦੇ ਕਰਮਚਾਰੀਆਂ ਨੂੰ ਅਯੋਗ ਕਰਾਰ ਦਿੱਤਾ ਜਾਵੇਗਾ। ਕਾਂਗਰਸ ਨੇ 2007 ਵਿੱਚ ਸਰਕਾਰੀ ਜਾਂ ਗੈਰ-ਮੁਨਾਫ਼ਾ ਸਮੂਹਾਂ ਵਿੱਚ ਕਰੀਅਰ ਨੂੰ ਉਤਸ਼ਾਹਿਤ ਕਰਨ ਲਈ ਇਹ ਪ੍ਰੋਗਰਾਮ ਬਣਾਇਆ ਸੀ।

ਮਾਮਲਾ ਨਾਂਦੇੜ ਕਤਲ ਕਾਂਡ ਦਾ

## ਦਿੱਲੀ ਹਵਾਈ ਅੱਡੇ ਤੋਂ ਬੱਬਰ ਖ਼ਾਲਸਾ ਦਾ ਮੈਂਬਰ ਗ੍ਰਿਫ਼ਤਾਰ



ਐੱਸਏਐੱਸ ਨਗਰ-ਪੰਜਾਬ ਪੁਲੀਸ ਦੇ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਮੁਹਾਲੀ ਨੇ ਨਾਂਦੇੜ ਕਤਲ ਕਾਂਡ ਵਿੱਚ ਸ਼ਾਮਲ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਕਾਰਕੁਨ ਸਚਿਨਦੀਪ ਸਿੰਘ ਸਚਿਨ ਵਾਸੀ ਪਿੰਡ ਦਿਆਲਪੁਰਾ, ਅਜਨਾਲਾ (ਅੰਮ੍ਰਿਤਸਰ) ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਪਾਕਿਸਤਾਨ ਆਧਾਰਤ ਖਾੜਕੂ ਹਰਿੰਦਰ ਸਿੰਘ ਰਿੰਦਾ ਅਤੇ ਅਮਰੀਕਾ ਆਧਾਰਤ ਬੱਬਰ ਖ਼ਾਲਸਾ ਦੇ ਕਾਰਕੁਨ ਹਰਪ੍ਰੀਤ ਸਿੰਘ ਹੈਪੀ ਦਾ ਸਾਥੀ ਹੈ। ਇਸ ਸਬੰਧੀ ਮੁਹਾਲੀ ਸਥਿਤ ਐੱਸਐੱਸਓਸੀ ਥਾਣੇ ਵਿੱਚ ਕੇਸ ਪਹਿਲਾਂ ਹੀ ਦਰਜ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲੀਸ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਮੁਹਾਲੀ ਦੀ ਟੀਮ ਨੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡਾ ਨਵੀਂ ਦਿੱਲੀ ਤੋਂ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਥਾਈਲੈਂਡ ਭੱਜ ਗਿਆ ਸੀ। ਵਾਪਸ ਭਾਰਤ ਪਰਤਦਿਆਂ ਹੀ ਪੰਜਾਬ ਪੁਲੀਸ ਦੀ ਟੀਮ ਨੇ ਉਸ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ। ਇਹ ਕਾਰਵਾਈ ਪੁਲੀਸ ਵੱਲੋਂ ਨਾਂਦੇੜ ਕਤਲ ਕੇਸ ਸਬੰਧੀ ਬੱਬਰ ਖ਼ਾਲਸਾ ਮਾਡਿਊਲ ਦੇ ਦੋ ਕਾਰਕੁਨਾਂ ਜਗਦੀਸ਼ ਸਿੰਘ ਜੱਗਾ ਤੇ ਉਸ ਦੇ ਸਾਥੀ ਸ਼ੁਭਦੀਪ ਸਿੰਘ ਉਰਫ਼ ਸ਼ੁਭ ਨੂੰ ਦੋ .32 ਬੋਰ ਪਿਸਤੌਲਾਂ ਅਤੇ ਪੰਜ ਕਾਰਤੂਸਾਂ ਸਣੇ ਗ੍ਰਿਫ਼ਤਾਰ ਕਰਨ ਤੋਂ ਮਹਿਜ਼ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਅੰਦਰ ਕੀਤੀ ਗਈ ਹੈ।

# ਡਰਗ ਸਮਗਲਰ ਦੇ ਘਰ ਛਾਪਾ ਮਾਰਨ ਗਈ ਪੁਲਿਸ 'ਤੇ ਇੱਟਾਂ-ਰੋੜਿਆਂ ਨਾਲ ਹਮਲਾ

## ✪ ਹਮਲੇ ਵਿਚ ਚਾਰ ਪੁਲਸੀਏ ਜ਼ਖ਼ਮੀ



ਦੀਨਾਨਗਰ-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਤਹਿਤ ਕੀਤੀ ਜਾ ਰਹੀ ਕਾਰਵਾਈ ਤਹਿਤ ਮੰਗਲਵਾਰ ਨੂੰ ਨਸ਼ਿਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਪਿੰਡ ਅਵਾਂਖਾ ਵਿਖੇ ਰੇਡ ਕਰਨ ਲਈ ਪੁਲਿਸ ਪਾਰਟੀ ਉੱਪਰ 5-6 ਦੇ ਕਰੀਬ ਨਸ਼ਾ ਤਸਕਰਾਂ ਨੇ ਇੱਟਾਂ-ਰੋੜਿਆਂ ਨਾਲ ਹਮਲਾ ਕਰ ਦਿੱਤਾ ਜਿਸ ਕਾਰਨ ਚਾਰ ਪੁਲਿਸ ਕਰਮਚਾਰੀ ਜ਼ਖਮੀ ਹੋ ਗਏ ਅਤੇ ਨਸ਼ਾ ਤਸਕਰਾਂ ਦੇ ਹਮਲੇ ਵਿੱਚ ਪੁਲਿਸ ਦੀ ਇਕ ਪ੍ਰਾਈਵੇਟ ਕਾਰ ਦੇ ਸ਼ੀਸ਼ੇ ਵੀ ਟੁੱਟ ਗਏ।

ਪੁਲਿਸ ਪਾਰਟੀ ਉੱਪਰ ਨਸ਼ਾ ਤਸਕਰਾਂ ਵੱਲੋਂ ਕੀਤੇ ਗਏ ਹਮਲੇ ਮਗਰੋਂ ਨਸ਼ਾ ਤਸਕਰ ਪਤੀ ਅਤੇ ਉਸ ਦੀ ਪਤਨੀ ਨੇ ਘਰ ਦੇ ਬਾਹਰ ਖੜੀ ਅਪਣੀ ਸਕੂਟਰੀ ਅਤੇ ਆਟੋ ਰਿਕਸ਼ਾ ਨੂੰ ਅੱਗ ਲਾਉਣ ਮਗਰੋਂ ਘਰ ਦਾ ਦਰਵਾਜ਼ਾ ਬੰਦ ਕਰ ਲਿਆ ਅਤੇ ਘਰ ਦੇ ਸਾਮਾਨ ਨੂੰ ਵੀ ਅੱਗ ਲਾਉਣ ਮਗਰੋਂ ਗੈਸ ਸਿਲੰਡਰ ਲੈ ਕੇ ਦੋਵੇਂ ਜਣੇ ਘਰ ਦੀ ਛੱਤ ਉੱਪਰ ਚੜ੍ਹ ਗਏ। ਇਸ ਦੌਰਾਨ ਦੋਵਾਂ ਨੇ ਅਪਣੇ ਆਪ ਨੂੰ ਜ਼ਖਮੀ ਵੀ ਕਰ ਲਿਆ ਅਤੇ ਕਰੀਬ ਚਾਰ ਘੰਟੇ ਪਤੀ ਪਤਨੀ ਘਰ ਦੇ ਛੱਤ ਉੱਪਰ ਚੜ੍ਹੇ ਪੁਲਿਸ ਉੱਪਰ ਤੰਗ ਪਰੇਸ਼ਾਨ ਕਰਨ ਦੇ ਦੋਸ਼ ਲਾਉਂਦਿਆਂ ਸਿਲੰਡਰ ਨੂੰ ਅੱਗ ਲਾ ਕੇ ਜਾਨ ਦੇਣ ਦੀਆਂ ਧਮਕੀਆਂ ਦਿੰਦੇ ਰਹੇ। ਅਖੀਰ ਬਾਅਦ ਦੁਪਹਿਰ ਸਾਢੇ ਤਿੰਨ ਵਜੇ ਦੇ ਕਰੀਬ ਪੁਲਿਸ ਕਿਸੇ ਤਰ੍ਹਾਂ ਦੋਵਾਂ ਨੂੰ ਛੱਤ ਤੋਂ ਹੇਠਾਂ ਲਾਹੁਣ ਵਿੱਚ ਸਫਲ ਹੋ ਸਕੀ, ਜਿਸ ਮਗਰੋਂ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਡੀਐੱਸਪੀ ਕਪਿਲ ਕੌਸ਼ਲ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਨਸ਼ਾ ਤਸਕਰ ਜੋਧ ਲਾਲ ਉਰਫ ਜੋਧਾ ਜਿਸ ਉੱਪਰ ਪਹਿਲਾਂ ਵੀ ਐੱਨਡੀਪੀਐੱਸ ਦੇ ਕਈ ਮੁਕੱਦਮੇ ਦਰਜ ਹਨ, ਹੁਣ ਵੀ ਚਿੱਟਾ ਵੇਚਣ ਦਾ ਕਾਰੋਬਾਰ ਕਰ ਰਿਹਾ ਹੈ ਜਿਸ ਮਗਰੋਂ ਸੀਆਈਏ ਸਟਾਫ ਇੰਚਾਰਜ ਅਜਵਿੰਦਰ ਸਿੰਘ ਦੀ ਅਗਵਾਈ ਹੇਠ ਸੀਆਈਏ ਸਟਾਫ, ਸਪੈਸ਼ਲ ਬਰਾਂਚ ਅਤੇ ਦੀਨਾਨਗਰ ਪੁਲਿਸ ਵੱਲੋਂ ਨਸ਼ਾ ਤਸਕਰ ਜੋਧ ਲਾਲ ਉਰਫ ਜੋਧਾ ਦੇ ਘਰ ਉੱਪਰ ਰੇਡ ਕੀਤੀ ਗਈ। ਜਿਸ ਵੇਲੇ ਪੁਲਿਸ ਵੱਲੋਂ ਰੇਡ ਕੀਤੀ ਗਈ, ਉਸ ਸਮੇਂ ਜੋਧ ਲਾਲ ਅਤੇ ਉਸ ਦੀ ਪਤਨੀ ਵੰਦਨਾ ਦੇ ਇਲਾਵਾ ਤਿੰਨ ਚਾਰ ਹੋਰ ਅਣਪਛਾਤੇ ਲੋਕ ਵੀ ਘਰ ਅੰਦਰ ਮੌਜੂਦ ਸਨ ਅਤੇ ਪੁਲਿਸ ਦੀ ਸੂਚਨਾ ਅਨੁਸਾਰ ਉਕਤ ਅਣਪਛਾਤੇ ਲੋਕ ਨਸ਼ੇ ਦੀ ਡਿਲੀਵਰੀ ਦੇਣ ਲਈ ਆਏ ਹੋਏ ਸਨ।

ਪੁਲਿਸ ਵੱਲੋਂ ਦਰਵਾਜ਼ਾ ਖੜਕਾਉਣ 'ਤੇ ਉਹਨਾਂ ਵੱਲੋਂ ਦਰਵਾਜ਼ਾ ਨਹੀਂ ਖੋਲਿਆ ਗਿਆ ਸਗੋਂ ਇਸ ਦੇ ਉਲਟ ਉਕਤ ਸਾਰੇ ਲੋਕਾਂ ਨੇ, ਜਿਸ ਵਿੱਚ ਜੋਧ ਲਾਲ, ਵੰਦਨਾ ਅਤੇ ਤਿੰਨ ਚਾਰ ਹੋਰ ਅਣਪਛਾਤੇ ਲੋਕ ਸ਼ਾਮਲ ਸਨ, ਨੇ ਘਰ ਦੀ ਛੱਤ ਉੱਪਰ ਚੜ੍ਹ ਕੇ ਪੁਲਿਸ ਕਰਮਚਾਰੀਆਂ ਉੱਪਰ ਇੱਟਾਂ ਰੋੜਿਆਂ ਦਾ ਮੀਂਹ ਵਰ੍ਹਾ ਦਿੱਤਾ।

ਨਸ਼ਾ ਤਸਕਰਾਂ ਵੱਲੋਂ ਅਚਾਨਕ ਕੀਤੇ ਗਏ ਹਮਲੇ ਵਿੱਚ ਚਾਰ ਪੁਲਿਸ ਕਰਮਚਾਰੀ ਏਐੱਸਆਈ ਹਰਭਿੰਦਰ ਸਿੰਘ, ਏਐੱਸਆਈ ਸਤਨਾਮ ਸਿੰਘ, ਏਐੱਸਆਈ ਦਵਿੰਦਰ ਸਿੰਘ ਅਤੇ ਏਐੱਸਆਈ ਗੁਰਸ਼ਰਨ ਸਿੰਘ ਜ਼ਖਮੀ ਹੋ ਗਏ ਅਤੇ ਬਾਕੀ ਪੁਲਿਸ ਕਰਮਚਾਰੀਆਂ ਨੇ ਕਿਸੇ ਤਰ੍ਹਾਂ ਮੌਕੇ ਤੋਂ ਭੱਜ ਕੇ ਜਾਨ ਬਚਾਈ। ਉਹਨਾਂ ਦੱਸਿਆ ਕਿ ਇਸ ਦੌਰਾਨ ਨਸ਼ਾ ਤਸਕਰਾਂ ਨੇ ਘਰ ਦੇ ਬਾਹਰ ਖੜ੍ਹੀ ਅਪਣੀ ਸਕੂਟਰੀ ਅਤੇ ਇਕ ਆਟੋ ਰਿਕਸ਼ਾ ਨੂੰ ਵੀ ਅੱਗ ਲਗਾ ਦਿੱਤੀ ਅਤੇ ਪੁਲਿਸ ਦੀ ਪ੍ਰਾਈਵੇਟ ਕਾਰ ਜਿਸ ਦੇ ਹਮਲੇ ਵਿੱਚ ਸ਼ੀਸ਼ੇ ਟੁੱਟ ਗਏ ਸਨ, ਨੂੰ ਵੀ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਕਰਮਚਾਰੀਆਂ ਨੇ ਕਿਸੇ ਤਰ੍ਹਾਂ ਮੌਕੇ ਤੋਂ ਕਾਰ ਭਜਾ ਲਈ।

ਉਹਨਾਂ ਦੱਸਿਆ ਕਿ ਪੁਲਿਸ ਪਾਰਟੀ ਉੱਪਰ ਹਮਲੇ ਮਗਰੋਂ ਨਸ਼ਾ ਤਸਕਰਾਂ ਨੇ ਅਪਣੇ ਘਰ ਦੇ ਬਾਹਰ ਖੜ੍ਹੀ ਸਕੂਟਰੀ ਅਤੇ ਆਟੋ ਰਿਕਸ਼ਾ ਨੂੰ ਅੱਗ ਲਾਉਣ ਦੇ ਇਲਾਵਾ ਅੰਦਰ ਪਏ ਸਾਮਾਨ ਨੂੰ ਵੀ ਅੱਗ ਲਗਾ ਦਿੱਤੀ ਜਿਸ ਦਾ ਕਾਰਨ ਸ਼ਾਇਦ ਸਕੂਟਰੀ ਵਿੱਚ ਅਤੇ ਘਰ ਅੰਦਰ ਮੌਜੂਦ ਨਸ਼ੇ ਨੂੰ ਅੱਗ ਰਾਹੀਂ ਸਾੜ ਦੇਣਾ ਰਿਹਾ ਹੋਵੇਗਾ।

ਉਹਨਾਂ ਕਿਹਾ ਕਿ ਫਿਲਹਾਲ ਨਸ਼ਾ ਤਸਕਰ ਦੇ ਘਰੋਂ ਕਿਸੇ ਵੀ ਪ੍ਰਕਾਰ ਦਾ ਕੋਈ ਨਸ਼ਾ ਨਹੀਂ ਮਿਲਿਆ ਹੈ ਪਰ ਪੁਲਿਸ ਨੇ ਨਸ਼ਾ ਤਸਕਰ ਜੋਧ ਲਾਲ, ਉਸ ਦੀ ਪਤਨੀ ਵੰਦਨਾ ਅਤੇ ਤਿੰਨ ਚਾਰ ਹੋਰ ਅਣਪਛਾਤਿਆਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

### ਜੋਧ ਲਾਲ 'ਤੇ ਪਹਿਲਾਂ ਵੀ ਦਰਜ ਹਨ ਐੱਨਡੀਪੀਐੱਸ ਦੇ ਮਾਮਲੇ

ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਨਸ਼ਾ ਤਸਕਰ ਜੋਧ ਲਾਲ ਉਰਫ ਜੋਧਾ ਉੱਪਰ ਪਹਿਲਾਂ ਵੀ ਐੱਨਡੀਪੀਐੱਸ ਐਕਟ ਤਹਿਤ ਚਾਰ ਪੰਜ ਮਾਮਲੇ ਦਰਜ ਹਨ ਅਤੇ ਇਸ ਸਮੇਂ ਉਹ ਜ਼ਮਾਨਤ ਉੱਪਰ ਬਾਹਰ ਆਇਆ ਹੋਇਆ ਸੀ। ਉਂਜ ਤਾਂ ਯੋਧ ਲਾਲ ਜੋਧਾ ਅਤੇ ਉਸ ਦੀ ਪਤਨੀ ਵੰਦਨਾ ਦੋਵੇਂ ਹੀ ਕਾਫੀ ਪੜ੍ਹੇ ਹੋਏ ਹਨ ਪਰ ਆਲੇ ਦੁਆਲੇ ਦੇ ਲੋਕਾਂ ਦੇ ਦੱਸਣ ਅਨੁਸਾਰ ਇਸ ਵੇਲੇ ਦੋਵੇਂ ਹੀ ਨਸ਼ਾ ਕਰਨ ਦੇ ਆਦੀ ਹੋਣ ਦੇ ਨਾਲ-ਨਾਲ ਨਸ਼ਾ ਵੇਚਣ ਦਾ ਧੰਦਾ ਵੀ ਕਰਦੇ ਸਨ।

# ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਇਤਿਹਾਸ ਨੂੰ ਲਗਾਈ ਜਾ ਰਹੀ ਢਾਹ

ਅੰਮ੍ਰਿਤਸਰ-ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਇਤਿਹਾਸ ਨੂੰ ਕੁਝ ਲੋਕਾਂ ਦੁਆਰਾ ਨਿੱਜੀ ਲਾਹਾ ਲੈਣ ਲਈ ਯੋਜਨਾਬੱਧ ਢੰਗ ਨਾਲ ਢਾਹ ਲਗਾਉਣ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸਦੇ ਚੱਲਦਿਆਂ ਸਥਾਨਕ ਹੁਸੈਨਪੁਰਾ ਚੌਕ



ਵਿਚ ਮੌਜੂਦ ਦੋ ਮੰਜ਼ਿਲਾਂ ਵੋਕੇਸ਼ਨਲ ਟਰੇਨਿੰਗ ਸਕੂਲ ਦੀ ਖੰਡਰ ਵਿਚ ਤਬਦੀਲ ਹੋ ਚੁਕੀ ਇਮਾਰਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਰਾਣੀ ਜਿੰਦ ਕੌਰ ਦਾ ਮਹਿਲ ਦੱਸ ਕੇ ਭੁਲੇਖੇ ਖੜ੍ਹੇ ਕੀਤੇ ਜਾ ਰਹੇ ਹਨ। ਦੱਸਣਯੋਗ ਹੈ ਕਿ ਸੰਨ 1870 ਦੇ ਆਸ-ਪਾਸ ਉਸਾਰੇ ਗਏ ਕ੍ਰਿਸਚੀਅਨ ਵਰਨੈਕੂਲਰ ਸੁਸਾਇਟੀ ਟ੍ਰੇਨਿੰਗ ਸੰਸਥਾਨ ਨੂੰ ਸੰਨ 1890 ਵਿਚ ਸ਼ਹਿਰ ਦੇ ਮੁਸਲਿਮ ਵਪਾਰੀ ਮੁਹੰਮਦ ਅੱਲਾ ਦਿੱਤਾ ਨੇ ਖ਼ਰੀਦ ਲਿਆ। ਉਸ ਨੇ ਪਹਿਲਾਂ ਉਕਤ ਇਮਾਰਤ ਵਿਚ ਇਸਲਾਮੀਆ ਚਿਸ਼ਤੀ ਸਕੂਲ ਤੇ ਬਾਅਦ ਵਿਚ ਅੰਗਰੇਜ਼ੀ ਸਰਕਾਰ ਤੋਂ ਮਨਜ਼ੂਰੀ ਲੈ ਕੇ ਇੱਥੇ ਮੁਸਲਿਮ ਨੌਜਵਾਨਾਂ ਨੂੰ ਰੋਜ਼ਗਾਰ ਉਪਲਬਧ ਕਰਾਉਣ ਲਈ ਗੌਰਮਿੰਟ ਵੋਕੇਸ਼ਨਲ ਟ੍ਰੇਨਿੰਗ ਸਕੂਲ ਸ਼ੁਰੂ ਕਰਵਾਇਆ। ਦੇਸ਼ ਦੀ ਵੰਡ ਦੇ ਬਾਅਦ 26 ਅਗਸਤ 1956 ਨੂੰ ਕੇਂਦਰ ਸਰਕਾਰ ਦੁਆਰਾ ਇਸ ਹਵੇਲੀ ਸਮੇਤ ਦੇਸ਼ ਛੱਡ ਕੇ ਗਏ ਮੁਸਲਮਾਨਾਂ ਦੀਆਂ ਹੋਰ ਖ਼ਾਲੀ ਪਈਆਂ ਇਮਾਰਤਾਂ ਦੀ ਨਿਲਾਮੀ ਕਰਵਾਈ। ਇਸ ਇਮਾਰਤ ਨੂੰ ਗੁਰਮੁੱਖ ਸਿੰਘ ਸਮੇਤ 7 ਖ਼ਰੀਦਦਾਰਾਂ ਨੇ 1 ਲੱਖ 1125 ਰੁਪਇਆਂ ਵਿਚ ਖਰੀਦਿਆ। ਬਾਅਦ ਵਿਚ ਉਨ੍ਹਾਂ ਤੇ ਉਨ੍ਹਾਂ ਦੇ ਪੁੱਤਰ ਗੁਰਨਾਮ ਸਿੰਘ ਨੇ ਖਰੀਦਦਾਰਾਂ ਤੋਂ ਇਹ ਸਾਰੀ ਇਮਾਰਤ ਖਰੀਦ ਲਈ। ਗੁਰਨਾਮ ਸਿੰਘ ਦੇ ਪਰਿਵਾਰ ਮੈਂਬਰਾਂ ਨੇ ਦੱਸਿਆ ਕਿ ਸ਼ੁਰੂਆਤ ਵਿਚ ਇਸ ਇਮਾਰਤ ਵਿਚ ਉਨ੍ਹਾਂ ਦੇ ਦਾਦਾ ਦੁਆਰਾ ਆਰ. ਐੱਸ. ਨਹਿਰੂ ਮੈਮੋਰੀਅਲ ਸਕੂਲ ਸ਼ੁਰੂ ਕੀਤਾ। ਸਕੂਲ ਦੇ ਬੰਦ ਹੋਣ ਬਾਅਦ ਇਸ 'ਚ ਭੂਈ ਕਾਲਜ ਤੇ ਫਿਰ ਕਈ ਹੋਰ ਅਦਾਰਿਆਂ ਦੇ ਦਫ਼ਤਰ ਸ਼ੁਰੂ ਕੀਤੇ ਗਏ। ਹੁਣ ਖੰਡਰ ਬਣ ਚੁਕੀ ਇਸ ਇਮਾਰਤ 'ਚੋਂ ਜ਼ਿਆਦਾਤਰ ਕਿਰਾਏਦਾਰਾਂ ਨੂੰ ਹਟਾ ਦਿੱਤਾ ਗਿਆ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੀ ਨਿੱਜੀ ਜਾਇਦਾਦ ਨੂੰ ਰਾਣੀ ਜਿੰਦ ਕੌਰ ਦਾ ਮਹਿਲ ਦੱਸਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸੇਵਾ ਮੁਕਤ ਕੀਤੇ ਜਥੇਦਾਰਾਂ ਨੂੰ ਮੁੜ ਨਿਯੁਕਤ ਕਰੇ ਸ਼੍ਰੋਮਣੀ ਕਮੇਟੀ-ਪਾਕਿ ਗੁਰਦੁਆਰਾ ਕਮੇਟੀ

ਅੰਮ੍ਰਿਤਸਰ-ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਦੀ ਅਗਵਾਈ ਵਿਚ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਹੋਈ ਬੈਠਕ 'ਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦੇ ਤੋਂ ਹਟਾਏ ਜਾਣ ਬਾਰੇ ਲਏ ਫ਼ੈਸਲੇ ਦੀ ਸਖ਼ਤ ਨਿਖੇਧੀ ਕੀਤੀ। ਇਸ ਮੌਕੇ ਕਮੇਟੀ ਮੈਂਬਰ ਸਰਬਤ ਸਿੰਘ, ਬਾਬਾ ਹਰਮੀਤ ਸਿੰਘ, ਕੁਲਵੰਤ ਸਿੰਘ, ਅਮਰੀਕ ਸਿੰਘ, ਨਾਮ ਸਿੰਘ, ਸੰਤ ਸਿੰਘ ਅਤੇ ਸਤਨਾਮ ਸਿੰਘ ਆਦਿ ਹਾਜ਼ਰ ਸਨ। ਉਨ੍ਹਾਂ ਸਾਫ਼ ਤੌਰ 'ਤੇ ਕਿਹਾ ਕਿ ਦੋਵਾਂ ਜਥੇਦਾਰਾਂ ਨੂੰ ਹਟਾਉਣ ਦੇ ਫ਼ੈਸਲੇ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਪਾਕਿ ਸਿੱਖ ਆਗੂਆਂ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾ ਤੋਂ ਲਾਂਭੇ ਕਰਨ ਦੇ ਪਹਿਲਾਂ ਦੇ ਫ਼ੈਸਲੇ ਦੀ ਵੀ ਨਿੰਦਾ ਕੀਤੀ। ਬਿਸ਼ਨ ਸਿੰਘ ਨੇ ਕਿਹਾ ਕਿ ਅਸੀਂ ਸ਼੍ਰੋਮਣੀ ਕਮੇਟੀ ਤੋਂ ਮੰਗ ਕਰਦੇ ਹਾਂ ਕਿ ਉਹ ਜਥੇਦਾਰਾਂ ਨੂੰ ਉਨ੍ਹਾਂ ਦੇ ਸਹੀ ਅਹੁਦਿਆਂ 'ਤੇ ਵਾਪਸ ਨਿਯੁਕਤ ਕਰੇ।

# ਨਿਊਜ਼ੀਲੈਂਡ ਨੂੰ ਚਾਰ ਵਿਕਟਾਂ ਨਾਲ ਹਰਾ ਕੇ ਤੀਜੀ ਵਾਰ ਚੈਂਪੀਅਨਜ਼ ਟਰਾਫ਼ੀ ਜਿੱਤੀ ਭਾਰਤ ਨੇ

## ✪ ਰੋਹਿਤ ਦੀ ਕਪਤਾਨੀ ਵਿਚ ਚੌਥਾ ਖ਼ਿਤਾਬ-ਨਿਊਜ਼ੀਲੈਂਡ ਨੂੰ 4 ਵਿਕਟਾਂ ਨਾਲ ਦਿੱਤੀ ਮਾਤ



ਦੁਬਈ-ਫਿਰਕੀ ਗੇਂਦਬਾਜ਼ਾਂ ਕੁਲਦੀਪ ਯਾਦਵ, ਵਰੁਣ ਚੱਕਰਵਰਤੀ ਤੇ ਰਵਿੰਦਰ ਜਡੇਜਾ ਦੀ ਬਿਹਤਰੀਨ ਗੇਂਦਬਾਜ਼ੀ ਤੋਂ ਬਾਅਦ ਭਾਰਤ ਨੇ ਕਪਤਾਨ ਰੋਹਿਤ ਸ਼ਰਮਾ ਦੀ ਧਮਾਕੇਦਾਰ ਬੱਲੇਬਾਜ਼ੀ ਦੀ ਬਦੌਲਤ ਨਿਊਜ਼ੀਲੈਂਡ ਨੂੰ ਚਾਰ ਵਿਕਟਾਂ ਨਾਲ ਹਰਾ ਕੇ ਰਿਕਾਰਡ ਤੀਜੀ ਵਾਰ ਚੈਂਪੀਅਨਜ਼ ਟਰਾਫ਼ੀ ਆਪਣੇ ਨਾਂਅ ਕੀਤੀ ਹੈ। ਰੋਹਿਤ ਸ਼ਰਮਾ ਦੀ ਕਪਤਾਨੀ ਹੇਠ ਟੀ-20 ਵਿਸ਼ਵ ਕੱਪ 2024 ਜਿੱਤਣ ਤੋਂ ਬਾਅਦ ਭਾਰਤ ਨੇ ਲਗਾਤਾਰ ਦੂਜਾ ਆਈ. ਸੀ. ਸੀ. ਖ਼ਿਤਾਬ ਜਿੱਤਿਆ ਹੈ। ਭਾਰਤ ਨੇ ਟੂਰਨਾਮੈਂਟ 'ਚ ਇਕ ਵੀ ਮੈਚ ਗੁਆਏ ਬਿਨਾਂ 2002 ਤੇ 2013 ਤੋਂ ਬਾਅਦ ਤੀਜੀ ਵਾਰ ਖ਼ਿਤਾਬੀ ਜਿੱਤ ਹਾਸਲ ਕੀਤੀ ਹੈ। ਹੋਰ ਕੋਈ ਵੀ ਟੀਮ ਤਿੰਨ ਵਾਰ ਇਹ ਟਰਾਫ਼ੀ ਨਹੀਂ ਜਿੱਤ ਸਕੀ। ਇਸ ਜਿੱਤ ਦੇ ਨਾਲ ਹੀ ਭਾਰਤ ਨੇ ਸਾਲ 2000 'ਚ ਕੀਨੀਆ ਖੇਡੇ ਗਏ ਟੂਰਨਾਮੈਂਟ ਦੌਰਾਨ ਨਿਊਜ਼ੀਲੈਂਡ ਹੱਥੋਂ ਮਿਲੀ 4 ਵਿਕਟਾਂ ਦੀ ਹਾਰ ਦਾ ਬਦਲਾ ਵੀ ਲੈ ਲਿਆ। ਰੋਹਿਤ ਸ਼ਰਮਾ ਨੂੰ 'ਪਲੇਅਰ ਆਫ਼ ਦਿ ਮੈਚ' ਐਲਾਨਿਆ ਗਿਆ, ਜਦੋਂਕਿ ਨਿਊਜ਼ੀਲੈਂਡ ਦੇ ਭਾਰਤੀ ਮੂਲ ਦਾ ਬੱਲੇਬਾਜ਼ ਰਚਿਨ ਰਵਿੰਦਰ ਨੂੰ ਟੂਰਨਾਮੈਂਟ ਦਾ ਸਰਬੋਤਮ ਖਿਡਾਰੀ ਚੁਣਿਆ ਗਿਆ। ਨਿਊਜ਼ੀਲੈਂਡ ਦੀ ਟੀਮ ਨੇ ਟੱਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 7 ਵਿਕਟਾਂ ਦੇ ਨੁਕਸਾਨ 'ਤੇ 251 ਦੌੜਾਂ ਬਣਾਈਆਂ ਸਨ। ਭਾਰਤੀ ਬੱਲੇਬਾਜ਼ਾਂ ਨੇ 49 ਓਵਰਾਂ 'ਚ ਛੇ ਵਿਕਟਾਂ ਗੁਆ ਕੇ ਟੀਚਾ ਹਾਸਲ ਕਰ ਲਿਆ। ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ 83 ਗੇਂਦਾਂ 'ਤੇ ਸ਼ਾਨਦਾਰ ਅਰਧ ਸੈਂਕੜਾ (ਦੌੜਾਂ-76, ਚੌਕੇ-7, ਛੱਕੇ-3) ਜੜਿਆ।

ਸ਼੍ਰੇਅਸ ਅਈਅਰ ਨੇ 62 ਗੇਂਦਾਂ 'ਤੇ 48 ਦੌੜਾਂ (ਚੌਕੇ-2, ਛੱਕੇ-2), ਕੇ.ਐਲ. ਰਾਹੁਲ ਨੇ 33 ਗੇਂਦਾਂ 'ਤੇ 34 ਦੌੜਾਂ (ਚੌਕਾ-1, ਛੱਕਾ-1), ਸ਼ੁਭਮਨ ਗਿੱਲ ਨੇ 50 ਗੇਂਦਾਂ 'ਤੇ 31 ਦੌੜਾਂ (ਛੱਕਾ-1) ਅਤੇ ਅਕਸ਼ਰ ਪਟੇਲ 40 ਗੇਂਦਾਂ 'ਤੇ 29 ਦੌੜਾਂ (ਚੌਕਾ-1, ਛੱਕਾ-1) ਨੇ ਵੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਪਹਿਲਾਂ ਡੈਰਿਲ ਮਿਸ਼ੇਲ ਅਤੇ ਮਾਈਕਲ ਬ੍ਰੇਸਵੈੱਲ ਨੇ ਸੰਜਮ ਨਾਲ ਅਰਧ ਸੈਂਕੜੇ ਲਗਾਉਂਦੇ ਹੋਏ ਨਿਊਜ਼ੀਲੈਂਡ ਨੂੰ 7 ਵਿਕਟਾਂ 'ਤੇ 251 ਦੌੜਾਂ ਦੇ ਸਨਮਾਨਯੋਗ ਸਕੋਰ ਤੱਕ ਪਹੁੰਚਾਇਆ ਸੀ। ਡੈਰਿਲ ਮਿਸ਼ੇਲ ਨੇ 101 ਗੇਂਦਾਂ 'ਤੇ 63 ਦੌੜਾਂ (ਚੌਕੇ-3), ਜਦੋਂਕਿ ਬ੍ਰੇਸਵੈੱਲ ਨੇ 40 ਗੇਂਦਾਂ 'ਤੇ 53 ਦੌੜਾਂ (ਚੌਕੇ-3, ਛੱਕੇ-2) ਦੌੜਾਂ ਜੋੜੀਆਂ ਰਚਿਨ ਰਵਿੰਦਰਾ ਨੇ 29 ਗੇਂਦਾਂ 'ਤੇ 37 ਦੌੜਾਂ (ਚੌਕੇ-4, ਛੱਕਾ-1) ਬਣਾਈਆਂ। ਉਸ ਨੂੰ ਟੂਰਨਾਮੈਂਟ ਦਾ ਸਰਬੋਤਮ ਖਿਡਾਰੀ ਚੁਣਿਆ ਗਿਆ। ਰਵਿੰਦਰ ਨੇ ਚਾਰ ਪਾਰੀਆਂ 'ਚ ਔਸਤਨ 68.75 ਅਤੇ 106 ਤੋਂ ਵੱਧ ਦੇ ਸਟ੍ਰਾਈਕ ਰੇਟ ਨਾਲ 263 ਦੌੜਾਂ ਬਣਾਈਆਂ। ਉਸ ਦਾ ਸਭ ਤੋਂ ਵੱਧ ਸਕੋਰ ਬੰਗਲਾਦੇਸ਼ ਵਿਰੁੱਧ 112 ਦੌੜਾਂ ਸੀ। ਭਾਰਤ ਵਲੋਂ ਕੁਲਦੀਪ ਯਾਦਵ ਨੇ 10 ਓਵਰਾਂ 'ਚ 40 ਦੌੜਾਂ ਦੇ ਕੇ 2 ਵਿਕਟਾਂ, ਵਰੁਣ ਚੱਕਰਵਰਤੀ ਨੇ 10 ਓਵਰਾਂ 'ਚ 45 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ, ਜਦੋਂਕਿ ਮੁਹੰਮਦ ਸ਼ਮੀ ਤੇ ਰਵਿੰਦਰ ਜਡੇਜਾ ਨੂੰ ਇਕ-ਇਕ ਸਫ਼ਲਤਾ ਮਿਲੀ। ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਚੰਗੀ ਸ਼ੁਰੂਆਤ ਕਰਦਿਆਂ 10 ਓਵਰਾਂ 'ਚ ਇਕ ਵਿਕਟ (ਵਿਲ ਯੰਗ-15 ਦੌੜਾਂ) ਉਤੇ 69 ਦੌੜਾਂ ਬਣਾ ਲਈਆਂ ਸਨ। ਵਿਲ ਯੰਗ ਨੂੰ 6ਵੇਂ ਓਵਰ 'ਚ ਗੇਂਦਬਾਜ਼ੀ ਲਈ ਆਏ ਵਰੁਣ ਚੱਕਰਵਰਤੀ ਨੇ ਪਵੇਲੀਅਨ ਭੇਜਿਆ। ਉਥੇ ਹੀ ਕਪਤਾਨ ਰੋਹਿਤ ਸ਼ਰਮਾ ਨੇ ਕਲਾਈ ਦੇ ਜਾਦੂਗਰ ਕੁਲਦੀਪ ਯਾਦਵ ਨੂੰ 11ਵੇਂ ਓਵਰ 'ਚ ਗੇਂਦ ਸੌਂਪੀ, ਜਿਸ ਨੇ ਮੈਚ ਦਾ ਨਕਸ਼ਾ ਹੀ ਬਦਲ ਦਿੱਤਾ। ਕੁਲਦੀਪ ਦੀ ਪਹਿਲੀ ਹੀ ਗੁਗਲੀ (ਗੇਂਦ) ਰਚਿਨ ਰਵਿੰਦਰਾ (ਦੌੜਾਂ-37, ਗੇਂਦਾਂ-29, ਚੌਕੇ-4, ਛੱਕੇ-1) ਦੀ ਸਟੰਪ 'ਤੇ ਜਾ ਲੱਗੀ। ਇਸ ਦੇ ਨਾਲ ਹੀ 57 ਦੌੜਾਂ ਦੀ ਪਹਿਲੇ ਵਿਕਟ ਦੀ ਸਾਂਝੇਦਾਰੀ ਖ਼ਤਮ ਹੋ ਗਈ। ਇਸ ਤੋਂ ਪਹਿਲਾਂ ਰਵਿੰਦਰਾ ਨੇ ਹਾਰਦਿਕ ਪਾਂਡਿਆ ਨੂੰ ਲਗਾਤਾਰ ਛੱਕਾ ਅਤੇ ਦੋ ਚੌਕੇ ਲਗਾਏ ਸਨ। ਰਵਿੰਦਰਾ ਨੂੰ 28 ਦੇ ਸਕੋਰ 'ਤੇ ਮੁਹੰਮਦ ਸ਼ਮੀ ਨੇ ਆਪਣੀ ਹੀ ਗੇਂਦ 'ਤੇ ਜੀਵਨਦਾਨ ਦਿੱਤਾ ਸੀ। ਅਗਲੇ ਓਵਰ 'ਚ ਕੁਲਦੀਪ ਨੇ ਕੇਨ ਵਿਲੀਅਮਸਨ ਦਾ ਆਪਣੀ ਹੀ ਗੇਂਦ 'ਤੇ ਰਿਟਰਨ ਕੈਚ ਫੜ ਕੇ ਨਿਊਜ਼ੀਲੈਂਡ ਨੂੰ ਸਭ ਤੋਂ ਵੱਡਾ ਝਟਕਾ ਦਿੱਤਾ। ਨਿਊਜ਼ੀਲੈਂਡ ਨੇ 12.2 ਓਵਰ 'ਚ 75 ਦੌੜਾਂ 'ਤੇ 3 ਵਿਕਟਾਂ ਗੁਆ ਦਿੱਤੀਆਂ ਸਨ। ਭਾਰਤ ਦੇ ਚੌਤਰਫ਼ਾ ਫਿਰਕੀ ਹਮਲੇ ਦਾ ਕੀਵੀ ਟੀਮ ਸਾਹਮਣਾ ਨਹੀਂ ਕਰ ਸਕੀ ਅਤੇ ਅਗਲੀਆਂ 81 ਗੇਂਦਾਂ 'ਤੇ ਕੋਈ ਚੌਕਾ ਨਹੀਂ ਲੱਗਾ। ਗਲੇਨ ਫਿਲਿਪਸ ਨੇ ਕੁਲਦੀਪ ਨੂੰ ਲੌਂਗ ਆਫ਼ 'ਤੇ ਛੱਕਾ ਲਗਾ ਕੇ ਇਸ ਦਬਦਬੇ ਨੂੰ ਤੋੜਿਆ। 100 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਗੇਂਦਬਾਜ਼ੀ ਕਰਨ ਵਾਲੇ ਕੁਲਦੀਪ ਅਤੇ ਵਰੁਣ ਚੱਕਰਵਰਤੀ ਨੂੰ ਪਿੱਚ ਤੋਂ ਕਾਫੀ ਸਹਾਇਤਾ ਮਿਲੀ। ਉਥੇ ਹੀ ਅਕਸ਼ਰ ਪਟੇਲ ਅਤੇ ਰਵਿੰਦਰ ਜਡੇਜਾ ਨੇ ਰਫ਼ਤਾਰ ਦੇ ਸਹਾਰੇ ਕੀਵੀ ਬੱਲੇਬਾਜ਼ਾਂ ਨੂੰ ਪ੍ਰੇਸ਼ਾਨ ਕੀਤਾ। ਭਾਰਤੀ ਫਿਰਕੀ ਗੇਂਦਬਾਜ਼ਾਂ ਨੇ 38 ਓਵਰ ਸੁੱਟੇ ਅਤੇ ਸਿਰਫ਼ 144 ਦੌੜਾਂ ਦਿੱਤੀਆਂ। ਵਰੁਣ ਨੇ ਫਿਲਿਪਸ ਨੂੰ ਆਊਟ ਕਰਕੇ 5ਵੇਂ ਵਿਕਟ ਦੀ 57 ਦੌੜਾਂ ਦੀ ਸਾਂਝੇਦਾਰੀ ਨੂੰ ਤੋੜਿਆ। ਫਿਲਿਪਸ, ਵਰੁਣ ਦੀ ਗੁਗਲੀ (ਗੇਂਦ) ਦਾ ਸ਼ਿਕਾਰ ਬਣੇ। ਦੂਜੇ ਪਾਸੇ ਮਿਸ਼ੇਲ ਇੱਕਾ-ਦੁੱਕਾ ਦੌੜਾਂ ਲੈ ਕੇ ਸਕੋਰ ਨੂੰ ਅੱਗੇ ਵਧਾਉਂਦੇ ਰਹੇ ਅਤੇ ਉਨ੍ਹਾਂ 91 ਗੇਂਦ 'ਤੇ ਆਪਣਾ ਅਰਧ ਸੈਂਕੜਾ ਪੂਰਾ ਕੀਤਾ। ਮਿਸ਼ੇਲ 46ਵੇਂ ਓਵਰ 'ਚ ਸ਼ਮੀ ਦੀ ਗੇਂਦ 'ਤੇ ਚੌਕਾਂ ਲਗਾਇਆ ਅਤੇ ਬ੍ਰੇਸਵੈੱਲ ਦੇ ਨਾਲ 6ਵੇਂ ਵਿਕਟ ਲਈ 46 ਦੌੜਾਂ ਦੀ ਸਾਂਝੇਦਾਰੀ ਕੀਤੀ। ਸ਼ਮੀ ਨੇ ਉਸ ਨੂੰ ਪਵੇਲੀਅਨ ਭੇਜਿਆ ਅਤੇ ਕਵਰਸ 'ਚ ਰੋਹਿਤ ਨੇ ਬ੍ਰੇਸਵੈੱਲ ਦਾ ਕੈਚ ਫੜਿਆ।

ਰੋਹਿਤ ਦੀਆਂ ਖ਼ਿਤਾਬੀ ਮੁਕਾਬਲੇ 'ਚ ਪਹਿਲੀ ਵਾਰ 50+ ਦੌੜਾਂ ਖਿਤਾਬੀ ਮੁਕਾਬਲੇ 'ਚ ਹਿੱਟਮੈਨ ਵੱਖ ਹੀ ਅੰਦਾਜ਼ 'ਚ ਨਜ਼ਰ ਆਏ। ਕੀਵੀਆਂ ਦੇ ਖ਼ਿਲਾਫ਼ ਉਨ੍ਹਾਂ ਨੇ 41 ਗੇਂਦਾਂ 'ਚ ਆਪਣਾ 33ਵਾਂ ਅਰਧ ਸੈਂਕੜਾ ਪੂਰਾ ਕੀਤਾ।

ਦਿਲਚਸਪ ਗੱਲ ਇਹ ਹੈ ਕਿ ਹੁਣ ਤੱਕ ਖੇਡੇ ਗਏ ਕਿਸੇ ਵੀ ਆਈ.ਸੀ.ਸੀ. ਟੂਰਨਾਮੈਂਟ ਦੇ ਫਾਈਨਲ ਮੈਚ 'ਚ ਹਿੱਟਮੈਨ ਇਕ ਵੀ ਅਰਧ ਸੈਂਕੜਾ ਨਹੀਂ ਲਗਾ ਸਕੇ ਸਨ। ਹਾਲਾਂਕਿ, ਹੁਣ ਉਨ੍ਹਾਂ ਆਪਣਾ ਕਰੀਅਰ ਦੇ ਅੰਤਿਮ ਪੜਾਅ 'ਤੇ ਇਸ 'ਚ ਸੁਧਾਰ ਕੀਤਾ ਅਤੇ ਪਹਿਲਾ 50+ ਦਾ ਸਕੋਰ ਬਣਾਇਆ। ਰਾਸ਼ਟਰਪਤੀ ਦਰੋਪਦੀ ਮੁਰਮੂ, ਗ੍ਰਹਿ ਮੰਤਰੀ ਅਮਿਤ ਸ਼ਾਹ, ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਵਲੋਂ ਭਾਰਤੀ ਟੀਮ ਨੂੰ ਸ਼ਾਨਦਾਰ ਜਿੱਤ 'ਤੇ ਵਧਾਈਆਂ ਦਿੱਤੀਆਂ ਗਈਆਂ।

## ਪੁੱਤਰ ਨੇ ਮਾਂ ਨੂੰ ਕੁੱਟ-ਕੁੱਟ ਕੇ ਮਾਰਿਆ ਤੇ ਅੱਗ ਲਗਾ ਕੇ ਸਾੜਿਆ



ਮੋਗਾ-ਧਰਮਕੋਟ ਦੇ ਪਿੰਡ ਜਲਾਲਾਬਾਦ ਪੂਰਬੀ ਵਿਚ ਇਕ ਔਰਤ ਦਾ ਕੁੱਟ ਕੁੱਟ ਕੇ ਕਤਲ ਕਰ ਦਿੱਤਾ ਗਿਆ। 75 ਸਾਲ ਦੀ ਗੁਰਨਾਮ ਕੌਰ ਪਿੰਡ ਜਲਾਲਾਬਾਦ ਪੂਰਬੀ ਧਰਮਕੋਟ ਆਪਣੇ ਪੁੱਤਰ ਸੁਖਮੰਦਰ ਸਿੰਘ ਨਾਲੋਂ 5 ਸਾਲ ਤੋਂ ਵੱਖ ਰਹਿ ਰਹੀ ਸੀ।

ਗੁਰਨਾਮ ਕੌਰ ਦੇ ਕੋਲ 5 ਮਰਲੇ ਦਾ ਇਕ ਘਰ ਸੀ ਅਤੇ ਉਹ ਘਰ ਗੁਰਨਾਮ ਕੌਰ ਨੇ ਆਪਣੀ ਬੇਟੀ ਦਲਜੀਤ ਕੌਰ ਦੇ ਨਾਂਅ ਕਰਵਾ ਦਿੱਤਾ। ਸੁਖਮੰਦਰ ਸਿੰਘ ਆਪਣੇ ਵੱਖਰੇ ਘਰ ਵਿਚ ਰਹਿੰਦਾ ਸੀ ਤੇ ਗੁਰਨਾਮ ਕੌਰ ਨੂੰ ਕਹਿੰਦਾ ਸੀ ਕਿ ਇਹ ਜਿਹੜਾ ਘਰ ਤੂੰ ਮੇਰੀ ਭੈਣ ਦਲਜੀਤ ਕੌਰ ਦੇ ਨਾਂਅ ਕਰਾ ਦਿੱਤਾ ਹੈ, ਇਸ 'ਤੇ ਮੇਰਾ ਹੱਕ ਹੈ, ਇਸ ਗੱਲ ਨੂੰ ਲੈ ਕੇ ਅਕਸਰ ਹੀ ਘਰ ਦੇ ਵਿਚ ਲੜਾਈ ਝਗੜਾ ਰਹਿੰਦਾ ਸੀ।


8 ਮਾਰਚ ਨੂੰ ਸੁਖਮੰਦਰ ਸਿੰਘ ਉਸ ਦੀ ਪਤਨੀ ਬਲਵਿੰਦਰ ਕੌਰ ਅਤੇ ਉਸ ਦਾ ਬੇਟਾ ਸਤਪਾਲ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ ਗੁਰਨਾਮ ਕੌਰ ਦੇ ਨਾਲ ਲੜਨ ਝਗੜਨ ਲੱਗ ਪਏ ਅਤੇ ਗੁਰਨਾਮ ਕੌਰ ਨੂੰ ਕੁੱਟ ਕੁੱਟ ਕੇ ਬੇਹੋਸ਼ ਕਰ ਦਿੱਤਾ ਫਿਰ ਇਨ੍ਹਾਂ ਸਬੂਤ ਮਿਟਾਉਣ ਲਈ ਗੁਰਨਾਮ ਕੌਰ ਉੱਪਰ ਤੇਲ ਪਾ ਕੇ ਸਾੜ ਦਿੱਤਾ। ਬੇਟੀ ਦਲਜੀਤ ਕੌਰ ਨੂੰ ਪਤਾ ਲੱਗਾ ਤਾਂ ਗੁਰਨਾਮ ਕੌਰ ਨੂੰ ਮੋਗਾ ਦੇ ਸਿਵਲ ਹਸਪਤਾਲ ਵਿਚ ਲੈ ਕੇ ਗਏ ਤਾਂ ਉਸ ਦੀ ਮੌਤ ਹੋ ਚੁੱਕੀ ਸੀ, ਜਦੋਂ ਦਲਜੀਤ ਕੌਰ ਨੂੰ ਸਾਰੀ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਥਾਣਾ ਧਰਮਕੋਟ ਦੇ ਵਿਚ ਮਾਮਲਾ ਦਰਜ ਕਰਵਾਇਆ ਜਦੋਂ ਮ੍ਰਿਤਕ ਗੁਰਨਾਮ ਕੌਰ ਦੇ ਪੋਤੇ ਸਤਪਾਲ ਸਿੰਘ ਨੂੰ ਪਤਾ ਲੱਗਿਆ ਤਾਂ ਉਹ ਉੱਥੋਂ ਭੱਜ ਗਿਆ ਤੇ ਬਾਕੀਆਂ ਨੂੰ ਥਾਣਾ ਧਰਮਕੋਟ ਦੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ।

ਥਾਣਾ ਧਰਮਕੋਟ ਦੇ ਡੀ. ਐਸ. ਪੀ. ਰਮਨਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਉੱਤੇ ਕਤਲ ਅਤੇ ਸਬੂਤ ਮਿਟਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

# ਅਲਵਿਦਾ ! ਸਿੱਖ ਵਿਦਵਾਨ ਪ੍ਰੋ.ਹਰਬੰਸ ਸਿੰਘ ਕੋਹਲੀ (ਡਾ.)

**ਭੋਗ 'ਤੇ ਵਿਸ਼ੇਸ਼**

**ਉਜਾਗਰ ਸਿੰਘ**



ਪ੍ਰੋ. ਹਰਬੰਸ ਸਿੰਘ ਕੋਹਲੀ (ਡਾ.) ਸਿੱਖੀ ਸੋਚ ਨੂੰ ਪ੍ਰਣਾਇਆ ਹੋਇਆ ਪ੍ਰਬੁੱਧ ਵਿਦਵਾਨ ਸੀ। ਉਹ 82 ਸਾਲ ਦੀ ਉਮਰ ਵਿੱਚ 3 ਮਾਰਚ 2025 ਨੂੰ ਨੀਂਦ ਵਿੱਚ ਹੀ ਸਦਾ ਲਈ ਅਲਵਿਦਾ ਕਹਿ ਗਏ। ਸਾਇੰਸ ਦੇ ਅਧਿਆਪਕ ਹੁੰਦੇ ਹੋਏ ਵਿਦਿਆਰਥੀਆਂ ਨੂੰ ਵਿਗਿਆਨ ਦੀ ਸਿੱਖਿਆ ਦਿੰਦੇ ਸਨ ਪ੍ਰੰਤੂ ਸਿੱਖੀ ਵਿਚਾਰਧਾਰਾ ਦੇ ਪਹਿਰੇਦਾਰ ਬਣਕੇ ਪੰਜਾਬੀ ਯੂਨੀਵਰਸਿਟੀ ਵਿੱਚ ਵਿਚਰਦੇ ਰਹਿੰਦੇ ਸਨ। ਜਦੋਂ ਵੀ ਉਨ੍ਹਾਂ ਦਾ ਕੋਈ ਪੀਰੀਅਡ ਖਾਲ੍ਹੀ ਹੁੰਦਾ ਤਾਂ ਉਨ੍ਹਾਂ ਨੂੰ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਸਿੱਖੀ ਸੋਚ ਬਾਰੇ ਧਰਮ ਅਧਿਐਨ ਵਿਭਾਗ ਦੇ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕਰਦੇ ਵੇਖਿਆ ਜਾ ਸਕਦਾ ਸੀ।

ਪ੍ਰੋ. ਤਾਰਨ ਸਿੰਘ ਦੀ ਅਗਵਾਈ ਵਿੱਚ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਗੁਰਦੁਆਰਾ ਸਾਹਿਬ ਬਣਵਾਇਆ ਸੀ। ਗੁਰਦੁਆਰਾ ਸਾਹਿਬ ਬਣਾਉਣ ਦਾ ਸਪਨਾ ਡਾ. ਇੰਦਰਜੀਤ ਕੌਰ ਉਪ ਕੁਲਪਤੀ ਦੇ ਸਮੇਂ ਸਿਰਜਿਆ ਗਿਆ, ਜਿਹੜਾ ਡਾ. ਅਮਰੀਕ ਸਿੰਘ ਉਪ ਕੁਲਪਤੀ ਦੇ ਸਮੇਂ ਸਿਰੇ ਚੜ੍ਹਿਆ। ਹਰਬੰਸ ਸਿੰਘ ਕੋਹਲੀ ਖਾਲਸਾ ਕਾਲਜ ਪਟਿਆਲਾ, ਸਰਕਾਰੀ ਕਾਲਜ ਬਠਿੰਡਾ ਅਤੇ ਸਰਕਾਰੀ ਕਾਲਜ ਅੰਮ੍ਰਿਤਸਰ ਵਿੱਚ ਲੈਕਚਰਾਰ ਰਹੇ। ਫਿਰ ਉਹ 1973 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਆ ਗਏ। ਉਹ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰਦੇ ਰਹੇ, ਜਿਨ੍ਹਾਂ ਵਿੱਚ ਢੁਡਿਆਲ ਖਾਲਸਾ ਹਾਇਰ ਸੈਕੰਡਰੀ ਸਕੂਲ ਪਟਿਆਲਾ ਸ਼ਾਮਲ ਹੈ। ਉਹ ਢੁਡਿਆਲ ਖਾਲਸਾ ਹਾਇਰ ਸੈਕੰਡਰੀ ਸਕੂਲ ਦੇ ਸਕੱਤਰ ਸਨ। ਇਹ ਸਕੂਲ ਉਨ੍ਹਾਂ ਦੇ ਪਿੰਡ ਢੁਡਿਆਲ ਦੇ ਨਾਮ 'ਤੇ ਉਨ੍ਹਾਂ ਦੇ ਪਿਤਾ ਬਲਵੰਤ ਸਿੰਘ ਨੇ ਸਥਾਪਤ ਕੀਤਾ ਸੀ। ਪ੍ਰੋ. ਹਰਬੰਸ ਸਿੰਘ ਕੋਹਲੀ ਪੰਜਾਬੀ ਯੂਨੀਵਰਸਿਟੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਬੜੂ ਸਾਹਿਬ ਅਕੈਡਮੀ ਨਾਲ ਜੁੜ ਗਏ ਸਨ। ਉਹ ਨੌਜਵਾਨਾ ਨੂੰ ਸਿੱਖੀ ਸੋਚ ਨਾਲ ਜੋੜਨ ਲਈ ਗੁਰਮਤਿ ਕੈਂਪ ਲਗਾਉਂਦੇ ਰਹਿੰਦੇ ਸਨ। ਉਨ੍ਹਾਂ ਨੇ ਹਿਮਾਚਲ ਵਿੱਚ ਬੜੂ ਸਾਹਿਬ ਅਤੇ ਮਹਾਰਾਸ਼ਟਰ ਵਿੱਚ ਨਾਦੇੜ ਸਥੀ ਹਜ਼ੂਰ ਸਾਹਿਬ ਵਿਖੇ ਗੁਰਮਤਿ ਕੈਂਪ ਵੀ ਲਗਵਾਏ ਸਨ। ਪ੍ਰੋ. ਹਰਬੰਸ ਸਿੰਘ ਚੁੱਪ ਚੁਪੀਤੇ ਗ਼ਰੀਬ ਲੜਕੀਆਂ ਦੀ ਪੜ੍ਹਾਈ ਵਿੱਚ ਸਹਾਈ ਹੁੰਦੇ ਰਹਿੰਦੇ ਸਨ। ਹਰਬੰਸ ਸਿੰਘ ਨਮਰ ਸੁਭਾਅ ਦੇ ਮਾਲਕ ਘੱਟ ਬੋਲਦੇ ਪ੍ਰੰਤੂ ਆਪਣੇ ਕੰਮ ਵਿੱਚ ਮਗਨ ਰਹਿੰਦੇ ਸਨ। ਉਹ ਸ੍ਰ ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਅਤੇ ਹਰਿਆਣਾ ਤੋਂ ਸਾਬਕਾ ਰਾਜ ਸਭਾ ਮੈਂਬਰ ਦੇ ਛੋਟੇ ਭਰਾ ਸਨ।



ਪ੍ਰੋ. ਹਰਬੰਸ ਸਿੰਘ ਕੋਹਲੀ ਪੰਜਾਬੀ ਯੂਨੀਵਰਸਿਟੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਬੜੂ ਸਾਹਿਬ ਅਕੈਡਮੀ ਨਾਲ ਜੁੜ ਗਏ ਸਨ। ਉਹ ਨੌਜਵਾਨਾ ਨੂੰ ਸਿੱਖੀ ਸੋਚ ਨਾਲ ਜੋੜਨ ਲਈ ਗੁਰਮਤਿ ਕੈਂਪ ਲਗਾਉਂਦੇ ਰਹਿੰਦੇ ਸਨ। ਉਨ੍ਹਾਂ ਨੇ ਹਿਮਾਚਲ ਵਿੱਚ ਬੜੂ ਸਾਹਿਬ ਅਤੇ ਮਹਾਰਾਸ਼ਟਰ ਵਿੱਚ ਨਾਦੇੜ ਸਥੀ ਹਜ਼ੂਰ ਸਾਹਿਬ ਵਿਖੇ ਗੁਰਮਤਿ ਕੈਂਪ ਵੀ ਲਗਵਾਏ ਸਨ। ਉਹ ਸ੍ਰ ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਅਤੇ ਹਰਿਆਣਾ ਤੋਂ ਸਾਬਕਾ ਰਾਜ ਸਭਾ ਮੈਂਬਰ ਦੇ ਛੋਟੇ ਭਰਾ ਸਨ।

ਹਰਬੰਸ ਸਿੰਘ ਕੋਹਲੀ ਦਾ ਜਨਮ ਜੇਹਲਮ ਜ਼ਿਲ੍ਹੇ ਦੇ ਪਿੰਡ ਢੁਡਿਆਲ ਵਿਖੇ ਬਲਵੰਤ ਸਿੰਘ ਦੇ ਘਰ 1943 ਵਿੱਚ ਹੋਇਆ। 1947 ਵਿੱਚ ਦੇਸ਼ ਦੀ ਵੰਡ ਸਮੇਂ ਉਨ੍ਹਾਂ ਦਾ ਪਰਿਵਾਰ ਪਟਿਆਲਾ ਆ ਕੇ ਵਸ ਗਿਆ। ਹਰਬੰਸ ਸਿੰਘ ਕੋਹਲੀ ਨੇ ਆਪਣੀ ਪ੍ਰਾਇਮਰੀ ਤੱਕ ਦੀ ਪੜ੍ਹਾਈ ਬੀ. ਐਨ. ਖਾਲਸਾ ਸਕੂਲ ਪਟਿਆਲਾ ਵਿੱਚੋਂ ਪ੍ਰਾਪਤ ਕੀਤੀ। ਫਿਰ ਦਸਵੀਂ ਢੁਡਿਆਲ ਖਾਲਸਾ ਹਾਈ ਸਕੂਲ ਤੋਂ ਪਾਸ ਕੀਤੀ। ਬੀ.ਐਸ.ਸੀ ਉਨ੍ਹਾਂ ਮਹਿੰਦਰਾ ਕਾਲਜ ਪਟਿਆਲਾ ਤੋਂ ਪਾਸ ਕੀਤੀ। ਹਰਬੰਸ ਸਿੰਘ ਕੋਹਲੀ ਨੇ ਐਮ. ਐਸ. ਸੀ. ਕੈਮਿਸਟਰੀ ਕੁਰਕਸ਼ੇਤਰਾ ਯੂਨੀਵਰਸਿਟੀ ਤੋਂ ਪਾਸ ਕੀਤੀ। 1963 ਵਿੱਚ ਉਨ੍ਹਾਂ ਸ੍ਰੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੈਮਿਸਟਰੀ ਵਿੱਚ ਪੀ. ਐਚ. ਡੀ. ਕੀਤੀ। ਉਹ ਆਪਣੇ ਪਿੱਛੇ ਪਤਨੀ ਡਾ. ਇੰਦਰਜੀਤ ਕੌਰ, ਲੜਕੀ ਗੁਨੀਤ ਕੌਰ ਕੋਹਲੀ ਜੋ ਅਮਰੀਕਾ ਵਿੱਚ ਸੈਟਲ ਹੈ ਤੇ ਲੜਕਾ ਤਾਰਿਕਦੀਪ ਸਿੰਘ ਕੋਹਲੀ ਮੋਹਾਲੀ ਵਿਖੇ ਆਈ.ਟੀ ਕੰਪਨੀ ਵਿੱਚ ਕੰਮ ਕਰਦਾ ਹੈ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ, ਅੰਤਮ ਅਰਦਾਸ ਅਤੇ ਕੀਰਤਨ ਐਤਵਾਰ 9 ਮਾਰਚ 2025 ਨੂੰ ਦੁਪਹਿਰ 1.30 ਤੋਂ 2.30 ਵਜੇ ਗੁਰਦੁਆਰਾ ਸ੍ਰੀ ਸਿੰਘ ਸਭਾ ਮਾਲ ਰੋਡ ਪਟਿਆਲਾ ਵਿਖੇ ਹੋਵੇਗਾ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਉਪਰ 25% ਟੈਕਸ ਲਾਗੂ ਹੋਣ ਤੋਂ ਕੋਈ ਨਹੀਂ ਰੋਕ ਸਕਦਾ-ਟਰੰਪ

## ✪ ਗਵਾਂਢੀ ਮੁਲਕ ਵੀ ਮੋੜਵਾਂ ਜਵਾਬ ਦੇਣ ਲਈ ਤਿਆਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਗਵਾਂਢੀ ਮੁਲਕਾਂ ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਕੀਤੇ ਜਾਂਦੇ ਸਮਾਨ ਉਪਰ 25% ਟੈਕਸ ਲਾਗੂ ਹੋਣ ਤੋਂ ਕੋਈ ਨਹੀਂ ਰੋਕ ਸਕਦਾ ਤੇ ਇਹ ਟੈਕਸ ਤੈਅਸ਼ੁਦਾ ਪ੍ਰੋਗਰਾਮ ਅਨੁਸਾਰ 4 ਮਾਰਚ ਤੋਂ ਲਾਗੂ ਹੋ ਰਹੇ ਹਨ। ਵਾਈਟ ਹਾਊਸ ਨੇ ਦੋਨਾਂ ਗਵਾਂਢੀ ਮੁਲਕਾਂ ਉਪਰ ਟੈਕਸ ਲਾਗੂ ਕਰਨ ਦੀ ਪੁਸ਼ਟੀ ਕਰ ਦਿੱਤੀ ਹੈ।

ਟਰੰਪ ਨੇ ਤਾਈਵਾਨ ਦੀ ਸੈਮੀਕੰਡਕਟਰ ਕੰਪਨੀ ਦੁਆਰਾ ਐਰੀਜ਼ੋਨਾ ਵਿਚ 100 ਅਰਬ ਡਾਲਰ ਦਾ ਨਿਵੇਸ਼ ਕਰਨ ਬਾਰੇ ਐਲਾਨ ਕਰਨ ਉਪਰੰਤ ਕਿਹਾ ਕਿ ਮੈਕਸੀਕੋ ਤੇ ਕੈਨੇਡਾ ਟੈਕਸ ਤੋਂ ਬਚ ਨਹੀਂ ਸਕਦੇ। ਉਨਾਂ ਕਿਹਾ "ਟੈਕਸ ਕਲ ਤੋਂ ਲਾਗੂ ਹੋ ਜਾਣਗੇ।" ਟਰੰਪ ਨੇ ਕਿਹਾ ਕਿ ਅਮਰੀਕੀ ਨੌਕਰੀਆਂ ਦੂਸਰੇ ਦੇਸ਼ਾਂ ਵਿਚ ਜਾਣ ਤੋਂ ਰੋਕਣ ਵਾਸਤੇ ਟੈਕਸ ਇਕ ਆਸਾਨ ਤਰੀਕਾ ਹੈ ਕਿਉਂਕਿ ਯੂ ਐਸ ਕੰਪਨੀਆਂ ਬਾਹਰਲੇ ਦੇਸ਼ਾਂ ਵਿਚ ਇਕਾਈਆਂ ਸਥਾਪਿਤ ਕਰਕੇ ਆਪਣਾ ਸਮਾਨ ਮੁੜ ਅਮਰੀਕੀ ਗਾਹਕਾਂ ਨੂੰ ਵੇਚਦੀਆਂ ਹਨ। ਉਨਾਂ ਕਿਹਾ "ਇਹ ਬਹੁਤ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਨੂੰ ਰਾਜਸੀ ਲੋਕਾਂ ਨੇ ਨਹੀਂ ਵਰਤਿਆ ਕਿਉਂਕਿ ਉਹ ਬੇਈਮਾਨ ਤੇ ਮੂਰਖ ਸਨ ਜਾਂ ਉਨਾਂ ਨੂੰ ਕਿਸੇ ਹੋਰ ਸ਼ਕਲ ਵਿਚ ਫਾਇਦਾ ਹੁੰਦਾ ਸੀ।" ਦੂਸਰੇ ਪਾਸੇ



ਕੈਨੇਡਾ ਤੇ ਮੈਕਸੀਕੋ ਨੇ ਵੀ ਅਮਰੀਕੀ ਸਮਾਨ ਉਪਰ ਮੋੜਵਾਂ ਟੈਕਸ ਲਾਉਣ ਦੀ ਤਿਆਰੀ ਕਰ ਲਈ ਹੈ। ਕੈਨੇਡਾ ਦੇ ਵਿਦੇਸ਼ ਮੰਤਰੀ ਮੀਲੇਨੀ ਜੌਲੀ ਨੇ ਐਲਾਨ ਕੀਤਾ ਹੈ ਕਿ ਉਸ ਦਾ ਦੇਸ਼ ਮੋੜਵਾਂ ਜਵਾਬ ਦੇਵੇਗਾ। ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਤਿਆਰ ਹਾਂ। ਉਨਾਂ ਕਿਹਾ "ਜਿਸ ਤਰਾਂ ਦੇ ਅਣਕਿਆਸੇ ਤੇ ਗੜਬੜਗ੍ਰਸਤ ਬਿਆਨ ਵਾਈਟ ਹਾਊਸ ਵਿਚੋਂ ਆ ਰਹੇ ਹਨ, ਅਸੀਂ ਉਨਾਂ ਨਾਲ ਨਜਿੱਠਾਂਗੇ।"

ਮੈਕਸੀਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬੌਮ ਨੇ ਕਿਹਾ ਹੈ ਕਿ "ਉਸ ਦੀ ਸਰਕਾਰ ਸ਼ਾਤ ਹੈ ਕਿਉਂਕਿ ਉਹ ਟਰੰਪ ਦੇ ਨਿਰਨੇ ਦਾ ਇੰਤਜਾਰ ਕਰ ਰਹੀ ਹੈ ਜੇਕਰ ਅਮਰੀਕਾ ਟੈਕਸ ਲਾਗੂ ਕਰਨ ਲਈ ਬਜ਼ਿਦ ਹੈ ਤਾਂ ਅਸੀਂ ਜਵਾਬ ਦੇਵਾਂਗੇ।" ਉਨਾਂ ਨੇ ਆਪਣੀ ਯੋਜਨਾ ਬਾਰੇ ਵਿਸਤਾਰ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨਾਂ ਕੋਲ ਬੀ, ਸੀ ਤੇ ਡੀ ਯੋਜਨਾ ਹੈ। ਦੂਸਰੇ ਪਾਸੇ ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਅਮਰੀਕੀ ਅਰਥ ਵਿਵਸਥਾ ਉਪਰ ਵਿਆਪਕ ਅਸਰ ਪੈਣ ਦੀਆਂ ਸੰਭਾਵਨਾਵਾਂ ਹਨ। ਡਿਸਟਿਲਡ ਸਪਿਰਟਿਸ ਕੌਂਸਲ ਅਨੁਸਾਰ ਮਿਸਾਲ ਦੇ ਤੌਰ 'ਤੇ ਕੈਨੇਡਾ ਤੇ ਮੈਕਸੀਕੋ ਦੀ ਸ਼ਰਾਬ ਉਪਰ 25% ਟੈਕਸ ਲਾਉਣ ਨਾਲ 31000 ਯੂ ਐਸ ਨੌਕਰੀਆਂ ਖਤਮ ਹੋ ਜਾਣਗੀਆਂ। ਕੌਂਸਲ ਅਨੁਸਾਰ ਪਿਛਲੇ ਸਾਲ ਅਮਰੀਕਾ ਨੇ ਮੈਕਸੀਕੋ ਤੋਂ 5.2 ਅਰਬ ਡਾਲਰ ਦੀ ਟਕੀਲਾ ਸ਼ਰਾਬ ਦਰਾਮਦ ਕੀਤੀ ਸੀ ਜਦ ਕਿ ਕੈਨੇਡਾ ਤੋਂ 62.20 ਕਰੋੜ ਡਾਲਰ ਦੀ ਸ਼ਰਾਬ ਆਈ ਸੀ। ਇਸ ਕਾਰੋਬਾਰ ਨਾਲ ਜੁੜੇ ਹਜਾਰਾਂ ਲੋਕਾਂ ਦੀਆਂ ਨੌਕਰੀਆਂ ਖਤਮ ਹੋ ਸਕਦੀਆਂ ਹਨ।

ਕੌਂਸਲ ਦੇ ਸੀ ਈ ਓ ਕ੍ਰਿਸ ਸਵਾਂਗਰ ਨੇ ਜਾਰੀ ਇਕ ਬਿਆਨ ਕਿਹਾ ਹੈ ਕਿ ਕੈਨੇਡਾ ਤੇ ਮੈਕਸੀਕੋ ਦੇ ਸਪਿਰਟਿਸ ਉਤਪਾਦਨਾਂ ਉਪਰ ਟੈਕਸ ਲਾਉਣ ਨਾਲ ਇਸ ਸਨਅਤ ਦਾ ਅਮਰੀਕੀ ਅਰਥਵਿਵਸਥਾ ਵਿੱਚ ਯੋਗਦਾਨ ਖਤਰੇ ਵਿਚ ਪੈ ਜਾਵੇਗਾ। ਉਨਾਂ ਕਿਹਾ ਕਿ ਸਾਨੂੰ ਚਿੰਤਾ ਹੈ ਕਿ ਕੈਨੇਡਾ ਦੇ ਠੇਕਿਆਂ ਤੋਂ ਮੁੜ ਅਮਰੀਕੀ ਸ਼ਰਾਬ ਗਾਇਬ ਹੋ ਜਾਵੇਗੀ ਤੇ ਇਸ ਦੇ ਨਾਲ ਹੀ ਇਹ ਵੀ ਡਰ ਹੈ ਕਿ ਅਮਰੀਕੀ ਵਿਸਕੀ ਉਪਰ ਮੋੜਵਾਂ ਟੈਕਸ ਲਾਉਣ ਨਾਲ ਹਾਲਤ ਹੋਰ ਖਰਾਬ ਹੋ ਜਾਵੇਗੀ। ਇਸ ਤੋਂ ਇਲਾਵਾ ਖੇਤੀਬਾੜੀ ਉਤਪਾਦਨ ਵੀ ਮਹਿੰਗੇ ਹੋ ਜਾਣਗੇ ਕਿਉਂਕਿ ਕੈਨੇਡਾ ਤੇ ਮੈਕਸੀਕੋ ਵੱਡੀ ਪੱਧਰ 'ਤੇ ਅਮਰੀਕਾ ਨੂੰ ਖੇਤੀਬਾੜੀ ਉਤਪਾਦਨਾਂ ਦੀ ਬਰਾਮਦ ਕਰਦੇ ਹਨ। ਮੈਕਸੀਕੋ ਤੋਂ ਅਮਰੀਕਾ ਤਾਜਾ ਫਲ ਤੇ ਸਬਜ਼ੀਆਂ ਦਰਾਮਦ ਕਰਦਾ ਹੈ ਜਦ ਕਿ ਕੈਨੇਡਾ ਅਨਾਜ, ਮੀਟ ਤੇ ਪੋਲਟਰੀ ਉਤਪਾਦਨਾਂ ਤੋਂ ਇਲਾਵਾ ਹੋਰ ਵਸਤਾਂ ਦੀ ਬਰਾਮਦ ਅਮਰੀਕਾ ਨੂੰ ਕਰਦਾ ਹੈ। ਇਹ ਦੋਨੋ ਮੁਲਕ ਅਮਰੀਕਾ ਦੇ ਵੱਡੇ ਵਪਾਰਕ ਭਾਈਵਾਲ ਹਨ।

# ਟੈਲੀਵਿਜ਼ਨ ਦਾ ਚਰਚਿਤ ਚਿਹਰਾ: ਬਿੱਕੀ ਬਿਕਰਮਜੀਤ

ਪ੍ਰੋ. ਕੁਲਬੀਰ ਸਿੰਘ



ਬਿੱਕੀ ਬਿਕਰਮਜੀਤ ਟੈਲੀਵਿਜ਼ਨ ਦਾ ਚਰਚਿਤ ਚਿਹਰਾ ਹੈ। ਦੂਰਦਰਸ਼ਨ ਨਾਲ ਉਨ੍ਹਾਂ ਦੀ ਗੂੜ੍ਹੀ ਲੰਮੀ ਸਾਂਝ ਹੈ। ਤਰ੍ਹਾਂ ਤਰ੍ਹਾਂ ਦੇ ਵਿਸ਼ੇਸ਼ ਸੰਗੀਤਕ ਪ੍ਰੋਗਰਾਮਾਂ ਨੂੰ ਸੰਵਾਰਨ ਸ਼ਿੰਗਾਰਨ ਦਾ ਮਹੱਤਵਪੂਰਨ ਕਾਰਜ ਬਿੱਕੀ ਬਿਕਰਮਜੀਤ ਦੇ ਹਿੱਸੇ ਆਉਂਦਾ ਹੈ। ਕੋਰੀਓਗ੍ਰਾਫ਼ੀ, ਅਰਥਾਤ ਨਾਚ ਨੂੰ ਗੀਤ, ਸੰਗੀਤ ਅਤੇ ਸਥਿਤੀ ਅਨੁਸਾਰ ਢਾਲਣਾ, ਜੋੜਨਾ ਅਤੇ ਵਰਤਣਾ। ਕੋਰੀਓਗ੍ਰਾਫ਼ੀ ਟੈਲੀਵਿਜ਼ਨ ਅਤੇ ਸਟੇਜ 'ਤੇ ਇਕੋ ਜਿਹੀ ਚਰਚਿਤ ਤੇ ਪ੍ਰਸਿੱਧ ਹੈ। ਫ਼ਿਲਮਾਂ ਦੇ ਗੀਤਾਂ ਨੂੰ ਕੋਰੀਓਗ੍ਰਾਫ਼ੀ ਰਾਹੀਂ ਆਕਰਸ਼ਕ ਤੇ ਯਾਦਗਾਰੀ ਬਣਾਇਆ ਜਾਂਦਾ ਹੈ। ਬਤੌਰ ਕੋਰੀਓਗ੍ਰਾਫ਼ਰ ਬਿੱਕੀ ਬਿਕਰਮਜੀਤ ਨੇ ਦੂਰਦਰਸ਼ਨ ਲਈ ਸੇਵਾ ਪ੍ਰਦਾਨ ਕਰਦਿਆਂ ਵੱਡਾ ਨਾਂ ਕਮਾਇਆ ਹੈ। ਸੈਂਕੜੇ ਸੰਗੀਤਕ ਪ੍ਰੋਗਰਾਮਾਂ ਲਈ ਉਨ੍ਹਾਂ ਨੇ ਕੋਰੀਓਗ੍ਰਾਫ਼ੀ ਕੀਤੀ ਹੈ।

ਦੂਰਦਰਸ਼ਨ ਦੇ ਬਹੁਤ ਸਾਰੇ ਨਾਟਕਾਂ, ਪ੍ਰੋਗਰਾਮਾਂ ਵਿਚ ਬਤੌਰ ਅਦਾਕਾਰ ਉਨ੍ਹਾਂ ਨੇ ਗੂੜ੍ਹੀ ਛਾਪ ਛੱਡੀ ਹੈ। ਉਹ ਕਿਰਦਾਰ ਵਿਚ ਇੰਞ ਰਚ ਮਿਚ ਜਾਂਦੇ ਹਨ ਕਿ ਬਿੱਕੀ ਬਿਕਰਮਜੀਤ ਕਿਧਰੇ ਲਾਂਭੇ ਰਹਿ ਜਾਂਦਾ ਹੈ। ਆਪਣੀ ਅਦਾਕਾਰੀ ਦੇ ਬਲ 'ਤੇ ਨਿਭਾਈ ਜਾ ਰਹੀ ਭੂਮਿਕਾ ਵਿਚ ਜਾਨ ਪਾ ਦਿੰਦੇ ਹਨ।

ਕਪੂਰਥਲਾ ਵਿਖੇ ਵਰ੍ਹਿਆਂ ਤੋਂ ਕਰਵਾਏ ਜਾਂਦੇ ਹਮਦਰਦ ਵਿਰਾਸਤੀ ਮੇਲੇ ਦੀ ਉਹ ਜਿੰਦਜਾਨ ਹਨ। ਉਸਦੀ ਰੂਪ-ਰੇਖਾ ਉਸਦੇ ਮਿਆਰ, ਸਨਮਾਨਿਤ ਕੀਤੀਆਂ ਜਾਣ ਵਾਲੀਆਂ ਸ਼ਖ਼ਸੀਅਤਾਂ ਸੱਭ ਦੀ ਖੂਬ ਚਰਚਾ ਹੁੰਦੀ ਹੈ। ਤਿੰਨ ਦਹਾਕਿਆਂ ਤੋਂ ਜਾਰੀ ਇਸ ਮੇਲੇ ਨੇ ਪੰਜਾਬ ਦੇ ਮੇਲਿਆਂ ਵਿਚ ਆਪਣੀ ਨਿਵੇਕਲੀ ਪਹਿਚਾਣ ਸਥਾਪਿਤ ਕਰ ਲਈ ਹੈ।





ਹੁਣ ਬਿੱਕੀ ਬਿਕਰਮਜੀਤ 'ਆਨ ਸਕਾਈ' ਟੀ.ਵੀ. ਦੇ ਪ੍ਰੋਗਰਾਮਾਂ 'ਤੇ ਸਖ਼ਤ ਮਿਹਨਤ ਕਰ ਰਹੇ ਹਨ। ਵੱਖ ਵੱਖ ਖੇਤਰਾਂ ਨਾਲ ਸੰਬੰਧਤ ਦਰਸ਼ਕਾਂ ਵਿਚ ਇਹ ਪ੍ਰੋਗਰਾਮ ਮਕਬੂਲ ਹੋ ਰਹੇ ਹਨ। ਅੰਮ੍ਰਿਤ ਵੇਲਾ, ਬੋਲਦੇ ਅੱਖਰ, ਕੰਧ ਉਹਲੇ ਪਰਦੇਸ, ਕਲਾ ਦੇ ਸਿਰਨਾਵੇਂ, ਕਲਮਾਂ ਦਾ ਸਫ਼ਰ ਅਤੇ ਸੱਜਰੇ ਸੁਰ ਜਿਹੇ ਪ੍ਰੋਗਰਾਮ ਸੰਬੰਧਤ ਸ਼ਖ਼ਸੀਅਤਾਂ ਦੀ ਚੋਣ, ਪੇਸ਼ਕਾਰੀ ਅਤੇ ਮਿਆਰ ਕਾਰਨ ਚਰਚਾ ਵਿਚ ਹਨ। ਉਦਾਹਰਨ ਵਜੋਂ 'ਕੰਧ ਉਹਲੇ ਪਰਦੇਸ' ਪ੍ਰੋਗਰਾਮ ਤਹਿਤ ਜਦ ਵਿੱਕੀ ਨਾਗਰਾ ਕੋਹਾਲਾ ਨੂੰ ਦਰਸ਼ਕਾਂ ਰੂਬਰੂ ਕੀਤਾ ਗਿਆ ਤਾਂ ਡਾ. ਅੰਜਲਾ ਦਾ ਕਹਿਣਾ ਸੀ 'ਪਰਵਾਸ' ਸ਼ਬਦ ਦੇ ਅੱਖਰ ਤਾਂ ਚਾਰ ਹਨ ਪਰ ਪੈਂਡਾ ਬਹੁਤ ਲੰਮਾ ਹੈ। ਮਾਂ, ਬਾਪ ਤੇ ਘਰ ਛੱਡ ਕੇ ਪਰਦੇਸ ਜਾਣਾ ਬਹੁਤ ਔਖਾ।

ਇਸੇ ਤਰ੍ਹਾਂ 'ਬੋਲਦੇ ਅੱਖਰ' ਪ੍ਰੋਗਰਾਮ ਰਾਹੀਂ ਨਵੀਆਂ ਪੁਸਤਕਾਂ ਦੇ ਲੇਖਕਾਂ ਨੂੰ ਦਰਸ਼ਕਾਂ ਰੂਬਰੂ ਕੀਤਾ ਜਾਂਦਾ ਹੈ। ਲੰਮੀ ਵਿਸਥਾਰਤ ਇੰਟਰਵਿਊ ਵੇਖ ਸੁਣ ਕੇ ਦਰਸ਼ਕਾਂ ਨੂੰ ਕਿਤਾਬ ਅਤੇ ਲੇਖਕ ਬਾਰੇ ਵਾਹਵਾ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਚੰਗਾ ਤੇ ਸਾਰਥਕ ਪਹਿਲੂ ਇਹ ਹੈ ਕਿ ਇਸ ਚੈਨਲ ਦੇ ਐਂਕਰ ਬਹੁਤ ਸਾਰਾ 'ਹੋਮ ਵਰਕ' ਕਰਕੇ ਆਉਂਦੇ ਹਨ। 'ਬੋਲਦੇ ਅੱਖਰ' ਪ੍ਰੋਗਰਾਮ ਦੇ ਪੇਸ਼ਕਾਰ ਡਾ. ਭੁਪਿੰਦਰ ਕੌਰ ਪਹਿਲਾਂ ਸੰਬੰਧਤ ਪੁਸਤਕ ਪ੍ਰਾਪਤ ਕਰਦੇ ਹਨ। ਫੇਰ ਉਸਨੂੰ ਧਿਆਨ ਨਾਲ ਅੱਖਰ ਅੱਖਰ ਪੜ੍ਹਦੇ ਹਨ। ਤਦ ਜਾ ਕੇ ਲੇਖਕ ਨਾਲ ਕੀਤੀ ਜਾਣ ਵਾਲੀ ਇੰਟਰਵਿਊ ਲਈ ਦਿਨ ਅਤੇ ਸਮਾਂ ਤੈਅ ਹੁੰਦਾ ਹੈ। ਦਰਸ਼ਕ ਅਤੇ ਪਾਠਕ ਸਮਝ ਸਕਦੇ ਹਨ ਕਿ ਪੁਸਤਕ ਪੜ੍ਹ ਕੇ ਲੇਖਕ ਨਾਲ ਕੀਤੀ ਇੰਟਰਵਿਊ ਅਤੇ ਬਿਨ੍ਹਾਂ ਪੜ੍ਹੇ ਕੀਤੀ ਇੰਟਰਵਿਊ ਵਿਚ ਕੀ ਅੰਤਰ ਹੋਵੇਗਾ।

ਇਸੇ ਤਰ੍ਹਾਂ 'ਕਲਾ ਦੇ ਸਿਰਨਾਵੇਂ' ਅਤੇ 'ਕਲਮਾਂ ਦਾ ਸਫ਼ਰ' ਪ੍ਰੋਗਰਾਮਾਂ ਦੀ ਤਿਆਰੀ ਵੇਲੇ ਐਂਕਰ ਸੰਬੰਧਤ ਸ਼ਖ਼ਸੀਅਤ ਬਾਰੇ ਬਹੁਤ ਸਾਰੀ ਜਾਣਕਾਰੀ ਇਕੱਤਰ ਕਰਕੇ ਸੈੱਟ 'ਤੇ ਪਹੁੰਚਦੇ ਹਨ। ਸਾਹਿਤਕਾਰ ਅਤੇ ਕਲਾਕਾਰ ਨਾਲ ਫੋਨ 'ਤੇ ਗੱਲਬਾਤ ਕਰਕੇ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਉਸਦੀ ਰਚਨਾ ਅਤੇ ਕਲਾ ਨੂੰ ਪੜ੍ਹਿਆ, ਸਮਝਿਆ ਜਾਂਦਾ ਹੈ। ਇੰਟਰਵਿਊ ਤੋਂ ਐਨ ਪਹਿਲਾਂ ਬੈਠ ਕੇ ਖੁਲ੍ਹੀ ਗੱਲਬਾਤ ਕੀਤੀ ਜਾਂਦੀ ਹੈ। ਇੰਞ ਕਰਨ ਨਾਲ ਜਿੱਥੇ ਇੰਟਰਵਿਊ ਸਹੀ ਦਿਸ਼ਾ ਵਿਚ ਅੱਗੇ ਵੱਧਦੀ ਹੈ ਉਥੇ ਐਂਕਰ ਅਤੇ ਮਹਿਮਾਨ ਦੋਵੇਂ ਸਹਿਜ ਤੇ ਸੁਖਾਲਾ ਮਹਿਸੂਸ ਕਰਦੇ ਹਨ।

1980 ਤੋਂ ਬਤੌਰ ਕੋਰੀਓਗ੍ਰਾਫ਼ਰ ਅਤੇ ਨਾਟਕ ਅਦਾਕਾਰ ਦੂਰਦਰਸ਼ਨ ਨਾਲ ਜੁੜੇ ਬਿੱਕੀ ਬਿਕਰਮਜੀਤ ਨਾ ਅੱਕਣ ਵਾਲੇ, ਨਾ ਥੱਕਣ ਵਾਲੇ ਪ੍ਰਤਿਭਾਸ਼ਾਲੀ ਟੈਲੀਵਿਜ਼ਨ ਚਿਹਰੇ ਹਨ। ਉਨ੍ਹਾਂ ਵੱਲੋਂ ਬਤੌਰ ਕੋਰੀਓਗ੍ਰਾਫ਼ਰ ਅਤੇ ਬਤੌਰ ਕਲਾਕਾਰ ਕੀਤੇ ਕੰਮ ਨੂੰ ਕਿਸੇ ਸੂਚੀ ਵਿਚ ਸਮੇਟਣਾ ਸੌਖਾ ਨਹੀਂ ਹੈ। ਡਾ. ਪਰਮਜੀਤ ਕੌਰ ਹੁਰਾਂ ਦਾ ਸਹਿਯੋਗ, ਸਮਰਥਨ ਤੇ ਭੂਮਿਕਾ ਸਰਾਹੁਣਯੋਗ ਹੈ।

*******

# ਪਗੜੀ ਸੰਭਾਲ ਓ ਜੱਟਾ ਪਗੜੀ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਕਿਸਾਨ ਅੰਦੋਲਨ ਵਿਚ ਬਾਕੀ ਰਹਿੰਦੇ ਆਗੂ ਕਿਸ ਨੂੰ ਉਡੀਕਦੇ ਹਨ, ਸਮਝ ਨਹੀਂ ਆਉਂਦੀ। ਇਕੱਠੇ ਹੋਣ ਦਾ ਵੇਲਾ ਹੈ। ਪਿਛਲੇ ਸਮੇਂ ਤੋਂ ਕਿਸਾਨੀ ਅਤੇ ਸਰਕਾਰ ਵਿਚਕਾਰ ਕਸ਼ਮਕਸ਼ ਚੱਲ ਰਹੀ ਹੈ। ਹੁਣ ਸ਼ੰਭੂ ਬਾਰਡਰ ਤੇ ਧਰਨਾ ਲਗਾ ਕੇ ਬੈਠੇ ਕਿਸਾਨ ਦੂਸ਼ਣਬਾਜੀ ਅਤੇ ਮੁਕਾਬਲੇਬਾਜ਼ੀ ਕਰਦੇ ਲੱਗਦੇ ਹਨ। ਅੱਡੋ ਅੱਡ ਰਸਤੇ ਅਪਣਾ ਕੇ ਕੁੱਝ ਵੀ ਪੱਲੇ ਨਹੀਂ ਪੈਣਾ। ਬੀਤੇ ਤੋਂ ਸਬਕ ਲੈਣਾ ਚਾਹੀਦਾ ਹੈ। ਹੁਣ ਡੱਲੇਵਾਲ ਮਰਨ ਵਰਤ ਉੱਤੇ ਹਨ, ਚੰਗੀ ਗੱਲ ਹੈ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਹੋਵੇ ਸਰਬ ਪ੍ਰਵਾਨਿਤ ਰਣਨੀਤੀ ਬਣਾਈ ਕੇ ਕਿਸਾਨੀ ਦਾ ਨਕਸ਼ਾ ਨਜ਼ਰੀਆ ਚਿਤਰਨ ਅਤੇ ਸੰਘਰਸ਼ ਦੀ ਰੂਪ ਰੇਖਾ ਲਈ ਕਿਸਾਨ ਆਗੂਆਂ ਨੂੰ ਇੱਕਜੁੱਟ ਹੋ ਕੇ ਸੰਵਾਦ ਨਾਲ ਕਿਸਾਨਾਂ ਦੇ ਮਸਲੇ ਹੱਲ ਕਰਵਾਉਣ ਲਈ ਸਰਕਾਰ ਤੇ ਦਬਾਅ ਬਣਾਉਣਾ ਚਾਹੀਦਾ ਹੈ। ਲੋਕਤੰਤਰ ਵਿੱਚ ਸਹੀ ਵੀ ਇਹੀ ਹੈ। ਮਰਨ ਵਰਤ ਦਾ ਭਾਵ ਮਸਲਾ ਹੱਲ ਜਾਂ ਮਰਨ ਤੱਕ ਭੁੱਖ ਹੁੰਦੀ ਹੈ। ਇਹ ਜਨਤਾ ਨੂੰ ਜਾਗਰੂਕ ਕਰਨ ਅਤੇ ਹਮਦਰਦੀ ਦਾ ਜ਼ਰੀਆ ਬਣਦਾ ਹੈ। ਭੁੱਖ ਹੜਤਾਲ ਕਰਨ ਵਾਲਿਆਂ ਦੀ ਇੱਛਾ ਅਤੇ ਨੀਅਤ ਵਿੱਚ ਸ਼ੱਕ ਨਹੀਂ ਹੋਣੀ ਚਾਹੀਦੀ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਨੂੰ ਪੰਜਾਬ ਸੂਬੇ ਚ ਰਲਾਉਣ ਲਈ ਮਰਨ ਵਰਤ ਰੱਖਿਆ ਇਹ ਯੋਧਾ ਅਦੁੱਤੀ ਸ਼ਹਾਦਤ ਦੇ ਗਿਆ,ਪਰ ਸਿਰੜ ਨਹੀਂ ਹਾਰਿਆ। ਇਸ ਦੀ ਕੁਰਬਾਨੀ ਲੀਡਰਾਂ ਨੇ ਰੋਲ ਦਿੱਤੀ। ਹਰ ਦੂ ਲਾਹਣਤ।

ਦਾਰਸ਼ਨਿਕ ਪਬਲੀਲੀਅਸ ਸਾਇਰਸ ਲਿਖਦੇ ਹਨ ਕਿ 'ਏਕਾ ਸੰਭਾਵਨਾ ਸਿਰਜਦਾ ਹੈ 'ਇਸ ਵਿਸ਼ੇ ਤੇ ਉਗਰਾਹਾਂ ਸਾਹਿਬ ਨੂੰ ਸਮਝਣਾ ਚਾਹੀਦਾ ਹੈ ਕਿ ਜੰਗ ਦੇ ਮੈਦਾਨ ਵਿੱਚ ਸਾਰੇ ਮੋਰਚੇ ਕਾਇਮ ਕਰਕੇ ਗੁਰਿੱਲਾ ਯੁੱਧ ਵੀ ਲੜਿਆ ਜਾਂਦਾ ਹੈ। ਤੁਸੀਂ ਤਾਂ ਮਰਨ ਵਰਤ ਤੇ ਹੀ ਵੱਖਰੇਵੇਂ ਪਾਈ ਬੈਠੇ ਹੋ। ਅੰਨਦਾਤੇ ਕਿਸਾਨਾਂ ਨਾਲ ਹੀ ਜੀਵਨ ਹੈ। ਅੰਨ ਨਾਲ ਹੀ ਪੇਟ ਭਰਦਾ ਹੈ। ਹੁਣ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਕਿਸਾਨੀ ਪਵਿੱਤਰ ਕਿੱਤੇ ਵਿੱਚ ਹੇਰਾਫੇਰੀ ਨਹੀਂ ਹੁੰਦੀ। ਅਜ਼ਾਦੀ ਤੋਂ ਬਾਅਦ ਸੱਠਵਿਆਂ ਦੇ ਨੇੜੇ ਭਾਰਤ ਨੂੰ ਭੁੱਖ ਮਰੀ ਤੋਂ ਬਚਾਉਣ ਲਈ ਸਵਾਮੀਨਾਥਨ ਦਾ ਵੱਡਾ ਯੋਗਦਾਨ ਹੈ। ਕਿਸਾਨਾਂ ਦੀ ਮੰਗ ਅਤੇ ਤ੍ਰਾਸਦੀ ਤੇ ਸਰਕਾਰ ਨੇ ਕਿਸਾਨਾਂ ਦੀ ਦਸ਼ਾ ਸੁਧਾਰਨ ਲਈ ਸਵਾਮੀਨਾਥਨ ਰਿਪੋਰਟ ਤਿਆਰ ਕਰਵਾਈ। ਅਫਸੋਸ ਕਿਸੇ ਸਰਕਾਰ ਨੇ ਸਮਾਂ ਪੈਸਾ ਬਰਬਾਦ ਕਰਨ ਦੇ ਬਾਵਜੂਦ ਵੀ ਇਹੀ ਰਿਪੋਰਟ ਲਾਗੂ ਨਹੀਂ ਕੀਤੀ। ਹੁਣ ਇਹ ਰਿਪੋਰਟ ਲਾਗੂ ਕਰਵਾਉਣ ਲਈ ਸਭ ਨੂੰ ਅੱਗੇ ਆਉਣਾ ਪਵੇਗਾ। ਸਵਾਮੀਨਾਥਨ ਨੇ ਕਿਸਾਨਾਂ ਦਾ ਸਹਿਯੋਗ ਲੈਣ ਕੇ ਅਤੇ ਨਸੀਹਤ ਦੇ ਕੇ ਕਣਕ ਦਾ ਝਾੜ 65-66 ਵਿੱਚ 33.89 ਲੱਖ ਟਨ ਤੋਂ 85-86 ਤੱਕ 107.21 ਲੱਖ ਟਨ ਕੀਤਾ। ਸਰਕਾਰ ਨੂੰ ਇਸ ਤੇ ਸੋਚ ਵਿਚਾਰ ਕਰਨ ਦੀ ਜ਼ਰੂਰਤ ਹੈ। ਸਵਾਮੀਨਾਥਨ ਦੀ ਸੋਚ ਇਹ ਵੀ ਸੀ ਕਿ ਹਰੀ ਕ੍ਰਾਂਤੀ ਹੰਢਣਸਾਰ ਨਹੀਂ ਹੋਣੀ, ਅਨਾਜ ਦੇ ਭੰਡਾਰ ਭਰਨ ਜਾਣੇ, ਪਰ ਗਰੀਬ ਅਨਾਜ ਕਿਵੇਂ ਖਰੀਦੇਗਾ। ਇਸ ਵਿਸ਼ੇ ਤੇ ਵੀ ਸਵਾਮੀਨਾਥਨ ਨੇ ਸੁਝਾਅ ਦਿੱਤਾ। ਸਵਾਮੀਨਾਥਨ ਮਹਾਰਾਸ਼ਟਰ ਵਿੱਚ ਵਿਸਰਭ ਵਿਖੇ ਕਿਸਾਨ ਦੀ ਦੁਰਦਸ਼ਾ ਦੇਖ ਕੇ ਰੋ ਪਿਆ ਸੀ। ਸਵਾਮੀਨਾਥਨ ਦੀ ਰਿਪੋਰਟ ਵਿੱਚ, ਫਸਲ ਉਤਪਾਦਨ ਮੁੱਲ ਤੋਂ 50% ਤੋਂ ਵੱਧ ਮੁੱਲ ਕਿਸਾਨਾਂ ਨੂੰ ਮਿਲੇ, ਚੰਗਾ ਬੀਜ ਚੰਗੀ ਸਲਾਹ, ਮਹਿਲਾ ਕਿਸਾਨਾਂ ਨੂੰ ਕਰੈਡਿਟ ਕਾਰਡ, ਫਸਲ ਬੀਮਾ ਕਰਜ਼ ਯੋਜਨਾ, ਫਸਲ ਦਾ ਸਹੀ ਅਤੇ ਸਮੇਂ ਤੇ ਮੁੱਲ ਮਿਲਣਾ ਵਗੈਰਾ ਵਗੈਰਾ ਸਨ।

ਹੁਣ ਪੰਜਾਬ ਸਰਕਾਰ ਵੀ ਪਹੁੰਚ ਅਪਣਾ ਰਹੀ ਹੈ। ਕੇਂਦਰ ਦਾ ਵਿਸ਼ਾ ਹੋਣ ਕਰਕੇ ਬੇਵੱਸ ਹੈ। ਕਿਸਾਨ ਅੰਦੋਲਨ ਨੇ ਲੋਕਤੰਤਰੀ ਢੰਗ ਨਾਲ ਸੰਵਾਦ ਰਾਹੀਂ ਜਿੱਤ ਪ੍ਰਾਪਤ ਕੀਤੀ ਸੀ। ਕੁਝ ਇਸ ਨੂੰ ਚਿੰਗਾਰੀ ਦੀ ਕੋਸ਼ਿਸ਼ ਨਾਲ ਪ੍ਰਧਾਨ ਮੰਤਰੀ ਉੱਤੇ ਜਿੱਤ ਦੱਸਦੇ ਰਹੇ। ਲੋਕਤੰਤਰ ਵਿੱਚ ਮਸਲੇ ਸੰਵਾਦ ਨਾਲ ਹੱਲ ਹੁੰਦੇ ਹਨ ਜਿੱਤ ਹਾਸਲ ਨਹੀਂ ਹੁੰਦੀ। ਅਫਸੋਸ ਜਿੱਤ ਦੇ ਜਸ਼ਨ ਮਨਾਉਣ ਦੇ ਨਾਲ ਨਾਲ ਅੱਡਰੇ ਰਾਹੀਂ ਤੁਰ ਪਏ। ਚੌਤੀ ਪੈਂਤੀ ਦੀ ਪੰਸੇਰੀ ਖਿਲਰ ਗਈ। ਆਪਣਾ ਕੀਤਾ ਵੀ ਗਵਾ ਲਿਆ। "ਏਕਾ ਤੇ ਸਬਰ ਜਿਤਾਉਂਦਾ ਮਿੱਤਰੋਂ ਬਈ ਜੰਗਾਂ ਨੂੰ" ਦਾ ਸਬਕ ਸਿੰਘੂ ਹੀ ਛੱਡ ਆਏ। ਹੁਣ ਡੱਲੇਵਾਲ ਨੇ ਫਾਕੜੀ ਹੋ ਕੇ ਮੰਗਾਂ ਲਈ ਹਿਆ ਕੀਤਾ, ਪਰ ਬਾਕੀ ਸਭ ਆਪਣੇ ਆਪਣੇ ਰਾਹੀਂ। ਚੋਣਾਂ ਲੜਨਾ ਵੀ ਵੱਡੀ ਭੁੱਲ ਸਾਬਿਤ ਹੋਈ, ਕੀਤਾ ਕਰਾਇਆ ਸੁੱਟ ਦਿੱਤਾ। ਹਾਂ ਇੱਕ ਗੱਲ ਸਾਫ ਹੋ ਗਈ ਕਿ ਜੇ ਗਾਇਕ, ਨੌਜਵਾਨ ਅਤੇ ਦੀਪ ਸਿੱਧੂ ਫੈਕਟਰ ਨਾ ਹੁੰਦਾ ਤਾਂ ਉਦੋਂ ਵੀ ਸ਼ੰਭੂ ਵਿੱਚ ਹੀ ਗੋਡੇ ਟੇਕ ਹੋ ਜਾਣੇ ਸਨ।

ਮਰਨ ਵਰਤ ਸਰਕਾਰ ਨੂੰ ਜਗਾਉਣ ਅਤੇ ਲੋਕਾਂ ਨੂੰ ਜਾਗਰੂਕ ਕਰਕੇ ਹਮਦਰਦੀ ਲੈਣਾ ਹੁੰਦਾ ਹੈ। ਇਹ ਵੀ ਸਭ ਜਥੇਬੰਦੀਆਂ ਦੇ ਸਹਿਯੋਗ ਨਾਲ ਹੋਵੇ, ਨਹੀਂ ਤਾਂ ਆਸ ਮੱਧਮ ਹੈ। ਦੂਜਿਆਂ ਨੂੰ ਵੀ ਆਪਣਾ ਰਾਗ ਅਲਾਪਣ ਨਾਲੋਂ ਇਸ ਨਵੇਂ ਯੁੱਧ ਵਿੱਚ ਕੁੱਦਣਾ ਚਾਹੀਦਾ ਹੈ ਨਹੀਂ ਤਾਂ ਉਂਗਲ ਉਹਨਾਂ ਵੱਲ ਵੀ ਉੱਠੇਗੀ। ਇਲਜ਼ਾਮ ਅਤੇ ਦੂਸ਼ਣਬਾਜੀ ਬੰਦ ਕਰਕੇ ਕਿਸਾਨਾਂ ਦੀਆਂ ਜਥੇਬੰਦੀਆਂ ਇੱਕਜੁੱਟ ਹੋਣ। ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਕੇਂਦਰ ਨਾਲ ਕਿਸਾਨਾਂ ਦਾ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ, ਪਰ ਸਿਆਸੀ ਰੁਕਾਵਟਾਂ ਪੈਰ ਨਹੀਂ ਲੱਗਣ ਦਿੰਦੀਆਂ। ਕੇਂਦਰ ਨੂੰ ਇਸ ਸੰਵੇਦਨਸ਼ੀਲ ਮੁੱਦੇ ਦਾ ਹੱਲ ਕੱਢਣਾ ਚਾਹੀਦਾ ਹੈ। ਕਿਸਾਨ ਆਗੂਆਂ ਅਤੇ ਜਥੇਬੰਦੀਆਂ ਨੂੰ ਇੱਕ ਵਾਰ ਫਿਰ ਤੋਂ ਬਾਂਕੇ ਦਿਆਲ ਦਾ ਨਾਅਰਾ ਬੁਲੰਦ ਕਰਨਾ ਚਾਹੀਦਾ ਹੈ:-

"ਪੱਗੜੀ ਸੰਭਾਲ ਓ ਜੱਟਾ ਪਗੜੀ,
ਹਿੰਦ ਹੈ ਤੇਰਾ ਮੰਦਰ, ਤੂੰ ਇਸਦਾ ਪੁਜਾਰੀ,
ਝੱਲੇਗਾ ਅਜੇ ਕਦ ਤੱਕ ਹੋਰ ਖੁਆਰੀ,
ਮਰਨੇ ਦੀ ਕਰ ਲੈ ਹੁਣ ਤੂੰ ਵੱਡੀ ਤਿਆਰੀ,
ਮਰਨੇ ਤੋਂ ਜੀਣਾ ਭੈੜਾ ਹੋ ਕੇ ਬੇਹਾਲ ਓ,
ਪਗੜੀ ਸੰਭਾਲ ਓ ਜੱਟਾ ਪਗੜੀ"

*******

# " ਸ੍ਰੀ ਅਨੰਦਪੁਰ ਸਾਹਿਬ ਦਾ ਪਾਵਨ ਹੋਲਾ - ਮਹੱਲਾ

## "ਧੰਨ - ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਖ਼ਾਲਸੇ ਦੇ ਜਾਹੋ - ਜਲਾਲ ਦੇ ਪ੍ਰਤੀਕ ਹੋਲੇ - ਮਹੱਲੇ ਦੀ ਆਰੰਭਤਾ ਗੁਰੂ ਨਗਰੀ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਰਚ ਮਹੀਨੇ ਦੇ ਦੌਰਾ

**ਮਾਸਟਰ ਸੰਜੀਵ ਧਰਮਾਣੀ**
9478561356



ਧੰਨ - ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਖ਼ਾਲਸੇ ਦੇ ਜਾਹੋ - ਜਲਾਲ ਦੇ ਪ੍ਰਤੀਕ ਹੋਲੇ - ਮਹੱਲੇ ਦੀ ਆਰੰਭਤਾ ਗੁਰੂ ਨਗਰੀ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਰਚ ਮਹੀਨੇ ਦੇ ਦੌਰਾਨ ਹਰ ਸਾਲ ਬਹੁਤ ਹੀ ਧੂਮਧਾਮ, ਉਤਸ਼ਾਹ, ਖ਼ੁਸ਼ੀ, ਉਮੰਗ ਅਤੇ ਹੌਸਲੇ ਦੇ ਨਾਲ ਹੁੰਦੀ ਹੈ। ਇਸ ਪਾਵਨ ਅਵਸਰ ਦੇ ਮੌਕੇ 'ਤੇ ਸਮੂਹ ਇਲ-ਾਕਾ ਨਿਵਾਸੀਆਂ, ਸੰਗਤਾਂ, ਪੰਜਾਬ ਅਤੇ ਦੇਸ਼ - ਦੁਨੀਆ ਦੇ ਲੋਕਾਂ ਤੇ ਸੰਗਤਾਂ ਨੂੰ ਬਹੁਤ - ਬਹੁਤ ਵਧਾਈ ਹੋਵੇ। ਹੋਲੇ - ਮਹੱਲੇ ਦਾ ਪਾਵਨ - ਪਵਿੱਤਰ ਮਹਾਨ ਤਿਉਹਾਰ ਪੰਜਾਬ ਤੇ ਪੰਜਾਬੀਅਤ ਦੀ ਚੜ੍ਹਦੀ ਕਲਾ, ਖੁਸ਼ਹਾਲੀ, ਉੱਚੀ - ਸੁੱਚੀ ਤੇ ਨੇਕ ਸੋਚ, ਨਿਡਰਤਾ ਅਤੇ ਹੱਕ - ਸੱਚ 'ਤੇ ਪਹਿਰਾ ਦੇਣ ਦੀ ਗਵਾਹੀ ਤੇ ਪ੍ਰਤੀਕ ਹੈ। ਇਸ ਪਾਵਨ - ਪਵਿੱਤਰ ਸ਼ੁਭ ਦਿਹਾੜੇ 'ਤੇ ਦੇਸ਼ਾਂ - ਵਿਦੇਸ਼ਾਂ ਅਤੇ ਦੂਰੋਂ - ਦੁਰਾਡਿਓਂ ਸੰਗਤਾਂ ਬਹੁਤ ਹੀ ਖ਼ੁਸ਼ੀ ਤੇ ਉਮੰਗ ਦੇ ਨਾਲ ਗੁਰੂ ਦੀ ਨਗਰੀ ਪਾਵਨ - ਪਵਿੱਤਰ, ਮਹਾਨ , ਇਤਿਹਾਸਕ ਧਰਤੀ ਅਤੇ ਅਨੰਦਾਂ ਦੀ ਨਗਰੀ ਸ੍ਰੀ ਅਨੰਦਪੁਰ ਸਾਹਿਬ ( ਜਿਲ੍ਹਾ ਰੂਪਨਗਰ ) ਵਿਖੇ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੁੰਦੀ ਹੈ ਅਤੇ ਇਸ ਮਹਾਨ ਧਰਤੀ ਦੇ ਦਰਸ਼ਨ ਦੀਦਾਰ ਕਰਦੀ ਹੈ। ਹੋਲੇ - ਮਹੱਲੇ ਦਾ ਪਾਵਨ - ਪਵਿੱਤਰ ਤਿਉਹ-ਾਰ ਸਾਨੂੰ ਗੁਰੂ ਸਾਹਿਬਾਨ ਜੀ ਵੱਲੋਂ ਦੱਸੇ ਗਏ ਹੱਕ - ਸੱਚ ਤੇ ਧਰਮ ਦੇ ਮਾਰਗ 'ਤੇ ਚੱਲਣ ਦਾ ਸੁਨੇਹਾ ਦਿੰਦਾ ਹੈ ਅਤੇ ਇਹ ਵੀ ਯਾਦ ਦਿਵਾਉਂਦਾ ਹੈ ਕਿ ਸਾਨੂੰ ਅੰਧ - ਵਿਸ਼ਵਾਸਾਂ , ਊਚ - ਨੀਚ, ਜਾਤ - ਪਾਤ ਅਤੇ ਵਹਿਮਾਂ - ਭਰਮਾਂ ਤੋਂ ਮੁਕਤ ਹੋ ਕੇ ਆਪਣਾ ਜੀਵਨ ਗੁਰੂ ਸਾਹਿਬ ਜੀ ਦੇ ਦੱਸੇ ਮਾਰਗ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ। ਹੋਲੇ - ਮਹੱਲੇ ਦੇ ਪਾਵਨ - ਪਵਿੱਤਰ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਕਵੀ ਦਰਬਾਰ, ਢਾਡੀ ਦਰਬਾਰ, ਕੀਰਤਨ ਸਮਾਗਮ, ਗੱਤਕਾ ਮੁਕਾਬਲੇ ਅਤੇ ਹੋਰ ਅਨੇਕਾਂ ਮਹਾਨ ਧਾਰਮਿਕ ਕਾਰਜ ਕੀਤੇ ਜਾਂਦੇ ਹਨ।ਨਿਹੰਗ ਸਿੰਘਾਂ ਵੱਲੋਂ ਵੀ ਵੱਖ - ਵੱਖ ਤਰ੍ਹਾਂ ਦੇ ਹੈਰਤਅੰਗੇਜ਼ ਕਰਤੱਬ ਬਹੁਤ ਹੀ ਬਹਾਦਰੀ, ਨਿਡਰਤਾ ਅਤੇ ਦਲੇਰੀ ਨਾਲ ਕੀਤੇ ਜਾਂਦੇ ਹਨ। ਹੋਲੇ - ਮਹੱਲੇ ਦੇ ਪਾਵਨ ਦਿਹਾੜੇ 'ਤੇ ਸਿਵਲ ਪ੍ਰਸ਼ਾਸਨ , ਪੁਲਿਸ ਪ੍ਰਸ਼ਾਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰ ਸੇਵਾਦਾਰਾਂ ਤੇ ਸੰਗਤਾਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਸਮੁੱਚੇ ਪ੍ਰੋਗਰਾਮ ਦੀ ਵਿਉਂਤਬੰਦੀ ਕੀਤੀ ਜਾਂਦੀ ਹੈ ਅਤੇ ਨੇਪਰੇ ਵੀ ਚਾੜ੍ਹਿਆ ਜਾਂਦਾ ਹੈ।ਸੰਗਤਾਂ ਗੁਰੂ ਕੇ ਅਤੁੱਟ ਵਰਤਾਏ ਜਾਂਦੇ ਲੰਗਰਾਂ ਦਾ ਵੀ ਆਨੰਦ ਉਠਾਉਂਦੀਆਂ ਹਨ ਅਤੇ ਮੇਲੇ ਦੇ ਵੰਨ - ਸੁਵੰਨੇ ਰੰਗਾਂ ਅਤੇ ਦ੍ਰਿਸ਼ਾਂ ਦਾ ਅਨੰਦ ਵੀ ਮਾਣਦੀਆਂ ਹਨ। ਕਈ ਥਾਵਾਂ 'ਤੇ ਪੁਸਤਕ ਪ੍ਰਦਰਸ਼ਨੀਆਂ ਤੇ ਖੇਡ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ। ਸਭ ਤੋਂ ਵੱਡੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਅਤੇ ਇਸਦੇ ਆਲੇ - ਦੁਆਲੇ ਦੇ ਪਿੰਡਾਂ ਦੇ ਲੋਕ ਬਹੁਤ ਹੀ ਸ਼ਰਧਾ ਭਾਵਨਾ ਦੇ ਨਾਲ ਆਈਆਂ ਹੋਈਆਂ ਸੰਗਤਾਂ ਦੇ ਲਈ ਲੰਗਰ, ਚਾਹ, ਪਾਣੀ ਅਤੇ ਹੋਰ ਵੰਨ - ਸੁਵੰਨੇ ਖਾਧ ਪਦਾਰਥਾਂ ਦੀ ਖੁੱਲ੍ਹਦਿਲੀ ਦੇ ਨਾਲ ਸੇਵਾ /ਉਪਲੱਬਧਤਾ ਕਰਵਾਉਂਦੇ ਹਨ। ਦੂਰੋਂ - ਨੇੜਿਓਂ ਆਈਆਂ ਹੋਈਆਂ ਸੰਗਤਾਂ ਨੂੰ ਲਾਊਡ ਸਪੀਕਰਾਂ ਦੀਆਂ ਆਵਾਜ਼ਾਂ ਵਾਰ - ਵਾਰ ਗੁਰੂ ਕੇ ਲੰਗਰ ਛਕਣ , ਚਾਹ - ਪਕੌੜਾ ਛਕਣ ਦੀਆਂ ਬੇਨਤੀਆਂ ਕਰਦੀਆਂ ਹਨ , ਜੋ ਕਿ ਇੱਕ ਬਹੁਤ ਵੱਡਾ ਤੇ ਮਹਾਨ ਉਪਰਾਲਾ ਹੈ।ਇਸ ਪਾਵਨ ਦਿਹਾੜੇ 'ਤੇ ਗੁਰੂ ਘਰਾਂ ਵਿੱਚ ਅੰਮ੍ਰਿਤ ਦਾ ਸੰਚਾਰ ਵੀ ਕੀਤਾ ਜਾਂਦਾ ਹੈ। ਸੰਗਤਾਂ ਗੁਰੂ - ਘਰਾਂ ਵਿੱਚ ਰੱਬੀ ਇਲਾਹੀ ਬਾਣੀ ਦਾ ਅਨੰਦ ਵੀ ਬਹੁਤ ਸ਼ਰਧਾ ਨਾਲ ਮਾਣਦੀਆਂ ਹਨ। ਸਾਨੂੰ ਹੋਲੇ - ਮਹੱਲੇ ਦੇ ਪਾਵਨ ਤਿਉਹਾਰ ਨੂੰ ਮਨਾਉਂਦੇ ਸਮੇਂ ਕੁਦਰਤੀ ਰੰਗਾਂ ਜਾਂ ਫੁੱਲਾਂ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਰਸਾਇਣਾਂ ਵਾਲੇ ਰੰਗ ਸਾਡੇ ਸਰੀਰ, ਸਾਡੀਆਂ ਅੱਖਾਂ , ਸਾਡੇ ਕੰਨ ਆਦਿ ਨੂੰ ਨੁਕਸਾਨ ਨਾ ਪਹੁੰਚਾ ਸਕਣ। ਇਸ ਮੌਕੇ ਸਾਨੂੰ ਹੱਕ - ਸੱਚ ਦੀ ਕਮਾਈ ਕਰਨ, ਸ਼ਾਂਤੀ, ਸਾਦਗੀ ਅਤੇ ਦੂਸਰਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਆਪਣੇ ਅੰਦਰ ਲਿਆਉਣ ਦਾ ਅਹਿਦ ਵੀ ਲੈਣਾ ਚਾਹੀਦਾ ਹੈ। ਸਾਨੂੰ ਇਹ ਵੀ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਖੁਦ ਅਤੇ ਆਪਣੇ ਸਮਾਜ ਨੂੰ ਨਸ਼ਿਆਂ ਤੋਂ ਮੁਕਤ ਰੱਖੀਏ। ਇਸ ਪਾਵਨ ਦਿਹਾੜੇ ਮੌਕੇ ਹੋ ਸਕੇ ਤਾਂ ਲੋੜਵੰਦਾਂ ਦੀ ਯਥਾਸੰਭਵ ਯੋਗ ਸਹਾਇਤਾ ਕਰ ਦੇਣੀ ਚਾਹੀਦੀ ਹੈ। ਪ੍ਰਮਾਤਮਾ ਕਰੇ ! ਗੁਰੂ ਮਹਾਰਾਜ ਜੀ ਦੀ ਕ੍ਰਿਪਾ ਨਾਲ ਹਰ ਸਾਲ ਸੁੱਖ - ਸ਼ਾਂਤੀ, ਖ਼ੁਸ਼ੀ, ਉਮੰਗ - ਤਰੰਗ ਅਤੇ ਹਰ ਤਰ੍ਹਾਂ ਦੇ ਭੇਦਭਾਵ ਤੇ ਮਨ - ਮੁਟਾਵ ਮਿਟਾ ਕੇ ਸਮੁੱਚੀ ਦੁਨੀਆ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਮਹਾਨ, ਪਾਵਨ ਅਤੇ ਦੁਨੀਆ ਵਿੱਚ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਤਿਓਹਾਰ ਹੋਲਾ - ਮਹੱਲਾ ਨੂੰ ਬਹੁਤ ਹੀ ਖ਼ੁਸ਼ੀ ਨਾਲ ਅਤੇ ਆਪਸ ਵਿੱਚ ਰਲ਼ - ਮਿਲ਼ ਕੇ ਮਨਾਉਂਦੇ ਰਹਿਣ ਤੇ ਸਾਰੇ ਰਲ਼ - ਮਿਲ਼ ਕੇ ਰਹਿਣ ਜੀ।





* * * * * * *

# ਵਗਦਾ ਰਿਹਾ ਦਰਿਆ



ਚੁੱਪ ਚਾਪ ਵਗਦਾ ਰਿਹਾ,
ਉਸਨੇ ਕਿਸੇ ਨੂੰ ਕੁਝ ਨਾ ਕਿਹਾ
ਦਰਿਆ ਵਗਦਾ ਰਿਹਾ।
ਦਰਿਆ ਦਾ ਪਾਣੀ
ਕਦੇ ਸਾਫ, ਕਦੇ ਮਟਮੈਲਾ
ਕਦੇ-ਕਦੇ ਚਿੱਕੜ-ਗਾਦ ਭਰਿਆ ਜਿਹਾ,
ਪਰ ਦਰਿਆ ਵਗਦਾ ਰਿਹਾ,
ਉਸਨੇ ਕਿਸੇ ਨੂੰ ਕੁਝ ਨਾ ਕਿਹਾ
ਦਰਿਆ ਵਗਦਾ ਰਿਹਾ।
ਕੋਈ ਕਿਸ਼ਤੀ ਚਲਾਉਂਦਾ,
ਕੋਈ ਕੋਲ਼ ਖੜ੍ਹਾ ਗੀਤ ਗੁਣਗੁਣਾਉਂਦਾ
ਆਪਣੇ-ਆਪਣੇ ਤਰੀਕੇ ਨਾਲ਼,
ਹਰ ਕੋਈ ਸੀ ਮਨਪ੍ਰਚਾਉਂਦਾ।
ਪਰ ਦਰਿਆ ਵਗਦਾ ਰਿਹਾ
ਉਸਨੇ ਕਿਸੇ ਨੂੰ ਕੁਝ ਨਾ ਕਿਹਾ।
ਕਦੇ ਸਿੱਧਾ - ਪੱਧਰਾ,
ਕਦੇ ਵਿੰਗ - ਵਲ਼ ਖਾਂਦਾ,
ਕਦੇ ਨਾ ਰੁਕਿਆ ਉਹ,
ਹਮੇਸ਼ਾ ਸੀ ਤੁਰਦਾ ਜਾਂਦਾ,
ਵਗਦਾ ਰਿਹਾ ਦਰਿਆ
ਚੁੱਪਚਾਪ ਵਗਦਾ ਰਿਹਾ,
ਉਸਨੇ ਕਿਸੇ ਨੂੰ ਕੁਝ ਨਾ ਕਿਹਾ
ਦਰਿਆ ਵਗਦਾ ਰਿਹਾ।
ਕਦੇ-ਕਦੇ ਮੈਂ ਸੋਚਦਾ
ਇਹ ਦਰਿਆ ਹੈ ਜਾਂ ਰੱਬ ?
ਜੋ ਸਭ ਕੁਝ ਸਹਿ ਕੇ
ਸਦੀਆਂ ਤੋਂ ਚੁੱਪਚਾਪ ਵਗਦਾ ਰਿਹਾ।
ਕੁਦਰਤ ਦਾ ਇਹ ਕਰਿਸ਼ਮਾ
ਸੱਚਮੁੱਚ ਕਿਹੋ ਜਿਹਾ !
ਵਗਦਾ ਰਿਹਾ ਦਰਿਆ
ਚੁੱਪਚਾਪ ਵਗਦਾ ਰਿਹਾ,
ਉਸਨੇ ਕਿਸੇ ਨੂੰ ਕੁਝ ਨਾ ਕਿਹਾ
ਦਰਿਆ ਵਗਦਾ ਰਿਹਾ ;
ਵਗਦਾ ਰਿਹਾ ਦਰਿਆ
ਦਰਿਆ ਵਗਦਾ ਰਿਹਾ।

**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**9478561356**

# ਦੱਖਣੀ ਕੋਰੀਆ ਦੇ ਰਿਹਾਇਸ਼ੀ ਇਲਾਕਿਆਂ ਵਿਚ ਬੰਬਾਰੀ

ਸੋਲ : ਦੱਖਣੀ ਕੋਰੀਆ ਵਿਚ ਚੱਲ ਰਹੀਆਂ ਫੌਜੀ ਮਸ਼ਕਾਂ ਦੌਰਾਨ ਆਮ ਲੋਕ ਖਤਰੇ ਵਿਚ ਘਿਰ ਗਏ ਜਦੋਂ ਦੋ ਲੜਾਕੂ ਜਹਾਜ਼ਾਂ ਨੇ ਰਿਹਾਇਸ਼ੀ ਇਲਾਕੇ ਉਤੇ ਬੰਬ ਸੁੱਟਣੇ ਸ਼ੁਰੂ ਕਰ ਦਿਤੇ। ਬੰਬਾਰੀ ਦੌਰਾਨ 15 ਜਣਿਆਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ ਜਿਨ੍ਹਾਂ ਵਿਚੋਂ 2 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਹਵਾਈ ਫੌਜ ਨੇ ਮੁਆਫ਼ੀ ਮੰਗਦਿਆਂ ਕਿਹਾ ਕਿ ਪਾਇਲਟਾਂ ਨੇ ਫੌਜੀ ਮਸ਼ਕਾਂ ਦੌਰਾਨ ਗਲਤ ਟਿਕਾਣਾ ਦਰਜ ਕਰ ਲਿਆ ਅਤੇ ਉਨ੍ਹਾਂ ਥਾਵਾਂ`ਤੇ ਬੰਬ ਡਿੱਗੇ ਜਿਥੇ ਲੋਕ ਵਸਦੇ ਹਨ। ਫੌਜੀ ਮਸ਼ਕਾਂ ਨੂੰ ਆਰਜ਼ੀ ਤੌਰ ਤੇ ਰੱਦ ਕਰ ਦਿਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਘਟਨਾ ਵੀਰਵਾਰ ਨੂੰ ਸਥਾਨਕ ਸਮੇਂ ਮੁਤਾਬਕ ਸਵੇਰੇ ਤਕਰੀਬਨ 10 ਵਜੇ ਉਤਰ ਕੋਰੀਆ ਦੀ ਸਰਹੱਦ ਨੇੜਲੇ ਸ਼ਹਿਰ ਪੌਚੀਓਨ ਵਿਖੇ ਵਾਪਰੀ।ਦੱਸਿਆ ਜਾ ਰਿਹਾ ਹੈ ਕਿ 8 ਬੰਬਾਂ ਵਿਚੋਂ ਇਕ ਬੰਬ ਵਿਚ ਧਮਾਕਾ ਹੋਇਆ ਅਤੇ ਬਾਕੀ ਬੰਬ ਨਕਾਰਾ ਕਰ ਦਿਤੇ ਗਏ। ਦੱਸ ਦੇਈਏ ਕਿ ਦੱਖਣੀ ਕੋਰੀਆ ਅਤੇ ਅਮਰੀਕਾ ਦੀ ਹਵਾਈ ਫੌਜ ਵੱਲੋਂ ਸਾਂਝੀਆਂ ਫੌਜੀ ਮਸ਼ਕਾਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਕੇ.ਐਫ਼. 16 ਲੜਾਕੂ ਜਹਾਜ਼ਾਂ ਵੱਲੋਂ ਗਲਤੀ ਨਾਲ ਐਮ.ਕੇ. 82 ਬੰਬ ਰਿਹਾਇਸ਼ੀ ਇਲਾਕੇ ਉਤੇ ਸੁੱਟ ਦਿਤੇ ਗਏ। ਕੋਰੀਅਨ ਹਵਾਈ ਫੌਜ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਪੀੜਤਾਂ ਨੂੰ ਮੁਆਵਜ਼ਾ ਦੇਣ ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਬੰਬਾਰੀ ਦਾ ਨਿਸ਼ਾਨਾ ਬਣੇ ਇਲਾਕੇ ਵਿਚ ਵਸਦੇ ਲੋਕਾਂ ਨੂੰ ਸੁਰੱਖਿਅਤ ਟਿਕਾਣੇ ਤੇ ਲਿਜਾਇਆ ਗਿਆ ਹੈ।